ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 18 | 11 May 2022 to 17 May 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਮਾਮਲਾ ਦੇਸ਼ਧ੍ਰੋਹ ਸੰਬੰਧੀ ਕੇਸਾਂ ਤੇ ਕਨੂੰਨ ਦਾ

## ✪ ਸੁਪਰੀਮ ਕੋਰਟ ਨੇ ਨਾਗਰਿਕ ਹਿੱਤਾਂ ਬਾਰੇ ਕੇਂਦਰ ਤੋਂ ਜਵਾਬ ਮੰਗਿਆ ✪ ਬਕਾਇਆ ਕੇਸਾਂ ਤੇ ਭਵਿੱਖ ਵਿਚ ਦਰਜ ਹੋਣ ਵਾਲੇ ਕੇਸਾਂ ਬਾਰੇ ਸਪੱਸ਼ਟੀਕਰਨ ਮੰਗਿਆ ✪ ਘੱਟ ਗਿਣਤੀਆਂ ਦੀ ਸ਼ਨਾਖ਼ਤ ਬਾਰੇ ਕੇਂਦਰ ਦੇ ਅਸਪੱਸ਼ਟ ਰੁਖ਼ ਤੋਂ ਸੁਪਰੀਮ ਕੋਰਟ ਨਾਖੁਸ਼

**ਕੇਂਦਰ ਸਰਕਾਰ ਨੇ ਦੇਸ਼ ਵਿਚ ਲਾਗੂ ਤਾਜ਼ੀਰਾਤੇ-ਹਿੰਦ ਦੀ ਧਾਰਾ-124ਏ ਬਾਰੇ ਪੁਨਰ-ਵਿਚਾਰ ਕਰਨ ਦਾ ਵਿਸ਼ਵਾਸ ਦਿਵਾਉਂਦਿਆਂ ਸੁਪਰੀਮ ਕੋਰਟ ਨੂੰ ਸੁਣਵਾਈ ਬੰਦ ਕਰਨ ਦੀ ਅਪੀਲ ਕੀਤੀ ਸੀ ਪਰ ਅਦਾਲਤ ਨੇ ਸਰਕਾਰ ਤੋਂ ਕਈ ਨਵੇਂ ਸਵਾਲ ਪੁੱਛੇ ਹਨ। ਇਹ ਸਵਾਲ ਹਨ : ਇਸ ਕਾਨੂੰਨ ਬਾਰੇ ਮੁੜ ਵਿਚਾਰ ਹੋਣ ਤੱਕ ਦਰਜ ਮਾਮਲਿਆਂ ਦਾ ਕੀ ਬਣੇਗਾ ? ਕੀ ਕੇਂਦਰ ਸਰਕਾਰ ਰਾਜਾਂ ਨੂੰ ਕਹਿ ਸਕਦੀ ਹੈ ਕਿ ਉਦੋਂ ਤੱਕ ਇਨਾਂ ਕੇਸਾਂ ਵਿਚ ਕਾਰਵਾਈ ਰੋਕ ਦਿੱਤੀ ਜਾਵੇ ? ਸਰਕਾਰ ਨੇ ਪੁਨਰ-ਵਿਚਾਰ ਵਾਸਤੇ ਸਮੇਂ ਦੀ ਸੀਮਾ ਬਾਰੇ ਕੁਝ ਨਹੀਂ ਦੱਸਿਆ। ਇਹ ਧਾਰਾ ਦੇਸ਼-ਧ੍ਰੋਹ ਦੇ ਜੁਰਮ ਨਾਲ ਸਬੰਧਿਤ ਹੈ ਅਤੇ ਕਾਨੂੰਨੀ ਮਾਹਿਰਾਂ ਅਨੁਸਾਰ ਇਸ ਨੂੰ ਬਹੁਤ ਵਾਰ ਸਿਆਸੀ ਵਿਰੋਧੀਆਂ ਅਤੇ ਸਮਾਜਿਕ ਕਾਰਕੁਨਾਂ ਵਿਰੁੱਧ ਵਰਤਿਆ ਜਾਂਦਾ ਹੈ; ਜਮਹੂਰੀ ਦੇਸ਼ ਵਿਚ ਲੋਕਾਂ ਦੀ ਜ਼ਬਾਨ ਬੰਦ ਕਰਨ ਲਈ ਅਜਿਹੇ ਕਾਨੂੰਨ ਲਈ ਥਾਂ ਨਹੀਂ ਹੋਣੀ ਚਾਹੀਦੀ।**

**1962 ਵਿਚ ਕੇਦਾਰ ਨਾਥ ਸਿੰਘ ਕੇਸ ਵਿਚ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੇ ਇਸ ਧਾਰਾ ਨੂੰ ਸਹੀ ਮੰਨਿਆ ਸੀ। ਹੁਣ ਫਿਰ ਇਸ ਕਾਨੂੰਨ ਦੀ ਸੰਵਿਧਾਨਕ ਪ੍ਰਮਾਣਿਕਤਾ ਦੀ ਸਮੀਖਿਆ ਹੋ ਰਹੀ ਹੈ। ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਵਾਲੇ ਨਾਲ ਕਿਹਾ ਹੈ ਕਿ ਉਹ ਸ਼ਹਿਰੀ ਅਜ਼ਾਦੀਆਂ ਦੇ ਬੇਹੱਦ ਸਮਰਥਕ ਹਨ, ਇਸ ਲਈ ਅਦਾਲਤ ਇਸ ਮਾਮਲੇ ਉੱਤੇ ਵਿਚਾਰ ਕਰਕੇ ਆਪਣਾ ਸਮਾਂ ਖਰਚ ਕਰਨ ਦੀ ਬਜਾਏ ਹੋਰ ਕੰਮਾਂ ਵਿਚ ਲਗਾ ਸਕਦੀ ਹੈ, ਸਰਕਾਰ ਖ਼ੁਦ ਢੁਕਵੇਂ ਮੰਚ ਉੱਤੇ ਕਾਨੂੰਨ ਬਾਰੇ ਵਿਚਾਰ ਕਰੇਗੀ। ਦੇਸ਼ ਦੇ ਸੰਵਿਧਾਨ ਅੰਦਰ ਤਿੰਨ ਪ੍ਰਮੁੱਖ ਅੰਗਾਂ ਵਿਚ ਤਾਕਤਾਂ ਦਾ ਸਮਤੋਲ ਕੀਤਾ ਹੋਇਆ ਹੈ। ਕਾਨੂੰਨ ਦੀ ਸੰਵਿਧਾਨਕ ਪ੍ਰਮਾਣਿਕਤਾ ਦੇਖਣ ਦਾ ਅਧਿਕਾਰ ਨਿਆਂਪਾਲਿਕਾ ਦਾ ਹੈ। ਸਵਾਲ ਇਹ ਹੈ ਕਿ ਸਰਕਾਰ ਕਿਉਂ ਚਾਹੁੰਦੀ ਹੈ ਕਿ ਅਦਾਲਤ ਇਸ ਕਾਨੂੰਨ ਉੱਤੇ ਵਿਚਾਰ ਨਾ ਕਰੇ।**

**ਤਾਜ਼ੀਰਾਤੇ-ਹਿੰਦ ਦੀ ਧਾਰਾ 124ਏ ਅਤੇ ਗ਼ੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਕਾਨੂੰਨ ਦੀ ਗ਼ਲਤ ਵਰਤੋਂ ਬਾਰੇ ਕਈ ਮਾਮਲੇ ਅਦਾਲਤਾਂ ਵਿਚ ਹਨ। ਧਾਰਾ 124ਏ 'ਤੇ ਭਾਰਤ ਦੇ ਮੁੱਖ ਜੱਜ ਜਸਟਿਸ ਵੀਐੱਨ ਰਾਮੰਨਾ ਦੀ ਅਗਵਾਈ ਵਿਚ ਤਿੰਨ ਜੱਜਾਂ ਦਾ ਬੈਂਚ ਵਿਚਾਰ ਕਰ ਰਿਹਾ ਹੈ। ਜਸਟਿਸ ਰਾਮੰਨਾ ਵੱਲੋਂ ਦਿੱਤੇ ਸੰਕੇਤ ਅਨੁਸਾਰ ਇਨਾਂ ਕਾਨੂੰਨਾਂ ਦੀ ਸਮੀਖਿਆ ਜ਼ਰੂਰੀ ਹੈ। ਕੇਂਦਰ ਸਰਕਾਰ ਨੂੰ ਆਪਣੇ ਫ਼ੈਸਲਿਆਂ ਦੇ ਨਿਆਇਕ ਅਤੇ ਜਨਤਕ ਲੇਖੇ-ਜੋਖੇ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਇਸ ਦਾ ਜਵਾਬ ਅਜੇ ਤੱਕ ਕਿਸੇ ਸਰਕਾਰੀ ਪੱਧਰ ਦੇ ਬੁਲਾਰੇ ਨੇ ਨਹੀਂ ਦਿੱਤਾ। ਸੰਵਿਧਾਨਕ ਮਾਹਿਰਾਂ ਅਨੁਸਾਰ ਅਜਿਹੇ ਕਾਨੂੰਨ ਦੀ ਪ੍ਰਮਾਣਿਕਤਾ ਸੁਪਰੀਮ ਕੋਰਟ ਰਾਹੀਂ ਹੀ ਤੈਅ ਹੋਣੀ ਚਾਹੀਦੀ।**

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਸੁਪਰੀਮ ਕੋਰਟ ਨੇ ਬਸਤਵਾਦੀ ਯੁੱਗ ਦੇ ਦੇਸ਼ਧ੍ਰੋਹ ਕਾਨੂੰਨ 'ਤੇ (ਢੁਕਵੇਂ ਮੰਚ ਵੱਲੋਂ) ਨਜ਼ਰਸਾਨੀ ਕੀਤੇ ਜਾਣ ਤੱਕ ਨਾਗਰਿਕਾਂ ਦੇ ਹਿੱਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਨਾਲ ਜੁੜੇ ਮੁੱਦੇ ਬਾਰੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ। ਸਰਕਾਰ ਨੇ ਸੋਮਵਾਰ ਨੂੰ ਸਿਖਰਲੀ ਅਦਾਲਤ ਵਿੱਚ ਦਾਇਰ ਹਲਫ਼ਨਾਮੇ ਵਿਚ ਦਾਅਵਾ ਕੀਤਾ ਸੀ ਕਿ ਉਸ ਨੇ ਢੁਕਵੇਂ ਮੰਚ ਰਾਹੀਂ ਦੇਸ਼ਧ੍ਰੋਹ ਕਾਨੂੰਨ ਦੀ 'ਮੁੜ ਪੜਚੋਲ ਤੇ ਨਜ਼ਰਸਾਨੀ' ਦਾ ਫੈਸਲਾ ਕੀਤਾ ਹੈ। ਚੀਫ਼ ਜਸਟਿਸ ਐੱਨ.ਵੀ.ਰਾਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਇਸ ਹਲਫ਼ਨਾਮੇ ਦੀ ਰੋਸ਼ਨੀ ਵਿੱਚ ਸਰਕਾਰ ਨੂੰ ਸਵਾਲ ਕੀਤਾ ਕਿ ਕੀ ਕਾਨੂੰਨ 'ਤੇ ਮੁੜ ਨਜ਼ਰਸਾਨੀ ਤੱਕ ਭਵਿੱਖ ਵਿੱਚ ਦੇਸ਼ਧ੍ਰੋਹ ਕਾਨੂੰਨ ਤਹਿਤ ਦਰਜ ਕੀਤੇ ਜਾਣ ਵਾਲੇ ਕੇਸਾਂ 'ਤੇ ਰੋਕ ਰਹੇਗੀ। ਸਰਕਾਰ ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਉਹ ਸਰਕਾਰ ਵੱਲੋਂ ਲੋੜੀਂਦੀਆਂ ਹਦਾਇਤਾਂ ਲੈਣ ਮਗਰੋਂ ਬੈਂਚ ਨੂੰ ਇਸ ਬਾਰੇ ਦੱਸਣਗੇ।

ਬੈਂਚ ਨੇ ਕਿਹਾ, 'ਅਸੀਂ ਬਿਲਕੁਲ ਸਾਫ਼ ਸਪੱਸ਼ਟ ਕਰ ਰਹੇ ਹਾਂ। ਸਾਨੂੰ ਹਦਾਇਤਾਂ ਚਾਹੀਦੀਆਂ ਹਨ। ਸਾਡੇ ਕੁਝ ਵਿਸ਼ੇਸ਼ ਸਵਾਲ ਹਨ : ਪਹਿਲਾ ਬਕਾਇਆ ਕੇਸਾਂ ਬਾਰੇ ਅਤੇ ਦੂਜਾ, ਇਹ ਕਿ ਸਰਕਾਰ ਭਵਿੱਖ ਵਿੱਚ ਦਰਜ ਹੋਣ ਵਾਲੇ ਕੇਸਾਂ ਨਾਲ ਕਿਵੇਂ ਸਿੱਝੇਗੀ...'। ਬੈਂਚ ਨੇ ਕਿਹਾ ਕਿ ਉਹ ਸਰਕਾਰ ਤੋਂ ਜਵਾਬ ਚਾਹੁੰਦੀ ਹੈ ਕਿ 'ਕੀ (ਦੇਸ਼ਧ੍ਰੋਹ ਕਾਨੂੰਨ 'ਤੇ) ਨਜ਼ਰਸਾਨੀ ਤੱਕ ਭਵਿੱਖ ਵਿੱਚ ਦਰਜ ਕੀਤੇ ਜਾਣ ਵਾਲੇ ਕੇਸਾਂ 'ਤੇ ਰੋਕ ਲਾਈ ਜਾ ਸਕਦੀ ਹੈ।' ਕੇਂਦਰੀ ਗ੍ਰਹਿ ਮੰਤਰਾਲੇ ਨੇ ਲੰਘੇ ਮੰਗਲਵਾਰ ਨੂੰ ਸੁਪਰੀਮ ਕੋਰਟ ਵਿੱਚ ਦਾਇਰ ਹਲਫ਼ਨਾਮੇ ਵਿੱਚ ਕਿਹਾ ਕਿ ਬਸਤੀਵਾਦੀ ਕਾਨੂੰਨ 'ਤੇ ਮੁੜ ਨਜ਼ਰਸਾਨੀ ਦਾ ਫੈਸਲਾ 'ਬਸਤੀਵਾਦੀ ਚੀਜ਼ਾਂ' ਤੋਂ ਖਹਿੜਾ ਛੁਡਾਉਣ ਦੇ ਸੰਦਰਭ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਚਾਰਾਂ ਨਾਲ ਮੇਲ ਖਾਂਦਾ ਹੈ। ਸਰਕਾਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਲੋਕਾਂ ਦੀ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੇ ਸਨਮਾਨ ਦੇ ਹਮਾਇਤੀ ਹਨ ਅਤੇ ਇਸੇ ਭਾਵਨਾ ਨਾਲ ਹੁਣ ਤੱਕ 1500 ਤੋਂ ਵੱਧ ਵੇਲਾ ਵਿਹਾਅ ਚੁੱਕੇ ਕਾਨੂੰਨਾਂ ਨੂੰ ਖ਼ਤਮ ਕੀਤਾ ਗਿਆ ਹੈ। ਸੁਪਰੀਮ ਕੋਰਟ ਦੇਸ਼ਧ੍ਰੋਹ ਕਾਨੂੰਨ ਦੀ ਸੰਵਿਧਾਨਕ ਪ੍ਰਮਾਣਕਤਾ ਨੂੰ ਚੁਣੌਤੀ ਦਿੰਦੀ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਹੈ। ਪਟੀਸ਼ਨਰਾਂ ਦਾ ਦਾਅਵਾ ਹੈ ਕਿ ਵੱਖ ਵੱਖ ਸਰਕਾਰਾਂ ਆਪਣੀ ਸਿਆਸੀ ਕਿੜ ਕੱਢਣ ਲਈ ਇਸ ਬਸਤੀਵਾਦੀ ਕਾਨੂੰਨ ਦੀ ਦੁਰਵਰਤੋਂ ਕਰਦੀਆਂ ਹਨ।

ਕੇਂਦਰ ਵੱਲੋਂ ਘੱਟਗਿਣਤੀਆਂ ਦੀ ਸ਼ਨਾਖ਼ਤ ਦੇ ਮੁੱਦੇ 'ਤੇ ਸਪੱਸ਼ਟ ਰੁਖ਼ ਨਾ ਅਪਣਾਉਣ 'ਤੇ ਸੁਪਰੀਮ ਕੋਰਟ ਨੇ ਨਾਖ਼ੁਸ਼ੀ ਜ਼ਾਹਿਰ ਕੀਤੀ ਹੈ। ਸਿਖ਼ਰਲੀ ਅਦਾਲਤ ਨੇ ਕੇਂਦਰ ਨੂੰ ਹੁਕਮ ਦਿੱਤਾ ਹੈ ਕਿ ਉਹ ਤਿੰਨ ਮਹੀਨਿਆਂ ਵਿਚ ਇਸ ਮਾਮਲੇ 'ਤੇ ਸੂਬਿਆਂ ਨਾਲ ਤਾਲਮੇਲ ਕਰੇ। ਆਪਣੇ ਪਿਛਲੇ ਬਿਆਨ ਤੋਂ ਪਲਟਦਿਆਂ ਕੇਂਦਰ ਨੇ ਲੰਘੇ ਸੋਮਵਾਰ ਸੁਪਰੀਮ ਕੋਰਟ ਨੂੰ ਦੱਸਿਆ ਕਿ ਘੱਟ ਗਿਣਤੀਆਂ ਨੂੰ ਨੋਟੀਫਾਈ ਕਰਨ ਦੀ ਤਾਕਤ ਕੇਂਦਰ ਸਰਕਾਰ ਕੋਲ ਹੈ ਤੇ ਇਸ ਬਾਰੇ ਕੋਈ ਵੀ ਫ਼ੈਸਲਾ ਬਾਕੀ ਸਫ਼ਾ 31 'ਤੇ

# ਮੋਹਾਲੀ ਦੇ ਖ਼ੁਫ਼ੀਆ ਵਿਭਾਗ ਦੀ ਇਮਾਰਤ 'ਤੇ ਗਰਨੇਡ ਹਮਲਾ, ਪੰਜਾਬ ਵਿਚ ਹਾਈ ਅਲਰਟ

## ✪ ਐੱਨਆਈਏ ਟੀਮ ਕਰੇਗੀ ਜਾਂਚ ✪ ਪੰਜਾਬ ਪੁਲੀਸ ਵੱਲੋਂ ਸਿਟ ਕਾਇਮ ✪ ਪੁਲੀਸ ਵੱਲੋਂ ਇਕ ਦਰਜਨ ਸ਼ੱਕੀ ਹਿਰਾਸਤ ਵਿਚ ✪ ਹਮਲੇ ਨੇ ਪੁਲੀਸ ਤੰਤਰ ਧੁਰ ਅੰਦਰ ਤੱਕ ਹਿਲਾਇਆ ✪ ਪੰਜਾਬ ਦੇ ਇਤਿਹਾਸ ਵਿੱਚ ਰਾਕੇਟ ਨਾਲ ਬੰਬ ਦਾਗ਼ਣ ਦੀ ਪਹਿਲੀ ਘਟਨਾ ਵਾਪਰੀ

**ਐਸਏਐਸ ਨਗਰ:** ਬੀਤੇ ਦਿਨੀਂ ਇੰਟੀਲੀਜੈਂਸੀ ਵਿਭਾਗ ਦੀ ਇਮਾਰਤ 'ਤੇ ਗਰਨੇਡ ਹਮਲਾ ਹੋਣ ਦੀ ਖ਼ਬਰ ਹੈ। ਦੱਸਿਆ ਜਾ ਰਿਹਾ ਹੈ ਕਿ ਤੀਜੀ ਮੰਜ਼ਿਲ 'ਤੇ ਰਾਕੇਟ ਪ੍ਰੋਪੈਨਲ ਗ੍ਰੇਨੇਡ ਨਾਲ ਧਮਾਕਾ ਹੋਇਆ ਹੈ। ਹਮਲੇ ਤੋਂ ਬਾਅਦ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ ਹਨ। ਹਮਲੇ ਦੇ ਮੱਦੇਨਜ਼ਰ ਪੰਜਾਬ ਵਿਚ ਹਾਈ ਅਲਰਟ ਕੀਤਾ ਗਿਆ ਹੈ। ਮੋਹਾਲੀ ਪੁਲਿਸ ਅਨੁਸਾਰ ਕਿਸੇ ਨੁਕਸਾਨ ਦੀ ਸੂਚਨਾ ਨਹੀਂ ਹੈ। ਸੀਨੀਅਰ ਅਧਿਕਾਰੀ ਮੌਕੇ 'ਤੇ ਮੌਜੂਦ ਹਨ ਅਤੇ ਜਾਂਚ ਕੀਤੀ ਜਾ ਰਹੀ ਹੈ।

ਮੋਹਾਲੀ ਦੇ ਐੱਸਪੀ (ਡੀ) ਰਵਿੰਦਰ ਪਾਲ ਨੇ ਕਿਹਾ ਕਿ ਪੰਜਾਬ ਇੰਟੈਲੀਜੈਂਸ ਹੈੱਡ ਕੁਆਟਰ ਦੀ ਇਮਾਰਤ 'ਤੇ ਮਾਮੂਲੀ ਹਮਲਾ ਹੋਇਆ ਹੈ। ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਇਮਾਰਤ ਦੀ ਖਿੜਕੀ ਟੁੱਟੀ ਹੈ, ਦਫ਼ਤਰ ਦੇ ਅੰਦਰ ਕੋਈ ਨੁਕਸਾਨ ਨਹੀਂ ਹੋਇਆ। ਸੜਕ ਵਾਲੇ ਪਾਸੇ ਤੋਂ ਹਮਲਾ ਹੋਇਆ ਸੀ ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।

ਹਾਲਾਂਕਿ ਪੁਲੀਸ ਨੇ ਪੁੱਛ ਪੜਤਾਲ ਲਈ ਕਰੀਬ ਦਰਜਨ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ ਪਰ ਡੀਜੀਪੀ ਨੇ ਸਪਸ਼ਟ ਕੀਤਾ ਹੈ ਕਿ ਫ਼ਿਲਹਾਲ ਇਸ ਮਾਮਲੇ ਵਿੱਚ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ। ਉੱਧਰ ਦਿੱਲੀ ਤੋਂ ਕੌਮੀ ਜਾਂਚ ਏਜੰਸੀ (ਐੱਨਆਈਏ) ਦੀ ਟੀਮ ਵੀ ਮੌਕੇ 'ਤੇ ਪੁੱਜ ਗਈ ਹੈ। ਟੀਮ ਨੇ ਇਲਾਕੇ ਦਾ ਮੁਆਇਨਾ ਕੀਤਾ। ਪੁਲੀਸ ਨੇ ਹਮਲੇ ਨੂੰ ਅੰਜਾਮ ਦੇਣ ਲਈ ਟੀਐਨਟੀ ਬਾਰੂਦ ਦੀ ਵਰਤੋਂ ਕੀਤੇ ਜਾਣ ਦਾ ਖ਼ਦਸ਼ਾ ਪ੍ਰਗਟਾਇਆ ਹੈ। ਇਸ ਦੌਰਾਨ ਪੰਜਾਬ ਦੇ ਡੀਜੀਪੀ ਵੀ.ਕੇ.ਭਾਵਰਾ ਨੇ ਇੰਟੈਲੀਜੈਂਸ ਵਿੰਗ ਦੇ ਮੁੱਖ ਦਫ਼ਤਰ 'ਚ ਗ੍ਰਨੇਡ ਹਮਲੇ ਵਾਲੀ ਥਾਂ ਦਾ ਦੌਰਾ ਕੀਤਾ। ਇਸੇ ਦੌਰਾਨ ਪੰਜਾਬ ਪੁਲੀਸ ਨੇ ਹਮਲੇ ਲਈ ਵਰਤਿਆ ਰੂਸ ਦਾ ਬਣਿਆ ਲਾਂਚਰ ਬਰਾਮਦ ਕਰ ਲਿਆ ਹੈ। ਉਨਾਂ ਦੱਸਿਆ ਕਿ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ ਗਈ ਹੈ।

ਐੱਨਆਈਏ ਦੇ ਡਾਇਰੈਕਟਰ ਜਨਰਲ ਕੁਲਦੀਪ ਸਿੰਘ ਨੇ ਕਿਹਾ ਕਿ ਪੰਜਾਬ ਪੁਲੀਸ ਅਧਿਕਾਰਤ ਤੌਰ 'ਤੇ ਕੇਸ ਦੀ ਜਾਂਚ ਕਰ ਰਹੀ ਹੈ ਜਦੋਂਕਿ ਐੱਨਆਈਏ ਕੇਂਦਰੀ ਏਜੰਸੀ ਹੋਣ ਦੇ ਨਾਤੇ ਇਲਾਕੇ ਦਾ ਮੁਆਇਨਾ ਕਰਨ ਆਈ ਹੈ। ਸਿੰਘ ਨੇ ਕਿਹਾ ਕਿ ਐੱਨਆਈਏ ਟੀਮ ਪੰਜਾਬ ਪੁਲੀਸ ਵੱਲੋਂ ਹਿਰਾਸਤ ਵਿੱਚ ਲਏ ਮਸ਼ਕੂਕਾਂ ਤੋਂ ਪੁੱਛ-ਪੜਤਾਲ ਕਰ ਰਹੀ ਹੈ। ਪੁਲੀਸ ਵੱਲੋਂ ਕੀਤੀ ਸ਼ੁਰੂਆਤੀ ਪੜਤਾਲ ਤੋਂ ਇਹੀ ਸੰਕੇਤ ਮਿਲਿਆ ਹੈ ਕਿ ਹਮਲੇ ਪਿੱਛੇ ਦੋ ਕਾਰ ਸਵਾਰਾਂ ਦਾ ਹੱਥ ਹੋ ਸਕਦਾ ਹੈ। ਹਮਲੇ ਤੋਂ ਪਹਿਲਾਂ ਪੰਜਾਬ ਪੁਲੀਸ ਦੇ ਇੰਟੈਲੀਜੈਂਸ ਵਿੰਗ ਦੀ ਇਮਾਰਤ ਦੇ ਬਾਹਰ ਸਫ਼ੇਦ ਰੰਗ ਦੀ ਡਿਜ਼ਾਇਰ ਕਾਰ ਵੇਖੀ ਗਈ ਸੀ। ਇਮਾਰਤ ਵਿੱਚ ਕੋਈ ਸੀ ਸੀ ਟੀਵੀ ਕੈਮਰਾ ਨਾ ਲੱਗਾ ਹੋਣ ਕਰਕੇ ਪੁਲੀਸ ਵੱਲੋਂ ਨੇੜਲੇ ਇਲਾਕਿਆਂ/ਖੇਤਰਾਂ ਦੀ ਸੀ ਸੀ ਟੀਵੀ ਫੁਟੇਜ ਖੰਘਾਲੀ ਜਾ ਰਹੀ ਹੈ ਤੇ ਨੇੜੇ ਰਹਿੰਦੇ ਲੋਕਾਂ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸੇ ਦੌਰਾਨ ਪੰਜਾਬ ਪੁਲੀਸ ਨੇ ਹਮਲੇ ਲਈ ਵਰਤਿਆ ਰੂਸ ਦਾ ਬਣਿਆ ਲਾਂਚਰ ਬਰਾਮਦ ਕਰ ਲਿਆ ਹੈ। ਇੰਟੈਲੀਜੈਂਸ ਵਿੰਗ ਹੈੱਡਕੁਆਟਰ ਦੇ ਸੁਰੱਖਿਆ ਇੰਚਾਰਜ ਸਬ-ਇੰਸਪੈਕਟਰ ਬਲਕਾਰ ਸਿੰਘ ਦੇ ਬਿਆਨਾਂ ਉੱਤੇ ਮੁਹਾਲੀ ਦੇ ਸੋਹਾਣਾ ਥਾਣੇ ਵਿੱਚ ਆਈਪੀਸੀ,

ਬਾਕੀ ਸਫ਼ਾ 31 'ਤੇ

# ਮਾਮਲਾ ਕੇਜਰੀਵਾਲ ਖ਼ਿਲਾਫ਼ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਦਾ

## ✪ ਬੱਗਾ ਨੂੰ ਹਾਈ ਕੋਰਟ ਤੋਂ ਮਿਲੀ ਰਾਹਤ ✪ ਗ੍ਰਿਫ਼ਤਾਰੀ 'ਤੇ ਲੱਗੀ ਰੋਕ 5 ਜੁਲਾਈ ਤੱਕ ਵਧਾਈ

**ਐੱਸਏਐੱਸ ਨਗਰ (ਮੁਹਾਲੀ):** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੀਨੀਅਰ ਭਾਜਪਾ ਆਗੂ ਤੇਜਿੰਦਰਪਾਲ ਸਿੰਘ ਬੱਗਾ ਨੂੰ ਰਾਹਤ ਦਿੰਦਿਆਂ ਉਸ ਦੀ ਗ੍ਰਿਫ਼ਤਾਰੀ 'ਤੇ ਲੱਗੀ ਰੋਕ 5 ਜੁਲਾਈ ਤੱਕ ਵਧਾ ਦਿੱਤੀ ਹੈ। ਬੱਗਾ ਵਿਰੁੱਧ ਮੁਹਾਲੀ ਵਿੱਚ ਪੰਜਾਬ ਪੁਲੀਸ ਦੇ ਸਟੇਟ ਸਾਈਬਰ ਸੈੱਲ ਥਾਣੇ ਵਿੱਚ ਫ਼ੌਜਦਾਰੀ ਕੇਸ ਦਰਜ ਕੀਤਾ ਗਿਆ ਸੀ। ਬੱਗਾ 'ਤੇ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਅਤੇ ਸਮਾਜ ਨੂੰ ਧਰਮ ਤੇ ਜਾਤ-ਪਾਤ ਦੇ ਆਧਾਰ 'ਤੇ ਵੰਡਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਹੈ। ਮੁਹਾਲੀ ਪੁਲੀਸ ਨੇ ਇਸ ਮਾਮਲੇ ਵਿੱਚ ਪਿਛਲੇ ਦਿਨੀਂ ਭਾਜਪਾ ਆਗੂ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਪਰ ਦਿੱਲੀ ਪੁਲੀਸ ਦੇ ਕਹਿਣ 'ਤੇ ਕੁਰੂਕਸ਼ੇਤਰ ਨੇੜੇ ਹਰਿਆਣਾ ਪੁਲੀਸ ਨੇ ਬੈਰੀਕੇਡ ਲਗਾ ਕੇ ਬੱਗਾ ਨੂੰ ਗ੍ਰਿਫ਼ਤਾਰ ਕਰਕੇ ਮੁਹਾਲੀ ਲਿਆ ਰਹੀ ਪੰਜਾਬ ਪੁਲੀਸ ਦੇ ਕਾਫ਼ਲੇ ਦਾ ਰਾਹ ਡੱਕ ਲਿਆ। ਇਸ ਦੌਰਾਨ ਤਿੰਨ ਸੂਬਿਆਂ ਦੀ ਪੁਲੀਸ ਵਿੱਚ ਕਾਫ਼ੀ ਜੱਦੋਜਹਿਦ ਹੋਈ ਅਤੇ ਕੁਝ ਘੰਟਿਆਂ ਮਗਰੋਂ ਦਿੱਲੀ ਪੁਲੀਸ ਨੇ ਬੱਗੇ ਨੂੰ ਜਬਰੀ ਰਿਹਾਅ



ਕਰਵਾ ਲਿਆ ਸੀ। ਮੁਹਾਲੀ ਅਦਾਲਤ ਨੇ ਪਿਛਲੇ ਦਿਨੀਂ ਤੇਜਿੰਦਰਪਾਲ ਬੱਗਾ ਦੇ ਗ੍ਰਿਫ਼ਤਾਰੀ ਵਰੰਟ ਜਾਰੀ ਕੀਤੇ ਸੀ, ਪਰ ਉਸੇ ਰਾਤ ਭਾਜਪਾ ਆਗੂ ਨੇ ਹਾਈ ਕੋਰਟ ਦਾ ਬੂਹਾ ਖੜਕਾਉਂਦਿਆਂ ਫ਼ੈਸਲੇ ਨੂੰ ਚੁਣੌਤੀ ਦਿੱਤੀ। ਹਾਈ ਕੋਰਟ ਨੇ ਰਾਤ ਨੂੰ ਹੀ ਕੇਸ ਦੀ ਸੁਣਵਾਈ ਕਰਦਿਆਂ ਬੱਗਾ ਦੀ ਗ੍ਰਿਫ਼ਤਾਰੀ 'ਤੇ 10 ਮਈ ਤੱਕ ਰੋਕ ਲਾ ਦਿੱਤੀ ਸੀ। ਅਦਾਲਤ ਨੇ ਭਾਜਪਾ ਆਗੂ ਨੂੰ ਵੱਡੀ ਰਾਹਤ ਦਿੰਦਿਆਂ ਉਸ ਦੀ ਗ੍ਰਿਫ਼ਤਾਰੀ 'ਤੇ ਲੱਗੀ ਰੋਕ ਨੂੰ 5 ਜੁਲਾਈ ਤੱਕ ਵਧਾ ਦਿੱਤਾ।.

### ਭਾਜਪਾ ਵੱਲੋਂ ਕੇਜਰੀਵਾਲ ਦੀ ਰਿਹਾਇਸ਼ ਨੇੜੇ ਪ੍ਰਦਰਸ਼ਨ

ਤਜਿੰਦਰ ਪਾਲ ਸਿੰਘ ਬੱਗਾ ਦੀ ਗ੍ਰਿਫ਼ਤਾਰੀ ਦੇ ਮੁੱਦੇ ਨੂੰ ਲੈ ਕੇ ਭਾਜਪਾ ਸਿੱਖ ਸੈੱਲ ਬਾਕੀ ਸਫ਼ਾ 31 'ਤੇ


U.S.A. REJUVENATION TOUR
APRIL - MAY 2022
SATINDER SARTAAJ
LIVE IN CONCERT
APRIL 21 THURS,
MODESTO, CA
559-347-7728
GALLO CENTRE,
APRIL 23 SAT,
DENVER, CO
559-347-7728
PARKER ARTS
APRIL 29 FRI,
PHOENIX, AZ
623-225-6778
SCOTTSDALE ARTS CTR
APRIL 30 SAT,
BAKERSFIELD, CA
661-479-2669
FOX THEATRE
MAY 1 SUN,
DALLAS, TX
832-955-5555
GRAND CENTRAL
MAY 6 FRI,
SEATTLE, WA
253-334-0400
FEDERAL WAY ARTS CTR
MAY 7 SAT,
SACRAMENTO, CA
510-807-7332
CREST THEATRE
MAY 8 SUN,
ORANGE, CA
714-504-5264
MUSCO CTR
MAY 13 FRI,
RAHWAY, NJ
917-749-1976
UNION COUNTY PERFORMING
ARTS CENTER
MAY 14 FRI,
WASHINGTON, DC
443-591-9496
HIGH POINT AUDITORIUM
MAY 15 SUN,
NEW YORK, NY
516-852-2222
COLDEN AUDITORIUM
Sartaaj
For tickets visit
satindersartaaj.com/shows
For more info
sartaajusatour@gmail.com
Bull 18

# ਜੱਗੀ ਜੌਹਲ ਦੀ ਨਜ਼ਰਬੰਦੀ ਵਿੱਚ ਕਾਨੂੰਨੀ ਆਧਾਰ ਦੀ ਘਾਟ, ਉਸ ਨੂੰ ਰਿਹਾਅ ਕੀਤਾ ਜਾਏ : ਯੂ ਐਨ ਰਿਪੋਰਟ

## ਚਾਰ ਸਾਲਾਂ ਵਿਚ ਉਸ ਵਿਰੁੱਧ ਕੋਈ ਪੁਖਤਾ ਸਬੂਤ ਨਾ ਹੋਣ ਕਰਕੇ ਨਜ਼ਰਬੰਦੀ ਦਾ ਕੋਈ ਕਾਨੂੰਨੀ ਆਧਾਰ ਨਹੀਂ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :-** ਸੰਯੁਕਤ ਰਾਸ਼ਟਰ ਦੇ ਕਾਰਜ ਸਮੂਹ ਦੀ ਜਾਰੀ ਰਿਪੋਰਟ ਤੋਂ ਬਾਅਦ ਬ੍ਰਿਟੇਨ 'ਤੇ ਹਿੰਦੁਸਤਾਨ ਤੋਂ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਨੂੰ ਰਿਹਾਅ ਕਰਵਾਉਣ ਲਈ ਦਬਾਅ ਪਾਇਆ ਜਾ ਰਿਹਾ ਹੈ, ਕਿਉਂਕਿ ਉਸ ਨੂੰ ਹਿੰਦੁਸਤਾਨ ਅੰਦਰ ਮਨਮਾਨੇ ਢੰਗ ਨਾਲ ਨਜ਼ਰਬੰਦ ਕੀਤਾ ਗਿਆ ਸੀ ਜਦਕਿ ਸਰਕਾਰ ਕੋਲ ਉਸ ਦੀ ਨਜ਼ਰਬੰਦੀ ਦਾ ਕੋਈ ਕਾਨੂੰਨੀ ਆਧਾਰ ਨਹੀਂ ਸੀ।

ਬ੍ਰਿਟਿਸ਼ ਪੀਐਮ ਬੋਰਿਸ ਜੌਹਨਸਨ ਨੇ ਜ਼ਾਹਿਰ ਤੌਰ 'ਤੇ ਇਹ ਮਾਮਲਾ ਉਦੋਂ ਉਠਾਇਆ ਸੀ ਜਦੋਂ ਉਹ ਪਿਛਲੇ ਮਹੀਨੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ ਸਨ ਅਤੇ ਉਨਾਂ ਨੂੰ ਕੌਂਸਲਰ ਕੇਸਾਂ ਦਾ ਲਿਖਤੀ ਨੋਟ ਪ੍ਰਦਾਨ ਕੀਤਾ ਸੀ। ਪਰ ਵਿਦੇਸ਼ ਵਿਭਾਗ ਦੇ ਮੰਤਰੀਆਂ ਨੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ, ਕੀ ਉਹ ਉਸ ਦੀ ਨਜ਼ਰਬੰਦੀ ਨੂੰ ਮਨਮਾਨੀ ਮੰਨਦੇ ਹਨ ਜਾਂ ਨਹੀਂ। ਜ਼ਿਕਰਯੋਗ ਹੈ ਕਿ ਜੱਗੀ ਜੌਹਲ ਨੂੰ ਨਵੰਬਰ 2017 ਵਿੱਚ ਪੰਜਾਬ ਵਿੱਚ ਉਸਦੇ ਵਿਆਹ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ, ਜਿਸ 'ਤੇ ਕੁਝ ਆਰ ਐਸ ਐਸ ਦੇ ਹਿੰਦੂ ਨੇਤਾਵਾਂ ਦੇ ਹੋਏ ਸੀਰੀਅਲ ਕਤਲ ਦੀ ਸਾਜ਼ਿਸ਼ ਵਿਚ ਪੈਸਿਆਂ ਦੇ ਲੈਣ ਦੇਣ ਵਿੱਚ ਮਦਦ ਕਰਨ ਦਾ ਦੋਸ਼ ਦਸਿਆ ਸੀ, ਜਿਸਦਾ ਉਹ ਅਤੇ ਉਸਦਾ ਪਰਿਵਾਰ ਜ਼ੋਰਦਾਰ ਖੰਡਨ ਕਰਦਾ ਹੈ।

ਸੰਯੁਕਤ ਰਾਸ਼ਟਰ ਦੇ ਪੈਨਲ ਨੇ ਮਨਮਾਨੀ ਨਜ਼ਰਬੰਦੀ ਤੇ ਸਿੱਟਾ ਕੱਢਿਆ ਕਿ 'ਜੱਗੀ ਜੌਹਲ ਦੀ ਮੁਕੱਦਮੇ ਤੋਂ ਪਹਿਲਾਂ ਦੀ ਨਿਰੰਤਰ ਨਜ਼ਰਬੰਦੀ ਵਿੱਚ ਕਾਨੂੰਨੀ ਆਧਾਰ ਦੀ ਘਾਟ ਹੈ, ਅਤੇ ਇਹ ਮਨਮਾਨੀ ਹੈ' ਕਿਉਂਕਿ ਉਸਨੂੰ ਸਾਦੇ ਕੱਪੜਿਆਂ ਵਾਲੇ ਅਧਿਕਾਰੀਆਂ ਦੁਆਰਾ ਗ੍ਰਿਫਤਾਰੀ ਵਾਰੰਟ ਤੋਂ ਬਿਨਾਂ ਅਗਵਾ ਕੀਤਾ ਗਿਆ ਸੀ। ਉਸ ਨੂੰ ਬ੍ਰਿਟਿਸ਼ ਨਾਗਰਿਕ ਹੋਣ ਦੇ ਨਾਤੇ ਕੌਂਸਲਰ ਸਹਾਇਤਾ ਜਾਂ ਵਕੀਲ ਤੱਕ ਪਹੁੰਚ ਤੋਂ ਇਨਕਾਰ ਕੀਤਾ ਗਿਆ। ਪੈਨਲ ਨੇ ਦੇਖਿਆ ਕਿ 'ਖੁਫੀਆ ਏਜੰਸੀਆਂ ਕੋਲ ਜਾਂਚ ਕਰਨ ਲਈ ਤਿੰਨ ਸਾਲਾਂ ਤੋਂ ਵੱਧ ਸਮਾਂ ਹੋਣ ਦੇ ਬਾਵਜੂਦ, ਜੌਹਲ ਦੇ ਖਿਲਾਫ ਕੋਈ ਨਿਆਂਇਕ ਤੌਰ 'ਤੇ ਸਵੀਕਾਰਯੋਗ ਸਬੂਤ ਨਹੀਂ ਪ੍ਰਾਪਤ ਹੋਇਆ ਹੈ' ਜਿਸਨੂੰ ਦੇਖਦਿਆਂ ਉਨਾਂ ਕਿਹਾ ਕਿ 'ਜੱਗੀ ਜੋਹਲ ਨੂੰ ਤੁਰੰਤ ਰਿਹਾਅ ਕਰਨਾ ਹੀ ਢੁਕਵਾਂ ਉਪਾਅ ਹੋਵੇਗਾ'।

ਧਿਆਨਦੇਣ ਯੋਗ ਹੈ ਕਿ ਜੱਗੀ ਜੌਹਲ ਨੇ ਦਾਅਵਾ ਕੀਤਾ ਸੀ ਕਿ ਉਸ 'ਤੇ ਤਸ਼ੱਦਦ ਕੀਤਾ ਗਿਆ ਸੀ ਅਤੇ ਖਾਲੀ ਇਕਬਾਲੀਆ ਬਿਆਨਾਂ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ ਸੀ ਅਤੇ ਫਿਰ ਉਸ 'ਤੇ ਵਾਧੂ ਦੋਸ਼ ਲਗਾਏ ਗਏ ਸਨ ਜਿਸ ਨਾਲ ਉਸ 'ਤੇ ਚਲ ਰਹੇ ਕੇਸਾਂ ਦੀ ਕੁੱਲ ਗਿਣਤੀ 9 ਹੋ ਗਈ ਹੈ। ਉਸਨੂੰ ਪਹਿਲਾਂ ਨਾਭਾ ਦੀ ਸਖ਼ਤ ਸੁਰੱਖਿਆ ਵਾਲੀ ਜੇਲ ਵਿੱਚ 25 ਮਈ 2019 ਤੱਕ ਰਖਿਆ ਗਿਆ, ਜਿਸ ਮਗਰੋਂ ਉਸਨੂੰ ਦਿੱਲੀ ਦੀ ਤਿਹਾੜ ਜੇਲ ਵਿੱਚ ਤਬਦੀਲ ਕੀਤਾ ਗਿਆ ਜਿਥੇ ਹੁਣ ਉਹ ਬੰਦ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚਾਰ ਸਾਲ ਤੋਂ ਵੱਧ ਸਮੇਂ ਤੋਂ ਜੇਲ ਵਿਚ ਰਹਿਣ ਦੇ ਬਾਵਜੂਦ ਉਸ 'ਤੇ ਦੋਸ਼ ਨਹੀਂ ਲਗਾਏ ਗਏ ਹਨ ਅਤੇ ਨਾ ਹੀ ਕੋਈ ਮੰਨਣਯੋਗ ਸਬੂਤ ਪੇਸ਼ ਕੀਤੇ ਗਏ ਹਨ।

ਮਨਮਾਨੀ ਨਜ਼ਰਬੰਦੀ 'ਤੇ ਸੰਯੁਕਤ ਰਾਸ਼ਟਰ ਦੇ ਕਾਰਜਕਾਰੀ ਸਮੂਹ ਦੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ, 'ਜੋਹਲ ਨੂੰ ਸਿੱਖ ਚਿੰਤਕ ਅਤੇ ਸਮਰਥਕ ਵਜੋਂ ਉਸ ਦੀਆਂ ਗਤੀਵਿਧੀਆਂ ਨੂੰ ਹਿੰਦੁਸਤਾਨੀ ਅਧਿਕਾਰੀਆਂ ਦੁਆਰਾ ਸਿੱਖਾਂ ਵਿਰੁੱਧ ਕੀਤੀਆਂ ਕਥਿਤ ਕਾਰਵਾਈਆਂ ਲਈ ਜਵਾਬਦੇਹੀ ਦੀ ਮੰਗ ਕਰਨ ਵਾਲੀਆਂ ਜਨਤਕ



ਪੋਸਟਾਂ ਲਿਖਣ ਦੀ ਸਰਗਰਮੀ ਕਾਰਨ ਨਿਸ਼ਾਨਾ ਬਣਾਇਆ ਗਿਆ ਸੀ'।

ਜੱਗੀ ਦਸਦਾ ਹੈ ਕਿ ਉਸ ਨੂੰ ਮਨੁੱਖੀ ਅਧਿਕਾਰਾਂ ਦੇ ਰਾਖੇ ਵਜੋਂ ਉਸਦੀ ਸਥਿਤੀ ਅਤੇ ਉਸਦੀ ਰਾਜਨੀਤਿਕ ਸਰਗਰਮੀ, ਧਾਰਮਿਕ ਵਿਸ਼ਵਾਸ ਅਤੇ ਵਿਚਾਰਾਂ ਦੇ ਅਧਾਰ, 'ਵਿਤਕਰੇ ਦੇ ਅਧਾਰ 'ਤੇ ਉਸਦੀ ਅਜ਼ਾਦੀ ਤੋਂ ਵਾਂਝਾ ਰੱਖਿਆ ਗਿਆ ਸੀ'।

ਹਿੰਦ ਸਰਕਾਰ ਜੱਗੀ ਤੇ ਤਸ਼ੱਦਦ ਤੋਂ ਇਨਕਾਰ ਕਰਦੀ ਹੈ ਅਤੇ ਕਹਿੰਦੀ ਹੈ ਕਿ ਉਹ ਅਜੇ ਵੀ ਕੇਸਾਂ ਵਿੱਚ ਉਸ ਵਿਰੁੱਧ ਸਬੂਤ ਇਕੱਠੇ ਕਰ ਰਹੀ ਹੈ। ਉਸ ਦੀ ਰਿਹਾਈ ਲਈ ਸੰਘਰਸ਼ ਕਰ ਰਹੇ ਜਗਤਾਰ ਦੇ ਭਰਾ ਗੁਰਪ੍ਰੀਤ ਸਿੰਘ ਜੌਹਲ, ਜੋ ਕਿ ਪਿਛਲੇ ਹਫ਼ਤੇ ਡਨਬਰਟਨ ਵਿੱਚ ਸਕਾਟਲੈਂਡ ਦੀਆਂ ਸਥਾਨਕ ਚੋਣਾਂ ਵਿੱਚ ਲੇਬਰ ਕੌਂਸਲਰ ਚੁਣੇ ਗਏ ਸਨ ਨੇ ਕਿਹਾ ਕਿ 'ਅਸੀਂ ਸ਼ੁਰੂ ਤੋਂ ਜਾਣਦੇ ਹਾਂ ਕਿ ਜਗਤਾਰ ਦੀ ਕੈਦ ਦਾ ਕੋਈ ਚੰਗਾ ਕਾਰਨ ਨਹੀਂ ਹੈ ਅਤੇ ਚਾਰ ਸਾਲਾਂ ਵਿੱਚ ਹਿੰਦੁਸਤਾਨੀ ਅਧਿਕਾਰੀਆਂ ਨੇ ਉਸਦੇ ਵਿਰੁੱਧ ਕੋਈ ਸਬੂਤ ਪੇਸ਼ ਨਹੀਂ ਕੀਤਾ ਹੈ। ਯੂ.ਕੇ. ਸਰਕਾਰ ਨੇ ਸਾਡੀ ਗੱਲ ਨਹੀਂ ਸੁਣੀ, ਪਰ ਸ਼ਾਇਦ ਸੰਯੁਕਤ ਰਾਸ਼ਟਰ ਸੁਣੇਗੀ ਅਤੇ ਉਸਦੀ ਰਿਹਾਈ ਦੀ ਮੰਗ ਕਰੇਗੀ।

ਮਨੁੱਖੀ ਅਧਿਕਾਰ ਸਮੂਹ ਰੀਪ੍ਰੀਵ ਦੀ ਸਹਿ-ਕਾਰਜਕਾਰੀ ਨਿਰਦੇਸ਼ਕ, ਮਾਇਆ ਫੋਆ, ਨੇ ਕਿਹਾ ਇਹ ਇੱਕ ਵਾਟਰਸ਼ੈੱਡ ਪਲ ਹੈ। ਸਰਕਾਰ ਵੱਲੋਂ ਜਗਤਾਰ ਦੀ ਰਿਹਾਈ ਅਤੇ ਵਾਪਸੀ ਦੇ ਸੱਦੇ ਨੂੰ ਲਗਾਤਾਰ ਨਾਕਾਮ ਕਰਨ ਦਾ ਹੁਣ ਕੋਈ ਬਹਾਨਾ ਨਹੀਂ ਬਚਿਆ ਹੈ। ਜਦੋਂ ਇੱਕ ਬ੍ਰਿਟਿਸ਼ ਨਾਗਰਿਕ ਨੂੰ ਤਸੀਹੇ ਦਿੱਤੇ ਜਾਂਦੇ ਹਨ ਅਤੇ ਚਾਰ ਸਾਲਾਂ ਲਈ ਪ੍ਰੀ-ਟਰਾਇਲ ਹਿਰਾਸਤ ਵਿੱਚ ਰੱਖਿਆ ਜਾਂਦਾ ਹੈ, ਸੰਭਾਵੀ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਸਪੱਸ਼ਟ ਹੁੰਦੀ ਹੈ। ਬੋਰਿਸ ਜੌਹਨਸਨ ਕਿਸ ਦੀ ਉਡੀਕ ਕਰ ਰਿਹਾ ਹੈ?'

ਵਿਦੇਸ਼ ਦਫਤਰ ਦਾ ਕਹਿਣਾ ਹੈ ਕਿ ਉਸਨੇ ਇਸ ਕੇਸ ਨੂੰ ਵੱਖ-ਵੱਖ ਪੱਧਰਾਂ 'ਤੇ 70 ਤੋਂ ਵੱਧ ਵਾਰ ਉਠਾਇਆ ਹੈ ਅਤੇ ਵਿਦੇਸ਼ ਸਕੱਤਰ, ਲਿਜ਼ ਟਰਸ ਨੇ ਕੇਸ 'ਤੇ ਚਰਚਾ ਕਰਨ ਲਈ ਪਰਿਵਾਰ ਨੂੰ ਮਿਲਣ ਦੀ ਪੇਸ਼ਕਸ਼ ਕੀਤੀ ਹੈ।

# ਮੋਹਾਲੀ ਬੰਬ ਧਮਾਕੇ ਦਾ ਦੋਸ਼ੀ ਨਿਸ਼ਾਨ ਸਿੰਘ ਅੰਮ੍ਰਿਤਸਰ ਤੋਂ ਫੜਿਆ, 2 ਮਹੀਨੇ ਪਹਿਲਾਂ ਹੀ ਜੇਲ ਤੋਂ ਹੋਇਆ ਸੀ ਰਿਹਾਅ

**ਫ਼ਰੀਦਕੋਟ:** ਮੋਹਾਲੀ ਦੇ ਸੈਕਟਰ-77 ਸਥਿਤ ਪੰਜਾਬ ਪੁਲਿਸ ਦੇ ਖ਼ੁਫ਼ੀਆ ਵਿਭਾਗ ਦੇ ਹੈੱਡਕੁਆਟਰ 'ਤੇ ਰਾਕੇਟ ਪ੍ਰੋਪੇਲਡ ਗ੍ਰੇਨਾਈਟ (ਆਰ.ਪੀ.ਜੀ.) ਹਮਲੇ ਦੇ ਮਾਮਲੇ 'ਚ ਫ਼ਰੀਦਕੋਟ ਪੁਲਿਸ ਨੇ ਤਰਨਤਾਰਨ ਜ਼ਿਲੇ ਦੇ ਪਿੰਡ ਕੁੱਲਾ ਦੇ ਵਸਨੀਕ ਨਿਸ਼ਾਨ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਮੋਹਾਲੀ ਪੁਲਿਸ ਦੇ ਹਵਾਲੇ ਕਰ ਦਿੱਤਾ। ਅਜਿਹੇ ਵਿਚ ਫ਼ਰੀਦਕੋਟ ਸੀ.ਆਈ.ਏ ਸਟਾਫ਼ ਵੀ ਇਸ ਘਟਨਾ ਦੀ ਜਾਂਚ ਵਿਚ ਜੁੱਟ ਗਿਆ ਤੇ ਨਿਸ਼ਾਨ ਸਿੰਘ ਨੂੰ ਅੰਮ੍ਰਿਤਸਰ ਤੋਂ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕਰ ਲਿਆ। ਮੁੱਢਲੀ



ਪੁੱਛਗਿੱਛ ਤੋਂ ਬਾਅਦ ਨਿਸ਼ਾਨ ਸਿੰਘ ਨੂੰ ਸੀਆਈਏ ਸਟਾਫ਼ ਫ਼ਰੀਦਕੋਟ ਤੋਂ ਮੋਹਾਲੀ ਲੈ ਗਿਆ ਹੈ।

### ਮੁਲਜ਼ਮ ਨਿਸ਼ਾਨ ਸਿੰਘ ਖ਼ਿਲਾਫ਼ ਕਰੀਬ 13 ਕੇਸ ਦਰਜ

ਨਿਸ਼ਾਨ ਸਿੰਘ ਖ਼ਿਲਾਫ਼ ਤਰਨਤਾਰਨ, ਅੰਮ੍ਰਿਤਸਰ, ਫ਼ਰੀਦਕੋਟ, ਮੋਗਾ, ਗੁਰਦਾਸਪੁਰ ਜ਼ਿਲਿਆਂ ਵਿਚ ਸਨੈਚਿੰਗ, ਨਸ਼ਾ ਤਸਕਰੀ ਤੇ ਹੋਰ ਅਪਰਾਧਾਂ ਦੇ ਕੇਸ ਦਰਜ ਹਨ। ਨਿਸ਼ਾਨ ਸਿੰਘ ਵੀ ਫ਼ਰੀਦਕੋਟ ਜੇਲ 'ਚ ਬੰਦ ਹੈ। ਨਿਸ਼ਾਨ ਸਿੰਘ ਨੂੰ ਉਸਦੇ ਪਿਛਲੇ ਅਪਰਾਧਿਕ ਰਿਕਾਰਡ ਸਮੇਤ ਪੁਲਿਸ ਨੂੰ ਮਿਲੇ ਕੁਝ ਹੋਰ ਇਨਪੁਟਸ ਦੇ ਆਧਾਰ 'ਤੇ ਸੀਆਈਏ ਫ਼ਰੀਦਕੋਟ ਨੇ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਹੈ।

# ਪੰਥਕ ਇਕੱਠ 'ਚ ਸ਼੍ਰੋਮਣੀ ਕਮੇਟੀ ਦਾ ਵੱਡਾ ਫ਼ੈਸਲਾ, ਬੰਦੀ ਸਿੱਖਾਂ ਦੀ ਰਿਹਾਈ ਨੂੰ ਲੈ ਕੇ ਤਿੰਨ ਅਹਿਮ ਮਤੇ ਕੀਤੇ ਪਾਸ

**ਅੰਮ੍ਰਿਤਸਰ :** ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਆਦੇਸ਼ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਨੂੰ ਲੈ ਕੇ ਸੱਦੇ ਗਏ ਪੰਥਕ ਇਕੱਠ 'ਚ ਜਥੇਬੰਦੀਆਂ ਵੱਲੋਂ ਇਕਜੁਟਤਾ ਨਾਲ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ ਗਿਆ। ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸਿੱਖ ਕੌਮ ਦੀਆਂ ਵੱਖ-ਵੱਖ ਧਾਰਮਿਕ, ਰਾਜਸੀ ਤੇ ਸਮਾਜਿਕ ਜਥੇਬੰਦੀਆਂ ਨੇ ਬੰਦੀ ਸਿੱਖਾਂ ਦੀ ਰਿਹਾਈ ਲਈ ਕੀਤੇ ਜਾਣ ਵਾਲੇ ਸੰਘਰਸ਼ ਦਾ ਸਾਥ ਦੇਣ ਦੀ ਗੱਲ ਕਹੀ। ਰਿਹਾਈ ਸਬੰਧੀ ਤਿੰਨ ਅਹਿਮ ਮਤੇ ਪਾਸ ਕੀਤੇ ਗਏ, ਜਿਨਾਂ ਅਨੁਸਾਰ ਇਕ ਸਾਂਝੀ ਕਮੇਟੀ ਸਥਾਪਤ ਕਰਨ, ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਸਮੇਤ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਰਾਜਪਾਲਾਂ ਨੂੰ ਮਿਲਣ ਅਤੇ ਲੋੜ ਪੈਣ 'ਤੇ ਸਖਤ ਸੰਘਰਸ਼ ਵਿੱਢਣ 'ਤੇ ਸਹਿਮਤੀ ਪ੍ਰਗਟ ਕੀਤੀ ਗਈ। ਦੇਸ਼ ਦੀ ਪਾਰਲੀਮੈਂਟ ਦੇ ਸਿੱਖ ਮੈਂਬਰਾਂ ਨੂੰ ਪਾਰਲੀਮੈਂਟ ਦੇ ਦੋਹਾਂ ਸਦਨਾਂ ਵਿਚ ਬੰਦੀ ਸਿੱਖਾਂ ਦੀ ਰਿਹਾਈ ਲਈ ਅਵਾਜ਼ ਬੁਲੰਦ



ਕਰਨ ਦੀ ਅਪੀਲ ਕੀਤੀ। ਅਗਲੀ ਰੂਪ ਰੇਖਾ ਲਈ ਕਮੇਟੀ ਸਥਾਪਤ ਕਰਨ ਦੇ ਅਧਿਕਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪੇ ਗਏ, ਧਾਮੀ ਨੇ ਕਿਹਾ ਕਿ ਜਲਦ ਹੀ ਸਾਰੀਆਂ ਧਿਰਾਂ ਦੇ ਮੈਂਬਰ ਸ਼ਾਮਲ ਕਰਕੇ ਕਮੇਟੀ ਗਠਤ ਕਰ ਦਿੱਤੀ ਜਾਵੇਗੀ। ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸਾਂਝੇ ਰੂਪ ਵਿਚ ਯਤਨ ਅੱਗੇ ਵਧਾਏ ਜਾਣਗੇ। ਸਰਕਾਰਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਨਾਂ ਸਿੱਖਾਂ ਵੱਲੋਂ ਲਿਆ ਗਿਆ ਫੈਸਲਾ ਸਿੱਖਾਂ ਦੇ ਗੁਰਧਾਮਾਂ ਅਤੇ ਕੌਮ ਦੀ ਅਣਖ 'ਤੇ ਕੀਤੇ ਗਏ ਹਮਲਿਆਂ ਵਿੱਚੋਂ ਨਿਕਲਿਆ ਸੀ, ਇਸ ਲਈ ਬਿਨਾਂ ਸ਼ਰਤ ਬੰਦੀ ਸਿੱਖ ਤੁਰੰਤ ਰਿਹਾਅ ਕੀਤੇ ਜਾਣ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਥਕ ਇਕੱਤਰਤਾ ਦਾ ਇਕਜੁਟਤਾ ਵਾਲਾ ਸੁਨੇਹਾ ਸਮੁੱਚੀ ਸਿੱਖ ਕੌਮ ਲਈ ਬੇਹੱਦ ਅਹਿਮ ਹੈ ਅਤੇ ਭਵਿੱਖ ਵਿਚ ਇਸ ਲਹਿਰ ਨੂੰ ਨਿਰੰਤਰ ਤੋਰੀ ਰੱਖਣਾ ਚਾਹੀਦਾ ਹੈ। ਸਿਆਸੀ ਵਖਰੇਵੇਂ ਇਕ ਪਾਸੇ ਹਨ, ਜਦਕਿ ਪੰਥਕ ਹਿੱਤਾਂ ਲਈ ਇਹ ਸਮੂਹਕ ਯਤਨ ਵੱਡੇ ਨਤੀਜੇ ਦੇਣਗੇ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਕਮੇਟੀ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ

ਬਾਕੀ ਸਫ਼ਾ 31 'ਤੇ

# ਇੰਗਲੈਂਡ ਵਿੱਚ ਪਹਿਲੀ ਦਸਤਾਰਧਾਰੀ ਬੀਬੀ ਕਮਲਪ੍ਰੀਤ ਕੌਂਸਲਰ ਬਣੀ

## ਲੇਬਰ ਪਾਰਟੀ ਵੱਲੋਂ ਚੋਣ ਲੜ ਕੇ ਪ੍ਰਧਾਨ ਮੰਤਰੀ ਦੇ ਹਮਾਇਤੀ ਨੂੰ ਵੱਡੇ ਫਰਕ ਨਾਲ ਹਰਾਇਆ

**ਲੁਧਿਆਣਾ/ਏ.ਟੀ.ਨਿਊਜ਼ :-** ਪੰਜਾਬ ਦੀ ਜੰਮਪਲ ਕਮਲਪ੍ਰੀਤ ਕੌਰ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਦੇ ਹਲਕੇ ਵਿੱਚ ਉਸ ਦੇ ਹਮਾਇਤੀ ਨੂੰ ਕਰਾਰੀ ਹਾਰ ਦੇ ਕੇ ਪਹਿਲੀ ਵਾਰ ਦਸਤਾਰਧਾਰੀ ਕੌਂਸਲਰ ਬਣਨ ਦਾ ਮਾਣ ਪ੍ਰਾਪਤ ਕੀਤਾ ਹੈ। ਮੋਗਾ ਜ਼ਿਲੇ ਨਾਲ ਸਬੰਧਤ ਕਮਲਪ੍ਰੀਤ ਕੌਰ ਪਿਛਲੇ ਦੋ ਦਹਾਕਿਆਂ ਤੋਂ ਇੰਗਲੈਂਡ ਸਥਿਤ ਹਿਲਿੰਗਡੌਨ ਬਰੋ ਵਿੱਚ ਰਹਿ ਰਹੀ ਹੈ। ਕੋਲਮਪ੍ਰੀਤ ਨੇ ਵੁੱਡ ਐਂਡ ਵਾਰਡ ਤੋਂ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੇ ਸਮਰਥਕ ਨੂੰ 1100 ਵੋਟਾਂ ਦੇ



ਫ਼ਰਕ ਨਾਲ ਹਰਾਇਆ ਹੈ। ਇਸ ਚੋਣ ਵਿੱਚ ਕਮਲਪ੍ਰੀਤ ਸਮੇਤ ਲੇਬਰ ਪਾਰਟੀ ਦੇ ਚਾਰ ਉਮੀਦਵਾਰਾਂ ਨੇ ਪ੍ਰਧਾਨ ਮੰਤਰੀ ਦੀ ਪਾਰਟੀ ਦੇ ਉਮੀਦਵਾਰਾਂ ਨੂੰ ਹਰਾ ਕੇ ਇਤਿਹਾਸ ਸਿਰਜਿਆ ਹੈ। ਲੰਡਨ ਵਿੱਚ ਪਹਿਲੀ ਦਸਤਾਰਧਾਰੀ ਕੌਂਸਲਰ ਬਣਨ ਦਾ ਮਾਣ ਹਾਸਲ ਕਰਨ ਵਾਲੀ ਕਮਲਪ੍ਰੀਤ ਕੌਰ ਪੰਜਾਬ ਯੂਨੀਵਰਸਿਟੀ ਚੰਡੀਗੜ ਤੋਂ ਸਿੱਖਿਆ ਹਾਸਲ ਕਰਨ ਮਗਰੋਂ ਇੰਗਲੈਂਡ ਚਲੀ ਗਈ ਸੀ, ਜਿੱਥੇ ਉਸ ਨੇ ਯੂਨੀਵਰਸਿਟੀ ਕਾਲਜ ਲੰਡਨ ਅਤੇ ਕੁਈਨਮੈਰੀ ਯੂਨੀਵਰਸਿਟੀ, ਲੰਡਨ ਤੋਂ ਉੱਚ ਸਿੱਖਿਆ ਹਾਸਲ ਕੀਤੀ। ਪੱਤਰਕਾਰ ਤੇ ਲੇਖਿਕਾ ਕਮਲਪ੍ਰੀਤ ਕੌਰ ਦਾ ਆਪਣੇ ਹਲਕੇ ਵਿੱਚ ਕਾਫ਼ੀ ਮਾਣ-ਸਤਿਕਾਰ ਹੈ। ਉਹ ਟਾਈਮਜ਼ ਆਫ ਇੰਡੀਆ ਵਿਚ ਨਿਊਜ਼ ਐਡੀਟਰ ਰਹੀ ਹੈ ਤੇ ਹੁਣ ਆਕਾਸ਼ ਰੇਡੀਓ ਤੇ ਟੀਵੀ ਇੰਗਲੈਂਡ ਦੀ ਮੁੱਖ ਪ੍ਰਬੰਧਕ ਵਜੋਂ ਕਾਰਜਸ਼ੀਲ ਹੈ। ਇੰਗਲੈਂਡ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੀ ਅਗਵਾਈ ਹੇਠ ਕੋਮਲਪ੍ਰੀਤ ਨੂੰ ਸਿੱਖ ਭਾਈਚਾਰੇ ਤੋਂ ਇਲਾਵਾ ਵੱਡੀ ਗਿਣਤੀ ਸਥਾਨਕ ਲੋਕਾਂ ਦੀ ਹਮਾਇਤ ਮਿਲੀ ਹੈ। ਉਸ ਦੀ ਜਿੱਤ 'ਤੇ ਇੰਗਲੈਂਡ ਵਸਦੇ ਭਾਰਤੀ ਭਾਈਚਾਰੇ ਨੇ ਖ਼ੁਸ਼ੀ ਮਨਾਈ ਹੈ। ਲੁਧਿਆਣਾ ਵਾਸੀ ਉਸ ਦੇ ਚਚੇਰੇ ਭਰਾ ਜਸਦੀਪ ਸਿੰਘ ਅਰੋੜਾ ਨੇ ਦੱਸਿਆ ਕਿ ਕਮਲਪ੍ਰੀਤ ਕੌਰ ਦੀ ਜਿੱਤ ਨਾਲ ਸਿਰਫ਼ ਪਰਿਵਾਰ ਜਾਂ ਪੰਜਾਬ ਦਾ ਹੀ ਨਹੀਂ, ਸਗੋਂ ਇੰਗਲੈਂਡ ਵਸਦੇ ਸਮੁੱਚੇ ਸਿੱਖ ਭਾਈਚਾਰੇ ਦਾ ਨਾਮ ਰੋਸ਼ਨ ਹੋਇਆ ਹੈ। ਉਨਾਂ ਦੱਸਿਆ ਕਿ ਕਮਲਪ੍ਰੀਤ ਨੂੰ ਵੱਖ ਵੱਖ ਸਭਾ ਸੁਸਾਇਟੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਸਨਮਾਨਿਆ ਗਿਆ ਹੈ।

## ਹਿਮਾਚਲ ਵਿਧਾਨ ਸਭਾ ਦੇ ਗੇਟ 'ਤੇ ਖ਼ਾਲਿਸਤਾਨੀ ਝੰਡੇ ਝੁਲਾਉਣ ਦੇ ਦੋਸ਼ ਵਿਚ ਮੋਰਿੰਡਾ ਦਾ ਸਿੱਖ ਗੱਭਰੂ ਗ੍ਰਿਫ਼ਤਾਰ

**ਚੰਡੀਗੜ:** ਹਿਮਾਚਲ ਪ੍ਰਦੇਸ਼ ਪੁਲੀਸ ਨੇ ਹਾਲ ਹੀ ਵਿੱਚ ਧਰਮਸ਼ਾਲਾ ਵਿੱਚ ਰਾਜ ਵਿਧਾਨ ਸਭਾ ਦੇ ਮੁੱਖ ਗੇਟ ਖ਼ਾਲਿਸਤਾਨ ਪੱਖੀ ਝੰਡੇ ਲਹਿਰਾਉਣ ਦੇ ਮਾਮਲੇ ਵਿੱਚ ਪੰਜਾਬ ਦੇ ਮੋਰਿੰਡਾ ਦੇ ਰਹਿਣ ਵਾਲੇ ਹਰਵੀਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ।

# ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ ਕੌਮਾਂਤਰੀ ਪ੍ਰੈੱਸ ਅਜ਼ਾਦੀ ਦਿਹਾੜੇ ’ਤੇ ਹਾਲੈਂਡ ਪਾਰਕ ਸਰੀ ਵਿਚ ਰੋਸ ਮੁਜ਼ਾਹਰਾ

## ✪ ‘ਅੱਜ ਦੇ ਨਾਜ਼ੁਕ ਦੌਰ ਵਿੱਚ ਪ੍ਰੈੱਸ ਦੀ ਅਜ਼ਾਦੀ ਵਧੇਰੇ ਅਹਿਮ’ : ਮੇਅਰ ਡੱਗ ਮਕੱਲਮ ✪ ‘ਸੱਚ ’ਤੇ ਪਹਿਰਾ ਦੇਣ ਵਾਲੇ ਕੈਨੇਡੀਅਨ ਅਤੇ ਵਿਸ਼ਵ ਭਰ ਦੇ ਪੱਤਰਕਾਰਾਂ ਦਾ ਸਨਮਾਨ’ : ਪ੍ਰਧਾਨ ਮੰਤਰੀ ਟਰੂਡੋ ਦਾ ਸੰਦੇਸ਼

**ਸਰੀ/ਡਾ. ਗੁਰਵਿੰਦਰ ਸਿੰਘ :-** ਕੌਮਾਂਤਰੀ ਪ੍ਰੈੱਸ ਅਜ਼ਾਦੀ ਦਿਹਾੜੇ ’ਤੇ 3 ਮਈ ਨੂੰ ਪੰਜਾਬੀ ਪ੍ਰੈੱਸ ਕਲੱਬ ਆਫ ਬੀ ਸੀ ਵੱਲੋਂ, ਸਰੀ ਦੇ ਹਾਲੈਂਡ ਪਾਰਕ ਵਿਖੇ ਰੋਸ ਮੁਜ਼ਾਹਰਾ ਕੀਤਾ ਗਿਆ, ਜਿਸ ਦਾ ਮਨੋਰਥ ਪੱਤਰਕਾਰਾਂ ਦੀ ਆਜ਼ਾਦੀ ’ਤੇ ਹੋ ਰਹੇ ਹਮਲਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨਾ ਸੀ। ਪੰਜਾਬੀ ਪ੍ਰੈੱਸ ਕਲੱਬ ਵੱਲੋਂ ਆਯੋਜਿਤ ਇਸ ਰੋਸ ਰੈਲੀ ਵਿਚ ਪੱਤਰਕਾਰਾਂ ਸਮੇਤ ਵੱਖ-ਵੱਖ ਅਦਾਰਿਆਂ ਨਾਲ ਸਬੰਧਤ ਵਿਅਕਤੀ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਕੈਨੇਡੀਅਨ ਜੰਮਪਲ ਅਲੀਆ ਸਿੱਧੂ ਵੱਲੋਂ ਰਾਸ਼ਟਰੀ ਗੀਤ ‘ਓ ਕੈਨੇਡਾ’ ਨਾਲ ਕੀਤੀ ਗਈ। ਸਰੀ ਦੇ ਮੇਅਰ ਡੱਗ ਮਕੱਲਮ ਨੇ ਆਪਣੀ ਭਾਵਪੂਰਤ ਤਕਰੀਰ ਵਿਚ ਕਿਹਾ ਕਿ ਅੱਜ ਦੇ ਨਾਜ਼ੁਕ ਦੌਰ ਵਿੱਚ ਪ੍ਰੈੱਸ ਦੀ ਅਜ਼ਾਦੀ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ, ਕਿਉਂਕਿ ਅੱਜ ਲੋਕ ਵਿਰੋਧੀ ਤਾਕਤਾਂ ਵਿਸ਼ਵ ਭਰ ਵਿੱਚ ਭਾਰੂ ਹੋ ਰਹੀਆਂ ਹਨ, ਜਿਨਾਂ ਨੂੰ ਨੱਥ ਪਾਉਣ ਲਈ ਮੀਡੀਏ ਦੀ ਅਜ਼ਾਦੀ ਦੀ ਸਖ਼ਤ ਜ਼ਰੂਰਤ ਹੈ।

ਕੌਮਾਂਤਰੀ ਪ੍ਰੈੱਸ ਅਜ਼ਾਦੀ ਦਿਹਾੜੇ ’ਤੇ ਜਾਰੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਸੰਦੇਸ਼ ਪੜ ਕੇ ਸੁਣਾਇਆ ਗਿਆ, ਜਿਸ ਵਿਚ ਉਨਾਂ ਕਿਹਾ ਕਿ ਸੱਚ ਤੇ ਪਹਿਰਾ ਦੇਣ ਵਾਲੇ ਕੈਨੇਡੀਅਨ ਅਤੇ ਸੰਸਾਰ ਭਰ ਦੇ ਪੱਤਰਕਾਰਾਂ ਦਾ ਕੈਨੇਡਾ ਸਨਮਾਨ ਕਰਦਾ ਹੈ। ਬ੍ਰਿਟਿਸ਼ ਕੋਲੰਬੀਆ ਫੈਡਰੇਸ਼ਨ ਲੇਬਰ ਦੀ ਜਨਰਲ ਸਕੱਤਰ ਸੁਜ਼ੈਨ ਸਕਿਡਮੋਰ ਨੇ ਜਿੱਥੇ ਕੈਨੇਡਾ ਦੇ ਪੰਜ ਲੱਖ ਮੈਂਬਰ ਕਾਮਿਆਂ ਵੱਲੋਂ ਮੀਡੀਆ ਕਰਮੀਆਂ ਦੀ ਆਜ਼ਾਦੀ ਦੇ ਹੱਕ ਦੀ ਵਕਾਲਤ ਕੀਤੀ, ਉੱਥੇ ਨਾਲ ਹੀ ਭਾਰਤ ਵਿੱਚ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ, ਮੀਡੀਆ ਵੱਲੋਂ ਉਠਾਈ ਆਵਾਜ਼ ਦੀ ਪ੍ਰਸ਼ੰਸਾ ਕੀਤੀ, ਜਿਸ ਕਾਰਨ ਸਰਕਾਰ ਨੂੰ ਆਖ਼ਿਰਕਾਰ ਕਾਲੇ ਕਾਨੂੰਨ ਵਾਪਸ ਲੈਣੇ ਪਏ। ਲਿਬਰਲ ਪਾਰਟੀ ਕੈਨੇਡਾ ਦੇ ਸਰੀ ਤੋਂ ਸੰਸਦ ਮੈਂਬਰ ਸੁੱਖ ਧਾਲੀਵਾਲ ਅਤੇ ਰਿਚਮੰਡ ਤੋਂ ਐੱਮ.ਪੀ. ਪਰਮ ਬੈਂਸ ਵੱਲੋਂ ਜਾਰੀ ਸੰਦੇਸ਼ ਵੀ ਪੜ ਕੇ ਸੁਣਾਏ ਗਏ।




*ਪੰਜਾਬੀ ਪ੍ਰੈੱਸ ਕਲੱਬ ਆਫ ਬੀ ਸੀ ਦੇ ਰੋਸ ਮੁਜ਼ਾਹਰੇ ਮੌਕੇ ਸ਼ਾਮਲ ਬੁਲਾਰੇ ਅਤੇ ਹਾਜ਼ਰ ਹੋਰ ਸ਼ਖ਼ਸੀਅਤਾਂ।*

ਰੋਸ ਪ੍ਰਗਟਾਵਾ ਕਰਨ ਵਾਲੇ ਬੁਲਾਰਿਆਂ ਵੱਲੋਂ ਜਿੱਥੇ ਮੌਜੂਦਾ ਸਮੇਂ ਯੂਕਰੇਨ ਵਿਚ ਪੱਤਰਕਾਰਾਂ ਦੀਆਂ ਹੋ ਰਹੀਆਂ ਹੱਤਿਆਵਾਂ ਦੀ ਨਿਖੇਧੀ ਕੀਤੀ ਗਈ, ਉੱਥੇ ਦੁਨੀਆਂ ਭਰ ਵਿਚ ਪੱਤਰਕਾਰਾਂ ’ਤੇ ਹੋ ਰਹੇ ਹਮਲਿਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਗਈ। ਕੈਨੇਡਾ ਵਿੱਚ ਇੱਕ ਸਦੀ ਪਹਿਲਾਂ ਜਜ਼ਬੇ ਅਤੇ ਸੇਵਾ ਦੀ ਪੱਤਰਕਾਰੀ ਦਾ ਮੁੱਢ ਬੰਨਣ ਵਾਲੇ ਪਹਿਲੇ ਪੰਜਾਬੀ ਅਖ਼ਬਾਰ ਸੁਦੇਸ਼ ਸੇਵਕ (1910) ਦੇ ਸੰਪਾਦਕ ਸ਼ਹੀਦ ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਗ਼ਦਰੀ ਯੋਧੇ ਸਮੇਤ, ਸਮੂਹ ਸ਼ਹੀਦ ਪੱਤਰਕਾਰਾਂ ਨੂੰ ਯਾਦ ਕੀਤਾ ਗਿਆ ਅਤੇ ਪੰਜਾਬੀ ਪ੍ਰੈੱਸ ਕਲੱਬ ਦੇ ਗੁਜ਼ਰ ਚੁੱਕੇ ਪੱਤਰਕਾਰਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਭਾਰਤ ਵਿੱਚ ਮੌਜੂਦਾ ਸਮੇਂ ਪੱਤਰਕਾਰਾਂ ਦੀ ਮਾੜੀ ਹਾਲਤ ’ਤੇ ਵਿਚਾਰ ਦਿੰਦਿਆਂ, ਜਿੱਥੇ ਵਿਸ਼ਵ ਪੱਧਰ ’ਤੇ 189 ਦੇਸ਼ਾਂ ਦੀ ਸੂਚੀ ਵਿਚ ਭਾਰਤ ਦਾ ਸਥਾਨ 150 ’ਤੇ ਹੇਠਾਂ ਡਿੱਗਣ ’ਤੇ ਗਹਿਰੀ ਚਿੰਤਾ ਪ੍ਰਗਟਾਈ ਗਈ, ਉੱਥੇ ਭਾਰਤ ਵਿਚ ਗੌਤਮ ਨਵਲੱਖਾ ਅਤੇ ਅਨੇਕਾਂ ਹੋਰ ਪੱਤਰਕਾਰਾਂ ਨੂੰ ਜੇਲਾਂ ਵਿੱਚ ਸੁੱਟਣ, ਰਾਣਾ ਆਯੂਬ, ਆਰਿਫ਼ਾ ਖ਼ਾਨੁਮ ਸ਼ੇਰਵਾਨੀ ਅਤੇ ਆਕਾਰ ਪਟੇਲ ਵਰਗੇ ਨਾਮਵਰ ਪੱਤਰਕਾਰਾਂ ਨਾਲ ਫਾਸ਼ੀਵਾਦੀ ਸਰਕਾਰ ਵੱਲੋਂ ਧੱਕੇਸ਼ਾਹੀ ਕਰਨ, ਮੱਧ ਪ੍ਰਦੇਸ਼ ਵਿਚ ਸਰਕਾਰ ਵਿਰੋਧੀ ਪੱਤਰਕਾਰਾਂ ਨੂੰ ਨੰਗਾ ਕਰਕੇ ਜੇਲਾਂ ਵਿਚ ਕੁੱਟਮਾਰ ਕਰਨ ਆਦਿ ਸਮੇਤ ਤਾਨਾਸ਼ਾਹੀ ਸਰਕਾਰੀ ਵਧੀਕੀਆਂ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ।

ਬੁਲਾਰਿਆਂ ਵਿੱਚ ਸਰੀ ਸਿਟੀ ਕੌਂਸਲਰ ਮਨਦੀਪ ਸਿੰਘ ਨਾਗਰਾ, ਪੱਤਰਕਾਰਾਂ ’ਚੋਂ ਗੁਰਪ੍ਰੀਤ ਸਿੰਘ ਸਹੋਤਾ, ਕੁਲਦੀਪ ਸਿੰਘ, ਜਰਨੈਲ ਸਿੰਘ ਆਰਟਿਸਟ ਗੁਰਪ੍ਰੀਤ ਸਿੰਘ ਰੈਡੀਕਲ ਦੇਸੀ ਸਮੇਤ ਬੀਸੀ ਟਰੱਕਰਜ਼ ਤੋਂ ਗਗਨ ਸਿੰਘ ਨੇ ਸੰਬੋਧਨ ਕੀਤਾ। ਪੰਜਾਬੀ ਪ੍ਰੈੱਸ ਕਲੱਬ ਆਫ ਬੀ ਸੀ ਦੀ ਪ੍ਰਧਾਨ ਬੀਬੀ ਬਲਜਿੰਦਰ ਕੌਰ ਨੇ ਸਮੂਹ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਿਆ ਅਤੇ ਜਨਰਲ ਸਕੱਤਰ ਖੁਸ਼ਪਾਲ ਸਿੰਘ ਗਿੱਲ ਨੇ ਪ੍ਰੋਗਰਾਮ ਦਾ ਸੰਚਾਲਨ ਕੀਤਾ। ਜ਼ਾਲਮ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਦੁਨੀਆਂ ਸਾਹਮਣੇ ਲਿਆਉਣ ਅਤੇ ਪੱਤਰਕਾਰਾਂ ਦੀ ਅਜ਼ਾਦੀ ਲਈ ਪੈਦਾ ਹੋਏ ਖ਼ਤਰਿਆਂ ’ਤੇ ਗੰਭੀਰ ਚਿੰਤਨ ਕਰਨ ਲਈ ਆਯੋਜਿਤ ਇਹ ਰੋਸ ਮੁਜ਼ਾਹਰਾ ਡੂੰਘਾ ਪ੍ਰਭਾਵ ਛੱਡਣ ਵਿਚ ਸਫਲ ਰਿਹਾ।

# ਕੈਨੇਡਾ ਦਾ ਇੰਮੀਗਰੇਸ਼ਨ ਪ੍ਰਬੰਧ ਲੜਖੜਾਇਆ

## ਇੰਮੀਗਰੇਸ਼ਨ ਵਿਭਾਗ ਕੋਲ ਵਿਚਾਰ ਅਧੀਨ ਫਾਈਲਾਂ ਦੀ ਗਿਣਤੀ 25 ਲੱਖ ਤੋਂ ਟੱਪੀ

**ਵੈਨਕੂਵਰ/ਏ.ਟੀ.ਨਿਊਜ਼ :-** ਆਲਮੀ ਪੱਧਰ ’ਤੇ ਲੋਕਾਂ ਦੀ ਖਿੱਚ ਦਾ ਕੇਂਦਰ ਬਣੇ ਕੈਨੇਡਾ ਦਾ ਆਵਾਸ ਸਿਸਟਮ ਬੁਰੀ ਤਰਾਂ ਲੜਖੜਾ ਗਿਆ ਹੈ। ਪੁਰਾਣੀਆਂ ਫਾਈਲਾਂ ਦਾ ਨਿਬੇੜਾ ਨਾ ਹੋਣ ਕਾਰਨ ਦੇਸ਼ ਦੇ ਆਵਾਸ ਵਿਭਾਗ ਕੋਲ ਦਿਨੋ-ਦਿਨ ਬਿਨੈਕਾਰਾਂ ਦੀ ਗਿਣਤੀ ਵਧਣ ਲੱਗੀ ਹੈ। ਜਾਣਕਾਰੀ ਅਨੁਸਾਰ ਇਸ ਵਰ੍ਹੇ ਦੇ ਮਾਰਚ ਮਹੀਨੇ ਦੇ ਅੰਤ ਤੱਕ ਵਿਚਾਰ ਅਧੀਨ 18 ਲੱਖ ਫਾਈਲਾਂ ਦੀ ਗਿਣਤੀ 30 ਅਪ੍ਰੈਲ ਨੂੰ 20 ਲੱਖ ਦਾ ਅੰਕੜਾ ਪਾਰ ਕਰ ਗਈ ਹੈ। ਹਾਲਾਂਕਿ ਇਸ ਦੌਰਾਨ 65 ਹਜ਼ਾਰ ਫਾਈਲਾਂ ਦਾ ਨਿਪਟਾਰਾ ਵੀ ਕੀਤਾ ਗਿਆ ਹੈ। ਯਾਤਰਾ ਵੀਜ਼ਾ, ਰੁਜ਼ਗਾਰ ਵੀਜ਼ਾ, ਅਸਥਾਈ ਰਿਹਾਇਸ਼, ਸਥਾਈ ਰਿਹਾਇਸ਼ (ਪੀਆਰ), ਨਾਗਰਿਕਤਾ (ਸਿਟੀਜ਼ਨਸ਼ਿਪ) ਆਦਿ ਸਾਰੇ ਵਰਗਾਂ ਲਈ ਹਰ ਮਹੀਨੇ ਕਰੀਬ ਪੌਣੇ ਤਿੰਨ ਲੱਖ ਫਾਈਲਾਂ ਰਜਿਸਟਰ ਹੋਣ ਲੱਗੀਆਂ ਹਨ। ਕਈ ਫਾਈਲਾਂ ਵਿੱਚ ਇੱਕ ਤੋਂ ਜ਼ਿਆਦਾ ਲੋਕਾਂ ਦੀ ਸਾਂਝੀ ਬੇਨਤੀ ਹੋਣ ਕਰਕੇ ਬਿਨੈਕਾਰਾਂ ਦੀ ਗਿਣਤੀ ਫਾਈਲਾਂ ਤੋਂ 25-30 ਫੀਸਦ ਵੱਧ




ਹੋ ਗਈ ਹੈ ਅਤੇ ਬਿਨੈਕਾਰ ਬੈਕਲੌਗ ਅੰਕੜਾ 25 ਲੱਖ ਟੱਪ ਚੁੱਕਿਆ ਹੈ।

ਕੈਨੇਡਾ ਆ ਕੇ ਪੀਆਰ ਹੋਣ ਲਈ ਫਾਈਲਾਂ ਲਗਾ ਚੁੱਕੇ ਕੁਝ ਲੋਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਮਹੀਨਿਆਂ ਤੋਂ ਸਾਲਾਂ ਤੱਕ ਪਹੁੰਚੀ ਉਡੀਕ ਜਿੱਥੇ ਉਨਾਂ ਦੇ ਸੁਫ਼ਨੇ ਚੂਰ ਕਰ ਰਹੀ ਹੈ, ਉਥੇ ਹੀ ਉਨਾਂ ਨੂੰ ਪਰਿਵਾਰਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਵੀ ਪੇਸ਼ ਆ ਰਹੀਆਂ ਹਨ। ਫੈਮਿਲੀ ਕਲਾਸ ਭਾਵ ਮਾਂ-ਬਾਪ, ਦਾਦਾ-ਦਾਦੀ ਆਦਿ ਦੀਆਂ ਡੇਢ ਕੁ ਸਾਲ ’ਚ ਸਿਰੇ ਲਗਣ ਵਾਲੀਆਂ ਫਾਈਲਾਂ ਨੂੰ ਹੁਣ ਤਿੰਨ-ਚਾਰ ਸਾਲ ਲੱਗਣ ਦੀਆਂ ਸੂਚਨਾਵਾਂ ਹਨ। ਹੋਰ ਤਾਂ ਹੋਰ ਪੰਜਾਬ ਤੋਂ ਕੈਨੇਡਾ ਦੇ ਯਾਤਰੂ ਵੀਜ਼ਾ ਬਿਨੈਕਾਰਾਂ ਨੂੰ ਹੁਣ ਚਾਰ-ਪੰਜ ਮਹੀਨੇ ਉਡੀਕ ਕਰਨੀ ਪੈ ਰਹੀ ਹੈ, ਜਦਕਿ 2091 ਤੱਕ ਇਹ ਉਡੀਕ ਦੋ ਹਫਤੇ ਵਿੱਚ ਮੁੱਕ ਜਾਂਦੀ ਸੀ।

**ਕੋਵਿਡ ਕਾਰਨ ਸਿਸਟਮ ਵਿੱਚ ਖੜੋਤ ਆਈ : ਆਵਾਸ ਵਿਭਾਗ**

ਦੇਰੀ ਬਾਰੇ ਪੁੱਛੇ ਜਾਣ ’ਤੇ ਆਵਾਸ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਬੈਕਲਾਗ ਦਾ ਵੱਡਾ ਕਾਰਨ ਕੋਵਿਡ ਕਾਰਨ ਸਿਸਟਮ ਵਿੱਚ ਆਈ ਖੜੋਤ ਹੈ। ਇਸ ਵਿੱਚ ਤੇਜ਼ੀ ਲਿਆਉਣ ਦੇ ਯਤਨ ਤਾਂ ਕੀਤੇ ਜਾ ਰਹੇ ਹਨ ਪਰ ਪਹਿਲਾਂ ਦੇ ਮੁਕਾਬਲੇ ਬਿਨੈਕਾਰਾਂ ਦੀ ਗਿਣਤੀ ਵਿੱਚ ਵੀ ਕਾਫੀ ਵਾਧਾ ਹੋਇਆ ਹੈ।

# ਡਰੱਗ ਕੇਸ ਵਿਚ ਮਜੀਠੀਆ ਬੁਰੇ ਫਸੇ

## ਸੁਪਰੀਮ ਕੋਰਟ ਨੇ ਮਜੀਠੀਆ ਦੀ ਪਟੀਸ਼ਨ ’ਤੇ ਸੁਣਵਾਈ ਤੋਂ ਕੀਤੀ ਨਾਂਹ ਰਿਟ ਪਟੀਸ਼ਨ ਦਾਖ਼ਲ ਕਰਨ ’ਤੇ ਜਤਾਇਆ ਇਤਰਾਜ਼



**ਨਵੀਂ ਦਿੱਲੀ/ਏ.ਟੀ.ਨਿਊਜ਼ :-** ਡਰੱਗ ਮਾਮਲੇ ਵਿੱਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਸੁਪਰੀਮ ਕੋਰਟ ਨੇ ਅਕਾਲੀ ਆਗੂ ਨੂੰ ਵੱਡਾ ਝਟਕਾ ਦਿੰਦਿਆਂ ਉਸ ਵੱਲੋਂ ਦਾਇਰ ਪਟੀਸ਼ਨ ’ਤੇ ਸੁਣਵਾਈ ਤੋਂ ਨਾਂਹ ਕਰ ਦਿੱਤੀ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਮਜੀਠੀਆ ਆਪਣੇ ਖ਼ਿਲਾਫ਼ ਦਰਜ ਐੱਫਆਈਆਰ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦੇ ਸਕਦਾ ਹੈ ਤੇ ਡਵੀਜ਼ਨ ਬੈਂਚ ਇਸ ’ਤੇ ਸੁਣਵਾਈ ਕਰੇਗਾ। ਮਜੀਠੀਆ ਨੇ 28 ਮਾਰਚ ਨੂੰ ਸਿਖਰਲੀ ਅਦਾਲਤ ਦਾ ਰੁਖ਼ ਕਰਦੇ ਹੋਏ ਮੁਹਾਲੀ ਸਥਿਤ ਪੰਜਾਬ ਪੁਲਿਸ ਦੇ ਸਟੇਟ ਕਰਾਈਮ ਥਾਣੇ ਵਿੱਚ ਐੱਨਡੀਪੀਐੱਸ ਐਕਟ ਤਹਿਤ ਦਰਜ ਕੇਸ ਨੂੰ ਸਿਆਸਤ ਤੋਂ ਪ੍ਰੇਰਿਤ ਦਸਦਿਆਂ ਰੱਦ ਕਰਨ ਦੀ ਮੰਗ ਕੀਤੀ ਸੀ। ਉਂਜ ਮੁਹਾਲੀ ਦੇ ਵਧੀਕ ਜ਼ਿਲਾ ਤੇ ਸੈਸ਼ਨ ਜੱਜ ਅਵਤਾਰ ਸਿੰਘ ਦੀ ਅਦਾਲਤ ਵਿੱਚ ਕੇਸ ਦੀ ਅਗਲੀ ਸੁਣਵਾਈ 18 ਮਈ ਨੂੰ ਹੋਣੀ ਹੈ।

ਜਸਟਿਸ ਡੀ.ਵਾਈ.ਚੰਦਰਚੂੜ, ਜਸਟਿਸ ਸੂਰਿਆ ਕਾਂਤ ਤੇ ਜਸਟਿਸ ਪੀ.ਐੱਸ.ਨਰਸਿਮਾ ਦੀ ਸ਼ਮੂਲੀਅਤ ਵਾਲੇ ਵਿਸ਼ੇਸ਼ ਬੈਂਚ ਨੇ ਸੁਣਵਾਈ ਦੌਰਾਨ ਬਚਾਅ ਪੱਖ ਦੇ ਸੀਨੀਅਰ ਵਕੀਲ ਕਪਿਲ ਸਿੱਬਲ ਨੂੰ ਸਵਾਲ ਕੀਤਾ ਕਿ ਜਦੋਂ ਤੁਹਾਡੇ ਕੋਲ ਹੋਰ ਬਦਲ/ਰਾਹ ਮੌਜੂਦ ਹਨ ਤਾਂ ਸੰਵਿਧਾਨ ਦੀ ਧਾਰਾ 32 ਤਹਿਤ ਰਿਟ ਪਟੀਸ਼ਨ ਕਿਉਂ ਦਾਖ਼ਲ ਕੀਤੀ ਗਈ? ਸਿਖਰਲੀ ਅਦਾਲਤ ਨੇ ਕਿਹਾ ਕਿ ਮੁਲਜ਼ਮ ਐੱਫਆਈਆਰ ਨੂੰ ਹਾਈ ਕੋਰਟ ਵਿੱਚ ਵੀ ਚੁਣੌਤੀ ਦੇ ਸਕਦਾ ਹੈ, ਜਿਸ ਸੁਣਵਾਈ ਡਿਵੀਜ਼ਨ ਬੈਂਚ ਵੱਲੋਂ ਕੀਤੀ ਜਾਵੇ। ਬੈਂਚ ਨੇ ਕਿਹਾ, ‘ਅਸੀਂ ਧਾਰਾ 32 ਤਹਿਤ ਦਾਇਰ ਪਟੀਸ਼ਨ ’ਤੇ ਕੋਈ ਗੌਰ ਨਹੀਂ ਕਰਾਂਗੇ। ਪਟੀਸ਼ਨਰ ਨੂੰ ਐੱਫਆਈਆਰ ਰੱਦ ਕਰਵਾਉਣ ਤੇ ਜ਼ਮਾਨਤ ਅਰਜ਼ੀ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਕੋਲ ਪਹੁੰਚ ਕਰਨ ਦੀ ਖੁੱਲ ਹੈ।’ ਪੰਜਾਬ ਸਰਕਾਰ ਵੱਲੋਂ ਪੇਸ਼ ਸੀਨੀਅਰ ਵਕੀਲ ਵੀ. ਗਿਰੀ ਨੇ ਕਿਹਾ ਕਿ ਮਜੀਠੀਆ ਦੀ ਜ਼ਮਾਨਤ ਅਰਜ਼ੀ ਵਿਸ਼ੇਸ਼ ਕੋਰਟ ਤੇ ਹਾਈ ਕੋਰਟ ਵੱਲੋਂ ਰੱਦ ਕੀਤੀ ਜਾ ਚੁੱਕੀ ਹੈ। ਵਕੀਲ ਨੇ ਕਿਹਾ, ‘ਸਿਖਰਲੀ ਅਦਾਲਤ ਜੇਕਰ ਇਸ ਕੇਸ ਦੀ ਸੁਣਵਾਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਵੀਜ਼ਨ ਬੈਂਚ ਵੱਲੋਂ ਕੀਤੇ ਜਾਣ ਦੀ ਹਦਾਇਤ ਕਰ ਰਹੀ ਹੈ ਤਾਂ ਸੂਬਾ ਸਰਕਾਰ ਇਸ ਦਾ ਵਿਰੋਧ ਨਹੀਂ ਕਰੇਗੀ।’ ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ 20 ਮਾਰਚ ਨੂੰ ਅਹੁਦਾ ਸੰਭਾਲਦੇ ਹੀ ਆਪਣੇ ਪਲੇਠੇ ਹੁਕਮਾਂ ਵਿੱਚ ਮਜੀਠੀਆ ਖ਼ਿਲਾਫ਼ ਦਰਜ ਡਰੱਗ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ ਦੇ ਪੁਨਰਗਠਨ ਦਾ ਫੈਸਲਾ ਕੀਤਾ ਸੀ।

# ਹਿੰਦੂ ਸਭਿਅਤਾ ਨਾਲ ਸਬੰਧਿਤ ਚਿੱਤਰਾਂ ਦੀ ਪ੍ਰਦਰਸ਼ਨੀ ਦਾ ਆਯੋਜਨ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਡਲਾਸ, ਟੈਕਸਾਸ ਵਿਚ ਹਿੰਦੂ ਸਵੈਮ ਸੇਵਕ ਸੰਘ ਵੱਲੋਂ ਹਿੰਦੂ ਸਭਿਅਤਾ ਨਾਲ ਸਬੰਧਤ ਇਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਹ ਪ੍ਰਦਰਸ਼ਨੀ ‘ਦਰਸ਼ਨ ਦਿਵਸ’ ਮੌਕੇ, ਜੌਹਨ ਐਂਡ ਜੂਡੀ ਗੇਅ ਪਬਲਿਕ ਲਾਇਬ੍ਰੇਰੀ ਮੈਕੀਨੇ ਵਿਖੇ ਲਗਾਈ ਗਈ ਗਈ। ਹਿੰਦੂ ਸਭਿਅਤਾ ਨਾਲ ਸਬੰਧਤ ਚਿੱਤਰਾਂ ਦੀ ਲਗਾਈ ਇਸ ਪ੍ਰਦਰਸ਼ਨੀ ਵਿਚ ਡਲਾਸ ਦੀਆਂ 15 ਤੋਂ ਵਧ ਧਾਰਮਿਕ ਸੰਸਥਾਵਾਂ ਨੇ ਸ਼ਿਰਕਤ ਕੀਤੀ। ਇਹ ਚਿੱਤਰ ਕਲਾ, ਸਾਇੰਸ, ਧਾਰਮਿਕ ਰਵਾਇਤਾਂ, ਮੇਲਿਆਂ, ਪਹਿਰਾਵੇ, ਯੋਗਾ ਸਮੇਤ ਹੋਰ ਵਿਸ਼ਿਆਂ ਨਾਲ ਸਬੰਧਤ ਸਨ ਜੋ ਹਿੰਦੂ ਸਵੈਮ ਸੇਵਕ ਸੰਘ ਦੇ ਵਾਲੰਟੀਅਰਾਂ ਦੁਆਰਾ ਤਿਆਰ ਕੀਤੇ ਗਏ ਸਨ। ਪ੍ਰਦਰਸ਼ਨੀ ਦਾ ਉਦਘਾਟਨ ਮੈਕੀਨੇ ਦੇ ਮੇਅਰ ਜਾਰਜ ਫੁਲਰ ਨੇ ਕੀਤਾ ਜਿਨਾਂ ਨੇ ਹਰ




*ਹਿੰਦੂ ਸਭਿਅਤਾ ਨਾਲ ਸਬੰਧਤ ਲਾਈ ਗਈ ਪ੍ਰਦਰਸ਼ਨੀ ਦਾ ਇਕ ਦ੍ਰਿਸ਼*

ਸਾਲ 30 ਅਪਰੈਲ ਨੂੰ ‘ਦਰਸ਼ਨ ਦਿਵਸ’ ਵਜੋਂ ਮਨਾਉਣ ਦਾ ਐਲਾਨ ਵੀ ਕੀਤਾ। ਪ੍ਰਬੰਧਕਾਂ ਨੇ ਦਸਿਆ ਕਿ ਪ੍ਰਦਰਸ਼ਨੀ ਦਾ ਮਕਸਦ ਹਿੰਦੂ ਸਭਿਆਚਾਰ ਨੂੰ ਉਤਸ਼ਾਹਿਤ ਕਰਨਾ ਹੈ। ਪ੍ਰਦਰਸ਼ਨੀ ਵੇਖਣ ਆਏ ਮਹਿਮਾਨਾਂ ਨੇ ਚਿੱਤਰਾਂ ਨਾਲ ਸਬੰਧਤ ਸਵਾਲ ਵੀ ਪੁੱਛੇ ਜਿਨਾਂ ਦੇ ਜਵਾਬ ਵਾਲੰਟੀਅਰਾਂ ਵੱਲੋਂ ਦਿੱਤੇ ਗਏ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਚੁਣੇ ਹੋਏ ਅਧਿਕਾਰੀਆਂ, ਸਮਾਜਿਕ ਆਗੂਆਂ, ਲਾਅ ਇਨਫੋਰਸਮੈਂਟ ਅਧਿਕਾਰੀਆਂ ਤੇ ਧਾਰਮਿਕ ਪ੍ਰਤੀਨਿਧੀਆਂ ਨੇ ਹਿੱਸਾ ਲਿਆ।

# ਪਟਿਆਲਾ ਹਿੰਸਾ ਮਾਮਲਾ

## ਪੰਥਕ ਜਥੇਬੰਦੀਆਂ ਦੇ ਇਕੱਠ ਵਲੋਂ ਹਾਈਕੋਰਟ ਦੇ ਮੌਜੂਦਾ ਜੱਜ ਦੀ ਅਗਵਾਈ ਹੇਠ ਨਿਆਂਇਕ ਜਾਂਚ ਕਰਾਉਣ ਦੀ ਮੰਗ



**ਅੰਮ੍ਰਿਤਸਰ/ਏ.ਟੀ.ਨਿਊਜ਼:-** ਬੀਤੇ ਦਿਨੀਂ ਪਟਿਆਲਾ ਵਿਖੇ ਵਾਪਰੀ ਹਿੰਸਕ ਘਟਨਾ ਦੇ ਮਾਮਲੇ ਵਿਚ ਇਥੇ ਅਕਾਲ ਤਖ਼ਤ ਸਾਹਿਬ ਵਿਖੇ ਕਾਰਜਕਾਰੀ ਜਥੇਦਾਰ ਅਕਾਲ ਤਖ਼ਤ ਸਾਹਿਬ ਵਲੋਂ ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨਜ਼ ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਦੀ ਬੁਲਾਈ ਇਕੱਤਰਤਾ ਦੌਰਾਨ ਪਾਸ ਮਤਿਆਂ ਦੁਆਰਾ ਇਸ ਘਟਨਾ ਦੀ ਹਾਈਕੋਰਟ ਦੇ ਕਿਸੇ ਮੌਜੂਦਾ ਜੱਜ ਦੀ ਅਗਵਾਈ ਹੇਠ ਨਿਆਂਇਕ ਜਾਂਚ ਕਰਾਉਣ ਦੀ ਮੰਗ ਕੀਤੀ ਗਈ। ਇਸ ਇਕੱਤਰਤਾ ਦੀ ਅਗਵਾਈ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਕੀਤੀ, ਜਿਸ ਵਿਚ ਤਿੰਨ ਸ਼੍ਰੋਮਣੀ ਕਮੇਟੀ ਮੈਂਬਰਾਂ ਭਾਈ ਮਨਜੀਤ ਸਿੰਘ, ਭਾਈ ਰਾਮ ਸਿੰਘ ਤੇ ਗੁਰਚਰਨ ਸਿੰਘ ਗਰੇਵਾਲ ਤੋਂ ਇਲਾਵਾ ਹੋਰ ਵੱਖ-ਵੱਖ ਨੌਜਵਾਨ ਜਥੇਬੰਦੀਆਂ ਦੇ ਪ੍ਰਤੀਨਿੱਧ ਸ਼ਾਮਿਲ ਹੋਏ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਟਿਆਲਾ ਦੀ ਘਟਨਾ 1947 ਤੋਂ ਬਾਅਦ ਭਾਰਤੀ ਸਟੇਟ ਵਲੋਂ ਲਗਾਤਾਰ ਸਿੱਖ ਕੌਮ ਦੀ ਕੀਤੀ ਜਾ ਰਹੀ ਮਾਨਸਿਕ ਤੇ ਸਰੀਰਕ ਨਸਲਕੁਸ਼ੀ ਦਾ ਹੀ ਇਕ ਹਿੱਸਾ ਹੈ। ਉਨਾਂ ਕਿਹਾ ਕਿ ਸਰਕਾਰ ਸਿੱਖਾਂ ਨੂੰ ਹਰ ਪੱਖ ਤੋਂ ਬਦਨਾਮ ਅਤੇ ਬਰਬਾਦ ਕਰਨ ਲਈ ਹਮਲੇ ਕਰ ਰਹੀ ਹੈ ।ਉਨਾਂ ਕਿਹਾ ਕਿ ਸਿੱਖ ਕੌਮ ਸਰਕਾਰੀ ਜਬਰ ਨੂੰ ਕਦੀ ਵੀ ਬਰਦਾਸ਼ਤ ਨਹੀਂ ਕਰੇਗੀ। ਉਨਾਂ ਸਾਰੀਆਂ ਸਿੱਖ ਜਥੇਬੰਦੀਆਂ ਨੂੰ ਇਸ ਮਸਲੇ ’ਤੇ ਸਾਂਝੀ ਕਮੇਟੀ ਬਣਾ ਕੇ ਪੈਰਵਾਈ ਕਰਨ ਦੀ ਰਾਏ ਦਿੱਤੀ, ਜਿਸ ਨੂੰ ਜਥੇਬੰਦੀਆਂ ਵਲੋਂ ਪ੍ਰਵਾਨ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਵਲੋਂ ਇਸ ਘਟਨਾ ਸੰਬੰਧੀ ਆਪਣੇ ਵਿਚਾਰ ਰੱਖੇ ਗਏ ਤੇ ਪਟਿਆਲਾ ਵਿਖੇ ਬੀਤੀ 29 ਅਪ੍ਰੈਲ ਨੂੰ ਹੋਈ ਹਿੰਸਕ ਘਟਨਾ ਦੀ ਪੜਚੋਲ ਕਰਦਿਆਂ ਕਿਹਾ ਗਿਆ ਕਿ ਪੰਜਾਬ ਸਰਕਾਰ ਵਲੋਂ ਸਿੱਖ ਕੌਮ ਦੇ ਖ਼ਿਲਾਫ਼ ਸਿਰਜੇ ਜਾ ਰਹੇ ਫਿਰਕੂ ਬਿਰਤਾਂਤ ਅਤੇ ਪੰਜਾਬ ਪੁਲਿਸ ਵਲੋਂ ਸਿੱਖ ਨੌਜਵਾਨਾਂ ਖ਼ਿਲਾਫ਼ ਕੀਤੀ ਜਾ ਰਹੀ ਇਕਪਾਸੜ ਨਾਜਾਇਜ਼ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਸਟੇਜ ਸਕੱਤਰ ਦੀ ਜਿੰਮੇਵਾਰੀ ਪਰਮਪਾਲ ਸਿੰਘ ਨੇ ਨਿਭਾਈ।

# ਆਪ ਪਾਰਟੀ ਦੀਆਂ ਨਜ਼ਰਾਂ ਸ਼੍ਰੋਮਣੀ ਕਮੇਟੀ ਉਪਰ

## ਸੰਧਵਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਬੇਈਮਾਨਾਂ ਤੋਂ ਅਜ਼ਾਦ ਕਰਵਾਓ

**ਭਾਦਸੋਂ/ਏ.ਟੀ.ਨਿਊਜ਼ :-** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਭਾਦਸੋਂ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਡੀ ਇਕ ਮਾਣਮੱਤੀ ਸੰਸਥਾ ਹੈ। ਪਰ ਪਿਛਲੇ ਸਮੇਂ ਦੌਰਾਨ ਇਸ ਸੰਸਥਾ ਵਿਚ ਵੱਡੀਆਂ ਕਮੀਆਂ ਸਾਹਮਣੇ ਆਈਆਂ ਹਨ, ਇਸ ਲਈ ਇਸ ਸੰਸਥਾ ਦਾ ਪ੍ਰਬੰਧ ਅਜਿਹੇ ਗੁਰਸਿੱਖਾਂ ਦੇ ਹੱਥ ਹੋਣਾ ਚਾਹੀਦਾ ਹੈ। ਜਿਹੜੇ ਕਿਸੇ ਸ਼ਖ਼ਸ ਦਾ ਹੁਕਮ ਨਾ ਮੰਨ ਕੇ ਸਗੋਂ ਸਿਰਫ਼ ਤੇ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੀ ਮੰਨਣ। ਸੰਧਵਾਂ ਨੇ ਇਹ ਚੋਣਾਂ ਤੁਰੰਤ ਕਰਵਾਉਣ ਦੀ ਵਕਾਲਤ ਕਰਦਿਆਂ ਕਿਹਾ ਕਿ ਪੰਜਾਬ ਦੀ ਰਾਜਸੱਤਾ ਦੀ ਤਬਦੀਲੀ ਹੋ ਗਈ ਹੈ ਅਤੇ ਹੁਣ ਸ਼੍ਰੋਮਣੀ ਕਮੇਟੀ ਵਿਚ ਵੀ ਬਦਲਾਅ ਜ਼ਰੂਰੀ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਵੱਡੀ ਸੇਵਾ ਗੁਰੂਘਰਾਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਕਰਨਾ ਹੈ ਪਰ ਪਿਛਲੇ ਸਮੇਂ ਵਿਚ ਇਹ ਪ੍ਰਬੰਧ ਕਮਜ਼ੋਰ ਕਰਨ ਦੇ ਨਾਲ-ਨਾਲ ਸਾਡੀਆਂ ਰਹੁ-ਰੀਤਾਂ ਦੀ ਫ਼ਰਜ਼ਸਨਾਸੀ ਕਰਨ ਵਿਚ ਵੀ ਕਿਤੇ ਨਾ ਕਿਤੇ ਸ਼੍ਰੋਮਣੀ ਕਮੇਟੀ ਪਿੱਛੇ ਰਹੀ ਹੈ।ਸਪੀਕਰ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੀ ਚੋਰੀ, ਗੁਰਦੁਆਰਾ ਸਾਹਿਬਾਨ ਦੀਆਂ ਜਾਇਦਾਦਾਂ ਦੇ ਟਰੱਸਟ ਬਣਾ ਕੇ ਨਿੱਜੀ ਹੱਥਾਂ ਵਿਚ ਦੇਣੀਆਂ, ਸ਼੍ਰੋਮਣੀ ਕਮੇਟੀ ਵੱਲੋਂ ਕਿਤਾਬ ਛਪਵਾ ਕੇ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਕੁਫ਼ਰ ਤੋਲਣਾ, ਇਹ ਸਭ ਕਰਨ ਵਾਲੇ ਲੋਕ ਕੌਣ ਹਨ ਅਤੇ ਹੁਣ ਉਨਾਂ ਨੂੰ ਬਾਹਰ ਕੱਢਣਾ ਪਵੇਗਾ, ਇਸ ਲਈ ਉਨਾਂ ਦੀ ਮੰਗ ਹੈ ਕਿ ਜਲਦ ਤੋਂ ਜਲਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੁਰੰਤ ਕਰਵਾਈਆਂ ਜਾਣ, ਜਿਸ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਸਿੱਖਾਂ ਨੂੰ ਕਮਰ ਕੱਸ ਲੈਣੀ ਚਾਹੀਦੀ ਹੈ। ਸੰਧਵਾ ਦੇ ਇਸ ਬਿਆਨ ਤੋਂ ਇਸ਼ਾਰਾ ਮਿਲਦਾ ਕੇਜਰੀਵਾਲ ਦਾ ਨਿਸ਼ਾਨਾ ਸ਼੍ਰੋਮਣੀ ਕਮੇਟੀ ਉਪਰ ਕਬਜਾ ਕਰਨਾ ਹੈ।



# ਆਪ ਪਾਰਟੀ ਦਾ ਚੀਫ ਖਾਲਸਾ ਦੀਵਾਨ ਉਪਰ ਕਬਜਾ

## ✪ ਡਾ. ਇੰਦਰਬੀਰ ਸਿੰਘ ਨਿੱਜਰ ਬਣੇ ਚੀਫ ਖਾਲਸਾ ਦੀਵਾਨ ਦੇ 14ਵੇਂ ਪ੍ਰਧਾਨ

## ✪ ਵਿਰੋਧੀ ਸਰਬਜੀਤ ਸਿੰਘ ਨੂੰ 158 ਵੋਟਾਂ ਨਾਲ ਹਰਾਇਆ

**ਅੰਮ੍ਰਿਤਸਰ/ਏ.ਟੀ.ਨਿਊਜ਼:-** ਚੀਫ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਦੀ ਚੋਣ ਵਿਚ ਆਪ ਪਾਰਟੀ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ 158 ਵੋਟਾਂ ਦੇ ਫ਼ਰਕ ਨਾਲ ਜੇਤੂ ਰਹੇ। ਡਾ. ਨਿੱਜਰ ਨੂੰ 243 ਵੋਟਾਂ ਤੇ ਸਰਬਜੀਤ ਸਿੰਘ ਖ਼ਾਲਸਾ ਨੂੰ 85 ਵੋਟਾਂ ਹਾਸਲ ਹੋਈਆਂ। ਕੁੱਲ 329 ਵੋਟਰਾਂ ਨੇ ਆਪਣੀ ਵੋਟ ਦੀ ਵਰਤੋਂ ਕੀਤੀ ਜਿਸ ਵਿਚੋਂ ਇਕ ਵੋਟ ਰੱਦ ਹੋਈ। ਚੀਫ ਖਾਲਸਾ ਦੀਵਾਨ ਦੇ ਕੁੱਲ 517 ਮੈਂਬਰ ਸਨ। ਇੱਥੇ ਦੱਸਣਯੋਗ ਹੈ ਕਿ ਮਾਰਚ 2022 ਵਿਚ ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਦੇ ਦੇਹਾਂਤ ਤੋਂ ਬਾਅਦ ਸੰਵਿਧਾਨ ਮੁਤਾਬਕ ਦੋ ਮਹੀਨੇ ਦੇ ਸਮੇਂ ਵਿਚ ਉਪ ਚੋਣ ਕਰਵਾਈ ਗਈ ਹੈ।
ਚੀਫ ਖਾਲਸਾ ਦੀਵਾਨ ਦੇ ਨਵ-ਨਿਯੁਕਤ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਚੀਫ ਖ਼ਾਲਸਾ ਦੀਵਾਨ ਵਿਚ ਕੋਈ ਧੜਾ ਨਹੀਂ ਦੇਖਿਆ ਜਾਵੇਗਾ, ਸਾਰਿਆਂ ਨੂੰ ਨਾਲ ਰਲ਼ ਕੇ ਕੰਮ ਕੀਤਾ ਜਾਵੇਗਾ। ਉਨਾਂ ਕਿਹਾ ਕਿ ਦੀਵਾਨ ਦੇ ਸਕੂਲਾਂ ਦਾ ਜਿਹੜੇ ਕੰਮ ਹੋਣ ਵਾਲੇ ਹੋਏ ਹਨ, ਉਨਾਂ ਨੂੰ ਪਹਿਲ ਦੇ ਆਧਾਰ ’ਤੇ ਕੀਤਾ ਜਾਵੇਗਾ। ਉਨਾਂ ਕਿਹਾ ਕਿ ਲੋੜਵੰਦ ਬੱਚਿਆਂ ਨੂੰ ਮੁਫ਼ਤ ਪਡ਼ਾਈ ਦੇਣ ਦੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ, ਇਸ ’ਚ ਦੀਵਾਨ ਦੇ ਮੈਂਬਰ ਬੱਚਿਆਂ ਨੂੰ ਅਪਨਾਉਣਗੇ ਅਤੇ ਉਨਾਂ ਦੀ ਪੜਾਈ ਦਾ ਖ਼ਰਚਾ ਚੁੱਕਣਗੇ।



# ਗੁਰਬਾਣੀ ਪ੍ਰਸਾਰਨ ਬਾਰੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਅਕਾਲ ਤਖ਼ਤ ’ਤੇ ਪੱਤਰ ਸੌਂਪਿਆ



**ਅੰਮ੍ਰਿਤਸਰ/ਏ.ਟੀ.ਨਿਊਜ਼ :-** ਕੇਂਦਰੀ ਗੁਰੂ ਸਿੰਘ ਸਭਾ ਦੇ ਵਫ਼ਦ ਨੇ ਇੱਥੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇੱਕ ਪੱਤਰ ਸੌਂਪ ਕੇ ਅਪੀਲ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਕੀਰਤਨ ਦਾ ਸਿੱਧਾ ਪ੍ਰਸਾਰਨ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਚੈਨਲ ਤੋਂ ਤੁਰੰਤ ਕੀਤਾ ਜਾਵੇ ਤੇ ਨਿੱਜੀ ਚੈਨਲ ਤੋਂ ਹੋ ਰਿਹਾ ਪ੍ਰਸਾਰਨ ਵੀ ਤੁਰੰਤ ਰੋਕਿਆ ਜਾਵੇ। ਜਥੇਬੰਦੀ ਦੇ ਜਨਰਲ ਸਕੱਤਰ ਡਾ. ਖੁਸ਼ਹਾਲ ਸਿੰਘ ਦੇ ਦਸਤਖ਼ਤਾਂ ਹੇਠ ਦਿੱਤੇ ਗਏ ਇਸ ਪੱਤਰ ਵਿੱਚ ਉਨਾਂ ਕਿਹਾ ਕਿ ਜਿਵੇਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ ਸਿਰਫ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਜਾਂਦੀ ਹੈ, ਉਸੇ ਤਰਜ਼ ’ਤੇ ਸ੍ਰੀ ਦਰਬਾਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਵੀ ਸ਼੍ਰੋਮਣੀ ਕਮੇਟੀ ਵੱਲੋਂ ਸਿਰਫ਼ ਆਪਣੇ ਚੈਨਲ ਰਾਹੀਂ ਕੀਤਾ ਜਾਵੇ। ਇਸ ਵਫ਼ਦ ਵਿੱਚ ਡਾ. ਖੁਸ਼ਹਾਲ ਸਿੰਘ ਦੇ ਨਾਲ ਹੋਰ ਸਿੱਖ ਆਗੂ ਹਾਜ਼ਰ ਸਨ।

# ਪੰਜਾਬ ਦਾ ਜ਼ਮੀਨਦੋਜ ਪਾਣੀ ਬਚਾਓ

## ਫੂਲਕਾ ਨੇ ਅਕਾਲ ਤਖ਼ਤ ਤੋਂ ਮਦਦ ਮੰਗੀ



**ਅੰਮ੍ਰਿਤਸਰ/ਏ.ਟੀ.ਨਿਊਜ਼ :-** ਐਡਵੋਕੇਟ ਐੱਚਐੱਸ ਫੂਲਕਾ ਦੀ ਅਗਵਾਈ ਹੇਠ ਇਕ ਵਫ਼ਦ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਮਿਲਿਆ। ਵਫ਼ਦ ਨੇ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਪੰਜਾਬ ਵਿੱਚ ਝੋਨੇ ਦੀ ਫ਼ਸਲ ਦੀ ਬਿਜਾਈ ਕੁਦਰਤੀ ਤਰੀਕੇ ਨਾਲ ਕਰਵਾਉਣ ਲਈ ਲੋਕਾਂ ਨੂੰ ਧਾਰਮਿਕ ਸਥਾਨਾਂ ਰਾਹੀਂ ਜਾਗਰੂਕ ਕੀਤਾ ਜਾਵੇ। ਇਸ ਸਬੰਧੀ ਗੁਰਦੁਆਰਿਆਂ ਵਿੱਚ ਖੇਤੀ ਸਤਿਸੰਗ ਕਰਵਾਏ ਜਾਣ, ਜਿਨਾਂ ਵਿੱਚ ਖੇਤੀ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਝੋਨਾ ਬੀਜਣ ਦੀ ਕੁਦਰਤੀ ਵਿਧੀ ਬਾਰੇ ਦੱਸਿਆ ਜਾਵੇ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਜਾਗਰੂਕ ਕੀਤਾ ਜਾਵੇ। ਫੂਲਕਾ ਨੇ ਦਾਅਵਾ ਕੀਤਾ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਇਸ ਸਬੰਧੀ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਉਨਾਂ ਦੱਸਿਆ ਕਿ ਇਸ ਸਬੰਧੀ ‘ਮੇਰੀ ਜ਼ਮੀਨ, ਮੇਰੀ ਜ਼ਿੰਮੇਵਾਰੀ’ ਯੋਜਨਾ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਕੈਂਪ ਲਾਏ ਜਾਣਗੇ। ਇਸ ਮੁਹਿੰਮ ਦੀ ਸ਼ੁਰੂਆਤ 10 ਮਈ ਨੂੰ ਤਲਵੰਡੀ ਭਾਈ ਸਥਿਤ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤੋਂ ਕੀਤੀ ਜਾਵੇਗੀ। ਇਸ ਸਬੰਧ ਵਿੱਚ 21 ਮਈ ਤੱਕ ਵੱਖ-ਵੱਖ ਹਲਕਿਆਂ ਵਿੱਚ ਗੁਰਦੁਆਰਿਆਂ ਤੇ ਹੋਰ ਧਰਮ ਅਸਥਾਨਾਂ ’ਤੇ ਜਾਗਰੂਕ ਕੈਂਪ ਲੱਗਣਗੇ। ਉਨਾਂ ਵਲੋਂ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿੱਚ ਦਿੱਤੇ ਗਏ ਪੱਤਰ ਵਿਚ ਆਖਿਆ ਗਿਆ ਕਿ, ਜਿਸ ਤਰੀਕੇ ਨਾਲ ਇਸ ਵੇਲੇ ਝੋਨੇ ਦੀ ਬਿਜਾਈ ਹੋ ਰਹੀ ਹੈ, ਉਸ ਨਾਲ ਆਉਣ ਵਾਲੇ 25 ਸਾਲਾਂ ਵਿੱਚ ਜ਼ਮੀਨ ਹੇਠਲਾ ਪਾਣੀ ਖਤਮ ਹੋ ਜਾਵੇਗਾ ਅਤੇ ਜ਼ਮੀਨ ਬੰਜਰ ਹੋ ਜਾਵੇਗੀ। ਉਨਾਂ ਨੇ ਪੱਤਰ ਵਿੱਚ ਝੋਨਾ ਬੀਜਣ ਦੀਆਂ ਨਵੀਆਂ ਵਿਧੀਆਂ ਦਾ ਹਵਾਲਾ ਦਿੱਤਾ।

# ਸ਼੍ਰੋਮਣੀ ਕਮੇਟੀ ਨੇ ਗੁਰਸਿੱਖ ਵਿਦਿਆਰਥੀ ਜਗਤੇਸ਼ਵਰਜੋਤ ਸਿੰਘ ਨੂੰ 51 ਹਜ਼ਾਰ ਦਾ ਚੈੱਕ ਦਿੱਤਾ

## ਨੈਸ਼ਨਲ ਰਾਈਫਲ ਸ਼ੂਟਰ ਵਿਚ 19 ਸੋਨ ਤਮਗੇ, ਚਾਂਦੀ ਦੇ 6 ਤਮਗੇ ਤੇ ਕਾਂਸੀ ਦੇ 8 ਤਮਗੇ ਕੀਤੇ ਪ੍ਰਾਪਤ



**ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼ :-** ਸਥਾਨਕ ਵਸਨੀਕ ਤੇ ਗੁਰਸਿੱਖ ਵਿਦਿਆਰਥੀ ਜਗਤੇਸ਼ਵਰਜੋਤ ਸਿੰਘ ਸਪੁੱਤਰ ਬੀਰਦਵਿੰਦਰ ਸਿੰਘ ਨੇ ਨੈਸ਼ਨਲ ਸ਼ੂਟਰ ਸਕੁਐਡ ਵਿਚ ਭਾਰਤ ਵਿੱਚੋਂ ਪਹਿਲੇ 10 ਖਿਡਾਰੀਆਂ ਵਿਚ ਆਉਣ ਕਰਕੇ ਨਾਂ ਰੌਸ਼ਨ ਕੀਤਾ ਹੈ। ਉਸ ਨੇ ਨੈਸ਼ਨਲ ਰਾਈਫਲ ਸ਼ੂਟਰ ਵਿਚ 19 ਸੋਨ ਤਮਗੇ, ਚਾਂਦੀ ਦੇ 6 ਤਮਗੇ ਤੇ ਕਾਂਸੀ ਦੇ 8 ਤਮਗੇ ਪ੍ਰਾਪਤ ਕੀਤੇ। ਇਸ ਪ੍ਰਾਪਤੀ ਦੇ ਸਦਕਾ ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ 51000/-ਰੁ. ਇਨਾਮ ਦਾ ਐਲਾਨ ਕੀਤਾ ਸੀ। ਹੁਣੇ ਜਿਹੇ ਤਖ਼ਤ ਸ੍ਰੀ ਕੇਸਗੜ ਸਾਹਿਬ ਵਿਖੇ ਸਬ-ਕਮੇਟੀ ਦੀ ਹੋਈ ਇਕੱਤਰਤਾ ਸਮੇਂ ਸ਼ਾਮਲ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸੁਰਿੰਦਰ ਸਿੰਘ, ਅੰਤ੍ਰਿਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜੀ, ਮੈਂਬਰ ਸ਼੍ਰੋਮਣੀ ਕਮੇਟੀ ਰਜਿੰਦਰ ਸਿੰਘ ਮਹਿਤਾ, ਸੁਖਬੀਰ ਸਿੰਘ ਮੀਤ ਸਕੱਤਰ ਦੀ ਮੌਜੂਦਗੀ ਵਿਚ ਇਨਾਮ ਦਾ 51000/-ਰੁ. ਦਾ ਚੈੱਕ ਦੇ ਕੇ ਹੋਣਹਾਰ ਵਿਦਿਆਰਥੀ ਨੂੰ ਸਨਮਾਨਤ ਕੀਤਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# 800 ਪਾਕਿ ਹਿੰਦੂਆਂ ਨੂੰ ਨਹੀਂ ਮਿਲੀ ਭਾਰਤੀ ਨਾਗਰਿਕਤਾ

**ਜਲੰਧਰ/ਏ.ਟੀ.ਨਿਊਜ਼ :-** ਭਾਰਤ ਵਿਚ ਪਾਕਿਸਤਾਨੀ ਘੱਟਗਿਣਤੀ ਪ੍ਰਵਾਸੀਆਂ ਦੇ ਅਧਿਕਾਰਾਂ ਦੀ ਵਕਾਲਤ ਕਰਨ ਵਾਲੇ ਸੀਮਾਂਤ ਜਨਤਕ ਸੰਗਠਨ (ਐੱਸ. ਐੱਲ. ਐੱਸ.) ਨੇ ਦਾਅਵਾ ਕੀਤਾ ਹੈ ਕਿ ਰਾਜਸਥਾਨ ਵਿਚ ਰਹਿ ਰਹੇ ਲਗਭਗ 800 ਪਾਕਿਸਤਾਨੀ ਹਿੰਦੂ ਸਾਲ 2021 ਵਿਚ ਨੇੜੇ-ਤੇੜੇ ਦੇ ਦੇਸ਼ਾਂ ਵਿਚ ਪਰਤ ਗਏ। ਸੰਗਠਨ ਵਿਚ ਦੱਸਿਆ ਹੈ ਕਿ ਇਨਾਂ ਪ੍ਰਵਾਸੀ ਹਿੰਦੂਆਂ ਨੇ ਭਾਰਤੀ ਨਾਗਰਿਕਤਾ ਹਾਸਲ ਕਰਨ ਲਈ ਆਨਲਾਈਨ ਅਰਜ਼ੀ ਦਿੱਤੀ ਸੀ। ਇਸ ਮਾਮਲੇ ਵਿਚ ਗ੍ਰਹਿ ਮੰਤਰਾਲਾ ਨੇ 2018 ਵਿੱਚ ਆਨਲਾਈਨ ਨਾਗਰਿਕਤਾ ਅਰਜ਼ੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਇਸ ਵਿਚ ਸੱਤ ਸੂਬਿਆਂ ਵਿਚ 16 ਕਲੈਕਟਰਾਂ ਨੂੰ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾਦੇਸ਼ ਦੇ ਹਿੰਦੂਆਂ, ਈਸਾਈਆਂ, ਸਿੱਖਾਂ, ਪਾਰਸੀ, ਜੈਨ ਅਤੇ ਬੋਧੀਆਂ ਨੂੰ ਨਾਗਰਿਕਤਾ ਦੇਣ ਲਈ ਆਨਲਾਈਨ ਅਰਜ਼ੀ ਸਵੀਕਾਰ ਕਰਨ ਲਈ ਵੀ ਕਿਹਾ ਗਿਆ ਸੀ।

**ਬਦਨਾਮ ਕਰਦੀਆਂ ਹਨ ਪਾਕਿ ਏਜੰਸੀਆਂ**

ਪਿਛਲੇ ਸਾਲ ਗ੍ਰਹਿ ਮੰਤਰਾਲਾ ਨੇ ਗੁਜਰਾਤ, ਛੱਤੀਸਗੜ, ਰਾਜਸਥਾਨ, ਹਰਿਆਣਾ ਅਤੇ ਪੰਜਾਬ ਦੇ 13 ਜ਼ਿਲਾ ਕਲੈਕਟਰਾਂ ਨੂੰ 6 ਭਾਈਚਾਰਿਆਂ ਦੇ ਪ੍ਰਵਾਸੀਆਂ ਨੂੰ ਨਾਗਰਿਕਤਾ ਕਾਨੂੰਨ, 1955 ਦੀ ਧਾਰਾ 5 ਅਤੇ 6 ਦੇ ਤਹਿਤ ਨਾਗਰਿਕਤਾ ਸਰਟੀਫ਼ਿਕੇਟ ਦੇਣ ਦਾ ਅਧਿਕਾਰ ਪ੍ਰਦਾਨ ਕੀਤਾ ਸੀ। ਨਾਗਰਿਕਤਾ ਅਰਜ਼ੀ ਤੋਂ ਬਾਅਦ ਪ੍ਰਕਿਰਿਆ ਵਿਚ ਕੋਈ ਤਰੱਕੀ ਨਾ ਹੋਣ ਤੋਂ ਬਾਅਦ ਇਨਾਂ ਵਿਚੋਂ ਕਈ ਪ੍ਰਵਾਸੀ ਹਿੰਦੂ ਤਾਂ ਵਾਪਸ ਪਾਕਿਸਤਾਨ ਪਰਤ ਗਏ।ਸੀਮਾਂਤ ਜਨਤਕ ਸੰਗਠਨ ਦੇ ਪ੍ਰਧਾਨ ਹਿੰਦੂ ਸਿੰਘ ਸੋਢਾ ਨੇ ਦੱਸਿਆ ਕਿ ਜਦੋਂ ਭਾਰਤ ਦੀ ਨਾਗਰਿਕਤਾ ਨਾ ਮਿਲਣ ’ਤੇ ਪ੍ਰਵਾਸੀ ਹਿੰਦੂ ਵਾਪਸ ਪਰਤ ਜਾਂਦੇ ਹਨ ਤਾਂ ਉਨਾਂ ਦੀ ਵਰਤੋਂ ਪਾਕਿਸਤਾਨੀ ਏਜੰਸੀਆਂ ਭਾਰਤ ਨੂੰ ਬਦਨਾਮ ਕਰਨ ਲਈ ਕਰਦੀਆਂ ਹਨ। ਉਨਾਂ ਦੀ ਮੀਡੀਆ ਦੇ ਸਾਹਮਣੇ ਪਰੇਡ ਕੀਤੀ ਜਾਂਦੀ ਹੈ ਅਤੇ ਉਨਾਂ ਨੂੰ ਬਿਆਨ ਦੇਣ ਲਈ ਮਜਬੂਰ ਕੀਤਾ ਗਿਆ ਕਿ ਭਾਰਤ ਵਿਚ ਉਨਾਂ ਦੇ ਨਾਲ ਬੁਰਾ ਵਰਤਾਅ ਹੋਇਆ ਹੈ।

ਸੋਢਾ ਨੇ ਦੱਸਿਆ ਕਿ ਨਾਗਰਿਕਤਾ ਹਾਸਲ ਕਰਨ ਦੀ ਪੂਰੀ ਪ੍ਰਕਿਰਿਆ ਆਨਲਾਈਨ ਹੈ ਪਰ ਪੋਰਟਲ ਉਨਾਂ ਪਾਕਿਸਤਾਨੀ ਪਾਸਪੋਰਟਾਂ ਨੂੰ ਸਵੀਕਾਰ ਨਹੀਂ ਕਰਦਾ ਹੈ, ਜਿਨਾਂ ਦੀ ਸਮਾਂ ਹੱਦ ਖ਼ਤਮ ਹੋ ਚੁੱਕੀ ਹੈ। ਇਸਦਾ ਕਾਰਨ ਨਾਗਰਿਕਤਾ ਚਾਹੁਣ ਵਾਲੇ ਆਪਣੇ ਪਾਸਪੋਰਟ ਨੂੰ ਰੀਨਿਊ ਕਰਵਾਉਣ ਲਈ ਇਕ ਵੱਡੀ ਰਕਮ ਦਾ ਭੁਗਤਾਨ ਕਰਨਾ ਪੈਂਦਾ ਹੈ। ਉਨਾਂ ਨੇ ਦੱਸਿਆ ਕਿ ਜੇਕਰ ਇਕ 10 ਲੋਕਾਂ ਦਾ ਪਰਿਵਾਰ ਹੈ ਤਾਂ ਉਨਾਂ ਨੂੰ ਪਾਕਿਸਤਾਨੀ ਹਾਈ ਕਮਿਸ਼ਨਰ ਵਿਚ ਪਾਸਪੋਰਟ ਰੀਨਿਊ ਕਰਵਾਉਣ ਲਈ ਇਕ ਲੱਖ ਤੋਂ ਜ਼ਿਆਦਾ ਰੁਪਏ ਖ਼ਰਚ ਕਰਨੇ ਪੈਂਦੇ ਹਨ।

**25 ਹਜ਼ਾਰ ਹਿੰਦੂਆਂ ਨੂੰ ਨਾਗਰਿਕਤਾ ਦੀ ਉਡੀਕ**

ਸਿੰਘ ਕਹਿੰਦੇ ਹਨ ਕਿ ਇਕੱਲੇ ਰਾਜਸਥਾਨ ਵਿਚ ਹੀ 25 ਹਜ਼ਾਰ ਪਾਕਿਸਤਾਨੀ ਹਿੰਦੂ ਹਨ ਜੋ ਨਾਗਰਿਕਤਾ ਮਿਲਣ ਦੀ ਉਡੀਕ ਕਰ ਰਹੇ ਹਨ। ਇਨਾਂ ਵਿਚੋਂ ਕੁਝ ਤਾਂ ਬੀਤੇ ਦੋ ਦਹਾਕਿਆਂ ਤੋਂ ਉਡੀਕ ਵਿਚ ਹਨ। ਕਈ ਲੋਕਾਂ ਨੇ ਆਨਲਾਈਨ ਅਰਜ਼ੀ ਦਿੱਤੀ ਹੈ। ਸਾਲ 2015 ਵਿਚ ਗ੍ਰਹਿ ਮੰਤਰਾਲਾ ਨੇ ਨਾਗਰਿਕਤਾ ਕਾਨੂੰਨਾਂ ਵਿਚ ਬਦਲਾਅ ਕੀਤੇ ਸਨ ਅਤੇ ਦਸੰਬਰ 2014 ਜਾਂ ਉਸ ਤੋਂ ਪਹਿਲਾਂ ਧਾਰਮਿਕ ਸ਼ੋਸ਼ਣ ਕਾਰਨ ਭਾਰਤ ਆਉਣ ਵਾਲੇ ਵਿਦੇਸ਼ੀ ਪ੍ਰਵਾਸੀਆਂ ਦੇ ਪ੍ਰਵਾਸ ਨੂੰ ਵੈਧ ਕੀਤਾ ਸੀ। ਇਨਾਂ ਲੋਕਾਂ ਨੂੰ ਪਾਸਪੋਰਟ ਐਕਟ ਅਤੇ ਵਿਦੇਸ਼ੀ ਐਕਟ ਦੇ ਪ੍ਰਾਵਧਾਨਾਂ ਤੋਂ ਛੋਟ ਦਿੱਤੀ ਗਈ ਸੀ ਕਿਉਂਕਿ ਉਨਾਂ ਦੇ ਪਾਸਪੋਰਟ ਦੀ ਮਿਆਦ ਖ਼ਤਮ ਹੋ ਚੁੱਕੀ ਸੀ।

**ਲੰਮੀ ਮਿਆਦ ਵੀਜ਼ਾ ਦੇ ਤਹਿਤ ਆਉਂਦੇ ਸ਼ਰਨਾਰਥੀ**

ਭਾਰਤ ਵਿਚ ਸ਼ਰਨ ਲੈਣ ਵਾਲੇ ਲੋਕ ਜਾਂ ਤਾਂ ਲੰਮੀ ਮਿਆਦ ਦੇ ਵੀਜ਼ਾ (ਐੱਲ. ਟੀ. ਵੀ.) ਜਾਂ ਤੀਰਥ ਯਾਤਰਾ ਵੀਜ਼ਾ ’ਤੇ ਆਉਂਦੇ ਹਨ। ਐੱਲ. ਟੀ. ਵੀ. 5 ਸਾਲ ਲਈ ਦਿੱਤੇ ਜਾਂਦੇ ਹਨ ਅਤੇ ਨਾਗਰਿਕਤਾ ਪਾਉਣ ਵਿਚ ਇਸਦੀ ਵੱਡੀ ਭੂਮਿਕਾ ਹੁੰਦੀ ਹੈ। ਸਾਲ 2011 ਵਿਚ ਕਾਂਗਰਸ ਨੀਤ ਸੰਯੁਕਤ ਪ੍ਰਗਤੀਸ਼ੀਲ ਗਠਜੋੜ ਭਾਵ ਯੂ. ਪੀ. ਏ. ਸਰਕਾਰ ਨੇ ਪਾਕਿਸਤਾਨ ਵਿਚ ਧਾਰਮਿਕ ਸ਼ੋਸ਼ਣ ਕਾਰਨ ਭਾਰਤ ਆਏ ਸੈਂਕੜੇ ਹਿੰਦੂਆਂ ਅਤੇ ਸਿੱਖਾਂ ਨੂੰ ਐੱਲ. ਟੀ. ਵੀ. ਦੇਣ ਦਾ ਫ਼ੈਸਲਾ ਕੀਤਾ ਸੀ। ਤੀਰਥ ਯਾਤਰਾ ਵੀਜ਼ੇ ’ਤੇ ਆਏ ਬਹੁਤ ਸਾਰੇ ਲੋਕ ਆਪਣੇ ਪਾਸਪੋਰਟ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਭਾਰਤ ਵਿਚ ਰਹਿੰਦੇ ਰਹੇ ਹਨ। ਗ੍ਰਹਿ ਮੰਤਰਾਲਾ ਦੇ ਡਾਟਾ ਦੇ ਮੁਤਾਬਕ ਸਾਲ 2011 ਤੋਂ 2014 ਦੇ ਦਰਮਿਆਨ 14,726 ਪਾਕਿਸਤਾਨੀ ਹਿੰਦੂਆਂ ਨੂੰ ਐੱਲ. ਟੀ. ਵੀ. ਦਿੱਤਾ ਗਿਆ। ਗ੍ਰਹਿ ਮੰਤਰਾਲਾ ਮੁਤਾਬਕ ਹੀ ਨਵੰਬਰ 2021 ਤੋਂ ਲੈ ਕੇ ਇਸ ਸਾਲ ਫਰਵਰੀ ਤੱਕ ਪਾਕਿਸਤਾਨੀ ਹਿੰਦੂਆਂ ਨੂੰ 600 ਐੱਲ. ਟੀ. ਵੀ. ਦਿੱਤੇ ਹਨ।

# ‘ਆਪ’ ਵਿਧਾਇਕ ਗੱਜਣਮਾਜਰਾ ਦੇ ਟਿਕਾਣਿਆਂ ’ਤੇ ਸੀਬੀਆਈ ਦਾ ਛਾਪਾ

## ਮਾਮਲਾ 40 ਕਰੋੜ ਰੁਪਏ ਤੋਂ ਵੱਧ ਦੇ ਕਥਿਤ ਬੈਂਕ ਧੋਖਾਧੜੀ ਦਾ

**ਦਿੱਲੀ/ਏ.ਟੀ.ਨਿਊਜ਼ :-** ਸੀਬੀਆਈ ਨੇ ਬੀਤੇ ਦਿਨੀਂ 40 ਕਰੋੜ ਰੁਪਏ ਤੋਂ ਵੱਧ ਦੇ ਕਥਿਤ ਬੈਂਕ ਧੋਖਾਧੜੀ ਦੇ ਮਾਮਲੇ ਨਾਲ ਸਬੰਧਤ ਕੇਸ ਵਿੱਚ ਹਲਕਾ ਅਮਰਗੜ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਦੇ ਸੰਗਰੂਰ ਵਿਚਲੇ ਤਿੰਨ ਟਿਕਾਣਿਆਂ ’ਤੇ ਛਾਪੇ ਮਾਰੇ ਹਨ। ਸੂਤਰਾਂ ਨੇ ਦਾਅਵਾ ਕੀਤਾ ਕਿ ਬੈਂਕ ਆਫ ਇੰਡੀਆ ਨਾਲ 40.92 ਕਰੋੜ ਰੁਪਏ ਦੇ ਕਥਿਤ ਕਰਜ਼ੇ ਨਾਲ ਸਬੰਧਤ ਧੋਖਾਧੜੀ ਦੇ ਮਾਮਲੇ ’ਚ ਐੱਫਆਈਆਰ ਦਰਜ ਹੋਣ ਮਗਰੋਂ ਸੀਬੀਆਈ ਨੇ ਇਹ ਕਾਰਵਾਈ ਕੀਤੀ ਹੈ। ਇਸ ਕਾਰਵਾਈ ਦੌਰਾਨ ਏਜੰਸੀ ਨੂੰ ਵੱਖ ਵੱਖ ਵਿਅਕਤੀਆਂ ਦੇ ਦਸਤਖ਼ਤਾਂ ਵਾਲੇ 94 ਖਾਲੀ ਚੈੱਕ ਚੈੱਕ ਅਤੇ ਆਧਾਰ ਕਾਰਡ ਪ੍ਰਾਪਤ ਹੋਏ ਦੱਸੇ ਜਾ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸੀਬੀਆਈ ਨੇ ਤਾਰਾ ਗਰੁੱਪ ਆਫ਼ ਕੰਪਨੀਜ਼ ਦੇ ਬੈਂਕ ਆਫ ਇੰਡੀਆ ਨਾਲ ਕਰੋੜਾਂ ਰੁਪਏ ਦੀ ਦੇਣਦਾਰੀ ਦੇ ਵਨਟਾਈਮ ਸੈਟਲਮੈਂਟ ਕੇਸ ਨਾਲ ਸਬੰਧਤ ਮਾਮਲੇ ਵਿਚ ਗੱਜਣਮਾਜਰਾ ਪਰਿਵਾਰ ਦੀ ਅਜੀਤਵਾਲ ਸਥਿਤ ਫੀਡ ਫੈਕਟਰੀ ਅਤੇ ਤਾਰਾ ਰੀਅਲ ਅਸਟੇਟ ਗੌਂਸਪੁਰ ਦੁੱਲਮਾ ਵਿਚ ਜਾਂਚ ਪੜਤਾਲ ਕੀਤੀ। ਜਾਂਚ ਟੀਮ ਨੇ ਇਸ ਸਬੰਧੀ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ। ਟੀਮ ਵੱਲੋਂ ਲੰਬਾ ਸਮਾਂ ਅਜੀਤਵਾਲ ਫੈਕਟਰੀ, ਘਰ ਅਤੇ ਤਾਰਾ ਅਸਟੇਟ ਕਲੋਨੀ ’ਚ ਰਿਕਾਰਡ ਦੀ ਜਾਂਚ ਕੀਤੀ ਗਈ। ਸੀਬੀਆਈ ਦੇ ਬੁਲਾਰੇ ਆਰਸੀ ਜੋਸ਼ੀ ਨੇ ਦੱਸਿਆ, ‘ਛਾਪਿਆਂ ਦੀ ਕਾਰਵਾਈ ਦੌਰਾਨ 16.57 ਲੱਖ ਰੁਪਏ ਦੇ ਕਰੀਬ ਨਕਦੀ, 88 ਵਿਦੇਸ਼ੀ ਨੋਟ, ਜਾਇਦਾਦ ਦੇ ਕੁਝ ਦਸਤਾਵੇਜ਼, ਕਈ ਬੈਂਕ ਖਾਤੇ ਤੇ ਹੋਰ ਇਤਰਾਜ਼ਯੋਗ ਦਸਤਾਵੇਜ਼ ਬਰਾਮਦ ਹੋਏ।’ ਅਧਿਕਾਰੀਆਂ ਨੇ ਦੱਸਿਆ ਕਿ ਸੀਬੀਆਈ ਨੇ ਲੁਧਿਆਣਾ ਸਥਿਤ ਬੈਂਕ ਆਫ ਇੰਡੀਆ ਦੀ ਸ਼ਿਕਾਇਤ ’ਤੇ ਤਾਰਾ ਕਾਰਪੋਰੇਸ਼ਨ ਲਿਮਟਿਡ (ਜਿਸ ਦਾ ਨਾਂ ਬਦਲ ਕੇ ਮਲੌਦ ਐਗਰੋ ਲਿਮਟਡ ਰੱਖਿਆ ਗਿਆ), ਗੌਂਸਪੁਰਾ ਤੇ ਹੋਰਨਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਇਸ ਕੰਪਨੀ ਦੇ ਡਾਇਰੈਕਟਰ ਦੇ ਗਾਰੰਟਰ ਸਨ। ਉਨਾਂ ਕਿਹਾ ਕਿ ਵਿਧਾਇਕ ਦੇ ਭਰਾਵਾਂ ਬਲਵੰਤ ਸਿੰਘ ਤੇ ਕੁਲਵੰਤ ਸਿੰਘ ਅਤੇ ਉਨਾਂ ਦੇ ਭਤੀਜੇ ਤੇਜਿੰਦਰ ਸਿੰਘ (ਸਾਰੇ ਡਾਇਰੈਕਟਰ ਤੇ ਗਾਰੰਟਰ) ਖ਼ਿਲਾਫ਼ ਵੀ ਕੇਸ ਦਰਜ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਕੇਸ ’ਚ ਇੱਕ ਹੋਰ ਕੰਪਨੀ ਤਾਰਾ ਹੈਲਥ ਫੂਡਜ਼ ਲਿਮਟਡ ਨੂੰ ਵੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ।

**ਕੇਸ ਨਾਲ ਕੋਈ ਸਬੰਧ ਨਹੀਂ : ਗੱਜਣਮਾਜਰਾ**

‘ਆਪ’ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਆਖਿਆ ਕਿ ਉਨਾਂ ਦਾ ਇਸ ਮਾਮਲੇ ਨਾਲ ਕੋਈ ਸਬੰਧ ਨਹੀਂ ਹੈ। ਉਹ ਪਿਛਲੇ ਲੰਬੇ ਸਮੇਂ ਤੋਂ ਤਾਰਾ ਗਰੁੱਪ ਆਫ਼ ਕੰਪਨੀਜ਼ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਹਨ। ਉਨਾਂ ਸਿਰਫ ਇੰਨਾ ਹੀ ਕਿਹਾ ਕਿ ਉਨਾਂ ਦੇ ਪਰਿਵਾਰ ਨੂੰ ਸਿਆਸੀ ਰੰਜਿਸ਼ ਤਹਿਤ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਫਸਾਇਆ ਜਾ ਰਿਹਾ ਹੈ।

# ਆਪ ਦੀ ਸਰਕਾਰ ਵਿਚ ਚਿੱਟੇ ਰੇਤ ਦਾ ਕਾਲ਼ਾ ਕਾਰੋਬਾਰ ਜਾਰੀ

## ਚਿੱਟੀ ਰੇਤ ਦੇ ਭਾਅ ਅਸਮਾਨੀ ਚੜੇ

**ਫ਼ਿਰੋਜ਼ਪੁਰ/ਏ.ਟੀ.ਨਿਊਜ਼ :-** ਬੇਸ਼ੱਕ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚਿੱਟੇ ਰੇਤ ਦੇ ਕਾਲੇ ਕਾਰੋਬਾਰ ਨੂੰ ਥੋੜੀਆਂ ਬਰੇਕਾਂ ਦਿੱਤੀਆਂ, ਪਰ ਸੀਮਿੰਟ ਵਾਲੀ ਚਿੱਟੀ ਰੇਤ ਘਰ ਬਣਾਉਣ ਵਿਚ ਜੁਟੇ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣ ਕਾਰਨ ਚਾਰੇ ਪਾਸੇ ਹਾਹਾਕਾਰ ਮਚੀ ਹੋਈ ਹੈ, ਕਿਉਂਕਿ ਰਾਤ ਦੇ ਹਨੇਰੇ ਵਿਚ ਮਿਲਦੀ ਰੇਤ ਹਰੇਕ ਦੇ ਵਸੋਂ ਬਾਹਰ ਹੈ, ਜਿਸ ਨੇ ਕਿਰਤੀਆਂ ਤੋਂ ਰੁਜ਼ਗਾਰ ਵੀ ਖੋਹ ਲਿਆ ਹੈ। ਓਧਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਇਹ ਦਾਅਵੇ ਕੀਤੇ ਸੀ ਕਿ ਸਾਡੀ ਸਰਕਾਰ ਅਜਿਹੀ ਰੇਤ ਨੀਤੀ ਲੈ ਕੇ ਆਵੇਗੀ ਕਿ ਸਰਕਾਰੀ ਖ਼ਜ਼ਾਨੇ ਅੰਦਰ 20 ਹਜ਼ਾਰ ਕਰੋੜ ਆਉਣਗੇ। ਸਰਕਾਰ ਨੇ ਆਉਂਦੇ ਸਾਰ ਹੀ ਰੇਤ ਮਾਫ਼ੀਆ ਖ਼ਿਲਾਫ਼ ਸ਼ਿਕੰਜਾ ਕੱਸਿਆ ਅਤੇ 7 ਕਲਸਟਰਾਂ ਅੰਦਰ ਹੀ ਰੇਤ ਦਾ ਕਾਰੋਬਾਰ ਠੱਪ ਹੋ ਕੇ ਗਿਆ। ਹੁਣ ਲੁਧਿਆਣਾ, ਪਠਾਨਕੋਟ ਅਤੇ ਹੁਸ਼ਿਆਰਪੁਰ ਦੀਆਂ ਕੁੱਝ ਖੱਡਾਂ ਨੂੰ ਛੱਡ ਕੇ ਬਾਕੀ ਸਭ ਥਾਈਂ ਕੰਮ ਬੰਦ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੂਰੇ ਪੰਜਾਬ ਨੂੰ 7 ਕਲਸਟਰਾਂ ਵਿਚ ਵੰਡਿਆ ਗਿਆ ਹੈ ਅਤੇ 205 ਦੇ ਕਰੀਬ ਕੁੱਲ ਖੱਡਾਂ ਹਨ, ਜਿਨਾਂ ਤੋਂ ਪਿਛਲੇ ਲੰਬੇ ਸਮੇਂ ਤੋਂ ਸਰਕਾਰ ਕਦੇ ਵੀ 300 ਕਰੋੜ ਸਾਲਾਨਾ ਤੋਂ ਵੱਧ ਨਹੀਂ ਕਮਾ ਸਕੀ। ਓਧਰ ਅਕਾਲੀ ਦਲ ਅਤੇ ਕਾਂਗਰਸ ਦੇ ਆਗੂ ਆਮ ਆਦਮੀ ਪਾਰਟੀ ਨੂੰ ਚੁਣੌਤੀ ਦੇ ਰਹੇ ਹਨ ਕਿ ਜੇ ਤੁਸੀਂ 1000 ਕਰੋੜ ਵੀ ਸਰਕਾਰੀ ਮਾਲੀਏ ’ਚ ਲੈ ਆਓ ਤਾਂ ਤੁਹਾਡੀ ਵੱਡੀ ਪ੍ਰਾਪਤੀ ਹੋਵੇਗੀ। ਆਮ ਆਦਮੀ ਪਾਰਟੀ ਨੇ 20 ਹਜ਼ਾਰ ਕਰੋੜ ਦਾ ਦਾਅਵਾ ਕਰ ਲਿਆ ਹੈ, ਜੋ ਹੁਣ ਨਵੀਂ ਨੀਤੀ ਘੜਨ ਵਿਚ ਵੱਡਾ ਰੋੜਾ ਬਣ ਗਿਆ ਹੈ। ਦੱਸਣਯੋਗ ਹੈ ਕਿ ਰੇਤ ਦੀ ਟਰਾਲੀ ਦੀ ਕੀਮਤ ਜੋ 2500 ਰੁਪਏ ਤੱਕ ਸੀ, ਉਹ ਹੁਣ 8000 ਰੁਪਏ ਪ੍ਰਤੀ ਟਰਾਲੀ ਪਹੁੰਚ ਗਈ ਹੈ। ਟਿੱਪਰ ਦੀ ਕੀਮਤ ਜੋ 14 ਤੋਂ 18 ਹਜ਼ਾਰ ਹੋਇਆ ਕਰਦੀ ਸੀ ਹੁਣ 45 ਤੋਂ 50 ਹਜ਼ਾਰ ਤੱਕ ਪਹੁੰਚ ਗਈ ਹੈ। ਇਹ ਰੇਤ ਵੀ ਸੇਮ-ਨਾਲੀਆਂ ਜਾਂ ਚੋਰੀ ਛਿਪੇ ਖੇਤਾਂ ਵਿਚੋਂ ਕੱਢੀ ਜਾ ਰਹੀ ਹੈ। ਸੋਨੇ ਦੇ ਭਾਅ ਹੋਈ ਰੇਤ ਨੇ ਜਿੱਥੇ ਨਵਾਂ ਘਰ ਬਣਾਉਣ ਵਾਲਿਆਂ ਦੇ ਸਿਰਜੇ ਸੁਪਨੇ ਚਕਨਾਚੂਰ ਕਰ ਦਿੱਤੇ ਹਨ, ਉੱਥੇ ਚਿਣਾਈ ਦਾ ਕੰਮ ਕਰਨ ਵਾਲੇ 40 ਹਜ਼ਾਰ ਦੇ ਕਰੀਬ ਮਿਸਤਰੀ ਵਿਹਲੇ ਕਰ ਦਿੱਤੇ ਹਨ। ਮਿਸਤਰੀਆਂ ਨਾਲ ਬਾਕੀ ਕੰਮ ਕਰਨ ਵਾਲੇ ਇਕ ਲੱਖ 50 ਹਜ਼ਾਰ ਦੇ ਕਰੀਬ ਮਜ਼ਦੂਰ ਵੀ ਫ਼ਾਕੇ ਕੱਟਣ ਲਈ ਮਜਬੂਰ ਹੋ ਗਏ ਹਨ। ਇਹ ਸਾਰਾ ਮਜ਼ਦੂਰ ਵਰਗ ਭਗਵੰਤ ਮਾਨ ਮੁੱਖ ਮੰਤਰੀ ਨੂੰ ਪੁੱਛ ਰਿਹਾ ਹੈ ਕਿ ਆਖ਼ਰ ਕਦੋਂ ਨਵੀਂ ਰੇਤ ਨੀਤੀ ਆਵੇਗੀ ਅਤੇ ਕਦੋਂ 9 ਰੁਪਏ ਕਿਊਬਿਕ ਫੁੱਟ ਤੋਂ 5 ਰੁਪਏ ਪ੍ਰਤੀ ਕਿਊਬਿਕ ਫੁੱਟ ਰੇਤਾ ਮਿਲੇਗਾ। ਆਈ.ਏ.ਐੱਸ. ਅਫ਼ਸਰ ਕ੍ਰਿਸ਼ਨ ਕੁਮਾਰ ਜਿਨਾਂ ਦੇ ਕਦੇ ਸਿੱਖਿਆ ਵਿਭਾਗ ’ਚ ਚਰਚੇ ਸੀ, ਹੁਣ ਮਾਈਨਿੰਗ ਵਿਭਾਗ ਉਨਾਂ ਲਈ ਵੱਡਾ ਇਮਤਿਹਾਨ ਹੈ, ਕਿਉਂਕਿ ਆਮ ਪਾਰਟੀ ਸਰਕਾਰ ਵਾਰ-ਵਾਰ ਕਹਿ ਰਹੀ ਹੈ ਕਿ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਦੇਣ ’ਤੇ ਜੋ 12 ਹਜ਼ਾਰ 500 ਕਰੋੜ ਖਰਚਾ ਆਉਂਦਾ ਹੈ ਉਹ ਰੇਤ ਦੀਆਂ ਖੱਡਾ ਤੋਂ ਕੱਢਣਾ ਹੈ। ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਦੀ ਨੀਂਦ ਕ੍ਰਿਸ਼ਨ ਕੁਮਾਰ ਨੇ ਹਰਾਮ ਜ਼ਰੂਰ ਕੀਤੀ ਹੋਈ ਹੈ ਅਤੇ 2-3 ਮਾਈਨਿੰਗ ਅਫ਼ਸਰ ਮੁਅੱਤਲ ਵੀ ਕੀਤੇ ਹਨ। ਹੁਣ ਕੋਈ ਵੀ ਮਾਈਨਿੰਗ ਅਫ਼ਸਰ ਡਰਦਾ ਮੂੰਹ ਨਹੀਂ ਖੋਲਦਾ, ਪਰ ਇਹ ਡਰ ਵੀ ਨਵੀਂ ਰੇਤ ਨੀਤੀ ਘੜਨ ਵਿਚ ਵੱਡਾ ਰੋੜਾ ਬਣ ਗਿਆ ਹੈ।

# ਭਾਈ ਹਵਾਰਾ ਦਾ ਇਲਾਜ ਏਮਜ਼ ਤੋਂ ਕਰਵਾਉਣ ਦਾ ਦਿੱਲੀ ਹਾਈਕੋਰਟ ਵਲੋਂ ਹੁਕਮ

**ਨਵੀਂ ਦਿੱਲੀ/ਏ.ਟੀ.ਨਿਊਜ਼:-** ਦਿੱਲੀ ਹਾਈਕੋਰਟ ਨੇ ਤਿਹਾੜ ਜੇਲ ਪ੍ਰਸ਼ਾਸਨ ਨੂੰ ਭਾਈ ਜਗਤਾਰ ਸਿੰਘ ਹਵਾਰਾ ਦੀ ਸਿਰ ਨਾਲ ਸੰਬੰਧਿਤ ਸਮੱਸਿਆ (ਨਿਊਰੋਲੋਜੀਕਲ) ਲਈ ਉਨਾਂ ਦੀ ਜਾਂਚ ਤੇ ਇਲਾਜ ਏਮਜ਼ ਤੋਂ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਹਵਾਰਾ, ਜੋ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਮਾਮਲੇ ਵਿਚ ਤਿਹਾੜ ਜੇਲ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ, ਕੁਝ ‘ਨਿਊਰੋਲੋਜੀਕਲ’ ਸਮੱਸਿਆਵਾਂ ਤੋਂ ਪੀੜਤ ਹੈ ਤੇ ਉਸ ਨੇ ਆਪਣਾ ਇਲਾਜ ਨਿੱਜੀ ਹਸਪਤਾਲ ਵਿਚ ਕਰਵਾਉਣ ਲਈ ਦਿੱਲੀਹਾਈ ਕੋਰਟ ਦਾ ਰੁਖ ਕੀਤਾ ਹੈ।ਜਸਟਿਸ ਯਸ਼ਵੰਤ ਵਰਮਾ



ਨੇ ‘ਨਿਊਰੋਲੋਜੀਕਲ’ ਨਾਲ ਸੰਬੰਧਿਤ ਹਸਪਤਾਲਾਂ ਦੀ ਸਟੇਟਸ ਰਿਪੋਰਟ ਵਾਚਣ ਤੋਂ ਬਾਅਦ ਭਾਈ ਜਗਤਾਰ ਸਿੰਘ ਹਵਾਰਾ ਦੀ ਜਾਂਚ ਤੇ ਇਲਾਜ ਏਮਜ਼ ਦੇ ‘ਨਿਊਰੋਲੋਜੀਕਲ’ ਵਿਭਾਗ ਤੋਂ ਕਰਵਾਉਣ ਦੇ ਨਿਰਦੇਸ਼ ਦਿੱਤੇ। ਹਾਈਕੋਰਟ ਨੇ ਜੇਲ ਪ੍ਰਸ਼ਾਸਨ ਨੂੰ ਇਹ ਵੀ ਨਿਰਦੇਸ਼ ਦਿੱਤੇ ਕੇ ਮੈਡੀਕਲ ਦੀ ਸਾਰੀ ਪ੍ਰਕਿਰਿਆ ਤੇਜ਼ੀ ਨਾਲ ਪੂਰੀ ਕੀਤੀ ਜਾਵੇ ਤੇ ਇਸ ਦੌਰਾਨ ਸੁਰੱਖਿਆ ਨਿਯਮਾਂ ਦਾ ਵੀ ਧਿਆਨ ਰੱਖਿਆ ਜਾਵੇ। ਭਾਈ ਹਵਾਰਾ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਮਨਿੰਦਰ ਸਿੰਘ ਤੇ ਏਕਤਾ ਨੇ ਅਦਾਲਤ ਨੂੰ ਦੱਸਿਆ ਕਿ ਭਾਈ ਹਵਾਰਾ ਸਿਰ ਦੇ ਸੱਜੇ ਪਾਸੇ ਮੱਥੇ ਦੇ ਨਜ਼ਦੀਕ ‘ਕਲੌਟ’ ਦੀ ਸਮੱਸਿਆ ਤੋਂ ਪੀੜਤ ਹਨ।

# ਕੇਜਰੀਵਾਲ ਪੰਜਾਬ ਪੁਲਿਸ ਨੂੰ ਵਰਤ ਰਿਹਾ ਚਾਬੀ ਵਾਲੇ ਖਿਡੌਣੇ ਵਾਂਗ

## ✪ ਬੇਇੱਜ਼ਤੀ ਹੋਣ ਬਾਅਦ ਪੰਜਾਬ ਪੁਲਿਸ ਨੇ ਬਾਹਰਲਿਆਂ ਖ਼ਿਲਾਫ਼ ਦਰਜ ਕੇਸਾਂ ਵਿਚ ਕਾਰਵਾਈ ਰੋਕੀ

## ✪ ਬੱਗੇ ਨੂੰ ਲੈ ਕੇ ਮੋਦੀ ਨਾਲ ਪੰਗਾ ਪਿਆ ਮਹਿੰਗਾ

ਆਪ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਕਾਰਣ ਪੰਜਾਬ ਪੁਲਿਸ ਹੁਣ ਪੰਜਾਬੋਂ ਬਾਹਰ ਸਿਆਸੀ ਆਗੂਆਂ ਖ਼ਿਲਾਫ਼ ਦਰਜ ਹੋਏ ਮਾਮਲਿਆਂ ਦੀ ਕਾਰਵਾਈ ਵਿਚ ਪਿਸਦੀ ਨਜ਼ਰ ਆ ਰਹੀ ਹੈ। ਪੰਜਾਬ ਪੁਲਿਸ ਨੂੰ ਹੁਣ ਇਨਾਂ ਮਾਮਲਿਆਂ ਵਿਚ ਨਾ ਸਿਰਫ ਸਿਆਸੀ ਆਗੂਆਂ ਦੀ ਆਲੋਚਨਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਸਗੋਂ ਵੱਖ-ਵੱਖ ਅਦਾਲਤਾਂ ਵੱਲੋਂ ਵੀ ਫਟਕਾਰ ਲਗਾਈ ਜਾ ਰਹੀ ਹੈ। ਲੰਘੇ ਸ਼ੁੱਕਰਵਾਰ ਸਵੇਰੇ ਭਾਜਪਾ ਨੇਤਾ ਤੇਜਿੰਦਰਪਾਲ ਸਿੰਘ ਬੱਗਾ ਦੀ ਗ੍ਰਿਫ਼ਤਾਰੀ ਅਤੇ ਬਾਅਦ ਵਿਚ ਉਸੇ ਬੱਗਾ ਨੂੰ ਦਿੱਲੀ ਪੁਲਿਸ ਵੱਲੋਂ ਪੰਜਾਬ ਪੁਲਿਸ ਤੋਂ ਛੁਡਾ ਕੇ ਆਪਣੇ ਨਾਲ ਵਾਪਸ ਦਿੱਲੀ ਲਿਜਾਣ ਤੋਂ ਪੰਜਾਬ ਪੁਲਿਸ ਦੇ ਅਕਸ ਨੂੰ ਨੁਕਸਾਨ ਪਹੁੰਚਿਆ ਹੈ। ਹਾਲਾਂਕਿ ਪੰਜਾਬ ਪੁਲਿਸ ਵੱਲੋਂ ਬੱਗਾ ਦੀ ਗ੍ਰਿਫ਼ਤਾਰੀ ਨੂੰ ਕਾਨੂੰਨੀ ਤੌਰ 'ਤੇ ਪੁਖ਼ਤਾ ਕਰਨ ਲਈ ਕਾਫ਼ੀ ਯਤਨ ਕੀਤੇ, ਸਾਰੇ ਦਸਤਾਵੇਜ਼ ਤਿਆਰ ਕੀਤੇ ਗਏ, ਗ੍ਰਿਫ਼ਤਾਰੀ ਦਾ ਵੀਡੀਓ ਵੀ ਬਣਾਇਆ ਗਿਆ, ਥਾਣੇ ਵਿਚ ਸੂਚਨਾ ਦੇਣ ਲਈ ਡੀ. ਐੱਸ. ਪੀ. ਖ਼ੁਦ ਪਹੁੰਚੇ, ਪੁਲਿਸ ਕੰਟਰੋਲ ਰੂਮ 'ਤੇ ਵੀ ਸੂਚਨਾ ਦੇਣ ਦਾ ਦਾਅਵਾ ਕੀਤਾ ਗਿਆ, ਪਰ ਇਹ ਸਭ ਕੁੱਝ ਹੋਣ ਦੇ ਬਾਵਜੂਦ ਵੀ ਹਰਿਆਣਾ ਪੁਲਿਸ ਵੱਲੋਂ ਰੋਕੀ ਗਈ ਪੰਜਾਬ ਪੁਲਿਸ ਦੀ ਟੀਮ ਤੋਂ ਦਿੱਲੀ ਪੁਲਿਸ ਦੀ ਟੀਮ ਤੇਜਿੰਦਰਪਾਲ ਸਿੰਘ ਬੱਗਾ ਨੂੰ ਆਪਣੇ ਨਾਲ ਲਿਜਾਣ ਵਿਚ ਕਾਮਯਾਬ ਰਹੀ।

ਪੰਜਾਬ ਪੁਲਸ ਦੀ ਸਾਖ ਬਚਾਉਣ ਦੀ ਕੋਸ਼ਿਸ਼ ਦੇ ਤੌਰ 'ਤੇ ਹੀ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੰਘ ਸਿੱਧੂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਦਸਤਕ ਵੀ ਦਿੱਤੀ, ਪਰ ਉੱਥੋਂ ਵੀ ਪੰਜਾਬ ਸਰਕਾਰ ਨੂੰ ਤੱਤਕਾਲ ਕੋਈ ਰਾਹਤ ਨਹੀਂ ਹਾਸਲ ਹੋਈ, ਸਗੋਂ ਹਾਈਕੋਰਟ ਨੇ ਵੀ ਪੰਜਾਬ ਸਰਕਾਰ ਦੀ ਉਸ ਬੇਨਤੀ ਨੂੰ ਅਪ੍ਰਵਾਨ ਕਰ ਦਿੱਤਾ ਕਿ ਬੱਗਾ ਨੂੰ ਹਰਿਆਣਾ ਵਿਚ ਹੀ ਰੱਖਿਆ ਜਾਵੇ। ਇਸ ਤੋਂ ਪਹਿਲਾਂ ਰੋਪੜ ਪੁਲਸ ਵੱਲੋਂ ਦਰਜ ਇਸ ਕਿਸਮ ਦੇ ਇੱਕ ਮਾਮਲੇ ਵਿਚ 'ਆਪ' ਪ੍ਰਮੁੱਖ ਅਰਵਿੰਦ ਕੇਜਰੀਵਾਲ 'ਤੇ ਟਿੱਪਣੀ ਕਰਨ ਦੇ ਮਾਮਲੇ ਵਿਚ ਮੁਲਜ਼ਮ ਬਣਾਏ ਗਏ ਕਵੀ ਕੁਮਾਰ ਵਿਸ਼ਵਾਸ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਇਹ ਤੱਕ ਟਿੱਪਣੀ ਕਰ ਚੁੱਕਿਆ ਹੈ ਕਿ ਕੁਮਾਰ ਵਿਸ਼ਵਾਸ ਖ਼ਿਲਾਫ਼ ਦਰਜ ਮਾਮਲਾ ਰਾਜਨੀਤੀ ਤੋਂ ਪ੍ਰੇਰਿਤ ਲੱਗਦਾ ਹੈ। ਦਿੱਲੀ ਦੇ ਭਾਜਪਾ ਨੇਤਾ ਨਵੀਨ ਜਿੰਦਲ ਵੀ ਇੰਝ ਹੀ ਇੱਕ ਮਾਮਲੇ ਵਿਚ ਅਦਾਲਤ ਤੋਂ ਜ਼ਮਾਨਤ ਲੈਣ ਵਿਚ ਕਾਮਯਾਬ ਰਹੇ ਅਤੇ ਭਾਜਪਾ ਨੇਤਾ ਪ੍ਰੀਤੀ ਗਾਂਧੀ ਵੀ। ਕਾਂਗਰਸ ਨੇਤਾ ਅਲਕਾ ਲਾਂਬਾ ਵੀ ਰੋਪੜ ਪੁਲਿਸ ਵੱਲੋਂ ਉਨਾਂ ਖ਼ਿਲਾਫ਼ ਦਰਜ ਕੇਸ ਵਿਚ ਹਾਈਕੋਰਟ ਦਾ ਦਰਵਾਜ਼ਾ ਖੜਕਾ ਚੁੱਕੇ ਹਨ। ਜਾਪਦਾ ਹੈ ਕਿ ਇਨਾਂ ਸਾਰੇ ਮਾਮਲਿਆਂ ਵਿਚ ਪੰਜਾਬ ਦੇ ਕਥਿਤ ਸੁਪਰ ਮੁਖ ਮੰਤਰੀ ਕਹੇ ਜਾਂਦੇ ਕੇਜਰੀਵਾਲ ਮੁਖ ਮੰਤਰੀ ਦਿਲੀ ਤੇ ਸੁਪਰੀਮੋ ਆਪ ਪਾਰਟੀ ਨੇ ਆਪਣੇ ਸਿਆਸੀ ਵਿਰੋਧੀਆਂ ਨਾਲ ਕਿੜ ਕੱਢਣ ਲਈ ਪੰਜਾਬ ਪੁਲਿਸ ਦੀ ਵਰਤੋਂ ਕਰਕੇ ਪੰਜਾਬ ਪੁਲਿਸ ਦੀ ਬੇਇੱਜ਼ਤੀ ਕਰਵਾਈ ਹੈ।

ਬੱਗਾ ਮਾਮਲੇ ਵਿਚ ਪੰਜਾਬ ਪੁਲਿਸ ਦੀ ਬੇਇੱਜ਼ਤੀ ਹੋਣ ਉਪਰੰਤ ਪੰਜਾਬ ਪੁਲਿਸ ਵੱਲੋਂ ਬਾਹਰੀ ਸੂਬਿਆਂ ਨਾਲ ਸਬੰਧਤ ਵਿਅਕਤੀਆਂ 'ਤੇ ਦਰਜ ਕੀਤੇ ਜਾਣ ਵਾਲੇ ਕੇਸਾਂ ਵਿਚ ਹਾਲ ਦੀ ਘੜੀ ਕਾਰਵਾਈ ਰੋਕਣੀ ਪਈ ਹੈ। ਤੇਜਿੰਦਰਪਾਲ ਸਿੰਘ ਬੱਗਾ ਦੀ ਗ੍ਰਿਫ਼ਤਾਰੀ ਮਗਰੋਂ ਬਣੇ ਮਾਹੌਲ ਦਾ ਪਰਛਾਵਾਂ ਪੁਲਿਸ ਅਤੇ ਆਪ ਸਰਕਾਰ ਦੋਹਾਂ




'ਤੇ ਦਿਖਾਈ ਦੇ ਰਿਹਾ ਹੈ। ਆਖਿਰ ਪ੍ਰਧਾਨ ਮੰਤਰੀ ਮੋਦੀ ਦੇ ਖਾਸ ਬੰਦੇ ਤੇਜਿੰਦਰਪਾਲ ਸਿੰਘ ਬੱਗਾ ਨਾਲ ਮਹਿੰਗਾ ਪਿਆ ਹੈ। ਜਾਣਕਾਰੀ ਮੁਤਾਬਕ 'ਆਪ' ਸਰਕਾਰ ਦੇ ਗਠਨ ਤੋਂ ਬਾਅਦ ਮੁਹਾਲੀ, ਰੋਪੜ ਅਤੇ ਫਤਿਹਗੜ੍ਹ ਸਾਹਿਬ ਵਿੱਚ ਅੱਧੀ ਦਰਜਨ ਦੇ ਕਰੀਬ ਕੇਸ ਦਰਜ ਹੋ ਚੁੱਕੇ ਹਨ। ਸੂਤਰਾਂ ਦਾ ਦੱਸਣਾ ਹੈ ਕਿ ਡੀਆਈਜੀ ਪੱਧਰ ਦੇ ਇੱਕ ਪੁਲਿਸ ਅਧਿਕਾਰੀ ਨੂੰ ਅਜਿਹੇ ਮਾਮਲਿਆਂ ਵਿੱਚ ਗ੍ਰਿਫ਼ਤਾਰੀਆਂ ਤੇ ਹੋਰ ਕਾਰਵਾਈ ਲਈ ਨਿਗਰਾਨੀ ਦਾ ਕੰਮ ਦਿੱਤਾ ਗਿਆ ਹੈ। ਇਸੇ ਪੁਲੀਸ ਅਧਿਕਾਰੀ ਦੀ ਨਿਗਰਾਨੀ ਹੇਠ ਬੱਗਾ ਦੀ ਗ੍ਰਿਫ਼ਤਾਰੀ ਦੀ ਮੁਹਿੰਮ ਚਲਾਈ ਗਈ ਸੀ। ਤਾਜ਼ਾ ਘਟਨਾਕ੍ਰਮ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਛੱਕੇ ਛੁਡਾ ਦਿੱਤੇ ਹਨ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਹੁਣ ਸਮੁੱਚੀ ਕਾਨੂੰਨੀ ਪ੍ਰਕਿਰਿਆ ਅਪਨਾਉਣ ਤੋਂ ਬਾਅਦ ਹੀ ਬਾਹਰਲੇ ਬੰਦਿਆਂ ਨੂੰ ਹੱਥ ਪਾਇਆ ਜਾਵੇਗਾ। ਪੁਲਿਸ ਸੂਤਰਾਂ ਦਾ ਦੱਸਣਾ ਹੈ ਕਿ ਅਜਿਹੇ ਦਰਜਨ ਤੋਂ ਵੱਧ ਵਿਅਕਤੀਆਂ ਖ਼ਿਲਾਫ਼ ਸ਼ਿਕਾਇਤਾਂ ਹਨ ਜਿਨਾਂ 'ਤੇ 'ਆਪ' ਸੁਪਰੀਮੋ ਕੇਜਰੀਵਾਲ ਜਾਂ ਹੋਰਨਾਂ ਖ਼ਿਲਾਫ਼ ਝੂਠਾ ਪ੍ਰਚਾਰ ਕਰਨ ਦੇ ਦੋਸ਼ ਹਨ। ਪੁਲਿਸ ਸੂਤਰਾਂ ਦਾ ਦੱਸਣਾ ਹੈ ਕਿ ਪੰਜਾਬ ਤੇ ਦਿੱਲੀ ਦੇ ਮੁੱਖ ਮੰਤਰੀਆਂ ਦੇ ਗੁਜਰਾਤ ਦੌਰੇ ਸਬੰਧੀ ਕੂੜ ਪ੍ਰਚਾਰ ਦੇ ਦੋਸ਼ਾਂ ਦਾ ਮਾਮਲਾ ਫਤਿਹਗੜ੍ਹ ਸਾਹਿਬ ਜ਼ਿਲੇ ਦੀ ਪੁਲੀਸ ਵੱਲੋਂ ਦਰਜ ਕੀਤਾ ਜਾ ਚੁੱਕਾ ਹੈ ਜਿਸ 'ਤੇ ਕਾਰਵਾਈ ਬਾਕੀ ਹੈ। ਪੁਲਿਸ ਦੇ ਖੁਫੀਆ ਵਿੰਗ ਨਾਲ ਸਬੰਧਤ ਅਧਿਕਾਰੀਆਂ ਦਾ ਦੱਸਣਾ ਹੈ ਕਿ ਸੱਤਾਧਾਰੀ ਧਿਰ ਜਾਂ ਸਰਕਾਰ ਦੇ ਖ਼ਿਲਾਫ਼ ਝੂਠਾ ਪ੍ਰਚਾਰ ਕਰਨ ਵਾਲਿਆਂ ਸੋਸ਼ਲ ਮੀਡੀਆ ਪੋਸਟਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕਿ ਸੂਬੇ ਤੋਂ ਬਾਹਰਲੇ ਵਿਅਕਤੀਆਂ ਖਿਲਾਫ਼ ਹੀ ਕੇਸ ਦਰਜ ਕੀਤੇ ਜਾਂਦੇ ਹਨ। ਜੇਕਰ ਪੰਜਾਬ ਨਾਲ ਸਬੰਧਤ ਕਿਸੇ ਵਿਅਕਤੀ ਵੱਲੋਂ ਕਿਰਦਾਰਕੁਸ਼ੀ ਕਰਨ ਦੇ ਯਤਨ ਕੀਤੇ ਜਾਂਦੇ ਹਨ ਤਾਂ ਉਸ ਖ਼ਿਲਾਫ਼ ਵੀ ਕਾਰਵਾਈ ਹੋ ਸਕਦੀ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅਹੁਦਾ ਸੰਭਾਲਣ ਤੋਂ ਬਾਅਦ ਇਹ ਵੀ ਐਲਾਨ ਕੀਤਾ ਸੀ ਕਿ ਕਾਂਗਰਸ ਦੇ ਸ਼ਾਸਨ ਦੌਰਾਨ ਦਰਜ ਹੋਏ ਝੂਠੇ ਮਾਮਲਿਆਂ ਦੀ ਪੜਤਾਲ ਕਰਾਈ ਜਾਵੇਗੀ ਤੇ ਇਹ ਮਾਮਲੇ ਰੱਦ ਕੀਤੇ ਜਾਣਗੇ। ਪਰ ਭਗਵੰਤ ਮਾਨ ਸਰਕਾਰ ਆਪ ਝੂਠੇ ਕੇਸਾਂ ਨੂੰ ਆਧਾਰ ਬਣਾਕੇ ਸਿਆਸੀ ਵਿਰੋਧੀਆਂ ਨਾਲ ਦੁਸ਼ਮਣੀਆਂ ਕਮਾ ਰਹੀ ਹੈ ਤੇ ਕਨੂੰਨੀ ਡੰਡਾ ਵਰਤ ਰਹੀ ਹੈ। ਸੂਬੇ ਵਿੱਚ ਅਕਾਲੀਆਂ ਦੇ ਸੱਤਾ ਵਿਚ ਹੋਣ ਸਮੇਂ ਪੁਲਿਸ 'ਤੇ ਸਿਆਸੀ ਸ਼ਹਿ ਹੇਠ ਝੂਠੇ ਮਾਮਲੇ ਦਰਜ ਕਰਨ ਦੇ ਦੋਸ਼ ਲੱਗੇ ਤੇ ਕਾਂਗਰਸ ਦੇ ਸੱਤਾ ਵਿਚ ਆਉਂਦਿਆਂ ਹੀ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਸਟਿਸ (ਸੇਵਾਮੁਕਤ) ਮਹਿਤਾਬ ਸਿੰਘ ਗਿੱਲ ਦੀ ਅਗਵਾਈ ਹੇਠ ਇੱਕ ਕਮਿਸ਼ਨ ਦਾ ਗਠਨ ਕੀਤਾ ਤੇ ਇਸ ਕਮਿਸ਼ਨ ਨੇ ਅਕਾਲੀ-ਭਾਜਪਾ ਸ਼ਾਸਨ ਦੌਰਾਨ ਦਰਜ ਕੇਸਾਂ ਦੀ ਪੜਤਾਲ ਕਰਦਿਆਂ 437 ਮਾਮਲੇ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ। ਇਸ ਕਮਿਸ਼ਨ ਕੋਲ 4072 ਸ਼ਿਕਾਇਤਾਂ ਪਹੁੰਚੀਆਂ ਸਨ ਜਿਨਾਂ ਵਿਚੋਂ 4 ਹਜ਼ਾਰ ਤੋਂ ਵੱਧ ਮਾਮਲੇ ਝੂਠੇ ਹੋਣ ਦਾ ਪ੍ਰਗਟਾਵਾ ਕੀਤਾ ਗਿਆ ਸੀ। ਅਕਾਲੀ ਦਲ ਦੇ ਰਾਜ ਦੌਰਾਨ ਕਈ ਪੱਤਰਕਾਰਾਂ 'ਤੇ ਵੀ ਕੇਸ ਦਰਜ ਹੋਏ ਸਨ। ਇਸੇ ਤਰਾਂ ਅਕਾਲੀ ਦਲ ਨੇ ਵੀ ਕੈਪਟਨ 'ਤੇ ਸਾਲ 2002 ਤੋਂ 2007 ਦੇ ਕਾਰਜਕਾਲ ਦੌਰਾਨ ਅਕਾਲੀ ਆਗੂਆਂ 'ਤੇ ਝੂਠੇ ਕੇਸ ਦਰਜ ਕਰਨ ਦੇ ਦੋਸ਼ ਲਾਉਂਦਿਆਂ ਸਾਲ 2007 ਵਿੱਚ ਸੱਤਾ ਵਿਚ ਆਉਣ ਤੋਂ ਬਾਅਦ ਅਕਾਲੀ ਦਲ ਦੇ ਆਗੂਆਂ ਖ਼ਿਲਾਫ਼ ਦਰਜ ਮਾਮਲੇ ਰੱਦ ਕੀਤੇ ਗਏ।ਸੋ ਆਪ ਸਰਕਾਰ ਦੀ ਰਾਜਨੀਤੀ ਬਿਲਕੁਲ ਬਾਦਲਕਿਆਂ ਤੇ ਕਾਂਗਰਸ ਤੋਂ ਵੱਖਰੀ ਨਹੀਂ।

**ਦਰਪਣ ਝੂਠ ਨਹੀਂ ਬੋਲਦਾ**

## ਫ਼ਸਲਾਂ, ਨਸਲਾਂ ਦਾ ਮੁੱਦਾ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਕਿਉਂ ਉਠਾਇਆ ?

ਜਥੇਦਾਰ ਅਕਾਲ ਤਖ਼ਤ, ਗਿਆਨੀ ਹਰਪ੍ਰੀਤ ਸਿੰਘ ਦੇ ਮੁਖਾਰਬਿੰਦ ਵਿਚੋਂ ਉਚਰੇ 'ਫ਼ਸਲਾਂ ਤੇ ਨਸਲਾਂ' ਦੀ ਬਰਬਾਦੀ ਬਾਰੇ ਚਿੰਤਾ ਜ਼ਾਹਰ ਕਰਦੇ ਬੋਲਾਂ ਨੇ ਨਵੀਂ ਚਰਚਾ ਨੂੰ ਜਨਮ ਦਿੱਤਾ ਹੈ। ਸਮੇਂ-ਸਮੇਂ ਦੀਆਂ ਸਰਕਾਰਾਂ ਨੂੰ ਕਟਹਿਰੇ ਵਿਚ ਖੜਾ ਕਰਦਿਆਂ ਉਨਾਂ ਨੇ ਦੋਸ਼ ਲਗਾਇਆ ਹੈ ਕਿ ਅਜਿਹਾ ਵਰਤਾਰਾ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਹੈ। ਸਟੇਟ ਦੇ ਮੱਥੇ ਦੋਸ਼ ਮੜਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਪੰਜਾਬੀਆਂ ਨੂੰ ਆਪਣੀ ਹੀ ਧਰਤੀ ਤੋਂ ਉਜਾੜ ਕੇ ਫਿਰ ਉਸ ਦੇ ਖ਼ੁਦ ਵਾਰਸ ਬਣਨ ਦੇ ਵੀ ਮਨਸੂਬੇ ਘੜੇ ਜਾ ਰਹੇ ਹਨ। ਸਿੱਖ ਕੌਮ ਦਾ ਘਾਣ ਕਰਨ ਲਈ ਨਵੇਂ ਬਿਰਤਾਂਤ ਸਿਰਜਣ ਦਾ ਵੀ ਦੋਸ਼ ਲਗਾਇਆ ਗਿਆ ਹੈ। ਪੰਜਾਬ ਵਿਚ ਖੁੰਬਾਂ ਵਾਂਗ ਹੋਂਦ ਵਿਚ ਆਏ ਟੈਸਟ ਟਿਊਬ ਬੇਬੀ ਸੈਂਟਰਾਂ ਦਾ ਜ਼ਿਕਰ ਕਰਦਿਆਂ ਉਨਾਂ ਕਿਹਾ ਕਿ ਇਨਾਂ ਸੈਂਟਰਾਂ ਵਿਚ ਪੰਜਾਬ ਦੀਆਂ ਕੁੜੀਆਂ 'ਤੇ ਗ਼ੈਰ-ਪੰਜਾਬੀਆਂ ਦਾ ਸੀਮਨ ਵਰਤ ਕੇ ਅਗਲੀਆਂ ਪੀੜੀਆਂ ਨੂੰ ਬਰਬਾਦ ਕਰਨ ਦੀ ਵੀ ਸਾਜ਼ਿਸ਼ ਹੈ। ਦਰਅਸਲ, ਟੈਸਟ ਟਿਊਬ ਬੇਬੀ ਤੇ ਕਿਰਾਏ ਦੀਆਂ ਕੁੱਖਾਂ (ਸਰੋਗੇਸੀ) ਰਾਹੀਂ ਬੱਚੇ ਪੈਦਾ ਕਰਨਾ ਆਲਮੀ ਵਰਤਾਰਾ ਬਣ ਚੁੱਕਾ ਹੈ। ਕਈ ਖੋਜੀਆਂ ਲਈ ਅਜਿਹੀਆਂ ਖੋਜਾਂ ਵਰਦਾਨ ਤੇ ਕਈਆਂ ਲਈ ਸਰਾਪ ਸਿੱਧ ਹੋਈਆਂ ਸਨ। ਚਾਰ ਦਹਾਕੇ ਪਹਿਲਾਂ ਵੀਹਵੀਂ ਸਦੀ ਵਿਚ ਟੈਸਟ ਟਿਊਬ ਬੇਬੀ ਪੈਦਾ ਕਰਨ ਵਾਲੇ ਨੂੰ ਨੋਬਲ ਪੁਰਸਕਾਰ ਮਿਲ ਗਿਆ ਜਦ ਕਿ ਭਾਰਤ ਵਿਚ ਦੂਜਾ ਟੈਸਟ ਟਿਊਬ ਬੇਬੀ ਪੈਦਾ ਕਰਨ ਵਾਲੇ ਨੂੰ ਸਮਾਜ ਤੇ ਆਪਣੇ ਹੀ ਭਾਈਚਾਰੇ ਵੱਲੋਂ ਇੰਨਾ ਜ਼ਲੀਲ ਕੀਤਾ ਗਿਆ ਕਿ ਉਸ ਨੇ ਖ਼ੁਦਕੁਸ਼ੀ ਕਰ ਲਈ ਸੀ। ਪਾਕਿਸਤਾਨ ਤੇ ਕਈ ਮੁਸਲਿਮ ਬਹੁ-ਸੰਖਿਆ ਵਾਲੇ ਦੇਸ਼ਾਂ ਦੇ ਕਈ ਮੁੱਲਾਂ-ਮੌਲਾਣਿਆਂ ਨੇ ਅਜਿਹੇ ਗ਼ੈਰ-ਕੁਦਰਤੀ ਵਰਤਾਰੇ ਖ਼ਿਲਾਫ਼ ਪਿਛਲੀ ਸਦੀ ਵਿਚ ਹੀ ਫ਼ਤਵੇ ਤੇ ਫੁਰਮਾਨ ਜਾਰੀ ਕਰ ਦਿੱਤੇ ਸਨ। ਇਸ ਹਿਸਾਬ ਨਾਲ ਸਿੱਖ ਕੌਮ ਦੇ ਸਰਬਰਾਹ ਨੂੰ ਇਸ 'ਤੇ ਚਿੰਤਾ ਜ਼ਾਹਰ ਕਰਨ ਲਈ 44 ਸਾਲ ਲੱਗ ਗਏ। ਗ਼ੈਰ-ਕੁਦਰਤੀ ਸਾਧਨਾਂ ਤੇ ਸਰੋਤਾਂ ਰਾਹੀਂ ਔਲਾਦ ਪੈਦਾ ਕਰਨ ਦੀ ਇੱਛਾ ਜਾਂ ਚੋਖੀ ਫ਼ਸਲ ਲੈਣ ਦੇ ਲੋਭ-ਲਾਲਚ ਕਾਰਨ ਅੰਧਾ-ਧੁੰਦ ਜ਼ਹਿਰਾਂ ਦਾ ਛਿੜਕਾਅ ਕਰਨ ਪਿੱਛੇ ਸੱਤਾ ਨਾਲੋਂ ਪੰਜਾਬ ਦਾ ਸਮਾਜ ਕਿਤੇ ਵੱਧ ਜ਼ਿੰਮੇਵਾਰ ਹੈ। ਪੱਚੀ ਜੁਲਾਈ 1978 ਨੂੰ ਲੁਈਸ ਬਰਾਊਨ ਨਾਂ ਦੀ ਪਹਿਲੀ ਟੈਸਟ ਟਿਊਬ ਬੇਬੀ ਦਾ ਜਨਮ ਮਾਨਚੈਸਟਰ (ਇੰਗਲੈਂਡ) ਦੇ ਓਲਡਹਮ ਹਸਪਤਾਲ ਵਿਚ ਹੋਇਆ ਤਾਂ ਇਹ ਖ਼ਬਰ ਅਚੰਭੇ ਤੋਂ ਘੱਟ ਨਹੀਂ ਸੀ ਲੱਗ ਰਹੀ। ਦੁਨੀਆ ਦੀ ਦੂਜੀ ਟੈਸਟ ਟਿਊਬ ਬੇਬੀ 69 ਦਿਨਾਂ ਪਿੱਛੋਂ ਭਾਰਤ ਦੇ ਪੁਣੇ ਵਿਚ 3 ਅਕਤੂਬਰ 1978 ਨੂੰ ਜਨਮੀ ਜਿਸ ਦਾ ਨਾਮ ਦੁਰਗਾ ਉਰਫ਼ ਕਨੂਪ੍ਰਿਆ ਅਗਰਵਾਲ ਰੱਖਿਆ ਗਿਆ। ਪਹਿਲੀ ਟੈਸਟ ਟਿਊਬ ਬੱਚੀ ਨੂੰ ਦੁਨੀਆ ਵਿਚ ਲਿਆਉਣ ਵਾਲੇ



ਡਾਕਟਰ ਦੀ ਤਿੰਨ ਦਹਾਕੇ ਕਿਸੇ ਨੇ ਸਾਰ ਨਾ ਲਈ ਤੇ ਉਹ ਬਿਨਾਂ ਕਿਸੇ ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੁਰਸਕਾਰ ਦੇ ਫ਼ੌਤ ਹੋ ਗਿਆ। ਪਰ ਚਾਰ ਅਕਤੂਬਰ 2010 ਨੂੰ ਬ੍ਰਾਊਨ ਦੇ ਦੂਜੇ ਸਾਥੀ ਡਾਕਟਰ ਨੂੰ ਉਸ ਵਰੇ ਦਾ ਨੋਬਲ ਪੁਰਸਕਾਰ (ਮੈਡੀਸਨ) ਹਾਸਲ ਹੋ ਗਿਆ। ਭਾਰਤ ਵਿਚ ਪੈਦਾ ਹੋਣ ਵਾਲੀ ਕਨੂਪ੍ਰਿਆ ਉਰਫ਼ ਦੁਰਗਾ ਦੇ ਵਿਧਾਤਾ ਡਾਕਟਰ ਸੁਭਾਸ਼ ਮੁਖੋਪਾਧਿਆਏ (ਮੁਖਰਜੀ) ਨੂੰ ਆਪਣੇ ਹੀ ਦੇਸ਼ ਵਿਚ ਇੰਨਾ ਕੁ ਜ਼ਲੀਲ ਹੋਣਾ ਪਿਆ ਕਿ ਉਹ 19 ਜੂਨ 1981 ਨੂੰ ਖ਼ੁਦਕੁਸ਼ੀ ਕਰ ਗਿਆ। ਪਾਕਿਸਤਾਨ ਵਿਚ 'ਇਨ ਵਿਟਰੋ' ਤਕਨੀਕ (ਆਈਵੀਐੱਫ) ਦੀ ਸ਼ੁਰੂਆਤ ਅੱਸੀਵਿਆਂ'ਚ ਹੋਈ ਸੀ। ਉੱਥੇ ਪਹਿਲੇ ਟੈਸਟ ਟਿਊਬ ਬੇਬੀ ਦਾ ਜਨਮ 1989 ਵਿਚ ਹੋਇਆ ਤਾਂ ਆਈਵੀਐੱਫ ਸੈਂਟਰ ਦੇ ਮਾਲਕ ਡਾਕਟਰ ਰਾਸ਼ਿਦ ਨੂੰ ਮੌਲਾਣਿਆਂ ਦਾ ਗੁੱਸਾ ਝੇਲਣਾ ਪਿਆ ਸੀ। ਇਸ ਬੱਚੀ ਦੇ ਜਨਮ ਨੂੰ 'ਹਰਾਮ' ਤਕ ਨਾਲ ਜੋੜ ਦਿੱਤਾ ਗਿਆ। ਸਮਾਜਿਕ ਤੌਰ 'ਤੇ ਵੀ ਡਾਕਟਰ ਰਾਸ਼ਿਦ ਨੂੰ ਕਾਫ਼ੀ ਜ਼ਲੀਲ ਹੋਣਾ ਪਿਆ। ਉਸੇ ਪਾਕਿਸਤਾਨ 'ਚ ਅੱਜ ਤਕ ਹਜ਼ਾਰਾਂ ਬੱਚਿਆਂ ਨੇ ਇਸ ਤਕਨੀਕ ਰਾਹੀਂ ਦੁਨੀਆ ਦੇਖੀ ਹੈ। ਸਰੋਗੇਸੀ ਤਕਨੀਕ ਰਾਹੀਂ ਔਰਤ-ਮਰਦ ਦੇ ਆਂਡੇ ਤੇ ਸ਼ੁਕਰਾਣੂ ਦੇ ਰਲੇਵੇਂ ਨੂੰ ਕਿਸੇ ਹੋਰ ਔਰਤ ਦੀ ਬੱਚੇਦਾਨੀ (ਕਿਰਾਏ ਦੀ ਕੁੱਖ) ਵਿਚ ਰੱਖਿਆ ਜਾਂਦਾ ਹੈ। ਸਮਾਜਿਕ ਤੌਰ 'ਤੇ ਸਰੋਗੇਸੀ ਦਾ ਵੀ ਕਾਫ਼ੀ ਵਿਰੋਧ ਹੋਇਆ ਸੀ ਪਰ ਸਮਾਂ ਪਾ ਕੇ ਹੁਣ ਸਭ ਕੁਝ ਸ਼ਾਂਤ ਹੋ ਗਿਆ ਹੈ। ਵਿਸ਼ਵ ਭਰ 'ਚ ਪਹਿਲਾਂ ਵਾਂਗ ਹੁਣ ਇਸ ਦਾ ਵਿਰੋਧ ਨਹੀਂ ਹੋ ਰਿਹਾ। ਅਜਿਹੀ ਤਕਨੀਕ ਭਾਵੇਂ ਕੁਦਰਤ ਦੇ ਨਿਯਮਾਂ ਦੇ ਉਲਟ ਹੈ ਫਿਰ ਵੀ ਇਸ 'ਚ ਕਿਸੇ ਸਰਕਾਰ ਦਾ ਕਸੂਰ ਨਹੀਂ ਬਲਕਿ ਸਮਾਜ ਨੇ ਇਸ ਨੂੰ ਪ੍ਰਵਾਨ ਕਰ ਲਿਆ ਹੈ। ਦੁਨੀਆ ਭਰ ਦੇ ਲੱਖਾਂ ਬੇਔਲਾਦ ਲੋਕਾਂ ਦੇ ਵਿਹੜਿਆਂ ਵਿਚ ਇਸ ਖੋਜ ਦੀ ਬਦੌਲਤ ਖੇੜਾ ਆਇਆ ਹੈ। ਸਪਸ਼ਟ ਹੈ ਕਿ ਟੈਸਟ ਟਿਊਬ ਬੇਬੀ ਸੈਂਟਰ ਕੇਵਲ ਪੰਜਾਬ ਹੀ ਨਹੀਂ ਬਲਕਿ ਦੁਨੀਆ ਦੇ ਕੋਨੇ-ਕੋਨੇ ਵਿਚ ਖੁੱਲੇ ਹੋਏ ਹਨ ਤੇ ਬਾਂਝ ਲੋਕ ਕਿਸੇ ਦਬਾਅ ਦੀ ਬਜਾਏ ਮਨ-ਮਰਜ਼ੀ ਨਾਲ ਔਲਾਦ ਹਾਸਲ ਕਰ ਰਹੇ ਹਨ। ਸਿੰਘ ਸਾਹਿਬ ਵੱਲੋਂ ਉਠਾਇਆ ਦੂਜਾ ਮੁੱਦਾ ਪਰਵਾਸ ਨਾਲ ਜੁੜਿਆ ਹੋਇਆ ਹੈ। ਪਰਵਾਸ ਦਾ ਮੁੱਖ ਕਾਰਨ ਦੇਸ਼ ਵਿਚ ਰੋਜ਼ੀ-ਰੋਟੀ ਦੀ ਘਾਟ ਹੈ। ਇਸੇ ਵਜ੍ਹਾ ਕਰਕੇ 'ਬਰੇਨ ਤੇ ਮਨੀ ਡਰੇਨ' ਹੋ ਰਹੀ ਹੈ। ਦਰਅਸਲ, ਪਰਵਾਸ ਵੀ ਸਦੀਆਂ ਪੁਰਾਣਾ ਵਰਤਾਰਾ ਹੈ। ਜ਼ੁਲਮ ਦਾ ਸ਼ਿਕਾਰ ਪਾਰਸੀ ਜਾਂ ਹੋਰ ਲੁੱਟੀਆਂ-ਕੁੱਟੀਆਂ ਜਾਣ ਵਾਲੀਆਂ ਕੌਮਾਂ ਨੂੰ ਇਕ ਪਾਸੇ ਰੱਖ ਲਈਏ ਤਾਂ ਇਹ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਪਰਵਾਸ ਮੁੱਢ-ਕਦੀਮ ਤੋਂ ਹੀ ਹਰੀਆਂ ਚਰਾਂਦਾਂ ਦੀ ਤਲਾਸ਼ ਨਾਲ ਜੁੜਿਆ ਹੋਇਆ ਰੁਝਾਨ ਹੈ। ਪਰਵਾਸ ਕਰਨ ਦੀ ਹੋੜ ਦੇ ਕਾਰਨਾਂ ਦਾ ਜਵਾਬ ਵੀ ਸਿੰਘ ਸਾਹਿਬ ਦੀ ਤਕਰੀਰ ਵਿਚੋਂ ਹੀ ਲੱਭਿਆ ਜਾ ਸਕਦਾ ਹੈ। ਉਨਾਂ ਦਾ ਸਵਾਲ ਹੈ ਕਿ ਬੇਰੁਜ਼ਗਾਰੀ ਤਾਂ ਸਮਝ ਆਉਂਦੀ ਹੈ ਪਰ 50-50 ਏਕੜ ਦੇ ਮਾਲਕ ਤੇ ਸਰਕਾਰੀ ਨੌਕਰੀਆਂ ਕਰਨ ਵਾਲੇ ਵੀ ਵਿਦੇਸ਼ਾਂ ਵੱਲ ਵਹੀਰਾਂ ਕਿਉਂ ਘੱਤ ਰਹੇ ਹਨ ? ਸਪਸ਼ਟ ਹੈ ਕਿ ਅਜਿਹਾ ਪਰਵਾਸ ਮਜਬੂਰੀ ਜਾਂ ਸਾਜ਼ਿਸ਼ ਵੱਸ ਨਹੀਂ ਹੈ। ਰਹੀ ਗੱਲ ਫ਼ਸਲਾਂ ਦੀ ਬਰਬਾਦੀ ਦੀ। ਕਰਜ਼ੇ ਵਿਚ ਡੁੱਬੇ ਕਿਸਾਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਅੰਨਦਾਤੇ ਦੀ ਅਜਿਹੀ ਦੁਰਦਸ਼ਾ ਲਈ ਸਮੇਂ ਦੀਆਂ ਸਰਕਾਰਾਂ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ, 'ਹੱਥੀਂ ਕਾਰ' ਦਾ ਮਹਾਤਮ ਵਿਸਾਰ ਕੇ ਕਿਸਾਨ ਟਰੈਕਟਰਾਂ ਤੇ ਆਧੁਨਿਕ ਖੇਤੀਬਾੜੀ ਮਸ਼ੀਨਾਂ 'ਤੇ ਨਿਰਭਰ ਹੋ ਗਏਹਨ। ਕਰਜ਼ਾ ਚੁੱਕ ਕੇ ਟਰੈਕਟਰ ਖ਼ਰੀਦੇ ਜਾਂਦੇ ਹਨ। ਜਦੋਂ ਲੋਨ ਨਹੀਂ ਉਤਰਦਾ ਤਾਂ ਇਹ ਟਰੈਕਟਰ ਮੰਡੀਆਂ ਵਿਚ ਅੱਧੀ ਕੀਮਤ 'ਤੇ ਵੇਚਣ ਲਈ ਮਜਬੂਰ ਹੋ ਜਾਂਦੇ ਹਨ। ਜੈਵਿਕ ਖੇਤੀ/ਕੁਦਰਤੀ ਖੇਤੀ ਬੀਤੇ ਦੀ ਬਾਤ ਬਣ ਕੇ ਰਹਿ ਗਈ ਹੈ।

ਬਾਕੀ ਸਫ਼ਾ 31 'ਤੇ

# ਸਿਹਤ ਸੇਵਾਵਾਂ ਦੇ ਮਾਮਲੇ ’ਚ ਵਿਗੜ ਰਹੀ ਹੈ ਭਾਰਤ ਦੀ ਸਿਹਤ



**ਗੁਰਮੀਤ ਸਿੰਘ ਪਲਾਹੀ**
9815802070

ਵੱਧਦੀ ਜਨਸੰਖਿਆ, ਗਰੀਬੀ ਅਤੇ ਸਿਹਤ ਖੇਤਰ ਦੇ ਕਮਜ਼ੋਰ ਢਾਂਚੇ ਦੇ ਕਾਰਨ ਭਾਰਤ ਦੇਸ਼ ਨੂੰ ਕਈ ਪਛੜੇ ਦੇਸ਼ਾਂ ਤੋਂ ਵੀ ਜਿਆਦਾ ਸਮੱਸਿਆਵਾਂ ਝੱਲਣੀਆਂ ਪੈ ਰਹੀਆਂ ਹਨ। ਕੋਵਿਡ-19 ਸਮੇਂ ਦੇਸ਼ ਦੀਆਂ ਸਿਹਤ ਸੇਵਾਵਾਂ ਜਿਵੇਂ ਬੁਰੀ ਤਰਾਂ ਚਰਮਰਾ ਗਈਆਂ ਇਹ ਇੱਕ ਉਦਾਹਰਣ ਹੈ। ਭਾਰਤੀ ਸਿਹਤ ਸੇਵਾਵਾਂ ਉਤੇ ਦੁਨੀਆਂ ਭਰ ਵਿੱਚ ਉਦੋਂ ਹੋ-ਹੱਲਾ ਮੱਚ ਗਿਆ ਜਦੋ ਵਿਸ਼ਵ ਸਿਹਤ ਸੰਗਠਨ ਤੋਂ ਇੱਕ ਰਿਪੋਰਟ ਆਈ, ਜੋ ਕਹਿੰਦੀ ਹੈ ਕਿ ਭਾਰਤ ਸਰਕਾਰ ਕੋਵਿਡ-19 ਨਾਲ ਹੋ ਰਹੀਆਂ ਮੌਤਾਂ ਦੇ ਅੰਕੜੇ ਲੁਕਾ-ਛੁਪਾ ਰਹੀ ਹੈ ਅਤੇ ਮੌਤਾਂ ਦੇ ਅਸਲੀ ਅੰਕੜੇ ਰਿਪੋਰਟ ਕੀਤੀਆਂ ਮੌਤਾਂ ਤੋਂ ਦਸ ਗੁਣਾ ਹਨ।

ਸਿਹਤ ਸੇਵਾਵਾਂ ਨਾਲ ਜੁੜੇ ਹਰੇਕ ਪੈਮਾਨੇ ਉਤੇ ਅਸੀਂ ਦੁਨੀਆਂ ਦੇ ਅਤਿ ਪਛੜੇ ਦੇਸ਼ਾਂ ਦੀ ਕਤਾਰ ਵਿਚ ਖੜੇ ਦਿਖਾਈ ਦੇ ਰਹੇ ਹਾਂ। ਭਾਰਤ ਵਿਚ ਜਨਮ ਸਮੇਂ ਹੋਣ ਵਾਲੇ ਛੋਟੇ ਬੱਚਿਆਂ ਦੀਆਂ ਪ੍ਰਤੀ ਹਜ਼ਾਰ ਵਿੱਚ ਮੌਤਾਂ ਦੀ ਗਿਣਤੀ 52 ਹੈ ਜਦਕਿ ਭੁੱਖਮਰੀ ਦੀ ਕਤਾਰ ਵਿੱਚ ਖੜੇ ਦੇਸ਼ ਸ੍ਰੀਲੰਕਾ ਦੇ ਲੋਕਾਂ ’ਚ ਇਹ ਗਿਣਤੀ 51 ਹੈ। ਗਰੀਬ ਦੇਸ਼ ਨੇਪਾਲ ਚ ਇਹ ਗਿਣਤੀ 38 ਹੈ। ਜਦਕਿ ਭੂਟਾਨ ਵਿੱਚ 41 ਅਤੇ ਛੋਟੇ ਜਿਹੇ ਦੇਸ਼ ਮਾਲਦੀਪ ਵਿਚ ਇਹ ਗਿਣਤੀ 20 ਹੈ। ਇਸ ਤਰਾਂ ਵਿਕਸਿਤ ਦੇਸ਼ਾਂ ਵਿਚ ਪ੍ਰਤੀ ਹਜ਼ਾਰ ਲੋਕਾਂ ਲਈ ਹਸਪਤਾਲਾਂ ਵਿੱਚ ਬਿਸਤਰਿਆਂ ਦੀ ਗਿਣਤੀ 23 ਹੈ ਜਦਕਿ ਭਾਰਤ ਵਿਚ ਪ੍ਰਤੀ ਹਜ਼ਾਰ ਪਿੱਛੇ 0.7 ਹੀ ਹੈ। ਜਦਕਿ ਭਾਰਤ ਦੇ ਗੁਆਂਢੀ ਦੇਸ਼ ਚੀਨ ਵਿਚ ਇਹ ਅੰਕੜਾ 3.8 ਅਤੇ ਸ੍ਰੀਲੰਕਾ ਵਿੱਚ 2.6 ਹੈ।

ਪਿਛਲੀ ਲਗਭਗ ਪੌਣੀ ਸਦੀ ਵਿਚ ਬੇਹਤਰ ਸਿਹਤ ਸੇਵਾਵਾਂ ਦੇਣ ਦੇ ਨਾਂ ਉੱਤੇ ਭਾਰਤ ਵਿਚ ਪ੍ਰਾਈਵੇਟ ਸਿਹਤ ਸੁਵਿਧਾ ਉਦਯੋਗ ਵਧ ਫੁਲ ਰਿਹਾ ਹੈ। ਇਹ ਉਦਯੋਗ ਦੇਸ਼ ਵਿਚ ਚੱਲ ਰਹੀਆਂ ਜਨ ਸਿਹਤ ਸੇਵਾਵਾਂ ਨੂੰ ਮਿੱਧਕੇ ਅੱਗੇ ਵਧਣ ਦਾ ਕੰਮ ਕਰ ਰਿਹਾ ਹੈ। ਵੱਡੇ-ਵੱਡੇ ਮਹਿੰਗੇ ਨਿੱਜੀ ਹਸਪਤਾਲ ਖੜੇ ਹੋ ਗਏ ਹਨ। ਪਰ ਦੂਜੇ ਪਾਸੇ ਤਹਿਸੀਲ ਅਤੇ ਬਲਾਕ ਪੱਧਰ ਉੱਤੇ ਜੋ ਸਰਕਾਰੀ ਹਸਪਤਾਲ ਹੈ, ਉੱਥੇ ਨਾ ਸਪੈਸ਼ਲਿਸਟ ਡਾਕਟਰ ਹਨ, ਨਾ ਸਿਹਤ ਕਰਮਚਾਰੀ ਹਨ ਅਤੇ ਨਾ ਹੀ ਹੋਰ ਜ਼ਰੂਰੀ ਸਿਹਤ ਸਹੂਲਤਾਂ ਹਨ। ਉਂਜ ਦਵਾਈਆਂ ਵੀ ਇਹੋ ਜਿਹੀਆਂ ਮਿਲਦੀਆਂ ਹਨ, ਜੋ ਮਰੀਜ਼ ਨੂੰ ਠੀਕ ਕਰਨ ਦੀ ਵਿਜਾਏ ਹੋਰ ਬੀਮਾਰੀਆਂ ਪੈਦਾ ਕਰਦੀਆਂ ਹਨ। ਦੂਜੀ ਗੱਲ ਇਹ ਵੀ ਹੈ ਕਿ ਪਿੰਡਾਂ ਵਿੱਚ ਐਲੋਪੈਥੀ ਹਸਪਤਾਲਾਂ ਤੋਂ ਇਲਾਵਾ ਚੱਲਣ ਵਾਲੇ ਹੋਮਿਓਪੈਥੀ, ਯੂਨਾਨੀ ਅਯੁਰਵੈਦਿਕ, ਕੁਦਰਤੀ ਚਿਕਤਸਾ ਅਤੇ ਯੋਗ ਜਿਹੀਆਂ ਕਾਰਗਰ ਚਿਕਿੱਤਸਾਵਾਂ ਵਾਲੇ ਸਰਕਾਰੀ ਹਸਪਤਾਲਾਂ ਦੀ ਵੀ ਵੱਡੀ ਕਮੀ ਹੈ। ਇੱਥੋਂ ਤੱਕ ਕਿ ਪੇਂਡੂ ਖੇਤਰਾਂ ਦੇ ਸਿਹਤ ਕੇਂਦਰਾਂ ਅਤੇ ਉਨਾਂ ਸਿਹਤ ਕੇਂਦਰਾਂ ਨੂੰ ਨਾ ਵਿਸਥਾਰ ਦੇਣ ਦਾ ਕੋਈ ਯਤਨ ਹੋ ਰਿਹਾ ਹੈ ਅਤੇ ਨਾ ਹੀ ਇਨਾਂ ਦੀਆਂ ਖਾਮੀਆਂ ਦੂਰ ਕੀਤੀਆਂ ਜਾਂਦੀਆ ਹਨ। ਸਿੱਟੇ ਵਜੋਂ ਇਨਾਂ ਸਿਹਤ ਕੇਂਦਰਾਂ ਵਿੱਚ ਗਰੀਬ ਆਦਮੀ ਦਾ ਇਲਾਜ ਵੀ ਹੋ ਨਹੀਂ ਸਕਦਾ।

ਪਿਛਲੇ ਬਜਟ ਸਮੇਂ ਇਹ ਤਹਿ ਕੀਤਾ ਗਿਆ ਸੀ ਕਿ ਭਾਰਤ ਸਰਕਾਰ ਆਮ ਆਦਮੀ ਲਈ ਬਣਾਈ ਸਿਹਤ ਬੀਮਾ ਯੋਜਨਾ, ਆਯੂਸ਼ਮਾਨ ਯੋਜਨਾ ਦਾ ਵਿਸਥਾਰ ਕਰੇਗੀ ਅਤੇ 40 ਕਰੋੜ ਹੋਰ ਲੋਕਾਂ ਨੂੰ ਇਸ ਸਕੀਮ ਵਿੱਚ ਸ਼ਾਮਿਲ ਕੀਤਾ ਜਾਵੇਗਾ। ਇਸ ਤਰਾਂ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ ਇਸ ਨਾਲ ਦੇਸ਼ ਦੀ ਅਬਾਦੀ ਦੇ ਵੱਡੇ ਹਿੱਸੇ ਨੂੰ ਸਕੀਮ ਦਾ ਫ਼ਾਇਦਾ ਹੋਏਗਾ ਪ੍ਰੰਤੂ ਸਵਾਲ ਇਹ ਹੈ ਕਿ ਕੀ ਇਸ ਯੋਜਨਾ ਦੇ ਵਿਸਥਾਰ ਨਾਲ ਆਮ ਆਦਮੀ ਦੀਆਂ ਸਿਹਤ ਸਬੰਧੀ ਪ੍ਰੇਸ਼ਾਨੀਆਂ ਦੂਰ ਹੋਣਗੀਆਂ ਜਾਂ ਘੱਟ ਜਾਣਗੀਆਂ ?

ਧਿਆਨਯੋਗ ਹੈ ਕਿ 50 ਕਰੋੜ ਲੋਕ ਆਯੂਸ਼ਮਾਨ ਯੋਜਨਾ ਦੇ ਦਾਇਰੇ ’ਚ ਹਨ, ਭਾਵ ਕਿਹਾ ਜਾ ਰਿਹਾ ਹੈ ਕਿ ਦਸ ਕਰੋੜ ਚੌਹੱਤਰ ਲੱਖ ਪਰਿਵਾਰ ਇਸ ਯੋਜਨਾ ਦਾ ਲਾਭ ਲੈ ਰਹੇ ਹਨ ਅਤੇ ਪ੍ਰਤੀ ਸਾਲ ਪੰਜ ਲੱਖ ਰੁਪਏ ਦੀ ਬੀਮਾ ਸੁਰੱਖਿਆ ਇਨਾਂ ਨੂੰ ਮਿਲੀ ਹੋਈ ਹੈ। ਪਰ ਇਹ ਯੋਜਨਾ, ਭਾਰਤ ਦੀਆਂ ਹੋਰ ਬਹੁ ਚਰਚਿਤ ਯੋਜਨਾਵਾਂ ਵਾਂਗਰ ਵੱਡੇ ਘਪਲਿਆਂ ਦਾ ਸ਼ਿਕਾਰ ਹੋ ਚੁੱਕੀ ਹੈ। ਪ੍ਰਾਈਵੇਟ ਹਸਪਤਾਲ ਵਾਲੇ ਇਸ ਯੋਜਨਾ ਤਹਿਤ ਮਰੀਜ਼ ਦਾਖ਼ਲ ਕਰਦੇ ਹਨ, ਵੱਡੇ ਬਿੱਲ ਬਣਾਉਂਦੇ ਹਨ ਅਤੇ ਸਰਕਾਰ ਨੂੰ ਚੂਨਾ ਲਗਾਉਂਦੇ ਹਨ।

ਆਯੂਸ਼ਮਾਨ ਭਾਰਤ ਬਾਰੇ ਕਿਹਾ ਜਾਂਦਾ ਹੈ ਕਿ ਇਹ ਯੋਜਨਾ ਦੁਨੀਆ ਦੀ ਸਭ ਤੋਂ ਵੱਡੀ ਸਿਹਤ ਸੁਰੱਖਿਆ ਯੋਜਨਾ ਹੈ। ਪਰ 2018-19 ’ਚ ਇਹ ਯੋਜਨਾ ਅਧੀਨ 2000 ਕਰੋੜ ਬਜ਼ਟ ਵਿਚ ਰੱਖੇ ਗਏ। ਜਿਵੇਂ ਕਿ ਕਿਹਾ ਜਾ ਰਿਹਾ ਹੈ ਕਿ ਇਹ ਸਿਹਤ ਬੀਮਾ ਯੋਜਨਾ ਦੇਸ਼ ਦੇ 50 ਕਰੋੜ ਲੋਕਾਂ ਜਾਂ 10,000 ਪਰਿਵਾਰਾਂ ਲਈ ਹੈ, ਇਸ ਅਨੁਸਾਰ ਪ੍ਰਤੀ ਪਰਿਵਾਰ 1000 ਰੁਪਏ ਜਾਂ ਪ੍ਰਤੀ ਵਿਅਕਤੀ 200 ਰੁਪਏ ਇੱਕ ਸਾਲ ’ਚ ਮਿਲਣ ਦਾ ਪ੍ਰਾਵਾਧਾਨ ਹੈ। ਪਰ ਕੀ ਇੱਕ ਪਰਿਵਾਰ ਉਤੇ ਸਿਹਤ ਸੁਰੱਖਿਆ, ਜਾਂ ਬੀਮਾਰੀਆਂ ਤੇ ਖ਼ਰਚਾ ਸਿਰਫ਼ 1000 ਰੁਪਏ ਹੀ ਆਉਂਦਾ ਹੈ ? ਅਸਲ ਵਿੱਚ ਆਯੂਸ਼ਮਾਨ ਯੋਜਨਾ ’ਚ ਵਾਧੇ ਦੀਆਂ ਗੱਲਾਂ ‘ਅੱਗਾ ਦੌੜ, ਪਿੱਛਾ ਚੌੜ’ ਵਾਲੀਆਂ ਹਨ ਅਤੇ ਆਪਣੀ ਵੋਟ ਬੈਂਕ ਵਧਾਉਣ ਲਈ ਇੱਕ ਵੱਡਾ ਪਰਪੰਚ ਹਨ।

ਨੈਸ਼ਨਲ ਹੈਲਥ ਅਥਾਰਿਟੀ (ਐਨ.ਐਚ.ਏ.) ਦੇ ਮੁਤਾਬਿਕ ਆਯੂਸ਼ਮਾਨ ਭਾਰਤ ਅਤੇ ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ਨੂੰ ਨਵੇਂ ਕਦਮ ਨਾਲ ਵਿਸਥਾਰ ਮਿਲੇਗਾ। ਲੇਕਿਨ ਸਵਾਲ ਇਹ ਹੈ ਕਿ ਸਮਾਜ ਵਿੱਚ ਵਧਦੀ ਨਾ ਬਰਾਬਰੀ ਅਤੇ ਗਰੀਬਾਂ ਦੀ ਗਿਣਤੀ ਦੀ ਹਿਸਾਬ ਨਾਲ, ਕੀ ਮੌਜੂਦਾ ਕੇਂਦਰ ਅਤੇ ਸੂਬਾ ਪੱਧਰੀ ਸਿਹਤ ਸੇਵਾਵਾਂ ਜਨ ਸਿਹਤ ਦਾ ਮਿਥਿਆ ਟੀਚਾ ਹਾਸਲ ਕਰ ਸਕੇਗਾ ? ਆਯੂਸ਼ਮਾਨ ਭਾਰਤ ਸਕੀਮ ਸਮਾਜ ਦੇ 40 ਫ਼ੀਸਦੀ ਲੋਕਾਂ ਨੂੰ ਸਿਹਤ ਸੁਰੱਖਿਆ ਦੇਣ ਦੀ ਗੱਲ ਕਰਦੀ ਹੈ। ਅੰਕੜਿਆਂ ਮੁਤਾਬਕ ਸੂਬਿਆਂ ਦੀਆਂ ਹੋਰ ਯੋਜਨਾਵਾਂ, ਸਮਾਜਿਕ ਸੁਰੱਖਿਆ ਯੋਜਨਾਵਾਂ ਅਤੇ ਨਿੱਜੀ ਬੀਮਾ ਯੋਜਨਾਵਾਂ ਨੂੰ ਵੀ ਜੇ ਜੋੜ ਲਿਆ ਜਾਵੇ ਤਾਂ ਵੀ ਇਹ 70 ਫ਼ੀਸਦੀ ਤੋਂ ਵੱਧ ਨਹੀਂ ਬਣਦਾ, ਜੋ ਸਿਹਤ ਸੁੱਖਿਆ ਯੋਜਨਾਵਾਂ ਦੇ ਘੇਰੇ ਚ ਆਉਂਦੀਆਂ ਹਨ। ਭਾਵ 30 ਫ਼ੀਸਦੀ ਫਿਰ ਵੀ ਇਨਾਂ ਯੋਜਨਾਵਾਂ ਤੋਂ ਵੰਚਿਤ ਹਨ। ਜਿਸ ਤਰਾਂ ਲੋਕ ਦਿਨ ਪ੍ਰਤੀ ਨਵੀਆਂ ਤੇ ਪੁਰਾਣੀਆਂ ਬੀਮਾਰੀਆਂ ਦੀ ਲਪੇਟ ਵਿਚ ਆ ਕੇ ਪ੍ਰੇਸ਼ਾਨ ਹੋ ਰਹੇ ਹਨ, ਕੀ ਇਹ ਸਿਹਤ ਨੀਤੀ ਇਨਾਂ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈਣ ਦੇ ਯੋਗ ਹੈ ?

ਸਿਹਤ ਖੇਤਰ ਦਾ ਮੌਜੂਦਾ ਢਾਂਚਾ ਉਨਾਂ ਵਿਅਕਤੀਆਂ ਤੱਕ ਸਿਹਤ ਸਹੂਲਤਾਂ ਪਹੁੰਚਾਉਣ ਦੇ ਸਮਰੱਥ ਨਹੀਂ ਹੈ ਜੋ ਸਿਹਤ ਮਸਲਿਆਂ ਪ੍ਰਤੀ ਜਾਗਰੂਕ ਨਹੀਂ ਹੈ। ਅਸਲ ਵਿੱਚ ਸਿਹਤ ਸੇਵਾਵਾਂ ਦੇ ਢਾਂਚੇ, ਧਨ ਦੀ ਉਪਲੱਬਧਤਾ ਈਮਾਨਦਾਰੀ ਨਾਲ ਵਰਤੋਂ ਅਤੇ ਜਨ ਜਾਗਰੂਕਤਾ ਤਿੰਨ ਪੱਧਰਾਂ ਉਤੇ ਵੱਡੇ ਪ੍ਰਸ਼ਨ ਉੱਠ ਰਹੇ ਹਨ।

ਦੇਸ਼ ਵਿੱਚ ਡਾਕਟਰਾਂ ਦੀ ਕਮੀ ਹੈ। ਦੇਸ਼ ਵਿਚ ਡਾਕਟਰੀ ਸਿੱਖਿਆ ਮਹਿੰਗੀ ਹੈ। ਸਿੱਟੇ ਵਜੋਂ ਸਸਤੀ ਸਿੱਖਿਆ ਪ੍ਰਾਪਤੀ ਲਈ ਵਿਦਿਆਰਥੀ ਯੂਕਰੇਨ, ਰੂਸ ਆਦਿ ਦੇਸ਼ਾਂ ’ਚ ਜਾਂਦੇ ਹਨ। ਭਾਰਤ ਵਿੱਚ ਪ੍ਰਤੀ ਇੱਕ ਹਜ਼ਾਰ ਪਿੱਛੇ ਡਾਕਟਰਾਂ ਦੀ ਗਿਣਤੀ 0.7 ਹੈ ਜਦਕਿ ਵਿਸ਼ਵ ਪੱਧਰੀ ਔਸਤ 1.3 ਹੈ। ਦੇਸ਼ ਵਿੱਚ ਚਾਰ ਲੱਖ ਡਾਕਟਰਾਂ, ਲਗਭਗ 40 ਲੱਖ ਨਰਸਾਂ ਦੀ ਘਾਟ ਹੈ। ਇਸ ਤੋਂ ਵੀ ਅਗਲੀ ਗੱਲ ਇਹ ਹੈ ਕਿ ਭਾਰਤ ਵਿਚ ਸਿਹਤ ਸੇਵਾਵਾਂ ਨਿੱਜੀ ਖੇਤਰ ਵਿੱਚ 70 ਫ਼ੀਸਦੀ ਹਨ, ਜਦਕਿ ਵਿਸ਼ਵ ਪੱਧਰੀ ਔਸਤ 38 ਫ਼ੀਸਦੀ ਹੈ।

‘ਸਰਕਾਰੇ ਹਿੰਦ’ ਅਤੇ ਸੂਬਾ ਸਰਕਾਰਾਂ ਦੇ ਇਹ ਦਾਅਵੇ ਹਨ ਕਿ ਭਾਰਤ ’ਚ ਸਿਹਤ ਸੇਵਾਵਾਂ ਨਿਰੰਤਰ ਸੁਧਰ ਰਹੀਆਂ ਹਨ। ਪਰ ਅੰਕੜਿਆਂ ਵਿਚ ਹਕੀਕਤ ਇਹ ਹੈ ਕਿ ਦੇਸ਼ ਦੇ 86 ਫ਼ੀਸਦੀ ਲੋਕਾਂ ਨੂੰ ਆਪਣੀ ਜੇਬ ਵਿਚੋਂ ਹੀ ਸਿਹਤ ਸਹੂਲਤਾਂ ਪ੍ਰਾਪਤ ਕਰਨ ਲਈ ਖ਼ਰਚ ਕਰਨਾ ਪੈਂਦਾ ਹੈ ਅਤੇ ਇਹ ਕਿਸੇ ਤੋਂ ਲੁਕਿਆ ਨਹੀਂ ਹੈ ਕਿ ਗੈਰ-ਸਰਕਾਰੀ ਹਸਪਤਾਲ ਮਨਮਰਜ਼ੀ ਦੇ ਖ਼ਰਚੇ, ਮਰੀਜ਼ਾਂ ਤੋਂ ਬਿਹਤਰ ਇਲਾਜ ਦੇ ਨਾ ਉਤੇ ਵਸੂਲਦੇ ਹਨ। ਕੋਰੋਨਾ ਕਾਲ ਵਿਚ ਇਨਾਂ ਹਸਪਤਾਲਾਂ ਅਤੇ ਦਵਾਈਆਂ ਵਾਲੀ ਕੰਪਨੀਆਂ ਨੇ ਚੰਮ ਦੀਆਂ ਚਲਾਈਆਂ ਅਤੇ ਮਰੀਜ਼ਾਂ ਦੀ ਸ਼ਰੇਆਮ ਲੁੱਟ ਕੀਤੀ ਅਤੇ ਸਰਕਾਰ ਚੁੱਪਚਾਪ ਤਮਾਸ਼ਾ ਵੇਖਦੀ ਰਹੀ। ਇਸ ਤੋਂ ਵੀ ਸ਼ਰਮਨਾਕ ਗੱਲ ਇਹ ਕਿ ਸਰਕਾਰੀ ਅਣਗਿਹਲੀ ਅਤੇ ਬੇਰੁਖ਼ੀ ਕਾਰਨ ਉਹ ਮਰੀਜ਼ ਮਰ ਗਏ ਜਿਨਾਂ ਪੱਲੇ ਧੇਲਾ ਨਹੀਂ ਸੀ ਅਤੇ ਉਹ ਬਚ ਗਏ ਜਿਨਾਂ ਦੀ ਜੇਬ ’ਚ ਚਾਰ ਛਿੱਲੜ ਸਨ। ਕੋਈ ਛੋਟੀ ਗੱਲ ਨਹੀਂ ਹੈ ਕਿ ਕੋਰੋਨਾ ਦੇ ਭਿਆਨਕ ਦੌਰ ਵਿਚ ਆਕਸੀਜਨ ਅਤੇ ਦਵਾਈਆਂ ਦੀ ਘਾਟ ਨਾਲ ਹਸਪਤਾਲਾਂ ਦੇ ਦਰਵਾਜਿਆਂ ’ਚ ਲੋਕ ਦਮ ਤੋੜ ਗਏ। ਗੰਗਾ ਵਿੱਚ ਉਨਾਂ ਲੋਕਾਂ ਦੀਆਂ ਲਾਸ਼ਾਂ ਦੇ ਦ੍ਰਿਸ਼ ਹੁਣ ਵੀ ਭੁਲਾਉਣੇ ਔਖੇ ਹਨ ਅਤੇ ਨਾ ਹੀ ਭੁੱਲਣਯੋਗ ਹਨ, ਗੰਗਾ ਦੇ ਕਿਨਾਰੇ ਉਹ ਰੇਤਲੀਆਂ ਕਬਰਾਂ, ਜਿਥੇ ਮੁਰਦਾ ਸਰੀਰ ਸੁੱਟ ਦਿੱਤੇ ਗਏ ਸਨ।

ਦੇਸ਼ ਦੇ ਸਿਹਤ ਬਜਟ ਵਿੱਚ ਹਰ ਸਾਲ ਕਈ ਸਾਲਾਂ ਤੋਂ ਵਾਧਾ ਕੀਤਾ ਜਾ ਰਿਹਾ ਹੈ। ਪਰ ਇਹ ਸਮਝਣਾ ਔਖਾ ਹੈ ਕਿ ਇੰਨਾ ਖ਼ਰਚ ਕਰਨ ਦੇ ਬਾਵਜੂਦ ਵੀ ਸਾਡੇ ਦੇਸ਼ ਵਿੱਚ ਜਨ ਸਿਹਤ ਸੇਵਾਵਾਂ ਦੇ ਹਾਲਾਤ ਬਿਹਤਰ ਨਹੀਂ ਹੋ ਰਹੇ।

ਜਨਸਿਹਤ ਸੇਵਾਵਾਂ ਦਾ ਅਰਥ ਤਾਂ ਇਹ ਹੈ ਕਿ ਸਿਹਤ ਸੇਵਾਵਾਂ ਦੇਸ਼ ਦੇ ਹਰ ਉਸ ਨਾਗਰਿਕ ਨੂੰ ਮਿਲਣ ਜੋ ਇਸ ਤੋਂ ਵਿਰਵਾ ਹੈ। ਸਰਕਾਰੀ ਸੰਸਥਾਵਾਂ ਵਿਚ ਮਿਲਣ ਵਾਲੀਆਂ ਸੁਵਿਧਾਵਾਂ ਹਰ ਨਾਗਰਿਕ ਦੇ ਪੱਲੇ ਪੈਣ ਬਿਨਾਂ ਕਿਸੇ ਭੇਦਭਾਵ ਦੇ। ਉਨਾਂ ਨਾਲ ਸਰਕਾਰੀ ਹਸਪਤਾਲਾਂ, ਸੰਸਥਾਵਾਂ ਵਿੱਚ ਇਕੋ ਜਿਹਾ ਨਿੱਘਾ ਵਰਤਾਰਾ ਹੋਵੇ, ਜਿਹੋ ਜਿਹਾ ਵਰਤਾਰਾ ਮਰੀਜ਼ ਨੂੰ ਨਿੱਜੀ ਹਸਪਤਾਲਾਂ ’ਚ ਮਿਲਦਾ ਹੈ ਭਾਵ ਬਿਹਤਰ ਦੇਖਭਾਲ, ਰੋਗੀ ਨਾਲ ਸਹਿਜ ਬੋਲਚਾਲ ਅਤੇ ਪੂਰੀਆਂ ਸਹੂਲਤਾਂ। ਪਰ ਦੇਸ਼ ਹਾਲੀ ਤੱਕ ਮੁਢਲੀਆਂ ਸਿਹਤ ਸਹੂਲਤਾਂ ਦੇਣ ਦੇ ਯੋਗ ਵੀ ਨਹੀਂ ਹੋ ਸਕਿਆ। ਇਹ ਸਿਹਤ ਸਹੂਲਤਾਂ ਤਾਂ ਗਿਣੇ-ਚੁਣੇ ਕੁਝ ਸਰਕਾਰੀ ਸ਼ਹਿਰਾਂ ਦੇ ਵੱਡੇ ਹਸਪਤਾਲਾਂ ਜਾਂ ਪੰਜ ਤਾਰਾ, ਤਿੰਨ ਤਾਰਾ ਨਿੱਜੀ ਹਸਪਤਾਲਾਂ ਵਿਚ ਹੀ ਵੱਡੇ ਲੋਕਾਂ ਲਈ ਉਪਲੱਬਧ ਹਨ, ਜਿਥੇ ਇਲਾਜ ਕਰਨ ਦਾ ਸੁਪਨਾ ਸਮਾਜ ਦੇ ਹੇਠਲੇ ਪਾਇਦਾਨ ’ਤੇ ਖੜੇ ਵਿਅਕਤੀ ਵਲੋਂ ਲਿਆ ਹੀ ਨਹੀਂ ਜਾ ਸਕਦਾ।



# ਆਰਥਿਕ ਸੰਕਟ ਵਿਚ ਪੰਜਾਬ ਸਰਕਾਰ

**ਡਾ. ਕੇਸਰ ਸਿੰਘ ਭੰਗੂ**
**ਸੰਪਰਕ : 98154-27127**

ਪੰਜਾਬ ਗੰਭੀਰ ਅਤੇ ਗਹਿਰੇ ਆਰਥਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ 1981 ਤੋਂ 2001 ਤੱਕ ਪਹਿਲੇ ਸਥਾਨ ਉੱਤੇ ਰਿਹਾ, ਹੁਣ ਖਿਸਕ ਕੇ 19ਵੇਂ ਸਥਾਨ 'ਤੇ ਪੁੱਜ ਗਿਆ ਹੈ। ਪੰਜਾਬ ਸਿਰ ਇਸ ਵਕਤ ਲਗਭਗ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਸੂਬੇ ਦੀ ਆਮਦਨ ਦਾ ਵੱਡਾ ਹਿੱਸਾ ਕਰਜ਼ੇ ਦਾ ਵਿਆਜ਼ ਭਰਨ ਲਈ ਹੀ ਖ਼ਰਚ ਹੋ ਜਾਂਦਾ ਹੈ। ਪੂੰਜੀ ਨਿਵੇਸ਼ ਦੀ ਭਾਰੀ ਘਾਟ, ਖੇਤੀ ਖੇਤਰ ਦੇ ਗੰਭੀਰ ਆਰਥਿਕ ਸੰਕਟ ਕਾਰਨ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ, ਪਿਛਾਂਹ ਸਰਕਦੀ ਹੋਈ ਪ੍ਰਤੀ ਵਿਅਕਤੀ ਆਮਦਨ, ਸੂਬੇ ਸਿਰ ਚੜ੍ਹਿਆ ਮਣਾਂ ਮੂੰਹੀਂ ਕਰਜ਼ਾ, ਕਰਾਂ ਦੀ ਵੱਡੇ ਪੱਧਰ 'ਤੇ ਚੋਰੀ, ਕੁਲ ਘਰੇਲੂ ਉਤਪਾਦ ਦੀ ਅਨੁਪਾਤ, ਬੇਰੁਜ਼ਗਾਰੀ ਦੀਆਂ ਉਚੀਆਂ ਦਰਾਂ, ਸੂਬੇ ਦੇ ਲੋਕਾਂ ਖ਼ਾਸਕਰ ਵਿਦਿਆਰਥੀਆਂ ਦੀਆਂ ਵਿਦੇਸ਼ ਵੱਲ ਵਹੀਰਾਂ, ਨਸ਼ਿਆਂ ਦੇ ਵਗਦੇ ਦਰਿਆ ਅਤੇ ਲੰਮੇ ਸਮੇਂ ਤੱਕ ਸਮੇਂ ਸਮੇਂ ਦੀਆਂ ਸਰਕਾਰਾਂ ਦਾ ਮਾੜਾ ਤੇ ਗੈਰ ਜ਼ਿੰਮੇਵਾਰਾਨਾ ਪ੍ਰਸ਼ਾਸਨ ਇਸ ਦੇ ਮੁੱਖ ਕਾਰਨ ਹਨ। ਪਿਛਲੇ ਸਮੇਂ ਦੌਰਾਨ ਸੂਬੇ ਵਿਚ ਸਿਆਸੀ ਲੀਡਰਾਂ ਅਤੇ ਅਫਸਰਸ਼ਾਹੀ ਦੀ ਸਰਪ੍ਰਸਤੀ ਹੇਠ ਫੈਲੇ ਡਰੱਗ ਮਾਫੀਆ, ਰੇਤਾ-ਬੱਜਰੀ ਮਾਫੀਆ, ਸ਼ਰਾਬ ਮਾਫੀਆ, ਟਰਾਂਸਪੋਰਟ ਮਾਫੀਆ, ਭੂਮੀ ਮਾਫੀਆ ਅਤੇ ਸਰਕਾਰੀ ਮਹਿਕਮਿਆਂ ਤੋਂ ਲੋਕਾਂ ਨੂੰ ਆਪਣੇ ਰੋਜ਼ਮੱਰਾ ਦੇ ਕੰਮ ਕਰਵਾਉਣ ਲਈ ਪ੍ਰਚਲਤ ਰਿਸ਼ਵਤਖੋਰੀ ਨੇ ਸੂਬੇ ਦੇ ਅਰਥਚਾਰੇ ਅਤੇ ਪ੍ਰਸ਼ਾਸਨ ਨੂੰ ਖੋਖਲਾ ਬਣਾ ਦਿੱਤਾ ਹੈ। ਇਸੇ ਕਰਕੇ ਪੰਜਾਬ ਦੇ ਲੋਕਾਂ ਨੇ ਲੰਘੀਆਂ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਸਿਆਸੀ ਪਾਰਟੀਆਂ ਨੂੰ ਪਛਾੜ ਕੇ 'ਆਪ' ਨੂੰ ਵੱਡੇ ਬਹੁਮਤ ਨਾਲ ਜਿਤਾਇਆ ਹੈ। ਇਸ ਲਈ ਹੁਣ ਲੋਕਾਂ ਨੂੰ ਨਵੀਂ ਸਰਕਾਰ ਤੋਂ ਵੱਡੀਆਂ ਉਮੀਦਾਂ ਹਨ। ਸਰਕਾਰ ਨੂੰ ਸੂਬੇ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਪਹਾੜ ਜਿੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ ਜਿਸ ਦਾ ਪਹਿਲਾ ਝਲਕਾਰਾ ਆਉਣ ਵਾਲੇ ਬਜਟ ਵਿਚ ਦਿਖਾਈ ਦੇਵੇਗਾ।

ਪੰਜਾਬ ਸਰਕਾਰ ਨੇ ਬਜਟ ਦੀ ਤਿਆਰੀ ਲਈ ਲੋਕਾਂ ਤੋਂ ਸਲਾਹ ਲੈਣ ਦੇ ਮੰਤਵ ਨਾਲ ਈ-ਮੇਲ ਰਾਹੀਂ ਸੁਝਾਅ ਮੰਗੇ ਹਨ। ਇਹ ਵਧੀਆ ਗੱਲ ਹੈ ਪਰ ਨਾਕਾਫੀ ਹੈ ਕਿਉਂਕਿ ਬਜਟ ਬਣਾਉਣ ਦੀ ਪ੍ਰਕਿਰਿਆ ਕਾਫੀ ਤਕਨੀਕੀ ਹੁੰਦੀ ਹੈ। ਚਾਹੀਦਾ ਤਾਂ ਇਹ ਹੈ ਕਿ ਰਾਜ ਦੇ ਆਰਥਿਕ ਪ੍ਰਸ਼ਾਸਨ ਨੂੰ ਹੋਰ ਚੁਸਤ-ਦਰੁਸਤ ਅਤੇ ਸੰਚਾਰੂ ਬਣਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਨੂੰ ਸਲਾਹ ਦੇਣ ਲਈ ਆਰਥਿਕ ਸਲਾਹਕਾਰ ਕੌਂਸਲ ਬਣਾਈ ਜਾਵੇ ਜਿਵੇਂ ਤਾਮਿਲਨਾਡੂ ਨੇ ਬਣਾਈ ਹੈ। ਵਿੱਤ ਵਿਭਾਗ ਨੂੰ ਸੂਬੇ ਦੀ ਮਾੜੀ ਆਰਥਿਕਤਾ ਦੇ ਮੱਦੇਨਜ਼ਰ ਤੁਰੰਤ ਨਵੇਂ ਢੰਗਾਂ ਨਾਲ ਕਰਾਂ ਅਤੇ ਗੈਰ-ਕਰਾਂ ਦੇ ਆਮਦਨ ਵਧਾਉਣ ਵਾਲੇ ਵਸੀਲੇ ਲੱਭਣੇ ਚਾਹੀਦੇ ਹਨ। ਇਸ ਕੰਮ ਲਈ ਸਰਕਾਰ ਨੂੰ ਮੌਕੇ ਅਨੁਸਾਰ ਆਰਥਿਕ ਮਾਹਿਰਾਂ ਦੀ ਠੀਕ ਸਲਾਹ ਦੀ ਜ਼ਰੂਰਤ ਹੋਵੇਗੀ, ਇਸ ਲਈ ਪੰਜਾਬ ਸਰਕਾਰ ਵੀ ਕੇਂਦਰ ਵਾਂਗ ਸੂਬੇ ਦੇ ਵਿੱਤ ਮੰਤਰਾਲੇ ਵਿਚ ਆਰਥਿਕ ਨੀਤੀਆਂ ਦੇ ਮਾਹਿਰ ਨੂੰ ਮੁੱਖ ਆਰਥਿਕ ਸਲਾਹਕਾਰ ਨਿਯੁਕਤ ਕਰਨਾ ਚਾਹੀਦਾ ਹੈ। ਸੂਬੇ ਵਿਚ ਆਰਥਿਕ ਪ੍ਰਸ਼ਾਸਕੀ ਸੁਧਾਰਾਂ ਦੀ ਵੀ ਤੁਰੰਤ ਜ਼ਰੂਰਤ ਹੈ ਕਿਉਂਕਿ ਇਸ ਸਮੇਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦਾ ਕੰਮ ਇਕ ਹੀ ਅਥਾਰਟੀ (ਅਫਸਰਸ਼ਾਹੀ) ਕੋਲ ਹੈ, ਜਦੋਂ ਕਿ ਇਹ ਦੋਨੋਂ ਕੰਮ ਦੋ ਅਲੱਗ-ਅਲੱਗ ਮਾਹਿਰਾਂ ਵੱਲੋਂ ਲੋਕਪੱਖੀ ਅਤੇ ਜਵਾਬਦੇਹੀ ਦੇ ਸਿਧਾਂਤ ਨੂੰ ਸਾਹਮਣੇ ਰੱਖ ਕੇ ਕਰਨੇ ਹੁੰਦੇ ਹਨ। ਅਫਸਰਸ਼ਾਹੀ ਦਾ ਨੀਤੀਆਂ ਬਣਾਉਣ ਅਤੇ ਉਨਾਂ ਨੂੰ ਲਾਗ ਕਰਨ ਦੇ ਕੰਮਾਂ ਵਿਚ ਏਕਾਧਿਕਾਰ ਹੋਣ ਕਾਰਨ ਭ੍ਰਿਸ਼ਟਾਚਾਰ ਵਾਲੇ ਅਤੇ ਵਿਕਾਸ ਵਿਰੋਧੀ ਰੁਝਾਨ ਨੂੰ ਬਲ ਮਿਲ ਰਿਹਾ ਹੈ। ਇਸ ਲਈ ਸੂਬਾ ਸਰਕਾਰ ਨੂੰ ਨੀਤੀ ਬਣਾਉਣ ਅਤੇ ਲਾਗੂ ਕਰਨ ਦੇ ਕੰਮ ਵੱਖ ਵੱਖ ਕਰਨੇ ਚਾਹੀਦੇ ਹਨ ਅਤੇ ਨੀਤੀਆਂ ਦੀ ਪੜਚੋਲ ਲਈ ਮਾਹਿਰਾਂ ਦੀ ਵੱਖਰੀ ਅਤੇ ਆਜ਼ਾਦਾਨਾ ਅਥਾਰਟੀ ਬਣਾਉਣੀ ਚਾਹੀਦੀ ਹੈ ਤਾਂ ਕਿ ਨੀਤੀਆਂ ਲਾਗੂ ਕਰਨ ਵਾਲਿਆਂ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ। ਅਜਿਹੇ ਆਰਥਿਕ ਸੁਧਾਰ ਸੂਬੇ ਵਿਚ ਆਰਥਿਕ ਨੀਤੀਆ ਰਾਹੀਂ ਆਮਦਨ ਸਰੋਤਾਂ ਦੀ ਬਰਾਬਰ ਵੰਡ ਅਤੇ ਬਿਹਤਰ ਆਰਥਿਕ ਅਨੁਸ਼ਾਸਨ ਮੁਹੱਈਆ ਕਰਨਗੇ।

ਪੰਜਾਬ ਵਿਚ ਭਾਵੇਂ ਬਹੁਤ ਸਾਰੀਆਂ ਆਰਥਿਕ ਸਮੱਸਿਆਵਾਂ ਹਨ ਪਰ ਪੂੰਜੀ ਨਿਵੇਸ਼ ਦਾ ਅਕਾਲ, ਚੜ੍ਹੇ ਕਰਜ਼ੇ ਦਾ ਹੱਲ ਅਤੇ ਖੇਤੀ ਸੰਕਟ ਦਾ ਹੱਲ ਕਰਨਾ ਮੁੱਖ ਮੁੱਦੇ ਹਨ। ਇਹ ਮਸਲੇ ਹੱਲ ਹੋਣ ਨਾਲ ਕਾਫੀ ਸਮੱਸਿਆਵਾਂ ਦਾ ਹੱਲ ਆਪਣੇ ਆਪ ਹੋ ਜਾਵੇਗਾ। ਪਹਿਲਾਂ ਨਿਵੇਸ਼ ਦੀ ਗੱਲ ਕਰਦੇ ਹਾਂ। ਦੱਸਣਾ ਜ਼ਰੂਰੀ ਹੈ ਕਿ ਪੰਜਾਬ ਚਾਰ ਦਹਾਕਿਆ ਤੋਂ ਬੁਨਿਆਦੀ ਢਾਂਚੇ ਵਿਚ ਪੂੰਜੀ ਨਿਰਮਾਣ ਲਈ ਨਿਵੇਸ਼ ਦੀ ਅਤਿਅੰਤ ਘਾਟ ਝੱਲ ਰਿਹਾ ਹੈ। ਸੂਬੇ ਵਿਚ ਨਿਵੇਸ਼-ਘਰੇਲੂ ਉਤਪਾਦ ਦਾ ਅਨੁਪਾਤ 20 ਪ੍ਰਤੀਸ਼ਤ ਤੋਂ ਘੱਟ ਹੈ ਜੋ ਮੁਲਕ ਦੇ ਮੁੱਖ ਸੂਬਿਆਂ ਦੇ ਮੁਕਾਬਲੇ ਸਭ ਤੋਂ ਘੱਟ ਹੈ ਅਤੇ ਰਾਸ਼ਟਰੀ ਅਨੁਪਾਤ ਤੋਂ ਲਗਭਗ 15 ਪ੍ਰਤੀਸ਼ਤ ਘੱਟ ਹੈ। ਪੰਜਾਬ ਨੂੰ ਭਾਰਤ ਦੇ ਪੱਧਰ ਦਾ ਪੂੰਜੀ ਨਿਰਮਾਣ ਕਰਨ ਲਈ ਵਧੇਰੇ ਤੇ ਵਾਧੂ ਨਿਵੇਸ਼ ਦੀ ਤੁਰੰਤ ਜ਼ਰੂਰਤ ਹੈ। ਇਸ ਤੋਂ ਵੀ ਅੱਗੇ, ਪੰਜਾਬ ਦੇ ਖੇਤੀ ਖੇਤਰ ਵਿਚ ਵੀ ਪੂੰਜੀ ਨਿਵੇਸ਼ ਦੀ ਮਾਤਰਾ ਜੋ ਨਿਵੇਸ਼-ਘਰੇਲੂ ਖੇਤੀ ਉਤਪਾਦ ਦੀ ਅਨੁਪਾਤ ਹੈ, ਲਗਾਤਾਰ ਘਟ ਰਹੀ ਹੈ ਜਿਹੜੀ ਘਟ ਕੇ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ 8-9 ਪ੍ਰਤੀਸ਼ਤ 'ਤੇ ਪਹੁੰਚ ਗਈ ਹੈ। ਅਜਿਹਾ ਰਾਜ ਸਰਕਾਰ ਦੀ ਆਰਥਿਕ ਪ੍ਰਸ਼ਾਸਨ ਨੂੰ ਅਣਗੌਲਿਆ ਕਰਨ ਅਤੇ ਰਾਜਕੋਸ਼ੀ ਨੀਤੀ ਦੀ ਅਸਫਲਤਾ ਕਾਰਨ ਹੋਇਆ ਹੈ। ਜੇਕਰ ਪੰਜਾਬ ਆਪਣਾ ਆਰਥਿਕ ਮਾਣ-ਸਨਮਾਨ ਫਿਰ ਹਾਸਲ ਕਰਨਾ ਚਾਹੁੰਦਾ ਹੈ ਤਾਂ ਤੁਰੰਤ ਰਾਜਕੋਸ਼ੀ ਨੀਤੀ ਵਿਚ ਲੋੜੀਂਦੇ ਸੁਧਾਰ ਕਰੇ ਚਾਹੀਦੇ ਹਨ। ਇਸ ਲਈ ਪੰਜਾਬ ਸਰਕਾਰ ਨੂੰ ਟੈਕਸ-ਘਰੇਲੂ ਉਤਪਾਦ ਦਾ ਅਨੁਪਾਤ ਵਧਾ ਕੇ 15 ਪ੍ਰਤੀਸ਼ਤ ਦੇ ਆਸਪਾਸ ਕਰਨਾ ਚਾਹੀਦਾ ਹੈ। ਅਜਿਹਾ ਕਰਾਂ ਦੀ ਵਸੂਲੀ ਵਧਾ ਕੇ, ਕਰਾਂ ਦੀ ਚੋਰੀ ਖਤਮ ਕਰ ਕੇ ਅਤੇ ਨਵੇਂ ਕਰ ਲਗਾ ਕੇ ਸੰਭਵ ਹੈ।

ਪੰਜਾਬ ਵਿਚ ਨਿਵੇਸ਼ ਦੀ ਘਾਟ ਵੱਲ ਨਿਗਾ ਮਾਰੀਏ ਤਾਂ ਪਤਾ ਲਗਦਾ ਹੈ ਕਿ ਸਰਕਾਰ ਦੇ 2020-21 ਵਾਲੇ ਬਜਟ ਵਿਚ ਖ਼ਰਚ ਦਾ 11.6 ਪ੍ਰਤੀਸ਼ਤ ਸਿੱਖਿਆ ਲਈ ਰੱਖਿਆ ਸੀ, ਉਸ ਸਾਲ ਸਿੱਖਿਆ ਤੇ ਖ਼ਰਚ ਲਈ ਮੁਲਕ ਦੇ ਸਾਰੇ ਸੂਬਿਆਂ ਦੀ ਔਸਤ 15.8 ਪ੍ਰਤੀਸ਼ਤ ਸੀ। ਇਸੇ ਤਰਾਂ ਪੰਜਾਬ ਨੇ ਸਿਹਤ ਦੇ ਖੇਤਰ ਲਈ 4 ਪ੍ਰਤੀਸ਼ਤ ਰੱਖੇ, ਮੁਲਕ ਦੀ ਔਸਤ 5.5 ਪ੍ਰਤੀਸ਼ਤ ਸੀ। ਪੰਜਾਬ ਨੇ ਪੇਂਡੂ ਖੇਤਰਾਂ ਦੇ ਵਿਕਾਸ ਲਈ 2.2 ਪ੍ਰਤੀਸ਼ਤ ਹਿੱਸਾ ਰੱਖਿਆ ਅਤੇ ਮੁਲਕ ਦੀ ਔਸਤ 6.1 ਪ੍ਰਤੀਸ਼ਤ ਸੀ। ਸੜਕਾਂ ਅਤੇ ਪੁਲਾਂ ਦੇ ਨਿਰਮਾਣ ਲਈ ਪੰਜਾਬ ਨੇ 1.6 ਪ੍ਰਤੀਸ਼ਤ ਰੱਖੇ ਪਰ ਮੁਲਕ ਦੀ ਔਸਤ 4.3 ਪ੍ਰਤੀਸ਼ਤ ਸੀ। ਦੱਸਣਾ ਜ਼ਰੂਰੀ ਹੈ ਕਿ ਪੰਜਾਬ ਨੇ ਇਹ ਰਕਮ ਖ਼ਰਚ ਕਰਨ ਲਈ ਰੱਖੀ ਸੀ, ਅਸਲ ਵਿਚ ਖ਼ਰਚ ਲਈ ਰੱਖੀ ਰਕਮ ਤੋਂ ਖ਼ਰਚ ਘੱਟ ਹੀ ਹੁੰਦਾ ਹੈ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਵਿਚ ਸਿੱਖਿਆ, ਸਿਹਤ ਸੰਭਾਲ, ਪੇਂਡੂ ਖੇਤਰਾਂ ਦੇ ਵਿਕਾਸ ਅਤੇ ਸੜਕਾਂ ਤੇ ਪੁਲਾਂ ਦੇ ਨਿਰਮਾਣ ਵਰਗੇ ਮਹੱਤਵਪੂਰਨ ਖੇਤਰਾਂ ਵਿਚ ਨਿਵੇਸ਼ ਦੀ ਘਾਟ ਹੈ। ਇਨਾਂ ਖੇਤਰਾਂ ਅਤੇ ਸਮੁੱਚੇ ਪੰਜਾਬ ਵਿਚ ਨਿਵੇਸ਼ ਵਧਾਉਣ ਦੀ ਗੱਲ ਕੋਈ ਧਿਰ ਨਹੀਂ ਕਰ ਰਹੀ।

ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਪੰਜਾਬ ਇਸ ਮਾਮਲੇ ਵਿਚ ਕੇਰਲ ਅਤੇ ਪੱਛਮੀ ਬੰਗਾਲ ਦੇ ਨਾਲ ਨਾਲ ਮੁਲਕ ਦਾ ਮੋਹਰੀ ਸੂਬਾ ਹੈ। ਕਿਸੇ ਵੀ ਸ਼ਖ਼ਸ ਜਾਂ ਸਰਕਾਰ ਸਿਰ ਚੜ੍ਹੇ ਕਰਜ਼ੇ ਦਾ ਭਾਰ ਮਿਣਨ ਲਈ ਚੜ੍ਹੇ ਕਰਜ਼ੇ ਅਤੇ ਕੁਲ ਆਮਦਨ ਦੀ ਅਨੁਪਾਤ ਦੇਖੀ ਜਾਂਦੀ ਹੈ। ਪੰਜਾਬ ਵਿਚ 2001 ਤੋਂ ਪਹਿਲਾਂ, ਚੜ੍ਹੇ ਕਰਜ਼ੇ ਅਤੇ ਪੰਜਾਬ ਦਾ ਕੁਲ ਘਰੇਲੂ ਉਤਪਾਦ ਅਨੁਪਾਤ 40 ਪ੍ਰਤੀਸ਼ਤ ਤੋਂ ਘੱਟ ਹੁੰਦੀ ਸੀ ਜਿਹੜੀ ਹੁਣ ਵਧ ਕੇ 52.8 ਪ੍ਰਤੀਸ਼ਤ ਹੋ ਗਈ ਹੈ ਭਾਵ 2001 ਵਿਚ ਪੰਜਾਬ ਸਰਕਾਰ ਸਿਰ 30760 ਕਰੋੜ ਰੁਪਏ ਦਾ ਕਰਜ਼ਾ ਸੀ ਜਿਹੜਾ ਵਧਦਾ ਵਧਦਾ 2007 ਵਿਚ 40000 ਕਰੋੜ ਰੁਪਏ, 2010 ਵਿਚ 53252 ਕਰੋੜ, 2015 ਵਿਚ 86818 ਕਰੋੜ, 2017 ਵਿਚ 153773 ਕਰੋੜ ਰੁਪਏ ਅਤੇ ਅੱਜ ਕੱਲ 282000 ਕਰੋੜ ਰੁਪਏ ਦੇ ਨੇੜੇ-ਤੇੜੇ ਹੈ। ਜੇ ਸਰਕਾਰਾਂ ਇਵੇਂ ਹੀ ਚੱਲਦੀਆਂ ਰਹੀਆਂ ਤਾਂ 2025 ਵਿਚ ਕਰਜ਼ਾ 373988 ਕਰੋੜ ਰੁਪਏ ਹੋ ਜਾਵੇਗਾ। ਅਜਿਹਾ ਇਸ ਕਰਕੇ ਹੋਇਆ ਹੈ ਕਿਉਂਕਿ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਨੇ ਸਖ਼ਤ ਫ਼ੈਸਲੇ ਕਰ ਕੇ ਆਮਦਨ ਵਧਾਉਣ ਦੀ ਬਜਾਏ ਹੋਰ ਕਰਜ਼ਾ ਲੈਣ ਨੂੰ ਤਰਜੀਹ ਦਿੱਤੀ।

ਖੇਤੀ ਖੇਤਰ ਪੰਜਾਬ ਦੀ ਆਰਥਿਕਤਾ ਦੀ ਗੀੜ ਦੀ ਹੱਡੀ ਹੈ ਪਰ ਉਦਾਰੀਕਰਨ ਦੀਆਂ ਨੀਤੀਆਂ ਨੇ ਇਸ ਨੂੰ ਸੰਕਟ ਵਿਚ ਫਸਾ ਦਿੱਤਾ ਹੈ। ਖੇਤੀ ਦੀਆਂ ਲਗਾਤਾਰ ਵਧ ਰਹੀਆ ਲਾਗਤਾਂ, ਘਟਦੀ ਆਮਦਨ ਅਤੇ ਛੋਟੀ ਤੇ ਸੀਮਾਂਤ ਕਿਸਾਨੀ ਉਪਰ ਕਰਜ਼ੇ ਦੇ ਮੱਕੜਜਾਲ ਨੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਪਾ ਦਿੱਤਾ ਹੈ। ਖੇਤੀ ਸੰਕਟ ਦੀ ਬਹੁਤੀ ਮਾਰ ਛੋਟੀ ਤੇ ਸੀਮਾਂਤ ਕਿਸਾਨੀ ਅਤੇ ਖੇਤ ਮਜ਼ਦੂਰਾਂ 'ਤੇ ਪਈ ਹੈ, ਖੁਦਕੁਸ਼ੀਆਂ ਵੀ ਇਨਾਂ ਵਰਗਾਂ ਵਿਚ ਹੀ ਵਧੇਰੇ ਹੋਈਆਂ ਹਨ। ਖੁਦਕੁਸ਼ੀ ਵਾਲੇ ਪਰਿਵਾਰ ਦੇ ਜੀਅ ਸਮਾਜਕ ਅਤੇ ਆਰਥਕ ਸਦਮੇ ਦਾ ਸ਼ਿਕਾਰ ਹੋ ਜਾਂਦੇ ਹਨ ਜਿਨਾਂ ਨੂੰ ਤੁਰੰਤ ਮਨੁੱਖੀ ਹਮਦਰਦੀ ਦਿਖਾ ਕੇ ਮੁੜ ਵਸਾਉਣ ਦੀ ਲੋੜ ਹੁੰਦੀ ਹੈ। ਖੇਤੀ ਸੰਕਟ ਦੇ ਲੰਮੇ ਸਮੇਂ ਦੇ ਹੱਲ ਲਈ ਸਰਕਾਰ ਨੂੰ ਖੇਤੀ ਆਧਾਰਿਤ ਸਨਅਤਾਂ ਲਾ ਕੇ ਪੇਂਡੂ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਨੀਤੀ ਲਾਗੂ ਕਰਨੀ ਚਾਹੀਦੀ ਹੈ। ਕਾਰਪੋਰੇਟ ਸੈਕਟਰ/ਮੈਗਾ ਪ੍ਰਾਜੈਕਟਾਂ ਨੂੰ ਮਿਲਣ ਵਾਲੀਆਂ ਸਾਰੀਆਂ ਸਬਸਿਡੀਆਂ ਅਤੇ ਟੈਕਸ ਛੋਟਾਂ ਉਨਾਂ ਉਦਮੀਆਂ ਨੂੰ ਵੀ ਦੇਣੀਆਂ ਚਾਹੀਦੀਆਂ ਹਨ ਜਿਹੜੇ ਖੇਤੀ ਆਧਾਰਿਤ ਸਨਅਤਾਂ ਪਿੰਡਾਂ ਵਿਚ ਲਗਾਉਣ ਅਤੇ ਲੋਕਲ ਕੱਚਾ ਮਾਲ ਵਰਤਣ ਨੂੰ ਪਹਿਲ ਦੇਣ। ਪੰਜਾਬ ਅਰਥਚਾਰੇ ਵਿਚ ਲੰਬੇ ਸਮੇਂ ਵਿਚ ਆਰਥਿਕ ਵਿਕਾਸ ਲਈ ਪੇਂਡੂ ਖੇਤਰਾਂ ਵਿਚ ਆਰਥਿਕ ਤਬਦੀਲੀਆਂ ਲਿਆਉਣਾ ਮੁੱਖ ਮਨੋਰਥ ਹੋਣਾ ਚਾਹੀਦਾ ਹੈ। ਅਜਿਹੀ ਤਬਦੀਲੀ ਲਈ ਖੇਤੀ ਦੇ ਮੁਢਲੇ ਉਤਪਾਦਕਾਂ ਨੂੰ ਮੰਡੀਕਰਨ ਅਤੇ ਸਨਅਤੀਕਰਨ ਦੀਆਂ ਪ੍ਰਕਿਰਿਆਵਾਂ ਵਿਚ ਆਪਸੀ ਤਾਲਮੇਲ ਬਿਠਾ ਕੇ ਵਧੇਰੇ ਲਾਭ ਲਈ ਪ੍ਰੇਰਨਾ ਚਾਹੀਦਾ ਹੈ। ਉਮੀਦ ਹੈ, ਪੰਜਾਬ ਸਰਕਾਰ ਲੋਕਾਂ ਅਤੇ ਆਰਥਿਕ ਮਾਹਿਰਾਂ ਦੀਆਂ ਸਲਾਹਾਂ ਨੂੰ ਧਿਆਨ ਵਿਚ ਰੱਖ ਲੈ ਕੇ ਹੀ ਅਗਲਾ ਬਜਟ ਤਿਆਰ ਕਰੇਗੀ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰੇਗੀ।

## ਨਸ਼ੇ ਤੋਂ ਦੁਖੀ ਪੰਚਾਇਤਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਾਰਵਾਈ ਕਰਨ ਲਈ ਲਿਖਿਆ ਪੱਤਰ

**ਹੁਸ਼ਿਆਰਪੁਰ/ਗੜ੍ਹਸ਼ੰਕਰ/ਏ.ਟੀ.ਨਿਊਜ਼** :- ਗੜ੍ਹਸ਼ੰਕਰ ਦੇ ਨਜ਼ਦੀਕੀ ਪਿੰਡ ਦੇਣੋਵਾਲ ਖ਼ੁਰਦ ਵਿੱਚ ਪਿਛਲੇ ਲੰਮੇ ਸਮੇਂ ਤੋਂ ਵਿਕ ਰਹੇ ਚਿੱਟੇ ਅਤੇ ਹੋਰ ਨਸ਼ਿਆਂ ਤੋਂ ਦੁਖੀ ਆਸ ਪਾਸ ਦੇ ਪਿੰਡਾਂ ਦੀਆਂ ਅੱਧੀ ਦਰਜਨ ਪੰਚਾਇਤਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਇਹ ਨਸ਼ਾ ਬੰਦ ਕਰਵਾਉਣ ਲਈ ਪੱਤਰ ਲਿਖਿਆ ਹੈ। ਪਿੰਡ ਦੇਣੋਵਾਲ ਖ਼ੁਰਦ, ਦਾਰਾਪੁਰ, ਡੋਗਰਪੁਰ, ਬਗਵਾਈਂ, ਇਬਰਾਹਿਮਪੁਰ ਅਤੇ ਸਿਕੰਦਰਪੁਰ ਦੀਆਂ ਪੰਚਾਇਤਾਂ ਨੇ ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਉਨਾਂ ਦੇ ਨਜ਼ਦੀਕੀ ਪਿੰਡ ਬਸਤੀ ਸਾਂਸੀਆਂ/ਸਰਕਾਰੀ ਕਲੋਨੀਆਂ (ਦੇਣੋਵਾਲ ਖ਼ੁਰਦ) ਵਿੱਚ ਪਿਛਲੇ ਲੰਮੇ ਸਮੇਂ ਤੋਂ ਚਿੱਟਾ ਅਤੇ ਹੋਰ ਨਸ਼ੇ ਵਿਕ ਰਹੇ ਹਨ। ਇਹ ਪਿੰਡ ਗੜ੍ਹਸ਼ੰਕਰ ਪੁਲਿਸ ਸਟੇਸ਼ਨ ਤੋਂ ਮਹਿਜ਼ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ। ਸਕੂਲਾਂ ਕਾਲਜਾਂ ਵਿੱਚ ਪੜ੍ਹਦੇ ਨੌਜਵਾਨ ਮੁੰਡੇ ਕੁੜੀਆਂ ਅਕਸਰ ਇਸ ਪਿੰਡ ਵਿੱਚ ਨਸ਼ਾ ਖਰੀਦਣ ਲਈ ਆਉਂਦੇ ਹਨ ਜਿਸ ਕਾਰਨ ਪੰਜਾਬ ਦਾ ਭਵਿੱਖ ਨਸ਼ੇ ਦੀ ਦਲਦਲ ਵਿਚ ਧੱਸਦਾ ਜਾ ਰਿਹਾ ਹੈ। ਉਨਾਂ ਕਿਹਾ ਕਿ ਇਸ ਇਲਾਕੇ ਵਿੱਚ ਅਕਸਰ ਨਸ਼ੇ ਦੀ ਓਵਰਡੋਜ਼ ਕਾਰਨ ਮੌਤਾਂ ਹੁੰਦੀਆਂ ਰਹਿੰਦੀਆਂ ਹਨ।

ਨਸ਼ਾ ਕਰਨ ਵਾਲੇ ਨੌਜਵਾਨ ਲੁੱਟ-ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ ਜਿਸ ਕਾਰਨ ਇਨਾਂ ਅੱਧੀ ਦਰਜਨ ਪਿੰਡਾਂ ਦੇ ਲੋਕਾਂ ਦਾ ਜਿਉਣਾ ਮੁਸ਼ਕਲ ਹੋਇਆ ਹੈ। ਉਨਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਨਸ਼ੇ ਨੂੰ ਠੱਲ ਪਾਈ ਜਾਵੇ ਤਾਂ ਜੋ ਪੰਜਾਬ ਦੀ ਨੌਜਵਾਨੀ ਨੂੰ ਬਚਾਇਆ ਜਾ ਸਕੇ। ਇਹ ਪੱਤਰ ਸੁਨੀਤਾ ਸਰਪੰਚ ਦੇਣੋਵਾਲ ਖ਼ੁਰਦ, ਸੰਤੋਸ਼ ਕੁਮਾਰੀ ਸਰਪੰਚ ਬਗਵਾਈਂ, ਸਰਬਜੀਤ ਕੌਰ ਸਰਪੰਚ ਸਿਕੰਦਰਪੁਰ, ਬਲਦੀਪ ਸਿੰਘ ਸਰਪੰਚ ਇਬਰਾਹੀਮਪੁਰ, ਗੁਰਦੀਸ਼ ਕੌਰ ਸਰਪੰਚ ਦਾਰਾਪੁਰ ਅਤੇ ਸੁਰਜੀਤ ਕੌਰ ਅਧਿਕਾਰਤ ਪੰਚ ਡੋਗਰਪੁਰ ਵੱਲੋਂ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਗਿਆ।ਇਸ ਸਬੰਧੀ ਗੱਲਬਾਤ ਕਰਦਿਆਂ ਬਸਤੀ ਸਾਂਸੀਆਂ ਦੇ ਸਰਪੰਚ ਜਤਿੰਦਰ ਕੁਮਾਰ ਨੇ ਕਿਹਾ ਕਿ ਆਏ ਦਿਨ ਪਿੰਡ ਦੇ ਆਲੇ ਦੁਆਲੇ ਨੌਜਵਾਨਾਂ ਦੀਆਂ ਬਾਹਾਂ ਵਿੱਚ ਸੂਈਆਂ ਲੱਗੀਆਂ ਲਾਸ਼ਾਂ ਮਿਲਦੀਆਂ ਹਨ। ਪੁਲਿਸ ਪ੍ਰਸ਼ਾਸਨ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ।

## ਡਰੱਗ ਲਈ ਪੈਸੇ ਨਾ ਮਿਲਣ 'ਤੇ ਨਸ਼ੇੜੀ ਪੁੱਤਰ ਵੱਲੋਂ ਪਿਓ ਦਾ ਕਤਲ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਇਲਾਕੇ ਵਿਚ, ਜਿਥੇ ਇਕ ਨਸ਼ੇੜੀ ਨੇ ਆਪਣੇ ਪਿਓ ਨੂੰ ਇਸ ਲਈ ਮੌਤ ਦੇ ਘਾਟ ਉਤਾਰ ਦਿੱਤਾ ਕਿਉਂਕਿ ਉਸ ਦਾ ਪਿਓ ਉਸ ਨੂੰ ਨਸ਼ੇ ਦੀ ਪੂਰਤੀ ਲਈ ਪੈਸੇ ਨਹੀਂ ਸੀ ਦਿੰਦਾ। ਜੰਡਿਆਲਾ ਗੁਰੂ ਦੇ ਡੀ.ਐੱਸ.ਪੀ. ਸੁਖਵਿੰਦਰਪਾਲ ਸਿੰਘ ਨੇ ਦੱਸਿਆ ਕਿ ਬੀਤੀ 30 ਅਪ੍ਰੈਲ ਨੂੰ ਮ੍ਰਿਤਕ ਹਰਬੰਸ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਜੰਡਿਆਲਾ ਗੁਰੂ ਦੀ ਲਾਸ਼ ਭੇਤ-ਭਰੀ ਹਾਲਤ ਵਿੱਚ ਪਿੰਡ ਨਰੈਣਗੜ੍ਹ ਦੇ ਗੰਦੇ ਨਾਲੇ ਵਿਚੋਂ ਮਿਲਣ 'ਤੇ ਮ੍ਰਿਤਕ ਦੇ ਲੜਕੇ ਰਮਨਦੀਪ ਸਿੰਘ ਦੇ ਬਿਆਨ 'ਤੇ ਅਣਪਛਾਤੇ ਵਿਅਕਤੀਆਂ ਦੇ ਖ਼ਿਲਾਫ਼ ਥਾਣਾ ਤਰਸਿੱਕਾ ਵਿਚ ਮੁਕੱਦਮਾ ਦਰਜ ਕੀਤਾ ਗਿਆ ਸੀ ਅਤੇ ਤਫਤੀਸ਼ ਦੌਰਾਨ ਪਾਇਆ ਗਿਆ ਕਿ ਹਰਬੰਸ ਸਿੰਘ ਦਾ ਕਤਲ ਉਸ ਦੇ ਵੱਡੇ ਲੜਕੇ ਸਤਨਾਮ ਸਿੰਘ ਜੋ ਨਸ਼ੇ ਕਰਨ ਦਾ ਆਦੀ ਹੈ ਤੇ ਨਸ਼ੇ ਦੀ ਪੂਰਤੀ ਲਈ ਅਕਸਰ ਆਪਣੇ ਪਿਓ ਕੋਲੋਂ ਪੈਸਿਆਂ ਦੀ ਮੰਗ ਕਰਦਾ ਰਹਿੰਦਾ ਸੀ ਪਰ ਪਿਓ ਆਪਣੇ



ਲੜਕੇ ਨੂੰ ਇਸ ਗੱਲ ਤੋਂ ਰੋਕਦਾ ਸੀ। ਕੁਝ ਦਿਨ ਪਹਿਲਾਂ ਹੀ ਸਤਨਾਮ ਸਿੰਘ ਨੇ ਆਪਣੇ ਪਿਤਾ ਦੀ ਸਿਲਾਈ ਮਸ਼ੀਨ ਵੇਚ ਕੇ ਨਸ਼ਾ ਕੀਤਾ ਸੀ ਅਤੇ ਰਾਤ ਨੂੰ ਸਤਨਾਮ ਸਿੰਘ ਆਪਣੇ ਪਿਤਾ ਨੂੰ ਮਸ਼ੀਨ ਵਾਪਸ ਦਿਵਾਉਣ ਦਾ ਬਹਾਨਾ ਬਣਾ ਕੇ ਆਪਣੇ ਨਾਲ ਮੋਟਰਸਾਈਕਲ ਦੇ ਬਿਠਾ ਕੇ ਲੈ ਗਿਆ ਸੀ, ਜਦ ਹਰਬੰਸ ਸਿੰਘ ਨੂੰ ਆਪਣੇ ਲੜਕੇ ਸਤਨਾਮ ਸਿੰਘ ਤੋਂ ਪਤਾ ਲੱਗਾ ਕਿ ਉਸ ਦੀ ਸਿਲਾਈ ਮਸ਼ੀਨ ਉਸ ਨੇ ਵੇਚ ਕੇ ਨਸ਼ੇ ਦੀ ਪੂਰਤੀ ਕਰ ਲਈ ਸੀ ਤਾਂ ਦੋਵਾਂ ਵਿਚਕਾਰ ਤਕਰਾਰ ਹੋ ਗਈ, ਜਿਸ 'ਤੇ ਸਤਨਾਮ ਸਿੰਘ ਨੇ ਆਪਣੇ ਪਿਓ ਨੂੰ ਪਿੰਡ ਨਰੈਣਗੜ੍ਹ ਦੇ ਬਾਹਰਵਾਰ ਸੜਕ ਦੇ ਨਾਲ ਜਾਂਦੇ ਗੰਦੇ ਨਾਲੇ ਵਿਚ ਡੁਬੋ ਕੇ ਮਾਰ ਦਿੱਤਾ ਸੀ। ਥਾਣਾ ਤਰਸਿੱਕਾ ਦੀ ਪੁਲਿਸ ਟੀਮ ਵੱਲੋਂ ਇਸ ਅੰਨੇ ਕਤਲ ਦੀ ਗੁੱਥੀ ਨੂੰ ਸੁਲਝਾਉਂਦਿਆਂ ਮ੍ਰਿਤਕ ਦੇ ਲੜਕੇ ਸਤਨਾਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ

# ਤਰਨ ਤਾਰਨ ਵਿਖੇ ਚਾਰ ਕਿਲੋ ਆਰਡੀਐਕਸ ਬਰਾਮਦ

## ✡ ਪੁਲਿਸ ਨੇ ਦੋ ਵਿਅਕਤੀ ਫੜੇ, ਖਾੜਕੂ ਹਮਲਾ ਨਾਕਾਮ ਕਰਨ ਦਾ ਦਾਅਵਾ ✡ ਖਾੜਕੂ ਹੋਣ ਦੇ ਦੋਸ਼ ਵਿਚ ਕਰਨਾਲ ਤੋਂ ਗੁਰਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ਗ੍ਰਿਫ਼ਤਾਰ

**ਤਰਨ ਤਾਰਨ/ਏ.ਟੀ.ਨਿਊਜ਼ :-** ਪੰਜਾਬ ਪੁਲਿਸ ਨੇ ਤਰਨ ਤਾਰਨ ਦੇ ਪਿੰਡ ਨੌਸ਼ਹਿਰਾ ਪੰਨੂਆਂ ਤੋਂ ਦੋ ਵਿਅਕਤੀਆਂ ਨੂੰ ਡੇਢ ਕਿਲੋ ਆਰਡੀਐਕਸ ਤੇ ਢਾਈ ਕਿਲੋ ਆਈਈਡੀ ਸਣੇ ਕਾਬੂ ਕੀਤਾ ਹੈ। ਪੁਲਿਸ ਨੇ ਇੰਨੀ ਵੱਡੀ ਮਾਤਰਾ ਵਿੱਚ ਧਮਾਕਾਖੇਜ਼ ਸਮੱਗਰੀ ਬਰਾਮਦ ਕਰਕੇ ਸਰਹੱਦੀ ਰਾਜ ਵਿੱਚ ਸੰਭਾਵੀ ਦਹਿਸ਼ਤੀ ਹਮਲਾ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਦੇ ਬੰਬ ਨਕਾਰਾ ਦਸਤੇ ਨੇ ਧਮਾਕਾਖੇਜ਼ ਸਮੱਗਰੀ ਨੂੰ ਬਾਅਦ 'ਚ ਨਕਾਰਾ ਕਰ ਦਿੱਤਾ। ਸਰਹਾਲੀ ਪੁਲੀਸ ਥਾਣੇ ਵਿੱਚ ਮੁਲਜ਼ਮਾਂ ਖਿਲਾਫ਼ ਆਈਪੀਸੀ ਤੇ ਧਮਾਕਾਖੇਜ਼ ਵਸਤੂ (ਸੋਧ) ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮਾਂ ਕੋਲੋਂ ਮੋਟਰਸਾਈਕਲ ਤੇ ਦੋ ਮੋਬਾਈਲ ਫੋਨ ਵੀ ਬਰਾਮਦ ਹੋਏ ਹਨ। ਪੁਲੀਸ ਮੁਤਾਬਕ ਇਹ ਆਈਈਡੀ ਧਾਤ ਦੇ ਬਣੇ ਕਾਲੇ ਰੰਗ ਦੇ ਬਕਸੇ ਵਿੱਚ ਸੀ, ਜਿਸ ਦਾ ਕੁਲ ਵਜ਼ਨ ਢਾਈ ਕਿਲੋ ਤੋਂ ਵੱਧ ਸੀ। ਬਕਸੇ ਵਿੱਚ ਟਾਈਮਰ, ਡੈਟੋਨੇਟਰ, ਬੈਟਰੀ ਤੇ ਮੇਖਾਂ ਵੀ ਸਨ। ਪੁਲਿਸ ਮੁਤਾਬਕ ਮੁਲਜ਼ਮ ਧਮਾਕਾਖੇਜ਼ ਸਮੱਗਰੀ ਨਾਲ ਕਿਸੇ ਧਾਰਮਿਕ ਸਮਾਗਮ ਵਿੱਚ ਗੜਬੜ ਕਰਕੇ ਸੂਬੇ ਅੰਦਰ ਅਮਨ ਸ਼ਾਂਤੀ ਨੂੰ ਭੰਗ ਕਰਨਾ ਚਾਹੁੰਦੇ ਸਨ। ਇਹ ਗ੍ਰਿਫ਼ਤਾਰੀ ਅਜਿਹੇ ਮੌਕੇ ਹੋਈ ਹੈ ਜਦੋਂ ਹਰਿਆਣਾ ਪੁਲਿਸ ਨੇ ਤਿੰਨ ਦਿਨ ਪਹਿਲਾਂ ਪੰਜਾਬ ਪੁਲਿਸ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਕਰਨਾਲ ਵਿੱਚ ਚਾਰ ਵਿਅਕਤੀਆਂ ਨੂੰ ਢਾਈ-ਢਾਈ ਕਿਲੋ ਦੀਆਂ ਤਿੰਨ ਆਈਈਡੀ'ਜ਼ ਤੇ ਇਕ ਪਿਸਤੌਲ ਸਣੇ ਕਾਬੂ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਐਤਵਾਰ ਨੂੰ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਬਲਜਿੰਦਰ ਸਿੰਘ ਉਰਫ਼ ਬਿੰਦੂ (22) ਵਾਸੀ ਪਿੰਡ ਗੁੱਜਰਪੁਰਾ (ਅਜਨਾਲਾ) ਤੇ ਜਗਤਾਰ ਸਿੰਘ ਉਰਫ਼ ਜੱਗਾ ਵਾਸੀ ਪਿੰਡ ਖਾਨੋਵਾਲ (ਅਜਨਾਲਾ) ਵਜੋਂ ਹੋਈ ਹੈ। ਪੁਲਿਸ ਮੁਤਾਬਕ ਮੁਲਜ਼ਮਾਂ ਦੇ ਕਬਜ਼ੇ ਵਿਚੋਂ ਮੋਟਰਸਾਈਕਲ ਤੇ ਦੋ ਮੋਬਾਈਲ ਫੋਨ ਵੀ ਬਰਾਮਦ ਹੋਏ ਹਨ। ਵਧੀਕ ਡੀਜੀਪੀ (ਅੰਦਰੂਨੀ ਸੁਰੱਖਿਆ) ਆਰ.ਐੱਨ. ਢੋਕੇ ਨੇ ਦੱਸਿਆ ਕਿ ਬਿੰਦੂ ਅਜਨਾਲਾ ਦੇ ਨਿੱਜੀ ਹਸਪਤਾਲ ਵਿੱਚ ਨਰਸਿੰਗ ਸਹਾਇਕ ਸੀ ਜਦੋਂਕਿ ਜੱਗਾ ਮਜ਼ਦੂਰੀ ਕਰਦਾ ਸੀ ਅਤੇ ਦੋਵੇਂ ਪੈਸੇ ਤੇ ਨਸ਼ਿਆਂ ਲਈ ਇਹ ਕੰਮ ਕਰਦੇ ਸਨ। ਉਨਾਂ ਦੱਸਿਆ ਕਿ ਤਰਨ ਤਾਰਨ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਬਿੰਦੂ ਤੇ ਜੱਗਾ ਧਮਾਕਾਖੇਜ਼ ਸਮੱਗਰੀ ਚੁੱਕੀ ਨੌਸ਼ਹਿਰਾ ਪੰਨੂਆਂ ਇਲਾਕੇ ਵਿੱਚ ਘੁੰਮ ਰਹੇ ਹਨ ਤੇ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਲਈ ਧਮਾਕਾ ਕਰਨ ਦੀ ਯੋਜਨਾ ਘੜ ਰਹੇ ਹਨ। ਸੂਹ ਦੇ ਆਧਾਰ 'ਤੇ ਤਰਨ ਤਾਰਨ ਦੇ ਐੱਸਐੱਸਪੀ ਰਣਜੀਤ ਸਿੰਘ ਨੇ ਪੁਲੀਸ ਟੀਮਾਂ ਨਾਲ ਛਾਪੇਮਾਰੀ ਕਰਦਿਆਂ ਦੋਵਾਂ ਮੁਲਜ਼ਮਾਂ ਨੂੰ ਧਾਤ ਦੇ ਬਕਸੇ ਵਿੱਚ ਰੱਖੀ ਆਈਈਡੀ ਸਣੇ ਕਾਬੂ ਕਰ ਲਿਆ। ਐੱਸਐੱਸਪੀ ਨੇ ਕਿਹਾ ਕਿ ਸ਼ੁਰੂਆਤੀ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਆਪਣੇ ਸਾਥੀ ਜੋਬਨਜੀਤ ਸਿੰਘ ਉਰਫ ਜੋਬਨ ਵਾਸੀ ਅਵਾਣ ਵਸਾਊ ਦੇ ਕਹਿਣ 'ਤੇ ਆਈਈਡੀ ਲੈਣ ਲਈ ਗਏ ਸਨ, ਜਿਹੜੀ ਬੋਰੀ ਵਿੱਚ ਜ਼ਮੀਨ ਹੇਠ ਦੱਬੀ ਹੋਈ ਸੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਜੋਬਨਜੀਤ ਖਿਲਾਫ਼ ਪਹਿਲਾਂ ਹੀ ਐੱਨਡੀਪੀਐੱਸ ਐਕਟ ਤਹਿਤ ਕਈ ਫੌਜਦਾਰੀ ਕੇਸ ਦਰਜ ਹਨ ਤੇ ਉਸ ਨੂੰ ਭਗੌੜਾ ਐਲਾਨਿਆ ਹੋਇਆ ਹੈ।

### ਕਰਨਾਲ ਤੋਂ ਗ੍ਰਿਫ਼ਤਾਰ ਮਸ਼ਕੂਕਾਂ ਦਾ ਨਸ਼ਿਆਂ ਦੀ ਸਪਲਾਈ ਵਿਚ ਵੀ ਹੱਥ

ਸਥਾਨਕ ਪੁਲਿਸ ਵੱਲੋਂ ਪਿਛਲੇ ਦਿਨੀਂ ਗ੍ਰਿਫ਼ਤਾਰ ਕੀਤੇ ਚਾਰ ਮਸ਼ਕੂਕਾਂ, ਜਿਨਾਂ ਦੇ ਸਬੰਧ ਖ਼ਾਲਿਸਤਾਨੀ ਜਥੇਬੰਦੀਆਂ ਨਾਲ ਦੱਸੇ ਜਾਂਦੇ ਹਨ, ਪੰਜਾਬ ਵਿੱਚ ਨਸ਼ਿਆਂ ਦੀ ਤਸਕਰੀ ਤੋਂ ਇਲਾਵਾ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਹਥਿਆਰ ਤੇ ਗੋਲੀ-ਸਿੱਕਾ ਵੀ ਸਪਲਾਈ ਕਰਦੇ ਸਨ। ਤਫ਼ਤੀਸ਼ੀ ਟੀਮ ਵਿੱਚ ਸ਼ਾਮਲ ਭਰੋਸੇਯੋਗ ਸੂਤਰਾਂ ਮੁਤਾਬਕ ਮੁਲਜ਼ਮਾਂ ਨੇ ਪੰਜਾਬ ਵਿੱਚ ਕਈ ਥਾਈਂ 14 ਕਿਲੋ ਹੈਰੋਇਨ ਪੁੱਜਦੀ ਕੀਤੀ ਹੈ। ਪੁਲਿਸ ਨੇ ਕਿਹਾ ਕਿ ਸਰਹੱਦ ਪਾਰੋਂ ਪਾਕਿਸਤਾਨ ਤੋਂ ਡਰੋਨਾਂ ਦੀ ਮਦਦ ਨਾਲ ਧਮਾਕਾਖੇਜ਼ ਸਮੱਗਰੀ ਹੀ ਨਹੀਂ ਨਸ਼ੇ ਤੇ ਖਾਸ ਕਰਕੇ ਹੈਰੋਇਨ ਵੀ ਭੇਜੀ ਜਾਂਦੀ ਹੈ। ਐੱਸਪੀ ਗੰਗਾ ਰਾਮ ਪੂਨੀਆ ਨੇ ਕਿਹਾ, 'ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੇ ਕਬੂਲ ਕੀਤਾ ਹੈ ਕਿ ਪਾਕਿਸਤਾਨ ਆਧਾਰਿਤ ਦਹਿਸ਼ਤਗਰਦ ਹਰਵਿੰਦਰ ਸਿੰਘ ਰਿੰਦਾ ਵੱਲੋਂ ਡਰੋਨਾਂ ਦੀ ਮਦਦ ਨਾਲ ਭੇਜੀ ਨਸ਼ਿਆਂ ਦੀ ਖੇਪ ਨਾਲ ਉਨਾਂ ਨੂੰ ਹਥਿਆਰ ਤੇ ਗੋਲੀ-ਸਿੱਕੇ ਦਾ ਜ਼ਖੀਰਾ ਵੀ ਮਿਲਿਆ ਸੀ। ਧਮਾਕਾਖੇਜ਼ ਸਮੱਗਰੀ ਦੀ ਹਰੇਕ ਡਲਿਵਰੀ ਨਾਲ ਨਸ਼ਿਆਂ ਦੀ ਖੇਪ ਆਉਂਦੀ ਸੀ। ਇਹ ਕਾਬੂ ਕੀਤੇ ਮੁਲਜ਼ਮ ਅੱਗੇ ਰਿੰਦਾ ਵੱਲੋਂ ਦੱਸੀ ਲੋਕੇਸ਼ਨ ਮੁਤਾਬਕ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਨਸ਼ਾ ਸਪਲਾਈ ਕਰਦੇ ਸਨ।' ਐੱਸਪੀ ਨੇ ਕਿਹਾ ਕਿ ਏਐੱਸਪੀ ਹਿਮਾਦਰੀ ਕੌਸ਼ਿਕ ਦੀ ਅਗਵਾਈ ਵਿੱਚ ਉਨਾਂ ਦੀਆਂ ਛੇ ਟੀਮਾਂ ਵੱਖ-ਵੱਖ ਪੱਖਾਂ 'ਤੇ ਕੰਮ ਕਰ ਰਹੀਆਂ ਹਨ। ਇਕ ਟੀਮ ਮੁਲਜ਼ਮਾਂ ਦੇ ਫੋਨ ਕਾਲਾਂ ਦਾ ਮੁਲਾਂਕਣ ਕਰ ਰਹੀ ਹੈ ਜਦੋਂਕਿ ਦੂਜੀ ਟੀਮ ਵੱਲੋਂ ਮੁਲਜ਼ਮਾਂ ਦੇ ਬੈਂਕ ਖਾਤੇ ਖੰਗਾਲੇ ਜਾ ਰਹੇ ਹਨ। ਸੂਤਰਾਂ ਮੁਤਾਬਕ ਮੁਲਜ਼ਮਾਂ ਦੇ ਮੋਬਾਈਲ ਫੋਨਾਂ ਵਿੱਚ ਕੁਝ ਵਿਦੇਸ਼ੀ ਨੰਬਰ ਵੀ ਮਿਲੇ ਹਨ। ਐੱਸਪੀ ਨੇ ਕਿਹਾ ਕਿ ਜਾਂਚ ਦਾ ਅਮਲ ਜਾਰੀ ਹੋਣ ਕਰਕੇ ਉਹ ਅਜੇ ਬਹੁਤੀ ਤਫ਼ਸੀਲ ਨਹੀਂ ਦੇ ਸਕਦੇ। ਪੰਜਾਬ ਵਿੱਚ ਅੱਜ ਦੋ ਹੋਰ ਮਸ਼ਕੂਕਾਂ ਦੀ ਗ੍ਰਿਫ਼ਤਾਰੀ ਬਾਰੇ ਪੁੱਛੇ ਜਾਣ 'ਤੇ ਐੱਸਪੀ ਨੇ ਕਿਹਾ ਕਿ ਉਹ ਵੱਖ ਵੱਖ ਏਜੰਸੀਆਂ ਦੇ ਸੰਪਰਕ ਵਿੱਚ ਹਨ।

### ਗੁਰਪ੍ਰੀਤ ਤੇ ਅਮਨਦੀਪ ਦੇ ਮਾਮੇ ਦਾ ਪੁੱਤ ਚੁੱਕਿਆ

ਕਰਨਾਲ ਤੋਂ ਗ੍ਰਿਫ਼ਤਾਰ ਗੁਰਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ਦਾ ਮਾਮਾ ਬੂਟਾ ਸਿੰਘ ਫ਼ਰੀਦਕੋਟ ਸਿਹਤ ਵਿਭਾਗ ਵਿਚ ਬਤੌਰ ਡਰਾਈਵਰ ਤਾਇਨਾਤ ਹੈ। ਬੂਟਾ ਸਿੰਘ ਦਾ 12ਵੀਂ ਜਮਾਤ ਵਿਚ ਪੜਨ ਵਾਲਾ ਪੁੱਤਰ ਜਸ਼ਨਪ੍ਰੀਤ ਸਿੰਘ ਵੀ ਗੁਰਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ਨਾਲ ਪਿਛਲੇ ਦਿਨੀਂ ਹਜ਼ੂਰ ਸਾਹਿਬ ਗਿਆ ਸੀ। ਇਸ ਸੰਬੰਧੀ ਸੁਰੱਖਿਆ ਏਜੰਸੀਆਂ ਵਲੋਂ ਜਸ਼ਨਪ੍ਰੀਤ ਸਿੰਘ ਨੂੰ ਪੁੱਛਗਿੱਛ ਲਈ ਆਪਣੇ ਨਾਲ ਲੈ ਗਈਆਂ ਹਨ। ਜਸ਼ਨਪ੍ਰੀਤ ਦੇ ਪਿਤਾ ਬੂਟਾ ਸਿੰਘ ਅਤੇ ਮਾਤਾ ਨੇ ਕਿਹਾ ਕਿ ਜੋ ਗ੍ਰਿਫ਼ਤਾਰੀਆਂ ਹੋਈਆਂ ਹਨ, ਉਸ ਵਿਚ ਗੁਰਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ਉਨਾਂ ਦੇ ਭਾਣਜੇ ਹਨ ਪਰ ਉਨਾਂ ਦਾ ਸਾਡੇ ਘਰ ਜ਼ਿਆਦਾ ਆਉਣਾ-ਜਾਣਾ ਨਹੀਂ ਹੈ। ਪ੍ਰੰਤੂ ਜਸ਼ਨਪ੍ਰੀਤ ਕੁਝ ਦਿਨ ਪਹਿਲਾਂ ਉਨਾਂ ਨਾਲ ਹਜ਼ੂਰ ਸਾਹਿਬ ਜ਼ਰੂਰ ਗਿਆ ਸੀ, ਪ੍ਰੰਤੂ ਸੁਰੱਖਿਆ ਏਜੰਸੀਆਂ ਸਾਡੇ ਬੱਚੇ ਨੂੰ ਕਿਉਂ ਨਾਲ ਲੈ ਕੇ ਗਈਆਂ ਹਨ, ਇਹ ਕਾਰਨ ਨਹੀਂ ਦੱਸਿਆ। ਉਨਾਂ ਕਿਹਾ ਕਿ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਲੜਕੇ ਦਾ ਕੀ ਕਸੂਰ ਹੈ?

# ਪੰਥ ਵਿਚੋਂ ਜ਼ੀਰੋ ਹੋਣ ਕਾਰਨ ਬਾਦਲ ਪਰਿਵਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਉਠਾਇਆ-ਹਵਾਰਾ ਕਮੇਟੀ

**ਅੰਮ੍ਰਿਤਸਰ-**ਭਾਈ ਜਗਤਾਰ ਸਿੰਘ ਹਵਾਰਾ ਦੁਆਰਾ ਗਠਿਤ ਹਵਾਰਾ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਅਰੰਭੀ ਜਾ ਰਹੀ ਮੁਹਿੰਮ ਸੰਬੰਧੀ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਅਕਾਲੀ ਦਲ ਵੱਲੋਂ ਆਪਣੀ ਗੁਆਚੀ ਸਿਆਸੀ ਸਾਖ਼ ਦੀ ਬਹਾਲੀ ਲਈ ਕੌਮੀ ਸਿੱਖ ਸੰਸਥਾਵਾਂ ਅਕਾਲੀ ਦਲ ਅਤੇ ਅਕਾਲ ਤਖ਼ਤ ਸਾਹਿਬ ਨੂੰ ਕਥਿਤ ਤੌਰ 'ਤੇ ਢਾਲ ਬਣਾ ਕੇ ਸਿੱਖ ਕੌਮ ਨੂੰ ਛਲਾਵੇ ਦੇ ਜਾਲ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਮੇਟੀ ਦੇ ਬੁਲਾਰੇ ਪ੍ਰੋ: ਬਲਜਿੰਦਰ ਸਿੰਘ ਤੇ ਹੋਰਨਾਂ ਆਗੂਆਂ ਨੇ ਸਪਸ਼ਟ ਕੀਤਾ ਕਿ ਉਹ ਦਲ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੀਆਂ ਕੋਸ਼ਿਸ਼ਾਂ ਦੇ ਵਿਰੁੱਧ ਨਹੀਂ, ਪਰ ਅਕਾਲੀ ਦਲ ਤੇ ਇਸ ਦੇ ਪ੍ਰਧਾਨ ਨੂੰ



ਜਥੇਦਾਰ ਹਵਾਰਾ ਕਮੇਟੀ ਵਲੋਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਮੇਟੀ ਦੇ ਬੁਲਾਰੇ ਪ੍ਰੋ: ਬਲਜਿੰਦਰ ਸਿੰਘ। ਨਾਲ ਹੋਰ ਕਮੇਟੀ ਆਗੂ।

ਪਹਿਲਾਂ ਬੰਦੀ ਸਿੰਘਾਂ ਅਤੇ ਹੋਰ ਪੰਥਕ ਮੁੱਦਿਆਂ ਸੰਬੰਧੀ ਆਪਣੀ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ। ਉਨਾਂ ਦੋਸ਼ ਲਾਇਆ ਕਿ ਪਿਛਲੇ ਸਮੇਂ ਦੌਰਾਨ ਬਾਦਲ ਪਰਿਵਾਰ ਨੇ ਸੱਤਾ ਦੇ ਨਸ਼ੇ ਵਿਚ ਬੰਦੀ ਸਿੰਘਾਂ ਦੀ ਰਿਹਾਈ ਤੇ ਹੋਰ ਪੰਥਕ ਮੁੱਦਿਆਂ 'ਤੇ ਸਿੱਖ ਸਿਧਾਂਤਾਂ ਨੂੰ ਢਹਿ ਢੇਰੀ ਕੀਤਾ ਹੈ। ਉਨਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਹਵਾਰਾ ਕਮੇਟੀ ਵੱਲੋਂ 15 ਮਈ ਨੂੰ ਦਿੱਲੀ ਵਿਖੇ ਸ੍ਰੀ ਰਕਾਬਗੰਜ ਸਾਹਿਬ ਤੱਕ ਜਾਗਰੂਕਤਾ ਰੈਲੀ ਵੀ ਕੱਢੀ ਜਾ ਰਹੀ ਹੈ। ਇਸ ਮੌਕੇ ਭਾਈ ਬਲਬੀਰ ਸਿੰਘ ਹਿਸਾਰ, ਭਾਈ ਭੁਪਿੰਦਰ ਸਿੰਘ ਭਲਵਾਨ ਮੁਖੀ ਅਖੰਡ ਕੀਰਤਨੀ ਜਥਾ ਜਰਮਨੀ, ਮਹਾਂਬੀਰ ਸਿੰਘ ਸੁਲਤਾਨਵਿੰਡ, ਬਲਦੇਵ ਸਿੰਘ ਨਵਾਂਪਿੰਡ, ਰਘਬੀਰ ਸਿੰਘ ਭੁੱਚਰ, ਨਰਿੰਦਰ ਸਿੰਘ ਗਿੱਲ, ਕੰਵਲਜੀਤ ਸਿੰਘ ਸੁਲਤਾਨਵਿੰਡ ਆਦਿ ਹਾਜ਼ਰ ਸਨ।

# 10 ਕਰੋੜ ਦੀ ਹੈਰੋਇਨ ਤੇ 7 ਲੱਖ ਦੀ ਡਰੱਗ ਮਨੀ ਸਮੇਤ ਸਮਗਲਰ ਗ੍ਰਿਫ਼ਤਾਰ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਨਸ਼ਿਆਂ ਖ਼ਿਲਾਫ਼ ਰਾਜ ਕਾਊਂਟਰ ਇੰਟੈਲੀਜੈਂਸ ਨੇ ਬੀਤੇ ਦਿਨੀਂ ਪਾਕਿਸਤਾਨ ਤੋਂ ਆਈ ਹੈਰੋਇਨ ਦੀ ਖੇਪ ਲੈ ਕੇ ਜਾ ਰਹੇ ਇਕ ਤਸਕਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਸ ਪਾਸੋਂ ਪੁਲਿਸ ਨੇ 2 ਕਿਲੋਗ੍ਰਾਮ ਹੈਰੋਇਨ, 7 ਲੱਖ ਦੀ ਡਰੱਗ ਮਨੀ, ਇਕ ਮੋਟਰਸਾਈਕਲ ਤੇ ਮੋਬਾਈਲ ਫੋਨ ਵੀ ਬਰਾਮਦ ਹੋਇਆ ਹੈ। ਬਰਾਮਦ ਹੋਈ ਹੈਰੋਇਨ ਦੀ ਕੀਮਤ ਕੌਮਾਂਤਰੀ ਮੰਡੀ ਵਿਚ 10 ਕਰੋੜ ਰੁਪਏ ਦੱਸੀ ਗਈ ਹੈ। ਕਾਊਂਟਰ ਇੰਟੈਲੀਜੈਂਸ ਦੇ ਏ.ਆਈ.ਜੀ. ਸ਼ੈਲੰਦਰ ਸਿੰਘ ਸ਼ੈਲੀ ਦੇ ਨਿਰਦੇਸ਼ਾਂ ਤਹਿਤ ਇੰਸ: ਇੰਦਰਦੀਪ ਸਿੰਘ ਦੀ ਟੀਮ ਨੇ ਗੁਪਤ ਸੂਚਨਾ ਤਹਿਤ ਇਥੇ ਸਰਹੱਦੀ ਖੇਤਰ ਲੋਪੋਕੇ ਚੋਗਾਵਾਂ ਦੇ ਨੇੜਿਓਂ ਇਕ ਮੋਟਰਸਾਇਕਲ ਸਵਾਰ ਨੂੰ ਗ੍ਰਿਫ਼ਤਾਰ ਕੀਤਾ, ਜਿਸ ਪਾਸੋਂ ਉਕਤ ਹੈਰੋਇਨ ਬਰਾਮਦ ਹੋਈ। ਗ੍ਰਿਫ਼ਤਾਰ ਕੀਤੇ ਨੌਜਵਾਨ ਦੀ ਸ਼ਨਾਖਤ ਹਰਦੀਪ ਸਿੰਘ ਪਿੰਡ ਚੱਕ ਮਿਸ਼ਰੀ ਖਾਂ ਵਜੋਂ ਹੋਈ ਹੈ। ਪੁਲਿਸ ਅਨੁਸਾਰ ਇਹ ਹੈਰੋਇਨ ਪਾਕਿਸਤਾਨ ਦੇ ਖੇਤਰ ਨਾਰੋਵਾਲ ਦੇ ਰਹਿਣ ਵਾਲੇ ਤਸਕਰ ਤਾਰਿਕ ਵਲੋਂ ਭੇਜੀ ਗਈ ਸੀ।



ਹੈਰੋਇਨ ਤਸਕਰੀ ਦੇ ਮਾਮਲੇ 'ਚ ਗ੍ਰਿਫ਼ਤਾਰ ਨੌਜਵਾਨ ਕਾਊਂਟਰ ਇੰਟੈਲੀਜੈਂਸ ਦੀ ਪੁਲਿਸ ਟੀਮ ਨਾਲ।

# ਵਿਸ਼ਵ ਸਿਹਤ ਸੰਗਠਨ ਅਨੁਸਾਰ ਸ਼ਰਾਬ ਪੀਣ ਨਾਲ ਹਰ 10 ਸਕਿੰਟ ਵਿਚ ਹੋ ਰਹੀ ਇਕ ਵਿਅਕਤੀ ਦੀ ਮੌਤ

## ਦੁਨੀਆ ਵਿਚ ਹਰ ਸਾਲ 30 ਲੱਖ ਲੋਕ ਜਹਿਰੀਲੀ ਸ਼ਰਾਬ ਨਾਲ ਮਰਦੇ ਹਨ

**ਜੇਨੇਵਾ/ਏ.ਟੀ.ਨਿਊਜ਼ :-** ਵਿਸ਼ਵ ਸਿਹਤ ਸੰਗਠਨ (ਡਬਲਯੂ. ਐੱਚ. ਓ.) ਨੇ ਅਲਕੋਹਲ 'ਤੇ ਕਾਬੂ ਪਾਉਣ ਲਈ ਕੌਮਾਂਤਰੀ ਸਹਿਯੋਗ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਸ਼ਰਾਬ ਪੀਣ ਨਾਲ ਹਰ 10 ਸਕਿੰਟ ਵਿਚ ਇਕ ਵਿਅਕਤੀ ਦੀ ਮੌਤ ਹੋ ਰਹੀ ਹੈ ਅਤੇ ਸਬੰਧਤ ਕੰਪਨੀਆਂ ਨੌਜਵਾਨਾਂ ਤੇ ਨਸ਼ੇ ਦੇ ਆਦੀ ਲੋਕਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਦੁਨੀਆ ਦੀ ਨੌਜਵਾਨ ਤੇ ਵਧਦੀ ਆਬਾਦੀ ਵਾਲੇ ਖੇਤਰਾਂ ਅਫਰੀਕਾ ਅਤੇ ਲੈਟਿਨ ਅਮਰੀਕਾ ਨੂੰ ਖਾਸ ਤੌਰ 'ਤੇ ਟੀਚਾ ਬਣਾਇਆ ਜਾ ਰਿਹਾ ਹੈ। ਸ਼ਰਾਬ ਦੀ ਬਾਜ਼ਾਰ ਤਕਨੀਕਾਂ 'ਤੇ ਜਾਰੀ ਇਕ ਨਵੀਂ ਰਿਪੋਰਟ 'ਚ ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਪੂਰੀ ਦੁਨੀਆ ਵਿਚ ਹਰ ਸਾਲ 30 ਲੱਖ ਲੋਕ ਸ਼ਰਾਬ ਦੇ ਹਾਨੀਕਾਰਕ ਇਸਤੇਮਾਲ ਦੇ ਨਤੀਜੇ ਵਜੋਂ ਮਰ ਜਾਂਦੇ ਹਨ।ਪੂਰੀ ਦੁਨੀਆ ਵਿਚ ਹਰ ਸਾਲ ਕੁੱਲ ਮੌਤਾਂ 'ਚੋਂ 5 ਫੀਸਦੀ ਮੌਤ ਅਲਕੋਹਲ ਦਾ ਸੇਵਨ ਕਰਨ ਨਾਲ ਹੁੰਦੀ ਹੈ। ਅਲਕੋਹਲ ਨਾਲ ਸਬੰਧਤ ਮੌਤਾਂ ਵਿਚ ਨੌਜਵਾਨਾਂ ਦਾ ਅਨੁਪਾਤ 13.5 ਫੀਸਦੀ ਹੈ। ਇਨਾਂ ਦੀ ਉਮਰ 20-39 ਸਾਲਾਂ ਦੇ ਵਿਚ ਹੈ। ਇਹ ਮੌਤਾਂ ਕੈਂਸਰ, ਲਿਵਰ ਤੇ ਹੋਰ ਸਰੀਰਕ ਤਕਲੀਫਾਂ ਅਤੇ ਸੜਕ ਹਾਦਸਿਆਂ ਨਾਲ ਹੁੰਦੀਆਂ ਹਨ। ਡਬਲਯੂ. ਐੱਚ. ਓ. ਨੇ ਕਿਹਾ ਕਿ ਅਲਕੋਹਲ ਦੀ ਆਨਲਾਈਨ ਮਾਰਕੀਟਿੰਗ ਤਕਨੀਕਾਂ ਲਈ ਅਸਰਦਾਰ ਰੈਗੂਲੇਟਰੀ ਦੀ ਲੋੜ ਹੈ। ਸ਼ਰਾਬ ਦੀ ਆਨਲਾਈਨ ਮਾਰਕੀਟਿੰਗ ਨੌਜਵਾਨ ਲੋਕਾਂ ਅਤੇ ਹੋਰ ਜ਼ਿਆਦਾ ਸ਼ਰਾਬ ਪੀਣ ਵਾਲਿਆਂ ਨੂੰ ਟੀਚਾ ਬਣਾਉਂਦੀ ਹੈ, ਜੋ ਅਕਸਰ ਉਨਾਂ ਦੀ ਸਿਹਤ ਲਈ ਹਾਨੀਕਾਰਕ ਹੁੰਦੀ ਹੈ।

100 ਅਮਰੀਕੀ ਫਿਲਮਾਂ 'ਚੋਂ ਅੱਧੀਆਂ 'ਚ ਬ੍ਰਾਂਡਿਡ ਸ਼ਰਾਬ ਦਿਖਾਈ

ਸਾਲ 1996 ਅਤੇ 2015 ਵਿਚਾਲੇ ਬਾਕਸ ਆਫਿਸ 'ਤੇ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ 100 ਅਮਰੀਕੀ ਫਿਲਮਾਂ ਦੇ ਵਿਸ਼ਲੇਸ਼ਣ ਅਨੁਸਾਰ ਉਨਾਂ 'ਚੋਂ ਲਗਭਗ ਅੱਧੀਆਂ ਵਿਚ ਬ੍ਰਾਂਡਿਡ ਸ਼ਰਾਬ ਦਿਖਾਈ ਗਈ ਸੀ।

### ਸ਼ਰਾਬ ਦੇ ਇਸ਼ਤਿਹਾਰ ਨੂੰ ਇੰਟਰਨੈੱਟ 'ਤੇ ਖੁੱਲੀ ਛੋਟ

ਡਬਲਯੂ. ਐੱਚ. ਓ. 2018 ਦੇ ਇਕ ਅਧਿਐਨ ਵਿਚ ਪਾਇਆ ਗਿਆ ਕਿ ਜ਼ਿਆਦਾਤਰ ਦੇਸ਼ਾਂ 'ਚ ਰਵਾਇਤੀ ਮੀਡੀਆ 'ਚ ਸ਼ਰਾਬ ਦੇ ਇਸ਼ਤਿਹਾਰ ਲਈ ਕਈ ਤਰਾਂ ਦੇ ਨਿਯਮ ਹਨ ਜਦਕਿ ਇੰਟਰਨੈੱਟ ਅਤੇ ਸੋਸ਼ਲ ਮੀਡਆ 'ਤੇ ਇਸ ਲਈ ਕੋਈ ਰੈਗੂਲੇਟਰੀ ਨਹੀਂ ਹੈ।

ਪ੍ਰਤੀਸ਼ਤ ਖਰਚ ਸੋਸ਼ਲ ਮੀਡੀਆ 'ਚ ਆਨਲਾਈਨ ਇਸ਼ਤਿਹਾਰਾਂ 'ਤੇ

ਸਾਲ 2019 ਵਿਚ ਅਮਰੀਕਾ 'ਚ ਪ੍ਰਮੁੱਖ ਅਲਕੋਹਲ ਕੰਪਨੀਆਂ ਦੇ ਮੀਡੀਆ ਖਰਚ ਦਾ 70 ਫੀਸਦੀ ਤੋਂ ਵੱਧ ਪ੍ਰਚਾਰ, ਉਤਪਾਦ ਪ੍ਰਦਰਸ਼ਨ ਅਤੇ ਸੋਸ਼ਲ ਮੀਡੀਆ ਵਿਚ ਆਨਲਾਈਨ ਇਸ਼ਤਿਹਾਰਾਂ 'ਤੇ ਖਰਚਿਆ ਜਾਂਦਾ ਹੈ।

# ਦਲ ਖ਼ਾਲਸਾ ਦੇ ਕੰਵਰਪਾਲ ਸਿੰਘ ਦਾ ਫੇਸਬੁੱਕ ਖਾਤਾ ਸਸਪੈਂਡ



**ਅੰਮ੍ਰਿਤਸਰ:** ਦਲ ਖ਼ਾਲਸਾ ਦੇ ਮੋਢੀ ਗਜਿੰਦਰ ਸਿੰਘ ਤੋਂ ਬਾਅਦ ਹੁਣ ਦਲ ਖ਼ਾਲਸਾ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਦਾ ਫੇਸਬੁਕ (ਐਫਬੀ) ਖਾਤਾ ਵੀ ਬੰਦ ਕਰ ਦਿੱਤਾ ਗਿਆ ਹੈ। ਇਸ ਦਾ ਖ਼ੁਲਾਸਾ ਕੰਵਰਪਾਲ ਸਿੰਘ ਵੱਲੋਂ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਈਦ ਵਾਲੇ ਦਿਨ ਉਨਾਂ ਦਾ ਸੋਸ਼ਲ ਮੀਡੀਆ ਖਾਤਾ 'ਸਸਪੈਂਡ' ਕੀਤਾ ਗਿਆ ਸੀ। ਜਿਸ ਨੂੰ 24 ਘੰਟਿਆਂ ਬਾਅਦ ਮੁਕੰਮਲ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਇਸ ਬਾਰੇ ਸਬੰਧਤ ਅਦਾਰੇ ਨੇ ਈਮੇਲ ਰਾਹੀਂ ਉਨਾਂ ਨੂੰ ਕਿਹਾ ਕਿ ਖਾਤੇ ਦੀਆਂ ਗਤੀਵਿਧੀਆਂ ਨਿਰਧਾਰਤ ਮਾਪਦੰਡ ਦੀ ਪਾਲਣਾ ਨਹੀਂ ਕਰਦੀਆਂ। ਕੰਵਰਪਾਲ ਨੇ ਕਿਹਾ ਕਿ ਐਫਬੀ ਦੇ ਇਕਪਾਸੜ ਇਸ ਫ਼ੈਸਲੇ ਬਾਰੇ ਉਨਾਂ ਆਪਣਾ ਇਤਰਾਜ਼ ਰੱਖਿਆ ਸੀ ਪਰ ਇਕ ਹਫ਼ਤਾ ਬੀਤਣ ਮਗਰੋਂ ਵੀ ਖਾਤਾ ਸ਼ੁਰੂ ਕਰਨ ਬਾਰੇ ਕੋਈ ਹੁੰਗਾਰਾ ਨਹੀਂ ਆਇਆ ਹੈ।

# ਦਲਿਤਾਂ ਦੇ ਹੱਕਾਂ ਦੀ ਰਾਖੀ ਦਾ ਮੱਸਲਾ

**ਹਰੀਸ਼ ਐੱਸ ਵਾਨਖੇੜੇ**

ਹਾਲੀਆ ਸਮਿਆਂ ਦੌਰਾਨ ਦਲਿਤਾਂ ਖਿਲਾਫ਼ ਹਿੰਸਾ ਦੀਆਂ ਘਟਨਾਵਾਂ ਵਿੱਚ ਇਜ਼ਾਫ਼ਾ ਹੁੰਦਾ ਜਾ ਰਿਹਾ ਹੈ। ਸਮਾਜਿਕ ਅਪਮਾਨ ਤੇ ਵਿਤਕਰਾ ਤਾਂ ਆਮ ਹੀ ਚੱਲਦਾ ਰਹਿੰਦਾ ਹੈ ਤੇ ਇਸ ਨਾਲ ਹੀ ਕਿਸੇ ਦਲਿਤ ਨੌਜਵਾਨ ਦੇ ਮੁੱਛਾਂ ਰੱਖਣ, ਘੋੜੇ ਦੀ ਸਵਾਰੀ ਕਰਨ, ਆਪਣੀ ਜਾਤ ਤੋਂ ਬਾਹਰਲੀ ਲੜਕੀ ਨਾਲ ਵਿਆਹ ਰਚਾਉਣ ਅਤੇ ਇੱਥੋਂ ਤੱਕ ਕਿ ਬਰਾਬਰ ਉਜਰਤ ਦੀ ਮੰਗ ਕਰਨ ’ਤੇ ਕਤਲ ਦੀਆਂ ਘਟਨਾਵਾਂ ਵੀ ਅਕਸਰ ਵਾਪਰਦੀਆਂ ਰਹਿੰਦੀਆਂ ਹਨ। ਹਾਲਾਂਕਿ ਲਗਾਤਾਰ ਜਾਤੀ ਹਿੰਸਾ ਦੀਆਂ ਦਿਲਕੰਬਾਊ ਕਹਾਣੀਆਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਪਰ ਹਾਕਮ ਸਿਆਸੀ ਜਮਾਤ ਇਸ ਤਰਸਮਈ ਹਾਲਾਤ ਵਿੱਚ ਮੋੜਾ ਪਾਉਣ ਦਾ ਕੋਈ ਖਾਕਾ ਪੇਸ਼ ਨਹੀਂ ਕਰਦੀ। ਪ੍ਰਸ਼ਾਸਨ ਦੇ ਅਧਿਕਾਰੀ ਅਕਸਰ ਕਥਿਤ ਰੂਪ ਵਿੱਚ ਹਿੰਦੂਤਵੀ ਤਾਕਤਾਂ ਦੇ ਇਸ਼ਾਰੇ ’ਤੇ ਕੰਮ ਕਰਦੇ ਹਨ ਜਿਸ ਕਰ ਕੇ ਅਜੋਕੇ ਹਾਲਾਤ ਅੰਦਰ ਦਲਿਤਾਂ ਦੇ ਹੱਕਾਂ ਦੀ ਰਾਖੀ ਦੂਰ ਦੀ ਗੱਲ ਨਜ਼ਰ ਆਉਂਦੀ ਹੈ।

ਅੰਬੇਡਕਰ ਤੇ ਲੋਕਰਾਜ : ਇਤਿਹਾਸਕ ਤੌਰ ’ਤੇ ਅਛੂਤਾਂ ਪ੍ਰਤੀ ਘੋਰ ਤ੍ਰਿਸਕਾਰ ਤੇ ਪੱਖਪਾਤ ਕੀਤਾ ਜਾਂਦਾ ਰਿਹਾ ਹੈ ਤੇ ਉਹ ਚਾਕਰੀ ਦੇ ਕਿੱਤਿਆਂ ਤੱਕ ਮਹਿਦੂਦ ਰਹੇ ਹਨ। ਉਨਾਂ ਨੂੰ ਸ਼ਹਿਰੀ ਤੇ ਸਭਿਆਚਾਰਕ ਰੁਝੇਵਿਆਂ ਤੋਂ ਪਰੇ ਰੱਖਿਆ ਜਾਂਦਾ ਰਿਹਾ ਹੈ। ਅੰਬੇਡਕਰ ਨੇ ਅਛੂਤਾਂ ਦੀਆਂ ਸਮੱਸਿਆਵਾਂ ਨੂੰ ਕੌਮੀ ਬਿਰਤਾਂਤ ਦੀ ਮੁੱਖ ਧਾਰਾ ਵਿੱਚ ਲੈ ਕੇ ਆਂਦਾ ਅਤੇ ਅਜਿਹੀ ਅਣਮਨੁੱਖੀ ਵਿਵਸਥਾ ਖਿਲਾਫ਼ ਜੇਹਾਦ ਵਿੱਢਿਆ ਸੀ। ਭਾਰਤ ਦੇ ਨਵੇਂ ਸੰਵਿਧਾਨ ਵਿੱਚ ਜ਼ਾਹਰਾ ਤੌਰ ’ਤੇ ਦੇਸ਼/ਰਾਜ ਨੂੰ ਨਪੀੜੇ ਜਾਂਦੇ ਸਮਾਜਿਕ ਸਮੂਹਾਂ ਦੀ ਸਮਾਜਿਕ ਦਮਨ ਤੋਂ ਰਾਖੀ ਕਰਨ, ਉਨਾਂ ਦਾ ਮਾਣ ਸਨਮਾਨ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਸਨ। ਅੰਬੇਡਕਰ ਦਾ ਖਿਆਲ ਸੀ ਕਿ ਨਵਾਂ ਭਾਰਤੀ ਰਾਜ ਸਮਾਨਤਾ, ਅਜ਼ਾਦੀ ਤੇ ਕੌਮੀ ਏਕਤਾ ਦੀ ਚਾਹਤ ਨਾਲ ਲੈਸ ਹੋਣ ਸਦਕਾ ਆਪਣੇ ‘ਬ੍ਰਾਹਮਣੀ ਅਤੀਤ’ ਤੋਂ ਅਲੱਗ ਹੋਵੇਗਾ।

ਦੂਜਾ, ਅੰਬੇਡਕਰ ਦੀ ਸਿਆਸੀ ਸਰਗਰਮੀ ਨੇ ਨਾਗਰਿਕਤਾ ਦੇ ਅਰਥ ਨੂੰ ਭਰਵੇਂ ਰੂਪ ਵਿੱਚ ਉਭਾਰ ਦਿੱਤਾ ਸੀ। ਰਾਖਵਾਂਕਰਨ ਨੀਤੀ ਨੇ ਇਹ ਸੰਭਵ ਬਣਾਇਆ ਕਿ ਰਾਜਕੀ ਸੰਸਥਾਵਾਂ ਵਿੱਚ ਹਰੇਕ ਤਰਾਂ ਦੇ ਸਮਾਜਿਕ ਸਮੂਹਾਂ ਦੀ ਭਾਈਵਾਲੀ ਹੋਵੇ ਅਤੇ ਕੌਮੀ ਨਿਰਮਾਣ ਦੀਆਂ ਪ੍ਰਕਿਰਿਆਵਾਂ ਵਿੱਚ ਸਮਾਜਿਕ ਤੌਰ ’ਤੇ ਦੱਬੀਆਂ ਹੋਈਆਂ ਜਮਾਤਾਂ ਦੀ ਮਹੱਤਵਪੂਰਨ ਭਾਈਵਾਲੀ ਦੀ ਆਗਿਆ ਦਿੱਤੀ ਜਾਵੇ। ਸੰਵਿਧਾਨਕ ਹੱਕਾਂ ਨਾਲ ਲੈਸ ਦਲਿਤ ਜਲਦੀ ਹੀ ਪੜੇ ਲਿਖੇ ਮੱਧ ਵਰਗ ਦੀ ਅਜਿਹੀ ਯੁਵਾ ਪੀੜੀ ਬਣ ਕੇ ਉੱਭਰੇ ਜੋ ਕੁਸ਼ਲ ਨਾਗਰਿਕਾਂ ਦੇ ਤੌਰ ’ਤੇ ਆਪਣੇ ਹੱਕਾਂ ਦਾ ਇਸਤੇਮਾਲ ਕਰਨ ਦੇ ਯੋਗ ਸਨ।

ਅੰਤ ਵਿੱਚ ਅੰਬੇਡਕਰ ਨੇ ਦਲਿਤਾਂ ਨੂੰ ਇੱਕ ਆਜ਼ਾਦਾਨਾ ਸਿਆਸੀ ਕਾਰਕੁਨਾਂ ਦੇ ਤੌਰ ’ਤੇ ਲੋਕਰਾਜੀ ਬਹਿਸ ਮੁਬਾਹਿਸੇ ਵਿੱਚ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ। ਉਹ ਦਲਿਤਾਂ ਨੂੰ ਨਿਤਾਣੇ ਸਮਾਜਿਕ ਸਮੂਹਾਂ ਅਤੇ ਪ੍ਰੋਲੇਤਾਰੀ ਜਮਾਤ ਦੇ ਭਵਿੱਖ ਦੇ ਆਗੂਆਂ ਵਜੋਂ ਚਿਤਵਦੇ ਸਨ। ਉਹ ਚਾਹੁੰਦੇ ਸਨ ਕਿ ਦਲਿਤਾਂ ਦੀ ਦਿੱਖ ਹਮੇਸ਼ਾਂ ਲਈ ਸਟੇਟ/ਰਾਜ ਦੀ ਇਮਦਾਦ ਦੇ ਗ਼ਰੀਬ ਲਾਭਪਾਤਰੀ ਨਾ ਰਹਿ ਕੇ ਸਮਾਜਿਕ ਤਬਦੀਲੀ ਲਈ ਮੂਹਰੈਲ ਸਿਆਸੀ ਜਮਾਤ ਵਾਲੀ ਬਣੇ। ਬਾਅਦ ਦੀ ਦਲਿਤ ਲਹਿਰ ਨੇ ਸਮਾਜਿਕ ਬੇਇਨਸਾਫ਼ੀਆਂ ਤੇ ਜਮਾਤੀ ਦਮਨ ਦੇ ਸਵਾਲਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਅਤੇ ਦਲਿਤ-ਬਹੁਜਨ ਸਿਆਸੀ ਪਾਰਟੀਆਂ ਨੂੰ ਸਿਆਸੀ ਖੇਤਰ ’ਤੇ ਪ੍ਰਭਾਵ ਪਾਉਣ ਦੀ ਖੁੱਲ ਦਿੱਤੀ।

ਸਮਾਜਿਕ ਇਨਸਾਫ਼ ਦੀ ਤਲਾਸ਼ : ਸ਼ਹਿਰੀ ਆਜ਼ਾਦੀਆਂ ਦਾ ਆਨੰਦ ਮਾਣਨ ਜਾਂ ਸੱਤਾ ਦੇ ਆਧੁਨਿਕ ਖੇਤਰਾਂ ਵਿੱਚ ਭਰਵੇਂ ਆਜ਼ਾਦਾਨਾ ਕਾਰਕ ਵਜੋਂ ਵਿਚਰਨ ਦੇ ਦਲਿਤਾਂ ਦੇ ਦਾਅਵੇ ਦਾ ਮੂਲਵਾਦੀ ਸਮਾਜਿਕ ਕੁਲੀਨਾਂ ਵੱਲੋਂ ਖ਼ੈਰ-ਮਕਦਮ ਨਹੀਂ ਕੀਤਾ ਗਿਆ। ਲੋਕਤੰਤਰ ਵਿੱਚ ਉਨਾਂ ਦੀਆਂ ਨਿਸ਼ਚੇਪੂਰਨ ਆਵਾਜ਼ਾਂ ਨੂੰ ਹਿੰਦੂ ਸਭਿਅਤਾ ਦੇ ਅਸੂਲਾਂ ਲਈ ਚੁਣੌਤੀ ਦੇ ਤੌਰ ’ਤੇ ਦੇਖਿਆ ਜਾਂਦਾ ਰਿਹਾ ਹੈ। ਸਮਕਾਲੀ ਸਮਿਆਂ ਵਿੱਚ ਦਲਿਤਾਂ ਨੂੰ ਨਾ ਕੇਵਲ ਮੁੱਖਧਾਰਾ ਦੇ ਸਿਆਸੀ ਮੁਹਾਜ਼ ’ਤੇ ਹੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਸਗੋਂ ਹੱਕ-ਬਜਾਨਬ ਨਾਗਰਿਕਾਂ ਦੇ ਤੌਰ ’ਤੇ ਜਨਤਕ ਖੇਤਰ ਵਿੱਚ ਸ਼ਾਮਲ ਹੋਣ ਦਾ ਉਨਾਂ ਦਾ ਹੁਣ ਤੱਕ ਦਾ ਸਫ਼ਰ ਵੀ ਖ਼ਤਰੇ ਦੀ ਜ਼ੱਦ ਵਿੱਚ ਆ ਗਿਆ ਹੈ। ਉੱਤਰ-



ਉਦਾਰੀਕਰਨ ਯੁੱਗ ਅੰਦਰ ਜਨਤਕ ਖੇਤਰ ਦੇ ਅਦਾਰਿਆਂ ਦੇ ਬੇਤਹਾਸ਼ਾ ਨਿੱਜੀਕਰਨ ਨਾਲ ਆਧੁਨਿਕ ਸੰਸਥਾਵਾਂ ਵਿੱਚ ਦਲਿਤਾਂ ਦਾ ਦਾਖਲਾ ਤੰਗ ਹੋ ਗਿਆ ਹੈ। ਅਗਾਂਹ, ਬਾਜ਼ਾਰ ਜਾਤੀ ਪੱਖਪਾਤਾਂ ਤੋਂ ਮੁਕਤ ਨਹੀਂ ਹੈ ਅਤੇ ਕਿਰਤ ਸ਼ਕਤੀ ਦੀ ਭਰਤੀ ਅਕਸਰ ਰਵਾਇਤੀ ਜਾਤੀ ਜਾਂ ਜਮਾਤੀ ਤਾਣੇ ਬਾਣੇ ਜ਼ਰੀਏ ਸੰਚਾਲਤ ਕੀਤੀ ਜਾਂਦੀ ਹੈ ਜੋ ਦਲਿਤ ਚਾਹਵਾਨਾਂ ਨਾਲ ਸ਼ਰੇਆਮ ਵਿਤਕਰੇ ਕਰਦੇ ਹਨ। ਆਧੁਨਿਕ ਸੰਸਥਾਵਾਂ ਤੇ ਖੁੱਲੇ ਬਾਜ਼ਾਰ ਦੋਵੇਂ ਸਮਾਜਿਕ ਇਨਸਾਫ਼ ਦੇ ਆਦਰਸ਼ਾਂ ਨੂੰ ਉਭਾਰਨ ਵਿੱਚ ਨਾਕਾਮ ਰਹੇ ਹਨ। ਇਹੀ ਨਹੀਂ ਸਗੋਂ ਆਜ਼ਾਦਾਨਾ ਦਲਿਤ ਰਾਜਨੀਤੀ ਦਾ ਭਵਿੱਖ ਵੀ ਧੁੰਦਲਾ ਨਜ਼ਰ ਆਉਂਦਾ ਹੈ। ਹਿੰਦੂਤਵੀ ਸਿਆਸਤ ਦੇ ਹੈਰਾਨਕੁਨ ਉਭਾਰ ਨਾਲ, ਉੱਤਰ ਪ੍ਰਦੇਸ਼ ਵਿੱਚ ਬਹੁਜਨ ਸਮਾਜ ਪਾਰਟੀ ਜਾਂ ਬਿਹਾਰ ਵਿੱਚ ਲੋਕ ਜਨਸ਼ਕਤੀ ਜਿਹੀਆਂ ਦਲਿਤਾਂ ਦੀ ਅਗਵਾਈ ਵਾਲੀਆਂ ਪਾਰਟੀਆਂ ਦਾ ਸ਼ਾਨਦਾਰ ਸਮਾਜਿਕ ਆਧਾਰ ਕਾਫ਼ੀ ਹੱਦ ਤੱਕ ਖੁਰ ਗਿਆ ਹੈ। ਅਹਿਮ ਗੱਲ ਇਹ ਹੈ ਕਿ ਸਮਾਜਿਕ ਖੇਤਰ ਦਲਿਤਾਂ ਲਈ ਹੋਰ ਵੀ ਜ਼ਿਆਦਾ ਮਾਯੂਸੀ ਦਾ ਸਬੱਬ ਬਣਿਆ ਹੋਇਆ ਹੈ। ਇਹ ਸਮਝਿਆ ਜਾਂਦਾ ਹੈ ਕਿ ਦਲਿਤਾਂ ਖਿਲਾਫ਼ ਨਫ਼ਰਤ ਰਵਾਇਤੀ ਹਿੰਦੂ ਮਾਨਸਿਕਤਾ ਦਾ ਲਾਜ਼ਮੀ ਅੰਗ ਹੈ ਅਤੇ ‘ਬ੍ਰਾਹਮਣਵਾਦੀ ਜਾਤੀ ਵਿਵਸਥਾ’ ਨੂੰ ਬਚਾ ਕੇ ਰੱਖਣ ਦਾ ਜ਼ਰੂਰੀ ਆਦਰਸ਼ ਗਿਣੀ ਜਾਂਦੀ ਰਹੀ ਹੈ। ਇਸ ਕਰ ਕੇ ਸਾਡੀ ਸਿਆਸੀ ਤੇ ਨਾਗਰਿਕ ਜ਼ਮੀਰ ਆਮ ਤੌਰ ’ਤੇ ਜਾਤੀ ਅੱਤਿਆਚਾਰਾਂ ਤੋਂ ਬੇਲਾਗ ਰਹੀ ਹੈ ਅਤੇ ਸ਼ਾਇਦ ਹੀ ਕਦੇ ਇਸ ਨੂੰ ਭਿਅੰਕਰ ਸਮਾਜਿਕ ਅਲਾਮਤ ਗਿਣਦੀ ਹੈ। ਜਿਨਾਂ ਦੇ ਇਸ਼ਾਰੇ ’ਤੇ ਅੱਤਿਆਚਾਰ ਕੀਤੇ ਜਾਂਦੇ ਹਨ, ਉਨਾਂ ਨੂੰ ਅਕਸਰ ਰਾਜ, ਨਿਆਂਪਾਲਿਕਾ ਅਤੇ ਨਾਗਰਿਕ ਸਮਾਜ ਵੱਲੋਂ ਮੁਆਫ਼ੀ ਦਿੱਤੇ ਜਾਣ ਕਰ ਕੇ ਜਾਤੀ ਹਿੰਸਾ, ਬਲਾਤਕਾਰ ਅਤੇ ਹੱਤਿਆਵਾਂ ਦੇ ਕੇਸਾਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ ਤੇ ਇਹ ਪ੍ਰਵਾਨਿਤ ਸਮਾਜਿਕ ਨੇਮ ਬਣ ਗਏ ਹਨ। ਅਜੋਕੇ ਕਾਰ-ਵਿਹਾਰ ’ਚੋਂ ਗੁੱਝੇ ਜਾਤੀ ਪੱਖਪਾਤ ਤੇ ਦਲਿਤ ਵਿਰੋਧੀ ਭਾਵਨਾਵਾਂ ਨੂੰ ਦੇਖਿਆ ਜਾ ਸਕਦਾ ਹੈ।

**ਬਹਿਸ ਲਈ**

ਦਲਿਤ ਹੱਕ : ਜਦੋਂ ਜਾਤੀ ਅੱਤਿਆਚਾਰਾਂ ਅਤੇ ਸਮਾਜਿਕ ਬੇਇਨਸਾਫ਼ੀ ਦਾ ਸੁਆਲ ਆਉਂਦਾ ਹੈ ਤਾਂ ਸੱਜੇ ਪੱਖੀ ਸਿਆਸੀ ਵਿਚਾਰਧਾਰਾ ਇਸ ਸਬੰਧੀ ਬਹੁਤਾ ਕੁਝ ਪੇਸ਼ ਨਹੀਂ ਕਰ ਪਾਉਂਦੀ। ਹਿੰਦੂਤਵੀ ਅਲੰਬਰਦਾਰ ਬਹੁਤ ਚਲਾਕੀ ਨਾਲ ਭਾਰਤ ਦੀਆਂ ਅਮੀਰ ਸਮਾਜ ਸੁਧਾਰ ਪਰੰਪਰਾਵਾਂ ਦਾ ਜਜ਼ਬਾਤੀ ਰਟਨ ਕਰਦੇ ਹਨ ਅਤੇ ਇਹ ਕਹਿੰਦੇ ਹਨ ਕਿ ਉਨਾਂ ਦੀਆਂ ਸਭਿਆਚਾਰਕ ਸੰਸਥਾਵਾਂ ਵੱਖ ਵੱਖ ਜਾਤਾਂ ਦਰਮਿਆਨ ਸਮਾਜਿਕ ਇਕਸੁਰਤਾ ਕਾਇਮ ਕਰਨ ਲਈ ਵਚਨਬੱਧ ਹਨ। ਉਂਜ, ਜ਼ਮੀਨੀ ਪੱਧਰ ’ਤੇ ਜਾਤੀ ਦਮਨ ਦੇ ਪੀੜਤਾਂ ਨੂੰ ਕਾਨੂੰਨੀ ਜਾਂ ਸਮਾਜਿਕ ਸੁਰੱਖਿਆ ਮੁਹੱਈਆ ਕਰਾਉਣ ਲਈ ਸੱਜੇ ਪੱਖੀ ਜਥੇਬੰਦੀਆਂ ਤੇ ਉਨਾਂ ਦੇ ਆਗੂਆਂ ਤੇ ਕਾਰਕੁਨਾਂ ਦੀ ਭੂਮਿਕਾ ਨਜ਼ਰ ਨਹੀਂ ਆਉਂਦੀ।

ਕੁਝ ਸਮਾਂ ਪਹਿਲਾਂ ਤੱਕ, ਜਾਤੀ ਅੱਤਿਆਚਾਰਾਂ ਦੀਆਂ ਘਟਨਾਵਾਂ ਖਿਲਾਫ਼ ਦਲਿਤ ਨਾਗਰਿਕ ਸਮਾਜ ਦੀਆਂ ਜਥੇਬੰਦੀਆਂ ਵੱਲੋਂ ਕਦੇ ਕਦਾਈਂ ਰੋਸ ਪ੍ਰਦਰਸ਼ਨ ਕੀਤੇ ਜਾਂਦੇ ਸਨ। ਗੁਜਰਾਤ ਦੇ ਊਨਾ ਸ਼ਹਿਰ ਵਿੱਚ ਰੋਸ ਪ੍ਰਦਰਸ਼ਨ ਹੋਵੇ ਜਾਂ ਦਿੱਲੀ ਵਿੱਚ ਰੋਹਿਤ ਵੇਮੁਲਾ ਲਈ ਇਨਸਾਫ਼ ਦੀ ਮੁਹਿੰਮ ਜਾਂ ਫਿਰ ਅਪ੍ਰੈਲ 2018 ਵਿੱਚ ਐੱਸਸੀ/ਐੱਸਟੀ ਅੱਤਿਆਚਾਰਾਂ ਦੀ ਰੋਕਥਾਮ ਬਾਰੇ ਕਾਨੂੰਨ ਨੂੰ ਪੇਤਲਾ ਪਾਉਣ ਖਿਲਾਫ਼ ਰੋਸ ਪ੍ਰਦਰਸ਼ਨ ਜਾਂ ਹਾਥਰਸ ਬਲਾਤਕਾਰ ਕੇਸ ਦੇ ਅਸਲ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਜਥੇਬੰਦ ਕੀਤੀ ਕੌਮੀ ਮੁਹਿੰਮ ਹੋਵੇ-ਦਲਿਤ ਗਰੁੱਪਾਂ ਨੇ ਰੋਸ ਪ੍ਰਦਰਸ਼ਨ ਕਰਨ ਤੇ ਇਨਸਾਫ਼ ਲਈ ਲੜਨ ਦਾ ਨੈਤਿਕ ਹੌਸਲੇ ਦਾ ਮੁਜ਼ਾਹਰਾ ਕੀਤਾ ਹੈ। ਉਂਜ, ਦਲਿਤਾਂ ਦੇ ਸਮਾਜਿਕ ਤੇ ਸਿਆਸੀ ਕਾਰਕੁਨਾਂ ’ਤੇ ਜਿਸ ਕਦਰ ਸਟੇਟ ਦਾ ਸ਼ਿਕੰਜਾ ਕਸਿਆ ਜਾ ਰਿਹਾ ਹੈ ਤਾਂ ਹੁਣ ਦਲਿਤ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਨਾਗਰਿਕ ਰੋਸ ਪ੍ਰਦਰਸ਼ਨ ਕਰਨ ਦਾ ਕਾਰਜ ਔਖਾ ਹੁੰਦਾ ਜਾ ਰਿਹਾ ਹੈ।

ਦਲਿਤ ਮਨੁੱਖੀ ਅਧਿਕਾਰਾਂ ਦੀ ਵੈਧਤਾ ਨੂੰ ਬਹਾਲ ਕਰਨ ਲਈ, ਸੱਤਾ ਦੀਆਂ ਆਧੁਨਿਕ ਸੰਸਥਾਵਾਂ ਵਿੱਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਅਤੇ ਦਲਿਤ ਬਹੁਜਨ ਸਿਆਸੀ ਵਿਚਾਰਧਾਰਾ ਦੇ ਭਵਿੱਖ ਬਾਰੇ ਮੁੜ ਵਿਚਾਰ ਕਰਨ ਲਈ ਇੱਕ ਸੁਹਿਰਦ ਕੌਮੀ ਵਿਚਾਰ ਚਰਚਾ ਦੀ ਲੋੜ ਹੈ। ਨਾਗਰਿਕ ਅਜ਼ਾਦੀ ਅਤੇ ਦਲਿਤਾਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਕੌਮੀ ਮੁਹਿੰਮ ਛੇੜਨ ਲਈ ਸਮਾਜਿਕ ਇਨਸਾਫ਼ ਦੇ ਅਲੰਬਰਦਾਰਾਂ ਨੂੰ ਇਕਜੁੱਟ ਹੋਣ ਦੀ ਲੋੜ ਹੈ। ਇਸ ਕਿਸਮ ਦੇ ਸਾਂਝੇ ਮੁਹਾਜ਼ ਨੂੰ ਰਾਜ ਉੱਪਰ ਆਪਣੇ ਸੰਵਿਧਾਨਕ ਫਰਜ਼ ਉਚਿੱਤ ਢੰਗ ਨਾਲ ਅਦਾ ਕਰਨ ਲਈ ਦਬਾਅ ਪਾਉਣਾ ਚਾਹੀਦਾ ਹੈ ਅਤੇ ਸਮਾਜ ਨੂੰ ਇਹ ਅਪੀਲ ਕਰਨੀ ਚਾਹੀਦੀ ਹੈ ਕਿ ਨਾਗਰਿਕ ਦੇ ਤੌਰ ’ਤੇ ਦਲਿਤਾਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਨਹੀਂ ਕੀਤੀ ਜਾਣੀ ਚਾਹੀਦੀ। ਇਸ ਕਿਸਮ ਦੇ ਮੰਥਨ ਵਿਚੋਂ ਕੋਈ ਨਵੇਂ ਕਿਸਮ ਦੀ ਸਮਾਜਿਕ ਇਨਸਾਫ਼ ਦੀ ਰਾਜਨੀਤੀ ਦਾ ਉਦੈ ਹੋ ਸਕਦਾ ਹੈ।

# ਨਸ਼ਿਆਂ ਦੇ ਵਹਾਅ ਨੇ ਪੰਜਾਬ ਦੀ ਜਵਾਨੀ ਕੀਤੀ ਖ਼ਤਮ



**ਸੰਜੀਵ ਸਿੰਘ ਸੈਣੀ, ਮੋਹਾਲੀ**
**ਮੋ. 7888966168**

ਦਿਨ-ਪ੍ਰਤੀ-ਦਿਨ ਪੰਜਾਬ ਵਿੱਚ ਨਸ਼ਿਆਂ ਦਾ ਵਹਾਅ ਤੇਜ਼ ਹੋ ਰਿਹਾ ਹੈ। ਹਰ ਰੋਜ਼ ਕੋਈ ਨਾ ਕੋਈ ਨੌਜਵਾਨ ਚਿੱਟੇ ਦਾ ਸ਼ਿਕਾਰ ਹੋ ਰਿਹਾ ਹੈ। ਕੁੱਝ ਕੁ ਦਿਨ ਪਹਿਲਾਂ ਹੀ ਗੋਇੰਦਵਾਲ ਸਾਹਿਬ ਵਿਖੇ ਇੱਕ ਔਰਤ ਦੀ ਚਿੱਟਾ ਵੇਚਦੇ ਹੀ ਵੀਡੀਓ ਵਾਇਰਲ ਹੋਈ। ਵੀਡੀਓ ਵਿੱਚ ਔਰਤ ਨੌਜਵਾਨਾਂ ਨੂੰ ਚਿੱਟੇ ਦੀਆਂ ਪੁੜੀਆਂ ਵੇਚਦੀ ਦਿਖ ਰਹੀ ਹੈ। ਜਿਸ ਨੇ ਇਕ ਵਾਰ ਫਿਰ ਪੁਲਿਸ ਪ੍ਰਸ਼ਾਸ਼ਨ ਦੀ ਲਾਪ੍ਰਵਾਹੀ ਦੀ ਪੋਲ ਖੋਲੀ ਹੈ। ਗੁਆਂਢੀ ਸਰਹੱਦ ਪਾਕਿਸਤਾਨ ਵੱਲੋਂ ਡਰੋਨ ਰਾਹੀਂ ਨਸ਼ਿਆਂ ਦੀ ਤਸਕਰੀ ਲਗਾਤਾਰ ਜਾਰੀ ਹੈ। ਹਾਲ ਹੀ ਵਿਚ ਫਿਰੋਜ਼ਪੁਰ ਵਿਖੇ ਬੀਐਸਐਫ ਵੱਲੋਂ ਨਸ਼ਿਆਂ ਦੇ ਪੈਕਟ ਬਰਾਮਦ ਕੀਤੇ ਗਏ। ਨਸ਼ਾ ਕੋਹੜ ਵਾਂਗੂੰ ਪੰਜਾਬ ਦੀ ਜਵਾਨੀ ਨੂੰ ਖ਼ਤਮ ਕਰ ਰਿਹਾ ਹੈ। ਚੜਦੀ ਜਵਾਨੀ ਵਿੱਚ ਬੱਚੇ ਚਿੱਟੇ ਦਾ ਸ਼ਿਕਾਰ ਹੋ ਰਹੇ ਹਨ। ਪਿੱਛੇ ਜਿਹੇ ਖ਼ਬਰ ਵੀ ਪੜਨ ਨੂੰ ਮਿਲੀ ਕਿ ਇੱਕ ਕੁੜੀ ਪੜਾਈ ਲਈ ਚੰਡੀਗੜ ਆਉਂਦੀ ਹੈ ਅਤੇ ਉਹ ਚਿੱਟੇ ਦੀ ਆਦੀ ਹੋ ਜਾਂਦੀ ਹੈ। ਫਿਰ ਮਾਂ-ਬਾਪ ਉਸ ਨੂੰ ਕਿਸੇ ਨਸ਼ਾ ਮੁਕਤੀ ਕੇਂਦਰ ਵਿੱਚ ਭਰਤੀ ਕਰਵਾਉਂਦੇ ਹਨ। ਕਈ ਪਿੰਡਾਂ ਵਿੱਚ ਤਾਂ ਇੰਨਾ ਬੁਰਾ ਹਾਲ ਹੈ ਕਿ ਮਾਂ ਬਾਪ ਨੇ ਆਪਣੇ ਜਵਾਨ ਪੁੱਤਰਾਂ ਨੂੰ ਸੰਗਲਾਂ ਨਾਲ ਬੰਨਿਆ ਹੋਇਆ ਹੈ। ਉਹ ਕਹਿੰਦੇ ਹਨ ਕਿ ਅਸੀਂ ਇਨਾਂ ਨੂੰ ਕਿਥੋਂ ਪੈਸੇ ਦੇਈਏ। ਮਾਂ ਬਾਪ ਇੰਨੇ ਅੱਕ ਚੁੱਕੇ ਹਨ ਕਿ ਉਹ ਕਹਿੰਦੇ ਹਨ ਕਿ ਜਦੋਂ ਇਹ ਜਨਮੇ ਸਨ ਤਾਂ ਉਦੋਂ ਹੀ ਮਰ ਜਾਂਦੇ।

ਦੋ ਕੁ ਦਿਨ ਪਹਿਲਾਂ ਇੱਕ ਹੋਰ ਖਬਰ ਪੜਨ ਨੂੰ ਮਿਲੀ ਕਿ ਨਸ਼ੇੜੀ ਪਿਓ ਵੱਲੋਂ ਆਪਣੀ ਹੀ ਧੀ ਦੀ ਹੱਤਿਆ ਕਰ ਦਿੱਤੀ, ਜੋ ਸਿਰਫ਼ ਤਿੰਨ ਮਹੀਨਿਆਂ ਦੀ ਬੱਚੀ ਸੀ। ਮੁਲਜ਼ਮ ਦੇ ਮਾਂ-ਬਾਪ ਨੇ ਦੱਸਿਆ ਕਿ ਉਨਾਂ ਦਾ ਪੁੱਤਰ ਨਸ਼ੇ ਦਾ ਬਹੁਤ ਆਦੀ ਹੋ ਗਿਆ ਸੀ। ਅਕਸਰ ਘਰ ਵਿਚ ਕਲੇਸ਼ ਰਹਿੰਦਾ ਸੀ। ਕਲੇਸ਼ ਕਾਰਨ ਉਸ ਨੇ ਆਪਣੀ ਬੱਚੀ ਨੂੰ ਵੀ ਮਾਰ ਦਿੱਤਾ। ਇਕ ਹੋਰ ਅਖ਼ਬਾਰ ਵਿਚ ਖ਼ਬਰ ਪੜਨ ਨੂੰ ਮਿਲੀ ਕਿ ਸੰਗਤ ਮੰਡੀ ਵਿਖੇ ਸਾਬਕਾ ਫੌਜੀ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋਈ ਹੈ। ਉਸ ਦੀ ਲਾਸ਼ ਕੋਲੋਂ ਸਰਿੰਜ ਹੀ ਮਿਲੀ ਸੀ। ਕੋਈ ਦਿਨ ਅਜਿਹਾ ਹੋਣਾ ਜਦੋਂ ਅਖ਼ਬਾਰ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਮੌਤ ਦੀ ਖਬਰ ਨਾ ਛਪੀ ਹੋਵੇ। ਕਈ ਵਾਰ ਤਾਂ ਅਜਿਹੀ ਖਬਰ ਪੜਦੇ ਹਾਂ ਕਿ ਬਹੁਤ ਦਿਲ ਉਦਾਸ ਹੁੰਦਾ ਹੈ। ਕੁੱਝ ਕੁ ਦਿਨ ਪਹਿਲਾਂ ਇੱਕ ਹੋਰ ਖਬਰ ਸੁਣਨ ਨੂੰ ਮਿਲੀ ਕਿ ਕਿਸੇ ਪਿੰਡ ਵਿਚ ਇਕ ਮਹੀਨੇ ਵਿਚ ਪੰਜ ਤੋਂ ਸੱਤ ਮੌਤਾਂ ਲਗਾਤਾਰ ਚਿੱਟੇ ਕਾਰਨ ਹੋਈਆਂ। ਕਈ ਘਰਾਂ ਦੇ ਚਿਰਾਗ ਬੁੱਝ ਗਏ। ਇਕ ਹੋਰ ਖਬਰ ਪੜਨ ਨੂੰ ਮਿਲੀ ਸੀ ਕਿ ਕਿਸੇ ਹਸਪਤਾਲ ਦੇ ਬਾਥਰੂਮ ਵਿਚ ਸਰਿੰਜ ਤੇ ਨੌਜਵਾਨ ਦੀ ਲਾਸ਼ ਮਿਲੀ।

ਮਾਂ-ਬਾਪ ਇੰਨੇ ਤੰਗ ਹੋ ਚੁੱਕੇ ਹਨ ਕਿ ਉਹ ਹੁਣ ਆਪਣਾ ਦਰਦ ਬਿਆਨ ਨਹੀਂ ਕਰ ਸਕਦੇ। ਮਾਂ ਬਾਪ ਦੇ ਬਹੁਤ ਅਰਮਾਨ ਹੁੰਦੇ ਹਨ ਕਿ ਕੱਲ ਨੂੰ ਉਨਾਂ ਦਾ ਬੱਚਾ ਲਾਇਕ ਬਣੇ। ਆਪਣੇ ਬੱਚੇ ਦੀ ਹਰ ਰੀਝ ਪੂਰੀ ਕਰਦੇ ਹਨ। ਵਧੀਆ-ਵਧੀਆ ਸਕੂਲਾਂ ਵਿੱਚ ਆਪਣੇ ਬੱਚਿਆਂ ਦਾ ਦਾਖਲਾ ਕਰਵਾਉਂਦੇ ਹਨ। ਉਨਾਂ ਨੂੰ ਇਹ ਹੁੰਦਾ ਹੈ ਕਿ ਸਾਡੇ ਬੱਚੇ ਦਾ ਭਵਿੱਖ ਵਧੀਆ ਹੋ ਜਾਵੇ। ਕੱਲ ਨੂੰ ਸਾਡੀ ਬੁਢਾਪੇ ਵਿੱਚ ਵਧੀਆ ਸੇਵਾ ਕਰੇਗਾ। ਸਮਾਂ ਬਹੁਤ ਬਲਵਾਨ ਹੁੰਦਾ ਹੈ। ਮਾਂ ਬਾਪ ਨੇ ਤਾਂ ਆਪਣੇ ਕਾਰੋਬਾਰ ਵੀ ਕਰਨੇ ਹੁੰਦੇ ਹਨ। ਪਿਓ ਸਾਰਾ ਦਿਨ ਕਮਾਈ ਕਰਦਾ ਹੈ ਤੇ ਮਾਂ ਘਰ ਦਾ ਕੰਮ ਸੰਭਾਲ ਦੀ ਹੈ। ਹੁਣ ਇਹ ਕੀ ਪਤਾ ਹੁੰਦਾ ਹੈ ਕਿ ਬੱਚਾ ਸਕੂਲ ਵਿੱਚ ਜਾ ਰਿਹਾ ਹੈ ਜਾਂ ਕਿਤੇ ਹੋਰ ਮਾੜੀ ਸੰਗਤ ਦਾ ਸ਼ਿਕਾਰ ਹੋ ਰਿਹਾ ਹੈ। ਜਦੋਂ ਬੱਚਾ ਮਾੜੀ ਸੰਗਤ ਵਿਚ ਪੈ ਜਾਂਦਾ ਹੈ ਫਿਰ ਉਹ ਤਰਾਂ-ਤਰਾਂ ਦੇ ਨਸ਼ਿਆਂ ਦਾ ਸ਼ਿਕਾਰ ਹੋ ਜਾਂਦਾ ਹੈ। ਹੌਲੀ-ਹੌਲੀ ਉਹ ਨਸ਼ੇ ਦੀ ਭਰਪਾਈ ਲਈ ਚੋਰੀ-ਡਕੈਤੀ ਜਾਂ ਘਰ ਦਾ ਸਾਮਾਨ ਵੇਚਣਾ ਵੀ ਸ਼ੁਰੂ ਕਰ ਦਿੰਦਾ ਹੈ। ਚਿੱਟੇ ਕਰਨਾ ਉਹ ਇੱਕ ਮਿੰਟ ਵੀ ਨਹੀਂ ਰਹਿ ਪਾਉਂਦਾ, ਕਿਉਂਕਿ ਉਹ ਉਸ ਦਾ ਆਦੀ ਹੋ ਚੁੱਕਿਆ ਹੁੰਦਾ ਹੈ। ਚਿੱਟੇ ਨੇ ਪੰਜਾਬ ਦੀ ਜਵਾਨੀ ਨੂੰ ਪੂਰੀ ਤਰਾਂ ਖਤਮ ਕਰ ਦਿੱਤਾ ਹੈ।

ਚੇਤੇ ਕਰਵਾ ਦੇਈਏ ਕਿ 2017 ਵਿੱਚ ਨਸ਼ਿਆਂ ਨੂੰ ਜੜੋਂ ਖਤਮ ਕਰਨ ਲਈ ਵੱਡੇ ਸਿਆਸਤਦਾਨਾਂ ਨੇ ਸਹੁੰ ਚੁੱਕੀ ਸੀ। ਕੋਈ ਦਿਨ ਅਜਿਹਾ ਨਹੀਂ ਹੋਣਾ ਜਦੋਂ ਕੋਈ ਪੰਜਾਬ ਦਾ ਨੌਜਵਾਨ ਚਿੱਟੇ ਦੀ ਭੇਟ ਨਾ ਚੜਿਆ ਹੋਵੇ। ਦਿਨੋਂ-ਦਿਨ ਨਸ਼ਿਆਂ ਦੀ ਖ਼ਪਤ ਤੇ ਕਾਰੋਬਾਰ ਵਧਦੇ ਜਾ ਰਹੇ ਹਨ। ਅੱਜ ਕੱਲ ਨਸ਼ੀਲੇ ਪਦਾਰਥਾਂ ਦੀ ਖਰੀਦ ਵਿਕਰੀ ਲਈ ਸੋਸ਼ਲ ਨੈੱਟਵਰਕਿੰਗ ਸਾਈਟ ਦਾ ਧੜੱਲੇ ਨਾਲ ਪ੍ਰਯੋਗ ਹੋ ਰਿਹਾ ਹੈ। ਦਿਨੋਂ ਦਿਨ ਨੌਜਵਾਨ ਇਨਾਂ ਦੇ ਆਦੀ ਹੋ ਰਹੇ ਹਨ। ਪਿੱਛੇ ਜਿਹੇ ਖ਼ਬਰ ਵੀ ਪੜਨ ਨੂੰ ਮਿਲੀ ਸੀ ਕਿ ਗੁਜਰਾਤ ਦੀ ਬੰਦਰਗਾਹ ਤੋਂ ਚਿੱਟੇ ਦੀ ਭਾਰੀ ਖੇਪ ਬਰਾਮਦ ਹੋਈ ਸੀ। ਜਦੋਂ ਪੰਜਾਬ ਵਿੱਚ ਵੋਟਾਂ ਸਨ ਤਾਂ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਪਿੰਡ ਪਿੰਡ ਵੋਟਾਂ ਮੰਗਣ ਲਈ ਜਾਂਦੇ ਸਨ। ਕਈ ਖਬਰਾਂ ਵੀ ਅਜਿਹੀਆਂ ਦੇਖਣ ਨੂੰ ਮਿਲਦੀਆਂ ਸਨ ਕਿ ਪਿੰਡ ਦੀਆਂ ਔਰਤਾਂ ਚੁੰਨੀਆਂ ਪਸਾਰ ਕੇ ਭਗਵੰਤ ਮਾਨ ਮੂਹਰੇ ਆਪਣੇ ਦੁੱਖੜੇ ਰੋਂਦੀਆਂ ਸਨ ਤੇ ਕਹਿੰਦੀਆਂ ਸਨ ਕਿ ਪੁੱਤ ਜਵਾਨੀ ਨੂੰ ਬਚਾ ਲੈ। ਕੀਰਨੇ ਪਾ ਪਾ ਕੇ ਜੱਫੀਆਂ ਪਾ ਕੇ ਭਗਵੰਤ ਮਾਨ ਦੇ ਮੋਢੇ ਲੱਗ ਕੇ ਰੋਂਦੀਆਂ ਸਨ। ਕਈ ਵਾਰ ਤਾਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੀਆਂ ਅੱਖਾਂ ਵੀ ਭਰ ਆਉਂਦੀਆਂ ਸਨ। ਉਹ ਵੀ ਕਹਿੰਦੇ ਸਨ ਕਿ ਚਿੱਟੇ ਨੇ ਪੰਜਾਬ ਦੀ ਜਵਾਨੀ ਨੂੰ ਪੂਰੀ ਤਰਾਂ ਖਤਮ ਕਰ ਦਿੱਤਾ ਹੈ ਅਤੇ ਉਹ ਫਿਰ ਪਿੰਡ ਦੀਆਂ ਔਰਤਾਂ ਨੂੰ ਹੌਸਲਾ ਦਿੰਦੇ ਸਨ ਕਿ ਸਾਡੀ ਸਰਕਾਰ ਆਉਣ ਤੇ ਚਿੱਟੇ ਨੂੰ ਪੂਰੀ ਤਰਾ ਖ਼ਤਮ ਕਰ ਦਿੱਤਾ ਜਾਵੇਗਾ।

**ਬਾਕੀ ਸਫ਼ਾ 31 ’ਤੇ**

ਅੰਮ੍ਰਿਤਸਰ ਟਾਈਮਜ਼ AMRITSAR TIMES

11 ਮਈ 2022 ਤੋਂ 17 ਮਈ 2022

# ਮਈ 1984-ਜੂਨ 84 ਦੇ ਹਮਲਿਆਂ ਦਾ ਇੱਕ ਹੋਰ ਅਭਿਆਸ

ਜੂਨ 1984 ਵਿੱਚ ਗੁਰੂ ਖਾਲਸਾ ਪੰਥ ’ਤੇ ਬਿਪਰ ਰਾਜ-ਹਉਂ (ਦਿੱਲੀ ਦਰਬਾਰ) ਵੱਲੋਂ ਕੀਤੇ ਬਹੁ-ਪਸਾਰੀ ਹਮਲੇ ਨੂੰ ਸਿੱਖ ਤੀਜੇ ਘੱਲੂਘਾਰੇ ਵਜੋਂ ਯਾਦ ਕਰਦੇ ਹਨ। ਬਿਪਰ ਦਾ ਅਸਲ ਮਨੋਰਥ ਸਿੱਖੀ ਦੇ ਨਿਆਰੇਪਣ ਨੂੰ ਮੇਟ ਕੇ ਇਸ ਨੂੰ ਬਿਪਰ ਪ੍ਰਬੰਧ ਵਿੱਚ ਜਜ਼ਬ ਕਰ ਲੈਣਾ ਸੀ। ਗੁਰੂ ਨਾਨਕ ਪਾਤਿਸਾਹ ਦੇ ਵੇਲੇ ਤੋਂ ਹੀ ਬਿਪਰ ਅਤੇ ਗੁਰਮਤਿ ਵਿਚਾਰਧਾਰਾ ਦਾ ਟਕਰਾਅ ਸ਼ੁਰੂ ਹੋ ਗਿਆ ਸੀ ਪਰ 1947 ਤੋਂ ਬਾਅਦ ਜਦੋਂ ਬਿਪਰ ਨੂੰ ਤਖ਼ਤ ਮਿਲ ਗਿਆ ਫਿਰ ਇਸ ਨੇ ਸਾਰੇ ਪਸਾਰਾਂ ਵਿੱਚ ਆਪਣਾ ਹਮਲਾ ਤੇਜ਼ ਕਰ ਦਿੱਤਾ। ਸਮੇਂ ਦੇ ਤਖ਼ਤਾਂ ਨਾਲ ਸਿੱਖ ਪਹਿਲਾਂ ਵੀ ਲੜਦੇ ਰਹੇ ਹਨ ਪਰ ਇਸ ਵਾਰ ਦੇ ਮਨੋਵਿਗਿਆਨਕ ਅਸਰ ਪਹਿਲਾਂ ਨਾਲੋਂ ਬਿਲਕੁਲ ਵੱਖਰੇ ਅਤੇ ਘਾਤਕ ਹਨ। ਇੱਕ ਤਾਂ ਇਸ ਵਾਰ ਹਮਲਾਵਰ ਕਿਤੋਂ ਬਾਹਰੀ ਖਿੱਤੇ ’ਚੋਂ ਨਹੀਂ ਆਇਆ ਸਗੋਂ ਇੱਥੋਂ ਦੇ ਸਥਾਨਿਕ ਮੱਤ ਵਾਲੇ ਹੀ ਹਮਲਾਵਰ ਹੋਏ ਜਿਸ ਵਰਤਾਰੇ ਦੀ ਸਿੱਖਾਂ ਦਾ ਵੱਡਾ ਹਿੱਸਾ ਆਸ ਨਹੀਂ ਸੀ ਕਰਦਾ ਅਤੇ ਦੂਸਰਾ ਵਰਤਮਾਨ ਸਟੇਟ ਨੇ ਮਨੋਵਿਗਿਆਨਕ ਹਮਲਾ ਡੂੰਘਾ ਕਰਨ ਲਈ ਬਹੁਤ ਜਿਆਦਾ ਤਰੱਕੀ ਵੀ ਕਰ ਲਈ ਹੈ। ਬਿਪਰ ਇਹ ਮਨੋਵਿਗਿਆਨਕ ਹਮਲਾ ਕਰਕੇ ਸਿੱਖਾਂ ’ਤੇ ਪੂਰਨ ਤੌਰ ’ਤੇ ਗਲਬਾ ਪਾ ਕੇ ਖਤਮ ਕਰਨਾ ਚਾਹੁੰਦਾ ਸੀ। ਹਮਲੇ ਸਿਰਫ ਸਰੀਰਕ ਨਹੀਂ ਹੁੰਦੇ ਜਾਂ ਹਮਲੇ ਸਿਰਫ ਦਿਖਦੇ ਨੁਕਸਾਨ ਵਾਲੇ ਨਹੀਂ ਹੁੰਦੇ ਕੁਝ ਹਮਲੇ ਮਾਨਸਿਕ ਵੀ ਹੁੰਦੇ ਹਨ ਜਿਨਾਂ ਦੀ ਗੱਲ ਨਫ਼ੇ ਨੁਕਸਾਨਾਂ ਤੋਂ ਉੱਤੇ ਹੁੰਦੀ ਹੈ। ਇਸ ਲਈ ਜਰੂਰੀ ਨਹੀਂ ਕਿ ਜਿੱਥੇ ਕੋਈ ਜਾਨੀ-ਮਾਲੀ ਨੁਕਸਾਨ ਹੋਇਆ ਉਸੇ ਨੂੰ ਹੀ ਹਮਲਾ ਕਿਹਾ ਜਾਵੇਗਾ। ਅਸਲ ਵਿੱਚ ਜਦੋਂ ਵੀ ਸਿੱਖ ਅਤੇ ਗੁਰੂ ਦੇ ਵਿੱਚ ਕੋਈ ਆਉਂਦਾ ਹੈ, ਜਦੋਂ ਸਿੱਖ ਨੂੰ ਜਬਰੀ ਗੁਰੂ ਕੋਲ ਜਾਣ ਤੋਂ ਰੋਕਿਆ ਜਾਂਦਾ ਹੈ, ਜਦੋਂ ਗੁਰੂ ਘਰ ਵੱਲ ਕੋਈ ਮੈਲੀ ਅੱਖ ਨਾਲ ਵੇਖਦਾ ਹੈ, ਜਦੋਂ ਤੋਪਾਂ ਤੇ ਟੈਂਕਾਂ ਦਾ ਮੂੰਹ ਗੁਰੂ ਦੇ ਦਰ ਵੱਲ ਹੋ ਜਾਂਦਾ ਹੈ ਕਿਉਂਕਿ ਇਹ ਕਿਸੇ ਦੁਨਿਆਵੀ ਤਖ਼ਤ ਦੀ ਅਧੀਨਗੀ ਨਹੀਂ ਕਬੂਲਦੇ ਤਾਂ ਇੱਕ ਸਿੱਖ ਲਈ ਉਹ ਹਮਲਾ ਹੀ ਹੁੰਦਾ ਹੈ। ਮਸਲਾ ਸਿਰਫ ਕੁਝ ਸ਼ਖਸੀਅਤਾਂ ਨੂੰ ਖਤਮ ਕਰਨ ਜਾਂ ਕੇਂਦਰੀ ਸਥਾਨਾਂ ਨੂੰ ਨੁਕਸਾਨ ਪਹੁੰਚਾਣ ਦਾ ਨਹੀਂ ਸੀ ਬਲਕਿ ਪੂਰੀ ਸਿੱਖ ਸੰਗਤ ਉੱਤੇ ਮਾਨਸਿਕ ਗਲਬਾ ਪਾ ਕੇ ਮੁਕੰਮਲ ਤੌਰ ’ਤੇ ਖਤਮ ਕਰਨ ਦਾ ਸੀ ਇਸ ਲਈ ਇਹ ਹਮਲਾ ਬਹੁਤ ਵਿਆਪਕ ਸੀ। ਜਿੱਥੇ ਪੂਰੇ ਪੰਜਾਬ ਨੂੰ ਫੌਜੀ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਉੱਥੇ ਅਨੇਕਾਂ ਗੁਰਧਾਮਾਂ ਉੱਤੇ ਇੱਕੋ ਸਮੇਂ ਹਮਲਾ ਕੀਤਾ ਗਿਆ।

ਜੂਨ 1984 ਵਿੱਚ ਹੋਣ ਵਾਲੇ ਹਮਲਿਆਂ ਤੋਂ ਪਹਿਲਾਂ ਗੁਰਦੁਆਰਾ ਸਾਹਿਬਾਨ ਨੂੰ ਘੇਰਾ ਪਾਉਣ ਦਾ, ਸਿੱਖ ਸੰਗਤ ਨੂੰ ਪ੍ਰਸ਼ਾਦਾ ਪਾਣੀ ਤੋਂ ਵਾਂਝੇ ਰੱਖਣ ਦਾ ਅਤੇ ਸਿੱਖ ਸੰਗਤ ਉੱਤੇ ਗੋਲੀ ਚਲਾਉਣ ਦਾ ਅਭਿਆਸ ਕੀਤਾ ਗਿਆ ਸੀ। ਇਹ ਅਭਿਆਸ ਪਹਿਲਾਂ ਅਪ੍ਰੈਲ 1984 ਵਿੱਚ ਮੋਗਾ ਸ਼ਹਿਰ ਵਿਖੇ ਕੀਤਾ ਗਿਆ ਜਿੱਥੇ 8 ਸਿੰਘ ਸ਼ਹੀਦ ਕੀਤੇ ਗਏ, ਅਨੇਕਾਂ ਸਿੰਘਾਂ ਨੂੰ ਜਖਮੀ ਕੀਤਾ ਗਿਆ ਅਤੇ ਗੁਰਦੁਆਰਾ ਸਾਹਿਬਾਨ ਅੰਦਰ ਮੌਜੂਦ ਸੰਗਤ ਲਈ ਬਿਜਲੀ ਪਾਣੀ ਬੰਦ ਕੀਤਾ ਗਿਆ, ਉਸ ਤੋਂ ਬਾਅਦ ਮਈ 1984 ਵਿੱਚ ਇਹ ਅਭਿਆਸ ਫਿਰੋਜ਼ਪੁਰ ਜਿਲੇ ਦੇ ਬਜੀਦਪੁਰ ਵਿਖੇ ਗੁਰਦੁਆਰਾ ਗੁਰੂਸਰ ਜਾਮਨੀ ਸਾਹਿਬ ਵਿਖੇ ਕੀਤਾ ਗਿਆ ਅਤੇ ਇਹ ਚਿਤਾਵਨੀ ਮੁੜ ਦੁਹਰਾਈ ਗਈ ਕਿ ਕਿਸੇ ਦੇ ਵੀ ਮਨ ਵਿੱਚ ਇਹ ਵਹਿਮ ਨਾ ਰਹੇ ਕਿ ਸਿੱਖਾਂ ਦੇ ਪਵਿੱਤਰ ਅਸਥਾਨ ਘੇਰੇ ਨਹੀਂ ਜਾ ਸਕਦੇ। ਸੁਭਾਵਿਕ ਹੀ ਹੈ ਕਿ ਜੋ ਕੁਝ ਵੀ ਇੱਥੇ ਕੀਤਾ ਗਿਆ ਉਸ ਦੀ ਪਰਖ ਨੂੰ ਭਵਿੱਖ ਵਿੱਚ ਵਰਤਣ ਦੀ ਮਨਸ਼ਾ ਨਾਲ ਹੀ ਕੀਤਾ ਗਿਆ।

ਮਈ 1984 ਵਿੱਚ ਫਿਰੋਜ਼ਪੁਰ ਜ਼ਿਲੇ ਦੇ ਵਿੱਚ ਨਿਹੰਗ ਸਿੰਘਾਂ ਦਾ ਪ੍ਰਸ਼ਾਸਨ ਨਾਲ ਕੋਈ ਮਸਲਾ ਹੋ ਗਿਆ ਸੀ ਜਿਸ ਵਿੱਚ ਚਾਰ ਨਿਹੰਗ ਸਿੰਘ ਸ਼ਹੀਦ ਕਰ ਦਿੱਤੇ ਗਏ ਸਨ। ਇਸ ਸਬੰਧੀ ਜਥੇਬੰਦੀਆਂ ਨੇ ਗੁਰਦੁਆਰਾ ਜਾਮਨੀ ਸਾਹਿਬ ਫਿਰੋਜ਼ਪੁਰ ਇਕੱਠ ਰੱਖਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਪਹੁੰਚੀ। ਇਸੇ ਦੌਰਾਨ ਇੱਕ ਵਾਰ ਫਿਰ ਜੂਨ ’84 ਵਿੱਚ ਕੀਤੀ ਜਾਣ ਵਾਲੀ ਕਾਰਵਾਈ ਦਾ ਅਭਿਆਸ ਕਰਦਿਆਂ ਸੀ.ਆਰ.ਪੀ.ਐੱਫ. ਅਤੇ ਪੁਲਸ ਵੱਲੋਂ ਗੁਰਦੁਆਰਾ ਸਾਹਿਬ ਨੂੰ ਚਾਰੇ ਪਾਸੇ ਤੋਂ ਘੇਰਾ ਪਾ ਲਿਆ ਗਿਆ। ਇਹ ਘੇਰਾ ਤਕਰੀਬਨ ਛੇ ਸੱਤ ਦਿਨ ਰਿਹਾ। ਇਸ ਦੌਰਾਨ ਕਿਸੇ ਨੂੰ ਵੀ ਗੁਰਦੁਆਰਾ ਸਾਹਿਬ ਦੇ ਅੰਦਰ ਨਾ ਜਾਣ ਦਿੱਤਾ ਗਿਆ। ਉਸ ਵਕਤ ਅੰਦਰ ਤਕਰੀਬਨ 70-80 ਸਿੰਘ ਸਨ। ਅੰਦਰ ਮੌਜੂਦ ਸੰਗਤ ਦਾ ਪ੍ਰਸਾਦਾ, ਦੁੱਧ ਅਤੇ ਪਾਣੀ ਬੰਦ ਕਰ ਦਿੱਤਾ ਸੀ। ਜੇ ਕੋਈ ਬਾਹਰੋਂ ਕੁਝ ਵੀ ਲੈ ਕੇ ਜਾਣ ਦਾ ਯਤਨ ਕਰਦਾ ਤਾਂ ਓਹਨੂੰ ਰੋਕ ਲਿਆ ਜਾਂਦਾ। ਇਹਨਾਂ ਦਿਨਾ ਵਿੱਚ ਹੀ ਮੋਗੇ ਨੂੰ ਜਾਣ ਵਾਲੀ ਜਰਨੈਲੀ ਸੜਕ ਉੱਤੇ ਇੱਕ ਹਾਦਸਾ ਵਾਪਰਿਆ। ਕਿਸੇ ਨੇ ਸੀ.ਆਰ.ਪੀ.ਐੱਫ. ਦੀ ਗੱਡੀ ’ਤੇ ਗ੍ਰਨੇਡ ਚਲਾ ਦਿੱਤਾ। ਉਸ ਤੋਂ ਬਾਅਦ ਸੀ.ਆਰ.ਪੀ.ਐੱਫ. ਨੇ ਸਿੰਘਾਂ ਨਾਲ ਗੱਲਬਾਤ ਕੀਤੀ। ਸਿੰਘਾਂ ਨੇ ਕਿਹਾ ਕਿ ਕੁਝ ਦਿਨਾ ਬਾਅਦ ਮੱਸਿਆ ਹੈ ਅਤੇ ਜੇਕਰ ਤੁਸੀਂ ਆਉਣ ਵਾਲੀ ਸੰਗਤ ਨੂੰ ਰੋਕਿਆ ਜਾਂ ਕੋਈ ਹੋਰ ਨੁਕਸਾਨ ਪਹੁੰਚਾਇਆ ਤਾਂ ਸਾਡੇ ਵੱਲੋਂ ਐਕਸ਼ਨ (ਕਾਰਵਾਈ) ਕੀਤਾ ਜਾਵੇਗਾ। ਫਿਰ ਮੱਸਿਆ ਤੋਂ ਇੱਕ ਰਾਤ ਪਹਿਲਾਂ ਸੀ.ਆਰ.ਪੀ.ਐੱਫ. ਅਤੇ ਪੁਲਸ ਵੱਲੋਂ ਗੁਰਦੁਆਰਾ ਸਾਹਿਬ ਨੂੰ ਪਾਇਆ ਘੇਰਾ ਹਟਾ ਦਿੱਤਾ ਗਿਆ।

ਅਪ੍ਰੈਲ ਅਤੇ ਮਈ 1984 ਦੀਆਂ ਇਨਾਂ ਕਾਰਵਾਈਆਂ ਨਾਲ ਅਭਿਆਸ ਅਤੇ ਪਰਖ ਨੂੰ ਅੰਜ਼ਾਮ ਦਿੱਤਾ ਗਿਆ ਤਾਂ ਜੋ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ ਅਤੇ ਹੋਰ ਅਨੇਕਾਂ ਗੁਰਦੁਆਰਾ ਸਾਹਿਬਾਨ ਉੱਤੇ ਜੂਨ 1984 ਵਿੱਚ ਜੋ ਹਮਲਾ ਕਰਨਾ ਸੀ, ਉਸਦੇ ਅੰਦਾਜ਼ੇ ਲਾਏ ਜਾ ਸਕਣ ਅਤੇ ਲੋੜੀਂਦੀਆਂ ਸਾਵਧਾਨੀਆਂ ਵਰਤੀਆਂ ਅਤੇ ਤਬਦੀਲੀਆਂ ਕੀਤੀਆਂ ਜਾ ਸਕਣ। ਮਈ 1984 ਵਿੱਚ ਪਹਿਲਾਂ ਸਿੰਘ ਸ਼ਹੀਦ ਕੀਤੇ ਜਾਂਦੇ ਹਨ ਫਿਰ ਗੁਰਦੁਆਰਾ ਗੁਰੂਸਰ ਜਾਮਨੀ ਸਾਹਿਬ, ਬਜ਼ੀਦਪੁਰ ਵਿਖੇ ਇਕੱਠੀ ਹੋਈ ਸੰਗਤ ਨੂੰ ਘੇਰਿਆ ਜਾਂਦਾ ਹੈ ਜਿਨਾਂ ਦਾ ਪ੍ਰਸਾਦਾ ਪਾਣੀ ਵੀ ਰੋਕਿਆ ਗਿਆ। ਜਰੂਰੀ ਨਹੀਂ ਜੋ ਸਿੰਘ ਮਈ ਵਿੱਚ ਸ਼ਹੀਦ ਕੀਤੇ ਉਹ ਵੀ ਇਸੇ ਲੜੀ ਤਹਿਤ ਜਾਂ ਇਸ ਅਭਿਆਸ ਦਾ ਹੀ ਹਿੱਸਾ ਹੋਣ ਪਰ ਉਸ ਤੋਂ ਬਾਅਦ ਦਾ ਜੋ ਅਮਲ ਹੈ ਉਹ ਜਰੂਰ ਅਗਲੇ ਅਮਲਾਂ ਦੀ ਪਰਖ ਵਜੋਂ ਵੇਖਣਾ ਚਾਹੀਦਾ ਹੈ। ਦੂਸਰੀ ਅਹਿਮ ਗੱਲ ਇਹ ਵੀ ਹੈ ਕਿ ਇਹ ਘੇਰਾ ਜੂਨ ’84 ਤੋਂ ਕੁਝ ਹੀ ਦਿਨ ਪਹਿਲਾਂ ਪੈਂਦਾ ਹੈ, ਕੁਝ ਦਿਨ ਬਾਅਦ ਹੋਰ ਅਨੇਕਾਂ ਗੁਰਦੁਆਰਾ ਸਾਹਿਬਾਨ ਨੂੰ ਘੇਰੇ ਪੈਣੇ ਹਨ, ਸੋ ਇਸ ਨੂੰ ਉਸ ਲੜੀ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ ਜਾਂ ਕਹਿ ਲਈਏ ਕਿ ਨਹੀਂ ਵੇਖਣਾ ਚਾਹੀਦਾ। ਦੋਵੇਂ ਵਾਰ ਸਿੱਖ ਸੰਗਤ ਆਪਣੇ ਮਸਲੇ ਸਬੰਧੀ ਇਕੱਠੀ ਹੁੰਦੀ ਹੈ, ਜਿਸ ਉੱਤੇ ਇਸ ਤਰੀਕੇ ਦੀ ਕਾਰਵਾਈ ਕਰਨੀ ਲੋੜੀਂਦੀ ਨਹੀਂ ਸੀ ਪਰ ਫਿਰ ਵੀ ਕੀਤੀ ਗਈ। ਇਹ ਉਹ ਸ਼ੁਰੂਆਤ ਸੀ ਜਿਸ ਨੇ ਆਪਣਾ ਸਿਖਰ ਜੂਨ 1984 ਵਿੱਚ ਵਿਖਾਇਆ।

# ਡੈਮ ਸੁਰੱਖਿਆ ਬਿੱਲ 2021 ਅਤੇ ਇਸ ਦੇ ਪ੍ਰਭਾਵ



ਰਣਜੀਤ ਸਿੰਘ ਕੁਕੀ

ਰਾਸ਼ਟਰੀ ਪੱਧਰ ਤੇ ਡੈਮ ਸੁਰੱਖਿਆ ਬਿੱਲ ਨੂੰ ਲੈ ਕੇ ਬਹਿਸ 1980ਵਿਆਂ ਵਿਚ ਹੀ ਸ਼ੁਰੂ ਹੋ ਗਈ ਸੀ। 1982 ਵਿਚ ਕੇਂਦਰੀ ਪਾਣੀ ਕਮਿਸ਼ਨ ਦੀ ਅਗਵਾਈ ਵਿਚ ਇਕ ਪੈਨਲ ਬਣਾਇਆ ਗਿਆ ਸੀ ਜਿਸ ਨੇ 1986 ਵਿਚ ਆਪਣੀ ਰਿਪੋਰਟ ਪੇਸ਼ ਕੀਤੀ। ਡੈਮ ਸੁਰੱਖਿਆ ਬਿੱਲ ਦਾ ਖਰੜਾ 2002 ਵਿਚ ਰਾਜਾਂ ਨੂੰ ਭੇਜਿਆ ਗਿਆ। ਬਿਹਾਰ ਪਹਿਲਾ ਸੂਬਾ ਸੀ ਜਿਸ ਨੇ 2006 ਵਿਚ ਡੈਮ ਸੁਰੱਖਿਆ ਐਕਟ ਪਾਸ ਕੀਤਾ। 2007 ਵਿਚ ਆਂਧਰਾ ਪ੍ਰਦੇਸ਼ ਅਤੇ ਪੱਛਮੀ ਬੰਗਾਲ ਦੀਆਂ ਅਸੈਂਬਲੀਆਂ ਨੇ ਸੰਸਦ ਨੂੰ ਸ਼ਕਤੀਆਂ ਦਿੰਦਾ ਹੋਇਆ ਇਕ ਪ੍ਰਸਤਾਵ ਪਾਸ ਕੀਤਾ ਜਿਸ ਦੇ ਤਹਿਤ ਉਹ ਡੈਮ ਸੁਰੱਖਿਆ ਬਿੱਲ ਨੂੰ ਪਾਸ ਕਰ ਸਕਦੀ ਸੀ।ਅਗਸਤ 2010 ਵਿਚ ਡੈਮ ਸੁਰੱਖਿਆ ਬਿੱਲ ਸੰਸਦ ਵਿਚ ਪੇਸ਼ ਕੀਤਾ ਗਿਆ ਅਤੇ ਜਿਸ ਨੂੰ ਸਟੈਂਡਿੰਗ ਕਮੇਟੀ ਕੋਲ ਭੇਜ ਦਿੱਤਾ ਗਿਆ ਜਿਸ ਨੇ ਅਗਲੇ ਵਰੇ ਆਪਣੀ ਰਿਪੋਰਟ ਪੇਸ਼ ਕੀਤੀ। ਪਰ ਇਹ ਪੰਦਰਵੀਂ ਲੋਕ ਸਭਾ ਵਿਚ ਪਾਸ ਨਾ ਕੀਤਾ ਜਾ ਸਕਿਆ ਅਤੇ ਇਸ ਦੇ ਖਤਮ ਹੋਣ ਨਾਲ ਹੀ ਖਤਮ ਹੋ ਗਿਆ।

ਆਪਣੀ ਪਹਿਲੇ ਕਾਰਜਕਾਲ ਵਿਚ ਮੋਦੀ ਸਰਕਾਰ ਨੇ ਭਾਰਤ ਦੇ ਸੋਲਿਸਿਟਰ ਜਰਨਲ ਦਾ ਇਸ ਉੱਪਰ ਵਿਚਾਰ ਲਿਆ ਜਿਸ ਨੇ ਸੰਵਿਧਾਨ ਦੀ ਧਾਰਾ 246 ਦੇ ਤਹਿਤ ਇਸ ਨੂੰ ਵੈਧ ਕਰਾਰ ਦਿੱਤਾ।ਕੇਂਦਰੀ ਸਰਕਾਰ ਨੇ ਮਈ 2017 ਵਿਚ ਡੈਮ ਸੁਰੱਖਿਆ ਬਿੱਲ ਨੂੰ ਲੈ ਕੇ ਤਾਜ਼ਾ ਖਰੜਾ ਤਿਆਰ ਕੀਤਾ ਅਤੇ ਇਸ ਨੂੰ ਦਸੰਬਰ 2018 ਵਿਚ ਲੋਕ ਸਭਾ ਵਿਚ ਪੇਸ਼ ਕੀਤਾ ਗਿਆ।ਪਰ ਇਸ ਨੂੰ ਪਾਸ ਨਾ ਕੀਤਾ ਜਾ ਸਕਿਆ ਅਤੇ ਸੋਲਵੀਂ ਲੋਕ ਸਭਾ ਦੇ ਖਤਮ ਹੋਣ ਨਾਲ ਇਹ ਵੀ ਖਤਮ ਹੋ ਗਿਆ। ਡੈਮ ਸੁਰੱਖਿਆ ਬਿੱਲ, 2019 ਵਿਚ ਦੇਸ਼ ਦੇ ਸਾਰੇ ਹੀ ਡੈਮਾਂ ਦੀ ਸਾਂਭ ਸੰਭਾਲ, ਕਾਰਗੁਜਾਰੀ ਅਤੇ ਕਿਰਿਆ ਪ੍ਰਣਾਲੀ ਬਾਰੇ ਦੱਸਿਆ ਗਿਆ ਹੈ।ਇਸ ਦੇ ਤਹਿਤ ਇਕ ਰਾਸ਼ਟਰੀ ਪੱਧਰ ਦੀ ਕਮੇਟੀ ਬਣਾਈ ਜਾਵੇਗੀ ਜੋ ਕਿ ਡੈਮ ਸੁਰੱਖਿਆ ਨਾਲ ਸੰਬੰਧਿਤ ਨੀਤੀਆਂ ਅਤੇ ਨਿਯਮ ਬਣਾਵੇਗੀ।

ਪੰਜਾਬ ਵਿਚ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦੇ ਨਾਲ-ਨਾਲ ਸਤਲੁਜ-ਯਮੁਨਾ ਲਿੰਕ ਦਾ ਮੁੱਦਾ ਗਰਮਾ ਰਿਹਾ ਹੈ। ਇਸ ਸਮੇਂ ਸਰਕਾਰ ਨੇ ਡੈਮ ਸੁਰੱਖਿਆ ਐਕਟ 2021 ਪੇਸ਼ ਕੀਤਾ ਹੈ ਜਿਸ ਨੂੰ 2 ਅਗਸਤ 2019 ਨੂੰ ਲੋਕ ਸਭਾ ਦੁਆਰਾ ਅਤੇ 2 ਦਸੰਬਰ ਨੂੰ ਰਾਜ ਸਭਾ ਦੁਆਰਾ ਪਾਸ ਕਰ ਦਿੱਤਾ ਗਿਆ ਸੀ।ਇਸ ਦੇ ਤਹਿਤ ਦੇਸ਼ ਦੇ ਸਾਰੇ ਡੈਮਾਂ ਦੀ ਸਾਂਭ-ਸੰਭਾਲ, ਨਿਗਰਾਨੀ, ਕਿਰਿਆ-ਪ੍ਰਣਾਲੀ ਅਤੇ ਪ੍ਰਬੰਧ ਨੂੰ ਧਿਆਨ ਵਿਚ ਰੱਖ ਕੇ ਦੋ ਕੇਂਦਰੀ ਅਤੇ ਦੋ ਸੂਬਾਈ ਸਮਿਤੀਆਂ ਬਣਾਈਆਂ ਗਈਆਂ।ਇਸ ਦਾ ਸੰਬੰਧ ਨਾ ਸਿਰਫ ਸੂਬੇ ਅੰਦਰਲੇ ਡੈਮਾਂ, ਬਲਕਿ ਦੂਜੇ ਸੂਬਿਆਂ ਦੇ ਡੈਮਾਂ ਨਾਲ ਵੀ ਹੋਵੇਗਾ। ਪੀਆਰਐਸ ਵਿਧਾਨਕ ਖੋਜ, ਜੋ ਕਿ ਦਿੱਲੀ ਨਾਲ ਸੰਬੰਧਿਤ ਖੋਜ ਸੰਸਥਾ ਹੈ, ਨੇ ਇਸ ਸੰਬੰਧੀ ਸੁਆਲ ਉਠਾਇਆ ਹੈ ਕਿ ਕੀ ਸੰਸਦ ਕੋਲ ਕਿਸੇ ਸੂਬੇ ਅੰਦਰਲੇ ਡੈਮਾਂ ਸੰਬੰਧੀ ਕਾਨੂੰਨ ਪਾਸ ਕਰਨ ਦਾ ਅਧਿਕਾਰ ਹੈ ?ਪੰਜਾਬ ਦੀ ਰਾਜਨੀਤਿਕ ਜਮਾਤ ਨੇ ਇਸ ਸੰਬੰਧੀ ਅਜੇ ਤੱਕ ਕੋਈ ਵੀ ਸੁਆਲ ਨਹੀਂ ਉਠਾਇਆ ਹੈ, ਜਦੋਂ ਕਿ ਡੀਐਮਕੇ ਦੇ ਸੰਸਦ ਮੈਂਬਰ ਐਸ ਰਾਮਲਿੰਗਮ ਨੇ ਮਦਰਾਸ ਉੱਚ ਅਦਾਲਤ ਕੋਲ ਗੁਹਾਰ ਲਗਾਈ ਹੈ ਜਿਸ ਵਿਚ ਉਸ ਨੇ ਇਸ ਦੀ ਸੰਵਿਧਾਨਿਕ ਵੈਧਤਾ ਨੂੰ ਚੁਣੌਤੀ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਅਜਿਹਾ ਕਾਨੂੰਨ ਪਾਸ ਕਰਨਾ ਸੰਘੀ ਢਾਂਚੇ ਦੀ ਸ਼ਰੇਆਮ ਉਲੰਘਣਾ ਹੈ ਜਿਸ ਨਾਲ ਸੂਬਿਆਂ ਦੀ ਸ਼ਕਤੀਆਂ ਬਹੁਤ ਹੀ ਸੀਮਿਤ ਹੋ ਜਾਂਦੀਆਂ ਹਨ। ਸੰਵਿਧਾਨ ਅਨੁਸਾਰ ਸਿਰਫ ਸੂਬੇ ਹੀ ਪਾਣੀ ਨਾਲ ਸੰਬੰਧਿਤ ਕਾਨੂੰਨ ਬਣਾ ਸਕਦੇ ਹਨ ਜਿਸ ਵਿਚ ਪਾਣੀ ਦਾ ਭੰਡਾਰ ਅਤੇ ਇਸ ਤੋਂ ਬਣਨ ਵਾਲੀ ਬਿਜਲੀ ਵੀ ਸ਼ਾਮਿਲ ਹੈ।ਸੰਸਦ ਸਿਰਫ ਪਾਣੀ ਨੂੰ ਲੈ ਕੇ ਸੂਬਿਆਂ ਅੰਦਰਲੇ ਅਤੇ ਸੂਬਿਆਂ ਦੇ ਆਪਸੀ ਮੁੱਦਿਆਂ ਨੂੰ ਜਨਤਕ ਹਿੱਤ ਵਿਚ ਨਿਯੰਤ੍ਰਿਤ ਕਰ ਸਕਦੀ ਹੈ।ਪੀਆਰ ਐਸ ਨੇ ਆਪਣੇ ਵਿਸ਼ਲੇਸ਼ਣ ਵਿਚ ਇਹ ਸੁਆਲ ਪੁੱਛਿਆ ਹੈ, ‘ਕੀ ਸੰਸਦ ਨੂੰ ਕਿਸੇ ਸੂਬੇ ਵਿਚਲੇ ਪਾਣੀ ਦੇ ਸੋਮਿਆਂ ਸੰਬੰਧੀ ਕਾਨੂੰਨ ਪਾਸ ਕਰਨ ਦਾ ਅਧਿਕਾਰ ਹੈ ?’ ਵੱਡੇ ਡੈਮਾਂ ਨਾਲ ਸੰਬੰਧਿਤ ਰਾਸ਼ਟਰੀ ਰਜਿਸਟਰ 20 19, ਜਿਸ ਨੂੰ ਕੇਂਦਰੀ ਡੈਮ ਸੁਰੱਖਿਆ ਸੰਸਥਾ ਦੁਆਰਾ ਚਲਾਇਆ ਜਾਂਦਾ ਹੈ, ਅਨੁਸਾਰ 5745 ਵੱਡੇ ਡੈਮਾਂ (ਇਸ ਵਿਚ ਬਣ ਰਹੇ ਡੈਮ ਵੀ ਸ਼ਾਮਿਲ ਹਨ) ਵਿਚੋਂ 5674 ਸੂਬਿਆਂ ਦੁਆਰਾ, ਕੇਂਦਰੀ ਜਨਤਕ ਸੈਕਟਰ ਅਤੇ ਪੰਜ ਨਿੱਜੀ ਸੰਸਥਾਵਾਂ ਦੁਆਰਾ ਚਲਾਏ ਜਾਂਦੇ ਹਨ। ਡੈਮ ਸੁਰੱਖਿਆ ਬਿੱਲ 15 ਮੀਟਰ ਤੋਂ ਉੱਚੇ, ਜਾਂ ਪੰਦਰਾਂ ਜਾਂ ਦਸ ਮੀਟਰ ਦੀ ਉਚਾਈ ਦੇ ਵਿਚਕਾਰ ਵਾਲੇ ਡੈਮਾਂ ਉੱਪਰ ਲਾਗੂ ਹੁੰਦਾ ਹੈ ਇਸ ਵਿਚ ਕੁਝ ਹੋਰ ਸ਼ਰਤਾਂ ਜਿਵੇਂ ਘੱਟੋ-ਘੱਟ ਇਕ ਲੱਖ ਕਿਊਬਕ ਮੀਟਰ ਪਾਣੀ ਦੀ ਭੰਡਾਰ ਸਮਰੱਥਾ ਅਤੇ ਡੈਮ ਦੇ ਸਿਖਰਲੇ ਹਿੱਸੇ ਦੀ ਲੰਬਾਈ ਪੰਜ ਸੌ ਮੀਟਰ ਜਿਹੀਆਂ ਸ਼ਰਤਾਂ ਵੀ ਸ਼ਾਮਿਲ ਹਨ।

ਡੈਮ ਸੁਰੱਖਿਆ ਬਿੱਲ ਨੂੰ ਜਨਤਕ ਹਿੱਤਾਂ ਲਈ ਲਾਭਕਾਰੀ ਦੱਸਿਆ ਗਿਆ ਹੈ ਜਿਸ ਵਿਚ ਕੇਂਦਰੀ ਡੈਮ ਸੁਰੱਖਿਆ ਪ੍ਰੀਕਿਰਿਆ ਸਾਰੇ ਹੀ ਡੈਮਾਂ ਉੱਪਰ ਲਾਗੂ ਹੋਵੇਗੀ।ਪਰ ਇਸ ਵਿਚ ਇਹ ਸਪੱਸ਼ਟ ਨਹੀਂ ਹੈ ਕਿ ਸੰਸਦ ਕੋਲ ਇਨਾਂ ਡੈਮਾਂ ਸੰਬੰਧੀ ਕਾਨੂੰਨ ਬਣਾਉਣ ਦਾ ਅਧਿਕਾਰ ਕਿਸ ਤਰਾਂ ਹੈ ਜਦੋਂ ਕਿ ਇਹ ਸਾਰੇ ਮੁੱਦੇ ਸੂਬਾਈ ਅਧਿਕਾਰਾਂ ਨਾਲ ਸੰਬੰਧਿਤ ਹਨ। ਡੈਮ ਸੁਰੱਖਿਆ ਬਿੱਲ, ਜੋ ਕਿ ਸੰਸਦ ਦੀ ਮੇਜ ਉੱਪਰ 2010 ਤੋਂ ਹੀ ਘੁੰਮ ਰਿਹਾ ਹੈ, ਨੂੰ ਸੰਵਿਧਾਨ ਦੀ ਧਾਰਾ 252 ਦੇ ਤਹਿਤ ਲੋਕ ਸਭਾ ਵਿਚ ਪੇਸ਼ ਕੀਤਾ ਗਿਆ।‘ਇਹ ਧਾਰਾ ਸੰਸਦ ਨੂੰ ਸੂਬਾਈ ਸੂਚੀ ਵਿਚ ਸ਼ਾਮਿਲ ਮੁੱਦਿਆਂ ਉੱਪਰ ਕਾਨੂੰਨ ਬਣਾਉਣ ਦਾ ਅਧਿਕਾਰ ਦਿੰਦੀ ਹੈ ਬਸ਼ਰਤੇ ਦੋ ਜਾਂ ਇਸ ਤੋਂ ਜਿਆਦਾ ਸੂਬੇ ਇਸ ਸੰਬੰਧੀ ਪ੍ਰਸਤਾਵ ਪਾਸ ਕਰਨ ਅਤੇ ਇਹ ਕਾਨੂੰਨ ਸਿਰਫ ਉਨਾਂ ਹੀ ਸੂਬਿਆਂ ਉੱਪਰ ਲਾਗੂ ਹੋਵੇਗਾ।ਦੂਜੇ ਸੂਬੇ ਪ੍ਰਸਤਾਵ ਪਾਸ ਕਰਕੇ ਉਸ ਕਾਨੂੰਨ ਨੂੰ ਲਾਗੂ ਕਰ ਸਕਦੇ ਹਨ।’

ਪੰਜਾਬ ਵਿਚ ਕਿਸਾਨ ਜੱਥੇਬੰਦੀਆਂ ਫਿਰ ਤੋਂ ਅੰਦੋਲਨ ਦੇ ਰਾਹ ਪੈਂਦੀਆਂ ਦਿੱਖ ਰਹੀਆਂ ਹਨ।ਇਸ ਵਾਰ ਇਹ ਮੁੱਦਾ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਨਾਲ ਸੰਬੰਧਿਤ ਹੈ ਜਿਸ ਵਿਚ ਡੈਮ ਸੁਰੱਖਿਆ ਬਿੱਲ ਬਾਰੇ ਵੀ ਕੁਝ ਅਵਾਜ਼ਾਂ ਸੁਣੀਆਂ ਜਾ ਸਕਦੀਆਂ ਹਨ।ਪੰਜਾਬ ਵਿਚ ਨਵੀਂ ਬਣੀ ਸਰਕਾਰ ਅਤੇ ਦੂਜੀਆਂ ਰਾਜਨੀਤਿਕ ਪਾਰਟੀਆਂ ਨੇ ਇਸ ਮੁੱਦੇ ਨੂੰ ਲੈ ਕੇ ਚੁੱਪੀ ਧਾਰ ਰੱਖੀ ਹੈ।ਇਹ ਕਿੰਨੀ ਵੱਡੀ ਵਿਡੰਬਨਾ ਹੈ ਕਿ ਕੁਝ ਹੀ ਮਹੀਨੇ ਪਹਿਲਾਂ ਤਿੰਨ ਖੇਤੀ ਕਾਨੂੰਨਾਂ ਦੇ ਵਾਪਿਸ ਹੋਣ ਤੱਕ ਪੰਜਾਬ ਦੇ ਕਿਸਾਨ ਸਾਰੇ ਰਾਜਨੀਤਿਕ ਪ੍ਰਵਚਨ (ਡਿਸਕੋਰਸ) ਉੱਪਰ ਛਾਏ ਹੋਏ ਸਨ, ਪਰ ਚੋਣਾਂ ਦਾ ਮੌਸਮ ਲੰਘ ਜਾਣ ਤੋਂ ਬਾਅਦ ਉਨਾਂ ਦੀ ਕੋਈ ਗੱਲ ਨਹੀਂ ਕਰ ਰਿਹਾ ਅਤੇ ਉਨਾਂ ਨਾਲ ਸੰਬੰਧਿਤ ਮੁੱਦਿਆਂ ਉੱਪਰ ਵੀ ਹੋਰ ਮੁੱਦੇ ਭਾਰੀ ਹੋ ਗਏ ਹਨ।ਭਾਰਤੀ ਕਿਸਾਨ ਯੂਨੀਅਨ ਦੀ ਮਜਬੂਤ ਅਵਾਜ਼ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਡੈਮ ਸੁਰੱਖਿਆ ਬਿੱਲ ਪਾਣੀ ਨਾਲ ਸੰਬੰਧਿਤ ਸੂਬਾਈ ਅਧਿਕਾਰਾਂ ਉੱਪਰ ਡਾਕਾ ਹੈ ਅਤੇ ਕੁਝ ਕੁ ਕਿਸਾਨੀ ਕਾਰਕੁੰਨਾਂ ਨੇ ਇਸ ਸੰਬੰਧੀ ਆਪਣੀ ਅਵਾਜ਼ ਉਠਾਉਣੀ ਸ਼ੁਰੂ ਕੀਤੀ ਹੈ।

ਕੇਂਦਰੀ ਪਾਣੀ ਕਮਿਸ਼ਨ ਦੇ ਅਨੁਸਾਰ ਸੰਬੰਧਿਤ ਪ੍ਰੋਜੈਕਟਾਂ ਤੋਂ ਲਾਭ ਲੈਣ ਲਈ ਡੈਮਾਂ ਦੀ ਸੁਰੱਖਿਆ ਯਕੀਨੀ ਬਣਾਈ ਰੱਖਣਾ ਜਰੂਰੀ ਹੈ।ਵੱਡੇ ਡੈਮਾਂ ਦੇ ਸੰਬੰਧ ਵਿਚ ਅਮਰੀਕਾ ਅਤੇ ਕੈਨੇਡਾ ਤੋਂ ਬਾਅਦ ਭਾਰਤ ਦਾ ਤੀਜਾ ਨੰਬਰ ਆਉਂਦਾ ਹੈ, ਪਰ ਪਿਛਲੇ ਸੱਤਰ ਸਾਲਾਂ ਵਿਚ ਵੀ ਡੈਮ ਸੁਰੱਖਿਆ ਨਾਲ ਸੰਬੰਧਿਤ ਕੋਈ ਪ੍ਰਭਾਵਸ਼ਾਲੀ ਕਾਨੂੰਨ ਨਹੀਂ ਬਣਿਆ ਹੈ। ਇਨਾਂ ਮੁੱਦਿਆਂ ਨੂੰ ਮੁਖ਼ਾਤਿਬ ਹੋਣ ਲਈ ਹੀ 1987 ਵਿਚ ਸਰਕਾਰ ਨੇ ਪਹਿਲਾ ਡੈਮ ਸੁਰੱਖਿਆ ਬਿੱਲ ਬਣਾਉਣਾ ਸ਼ੁਰੂ ਕੀਤਾ ਸੀ। ਅਠਾਰਾਂ ਸੂਬੇ ਅਤੇ ਪੰਜ ਡੈਮ ਸੰਸਥਾਵਾਂ, ਜਿਸ ਵਿਚ ਭਾਖੜਾ ਬਿਆਸ ਮੈਨੇਜਮੈਂਟ ਵੀ ਸ਼ਾਮਿਲ ਹੈ, ਦੀਆਂ ਡੈਮ ਸੁਰੱਖਿਆ ਬਿੱਲ ਨੂੰ ਲੈ ਕੇ ਆਪਣੇ ਨਿਯਮ ਹਨ। ਪਾਣੀ ਦੇ ਸੋਮੇ ਅਤੇ ਉਨਾਂ ਦੀ ਸਾਂਭ-ਸੰਭਾਲ ਸੂਬਾਈ ਸੂਚੀ ਵਿਚ ਆਉਂਦੇ ਹਨਸੰਸਦ ਵਿਚ ਇਸ ਬਿੱਲ ਉੱਪਰ ਬਹਿਸ ਦੌਰਾਨ ਵਿਰੋਧੀ ਧਿਰ ਨਾਲ ਸੰਬੰਧਿਤ ਕਈ ਸੰਸਦ ਮੈਂਬਰਾਂ ਨੇ ਇਸ ਦਾ ਪੁਰਜ਼ੋਰ ਵਿਰੋਧ ਕੀਤਾ ਅਤੇ ਕਿਹਾ ਹੈ ਕਿ ਇਹ ਸੂਬੇ ਦੇ ਅਧਿਕਾਰਾਂ ਉੱਪਰ ਹਮਲਾ ਹੈ। ਪਰ ਪੰਜਾਬ ਦੇ ਸੰਸਦ ਮੈਂਬਰਾਂ ਦੁਆਰਾ ਇਸ ਸੰਬੰਧੀ ਕੋਈ ਸਰੋਕਾਰ ਨਹੀਂ ਦਰਸਾਇਆ ਗਿਆ। ਕਾਂਗਰਸ ਦੇ ਸ਼ਕਤੀ ਸਿੰਘ ਗੋਹਿਲ ਨੇ ਕਿਹਾ ਕਿ ਇਹ ਬਿੱਲ ਅਸੰਵਿਧਾਨਿਕ ਹੈ ਕਿਉਂਕਿ ਕੇਂਦਰ ਨੂੰ ਇਸ ਸੰਬੰਧੀ ਕੋਈ ਅਧਿਕਾਰ ਪ੍ਰਾਪਤ ਹੀ ਨਹੀਂ ਹੈ।ਅਜਿਹਾ ਕਰਕੇ ਕੇਂਦਰ ਸਿੱਧੇ ਰੂਪ ਵਿਚ ਸੂਬਿਆਂ ਵਿਚ ਦਖਲਅੰਦਾਜ਼ੀ ਕਰ ਰਿਹਾ ਹੈ। ਆਰ ਜੇ ਡੀ, ਐਮ ਡੀ ਐੱਮ ਕੇ, ਟੀ ਡੀ ਪੀ ਅਤੇ ਟੀ ਐਮ ਸੀ ਨਾਲ ਸੰਬੰਧਿਤ ਹੋਰ ਨੇਤਾਵਾਂ ਨੇ ਵੀ ਇਸ ਬਿੱਲ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਪਾਣੀ ਅਤੇ ਡੈਮਾਂ ਦਾ ਪ੍ਰਬੰਧ ਕੇਂਦਰ ਦੇ ਹੱਥ ਵਿਚ ਨਹੀਂ ਹੈ।ਬਹੁਤ ਸਾਰੇ ਵਿਰੋਧੀ ਧਿਰ ਦੇ ਮੈਂਬਰਾਂ ਨੇ ਇਹ ਮੰਗ ਰੱਖੀ ਕਿ ਇਸ ਬਿੱਲ ਨੂੰ ਕਮੇਟੀ ਕੋਲ ਭੇਜਣਾ ਚਾਹੀਦਾ ਹੈ।ਇਸ ਬਿੱਲ ਵਿਚ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਸਖਤ ਸਜਾ ਦਾ ਵੀ ਪ੍ਰਾਵਾਧਾਨ ਹੈ।ਅਗਰ ਕੋਈ ਸਰਕਾਰ ਜਾਂ ਸਰਕਾਰੀ ਅਧਿਕਾਰੀ, ਕੰਪਨੀ ਜਾਂ ਕਾਰਪੋਰੇਟ ਅਧਿਕਾਰੀ ਵੀ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਦੇ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਅਗਸਤ 2019 ਨੂੰ ਲੋਕ ਸਭਾ ਵਿਚ ਇਸ ਬਿੱਲ ਉੱਪਰ ਬਹਿਸ ਕਰਦੇ ਹੋਏ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਕਿਹਾ ਸੀ ਕਿ ਅਜ਼ਾਦੀ ਤੋਂ ਲੈ ਕੇ ਹੁਣ ਤੱਕ ਭਾਰਤ ਵਿਚ 40 ਡੈਮ ਖਰਾਬ ਹੋ ਚੁੱਕੇ ਹਨ।

ਮਿਹਿਰ ਸ਼ਾਹ, ਜੋ ਕਿ ਕੇਂਦਰੀ ਪਾਣੀ ਨੀਤੀ 2020 ਦੀ ਕਮੇਟੀ ਦਾ ਮੁਖੀ ਸੀ, ਨੇ ਕਿਹਾ ਸੀ ਕਿ ਨਦੀਆਂ ਉੱਪਰ ਡੈਮ ਬਣਾਉਣ ਦੀ ਪ੍ਰੀਕਿਰਿਆ ਨੂੰ ਵਾਚਿਆ ਜਾ ਰਿਹਾ ਸੀ ਤਾਂ ਕਿ ਨਦੀਆਂ ਨੂੰ ਨਵਾਂ ਰੂਪ ਦਿੱਤਾ ਜਾ ਸਕੇ। ਜਿਆਦਾ ਤੋਂ ਜਿਆਦਾ ਨਵੇਂ ਡੈਮ ਬਣਾਉਣ ਦੀ ਪਹਿਲਾਂ ਦੀ ਨੀਤੀ ਵਿਚ ਤਬਦੀਲੀ ਲੈ ਕੇ ਆਉਣ ਦੀ ਜਰੂਰਤ ਹੈ, ਬਲਕਿ ਧਿਆਨ ਪਹਿਲਾਂ ਤੋਂ ਹੀ ਮੌਜੂਦ ਡੈਮਾਂ ਦੇ ਪ੍ਰਬੰਧ ਵੱਲ ਜਿਆਦਾ ਧਿਆਨ ਦੇਣਾ ਚਾਹੀਦਾ ਹੈ। ਮਿਹਿਰ ਸ਼ਾਹ ਦਾ ਮੰਨਣਾ ਹੈ ਕਿ ਨਦੀਆਂ ਉੱਪਰ ਡੈਮ ਬਣਾਉਣ ਦੇ ਸਮਾਜਿਕ ਅਤੇ ਵਾਤਾਵਰਣ ਪੱਖੋਂ ਕੀਮਤ ਤਾਰਨੀ ਪਈ ਹੈ। ਇਸ ਕਰਕੇ ਬਹੁਤ ਸਾਰੀ ਉਪਜਾਊ ਜ਼ਮੀਨ ਡੁੱਬ ਗਈ ਹੈ ਅਤੇ ਬਹੁਤ ਸਾਰੇ ਲੋਕ ਬੇਘਰ ਹੋ ਗਏ ਹਨ।ਸ਼ਾਹ ਦਾ ਕਹਿਣਾ ਹੈ ਕਿ ਸਿੰਚਾਈ ਸੰਭਾਵੀ ਨੀਤੀਆਂ ਬਣਾਉਣ ਅਤੇ ਉਨਾਂ ਨੂੰ ਲਾਗੂ ਕਰਨ ਵਿਚ ਵੱਡਾ ਪਾੜਾ ਹੈ। ਇਸ ਤਰਾਂ ਦੇ ਪਾੜੇ ਨੂੰ ਘਟਾਉਣ ਨਾਲ ਲੱਖਾਂ ਏਕੜ ਜਮੀਨ ਨੂੰ ਘੱਟ ਲਾਗਤ ਤੇ ਸਿੰਚਾਈ ਅਧੀਨ ਲਿਆਂਦਾ ਜਾ ਸਕਦਾ ਹੈ ਜਿਸ ਵਿਚ ਇਕ ਵੀ ਡੈਮ ਬਣਾਉਣ ਦੀ ਲੋੜ ਨਹੀਂ ਪਵੇਗੀ।

ਉਸ ਦਾ ਮੰਨਣਾ ਹੈ ਕਿ ਡੈਮ ਨਾਲ ਸੰਬੰਧਿਤ ਖੇਤਰ ਨੂੰ ਕਿਸਾਨਾਂ ਦੇ ਅਧੀਨ ਲੈ ਆਉਣਾ ਚਾਹੀਦਾ ਹੈ।ਸਾਰੇ ਹੀ ਸੂਬਿਆਂ ਵਿਚ ਅਜਿਹੇ ਕਮਾਂਡ ਖੇਤਰ ਦਿਖਾਉਂਦੇ ਹਨ ਕਿ ਜਦੋਂ ਕਿਸਾਨਾਂ ਨੂੰ ਆਪਣੀ ਮਾਲਕੀ ਦਾ ਅਹਿਸਾਸ ਹੁੰਦਾ ਹੈ ਤਾਂ ਸਿੰਚਾਈ ਪ੍ਰਬੰਧ ਦੀ ਪ੍ਰੀਕਿਰਿਆ ਅਤੇ ਪ੍ਰਬੰਧ ਵਿਚ ਵੱਡੀ ਤਬਦੀਲੀ ਦੇਖੀ ਜਾ ਸਕਦੀ ਹੈ।

ਡੈਮ ਸੁਰੱਖਿਆ ਬਿੱਲ ਦੇ ਪਾਸ ਹੋਣ ਤੋਂ ਬਾਅਦ ਡੀ ਐਮ ਕੇ ਸਰਕਾਰ ਦੁਆਰਾ ਇਸ ਦਾ ਕਾਫੀ ਵਿਰੋਧ ਕੀਤਾ ਗਿਆ ਹੈ।ਉਨਾਂ ਦਾ ਮੰਨਣਾ ਹੈ ਕਿ ਇਸ ਵਿਚ ਸੂਬਿਆਂ ਦੇ ਹਿੱਤਾਂ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ।ਮੁੱਖ ਮੰਤਰੀ ਐਮ ਕੇ ਸਟਾਲਿਨ ਨੇ ਕਿਹਾ ਕਿ ਇਹ ਬਿੱਲ ਸੰਘੀ ਢਾਂਚੇ ਦੇ ਸਿਧਾਂਤਾਂ ਅਤੇ ਸੂਬਾ ਸਰਕਾਰਾਂ ਦੀ ਸ਼ਕਤੀਆਂ ਨੂੰ ਘੱਟ ਕਰਦਾ ਹੈ।ਉਸ ਨੇ ਇਸ ਨੂੰ ਤਾਨਾਸ਼ਾਹੀ ਫ਼ੁਰਮਾਨ ਦੱਸਿਆ ਜਿਸ ਨੇ ਸੂਬਿਆਂ ਦੇ ਅਧਿਕਾਰਾਂ ਉੱਪਰ ਹਮਲਾ ਬੋਲਿਆ ਹੈ। ਉਸ ਨੇ ਕਿਹਾ ਕਿ ਕੇਂਦਰੀ ਵਿਚਲੀ ਭਾਜਪਾ ਸਰਕਾਰ ਨੇ ਇਸ ਬਿੱਲ ਨੂੰ ਅੱਗੇ ਵਧਾਉਣ ਲਈ

**ਬਾਕੀ ਸਫ਼ਾ 31 ’ਤੇ**

# ਪੰਜਾਬ ਸਰਕਾਰ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਹੋਈ, ਕਾਰਵਾਈ ਦੇ ਹੁਕਮ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੁਲਿਸ ਫੋਰਸ ਨੂੰ ਨਸ਼ੇ ਵੇਚਣ ਵਾਲੇ ਅਨਸਰਾਂ ਵਿਰੁੱਧ ਵੱਡੀ ਪੱਧਰ 'ਤੇ ਸਖ਼ਤ ਕਾਰਵਾਈ ਕਰਨ ਦੇ ਨਾਲ-ਨਾਲ ਨਸ਼ਾ ਵਿਰੋਧੀ ਮੁਹਿੰਮ ਵਿਚ ਦਖ਼ਲਅੰਦਾਜ਼ੀ ਕਰਨ ਵਾਲੇ ਕਿਸੇ ਵੀ ਸਿਆਸੀ ਵਿਅਕਤੀ ਵਿਰੁੱਧ ਸ਼ਿਕੰਜਾ ਕੱਸਣ ਦੇ ਹੁਕਮ ਦਿੱਤੇ ਹਨ। ਆਪਣੀ ਸਰਕਾਰੀ ਰਿਹਾਇਸ਼ 'ਤੇ ਨਸ਼ਾ ਵਿਰੋਧੀ ਟਾਸਕ ਫੋਰਸ (ਐਸ.ਟੀ.ਐਫ) ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਵਿਚ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਭਗਵੰਤ ਮਾਨ ਨੇ ਸਪੱਸ਼ਟ ਤੌਰ ''ਤੇ ਕਿਹਾ ਕਿ ਡਰੱਗ ਮਾਫ਼ੀਆ ਨਾਲ ਮਿਲੀ ਭੁਗਤ ਸਾਹਮਣੇ ਆਉਣ 'ਤੇ ਕਿਸੇ ਵੀ ਸਿਆਸੀ ਵਿਅਕਤੀ ਜਾਂ ਅਧਿਕਾਰੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਉਹ ਬਿਨਾਂ ਕਿਸੇ ਸਿਆਸੀ ਦਬਾਅ ਦੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਏਜੰਡੇ 'ਤੇ ਕੰਮ ਕਰਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਹੋ ਸਕਦਾ ਹੈ ਕਿ ਪਹਿਲਾਂ ਕੁਝ ਨਸ਼ਾ ਤਸਕਰਾਂ ਨੂੰ ਸਿਆਸੀ ਸਰਪ੍ਰਸਤੀ ਮਿਲਦੀ ਰਹੀ ਹੋਵੇ, ਪਰ ਹੁਣ ਅਜਿਹਾ ਨਹੀਂ ਹੋਵੇਗਾ ਅਤੇ ਸੂਬੇ ਵਿਚੋਂ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਪੁੱਟਣ ਲਈ ਤੁਹਾਨੂੰ ਸਾਰਿਆਂ ਨੂੰ ਨਿਡਰ ਹੋ ਕੇ ਕੰਮ ਕਰਨਾ ਚਾਹੀਦਾ ਹੈ। ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਭਗਵੰਤ ਮਾਨ ਨੇ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਉਹ ਨਸ਼ੇ ਵੇਚਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਨਾ ਕਿ ਨਸ਼ੇ ਦੀ ਗ੍ਰਿਫ਼ਤ ਵਿਚ ਫਸੇ ਲੋਕਾਂ ਨੂੰ, ਕਿਉਂਕਿ ਇਹ ਲੋਕ ਤਾਂ ਪਹਿਲਾਂ ਹੀ ਡਰੱਗ ਮਾਫ਼ੀਆ ਦਾ ਸ਼ਿਕਾਰ ਹੋ ਚੁੱਕੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਨੌਜਵਾਨ ਪੀੜਤ ਹਨ ਦੋਸ਼ੀ ਨਹੀਂ ਅਤੇ ਅਸਲ ਦੋਸ਼ੀ ਨਸ਼ਾ ਵੇਚਣ ਵਾਲੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸੂਬਾ ਭਰ ਵਿਚ ਨਸ਼ਾ ਛੁਡਾਊ ਕੇਂਦਰਾਂ ਨੂੰ ਪ੍ਰਭਾਵੀ ਢੰਗ ਨਾਲ ਚਲਾਉਣ ਲਈ ਪੂਰੀ ਵਾਹ ਲਾਵੇਗੀ ਅਤੇ ਕਾਊਂਸਲਿੰਗ ਪ੍ਰੋਗਰਾਮ ਚਲਾਉਣ ਤੋਂ ਇਲਾਵਾ ਦਵਾਈਆਂ ਦੀ ਕੋਈ ਕਮੀ ਨਾ ਹੋਣ ਦੇਣ ਨੂੰ ਯਕੀਨੀ ਬਣਾਏਗੀ ਤਾਂ ਜੋ ਇਲਾਜ ਤੋਂ ਬਾਅਦ ਨੌਜਵਾਨ ਮੁੜ ਨਸ਼ਿਆਂ ਦਾ ਸ਼ਿਕਾਰ ਨਾ ਹੋਣ।



ਪੰਜਾਬੀ ਸਰਕਾਰ ਦੇ ਇਸ ਫੈਸਲੇ ਨੂੰ ਚੰਗਾ ਸਮਝ ਰਹੇ ਹਨ।ਜੇਕਰ ਇਹ ਲਾਗੂ ਹੁੰਦਾ ਹੈ ਤਾਂ ਪੰਜਾਬ ਦੇ ਭਵਿੱਖ ਲਈ ਵੱਡੀ ਗੱਲ ਹੋਵੇਗੀ।

**ਭਾਜਪਾ ਵਿਰੋਧੀ ਸਰਕਾਰਾਂ ਨੂੰ ਸਤਾ ਰਿਹਾ ਰਾਸ਼ਟਰਪਤੀ ਸ਼ਾਸਨ ਦਾ ਡਰ**

ਮਹਾਰਾਸ਼ਟਰ, ਪੱਛਮੀ ਬੰਗਾਲ, ਝਾਰਖੰਡ ਆਦਿ ਸੂਬਿਆਂ ਵਿਚ ਜਿੱਥੇ ਭਾਜਪਾ ਵਿਰੋਧੀ ਖੇਤਰੀ ਪਾਰਟੀਆਂ ਦੀਆਂ ਸਰਕਾਰਾਂ ਹਨ ਅਤੇ ਭਾਜਪਾ ਮੁੱਖ ਵਿਰੋਧੀ ਪਾਰਟੀ ਹੈ, ਉੱਥੇ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਰਾਸ਼ਟਰਪਤੀ ਸ਼ਾਸਨ ਦੀ ਚਰਚਾ ਸੁਣਾਈ ਦੇ ਰਹੀ ਹੈ। ਭਾਜਪਾ ਦੀ ਰਾਜਨੀਤੀ ਅਤੇ ਕੇਂਦਰੀ ਏਜੰਸੀਆਂ, ਨਿਆਂਪਾਲਿਕਾ ਅਤੇ ਸੰਵਿਧਾਨਿਕ ਸੰਸਥਾਵਾਂ ਦੀਆਂ ਸਰਗਰਮੀਆਂ ਕਾਰਨ ਵੀ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਸਰਕਾਰਾਂ ਖ਼ਤਰੇ ਵਿਚ ਹਨ। ਸੱਤਾਧਾਰੀ ਪਾਰਟੀਆਂ ਖ਼ੁਦ ਵੀ ਪ੍ਰਚਾਰ ਕਰ ਰਹੀਆਂ ਹਨ ਕਿ ਉਨ੍ਹਾਂ ਦੇ ਸੂਬਿਆਂ ਵਿਚ ਰਾਸ਼ਟਰਪਤੀ ਸ਼ਾਸਨ ਲੱਗ ਸਕਦਾ ਹੈ। ਭਾਜਪਾ ਜਿੱਥੇ ਮੁੱਖ ਵਿਰੋਧੀ ਨਹੀਂ ਹੈ, ਜਿਵੇਂ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਤੇਲੰਗਾਨਾ ਆਦਿ ਸੂਬਿਆਂ ਵਿਚ ਅਜਿਹੀ ਚਰਚਾ ਨਹੀਂ ਹੈ। ਮਹਾਰਾਸ਼ਟਰ ਵਿਚ ਸੱਤਾਧਾਰੀ ਮਹਾਵਿਕਾਸ ਅਘਾੜੀ ਸਰਕਾਰ 'ਚ ਸ਼ਾਮਿਲ ਤਿੰਨਾਂ ਪਾਰਟੀਆਂ (ਸ਼ਿਵ ਸੈਨਾ, ਐਨ. ਸੀ. ਪੀ. ਅਤੇ ਕਾਂਗਰਸ) ਦੇ ਇਕ ਦਰਜਨ ਤੋਂ ਵੱਧ ਆਗੂ ਸੀ. ਬੀ. ਆਈ., ਈ. ਡੀ. ਅਤੇ ਆਮਦਨ ਕਰ ਵਿਭਾਗ ਦੀ ਲਪੇਟ ਵਿਚ ਹਨ। ਹਨੂੰਮਾਨ ਚਾਲੀਸਾ ਅਤੇ ਲਾਊਡ ਸਪੀਕਰ ਦਾ ਵਿਵਾਦ ਵੱਖ ਚੱਲ ਰਿਹਾ ਹੈ। ਇਸ ਲਈ ਸ਼ਿਵ ਸੈਨਾ ਨੇਤਾ ਸੰਜੇ ਰਾਊਤ ਵਾਰ-ਵਾਰ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਰਾਸ਼ਟਰਪਤੀ ਸ਼ਾਸਨ ਲਗਾਉਣਾ ਚਾਹੁੰਦੀ ਹੈ। ਇਸੇ ਤਰ੍ਹਾਂ ਝਾਰਖੰਡ 'ਚ ਮੁੱਖ ਮੰਤਰੀ ਹੇਮੰਤ ਸੋਰੇਨ ਆਪਣੇ ਨਾਂ ਨਾਲ ਖਾਣਾਂ ਦੀ ਵੰਡ ਕਰਵਾ ਕੇ ਲਾਭ ਦੇ ਅਹੁਦੇ ਦੇ ਮਾਮਲੇ ਵਿਚ ਫਸੇ ਹੋਏ ਹਨ। ਉਨ੍ਹਾਂ ਦੀ ਮੈਂਬਰਸ਼ਿਪ 'ਤੇ ਚੋਣ ਕਮਿਸ਼ਨ ਦੀ ਤਲਵਾਰ ਲਟਕੀ ਹੋਈ ਹੈ। ਜੇਕਰ ਮੁੱਖ ਮੰਤਰੀ ਦਾ ਅਸਤੀਫ਼ਾ ਹੁੰਦਾ ਹੈ ਜਾਂ ਕਿਸੇ ਤਰ੍ਹਾਂ ਦੀ ਅਸਥਿਰਤਾ ਹੁੰਦੀ ਹੈ ਤਾਂ ਰਾਸ਼ਟਰਪਤੀ ਸ਼ਾਸਨ ਲੱਗ ਸਕਦਾ ਹੈ। ਅਜਿਹਾ ਹੀ ਪੱਛਮੀ ਬੰਗਾਲ ਵਿਚ ਕਾਨੂੰਨ ਵਿਵਸਥਾ ਦਾ ਵੱਡਾ ਮੁੱਦਾ ਬਣਿਆ ਹੋਇਆ ਹੈ ਅਤੇ ਹਿੰਸਾ ਦੇ ਮਾਮਲੇ ਵਿਚ ਕੇਂਦਰੀ ਏਜੰਸੀਆਂ ਇਕ ਤੋਂ ਬਾਅਦ ਇਕ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਰਹੀਆਂ ਹਨ। ਇਸ ਲਈ ਤ੍ਰਿਣਮੂਲ ਦੇ ਨੇਤਾ ਵੀ ਦੋਸ਼ ਲਗਾ ਰਹੇ ਹਨ ਕਿ ਕੇਂਦਰ ਸਰਕਾਰ ਰਾਸ਼ਟਰਪਤੀ ਸ਼ਾਸਨ ਲਗਾਉਣ ਦੀ ਸਾਜ਼ਿਸ਼ ਰਚ ਰਹੀ ਹੈ।

**ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਗੇਟ 'ਤੇ ਖ਼ਾਲਿਸਤਾਨੀ ਝੰਡੇ**

ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਮੁੱਖ ਗੇਟ 'ਤੇ ਖ਼ਾਲਿਸਤਾਨ ਦੇ ਝੰਡੇ ਲਗਾਉਣ ਤੇ ਕੰਧਾਂ 'ਤੇ ਖ਼ਾਲਿਸਤਾਨ ਲਿਖਣ ਸੰਬੰਧੀ ਖ਼ਬਰ ਹੈ। ਇਸ ਸਬੰਧੀ ਪੁਲਿਸ ਨੇ ਦੱਸਿਆ ਕਿ ਵਿਧਾਨ ਸਭਾ ਭਵਨ ਦੇ ਇਕ ਨੰਬਰ ਗੇਟ ਦੇ ਬਾਹਰਲੇ ਪਾਸੇ ਖ਼ਾਲਿਸਤਾਨੀ ਝੰਡੇ ਲਗਾਏ ਗਏ ਹਨ ਅਤੇ ਕੰਧਾਂ 'ਤੇ ਖਾਲਿਸਤਾਨ ਲਿਖਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਨੇ ਝੰਡੇ ਉਤਾਰ ਦਿੱਤੇ ਹਨ। ਜ਼ਿਕਰਯੋਗ ਹੈ ਕਿ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦਾ ਸਰਦ ਰੁੱਤ ਇਜਲਾਸ ਆਮ ਤੌਰ 'ਤੇ ਧਰਮਸ਼ਾਲਾ ਵਿਚ ਹੁੰਦਾ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਦੋਸ਼ੀਆਂ ਨੂੰ ਜਲਦ ਹੀ ਕਾਬੂ ਕਰ ਲਿਆ ਜਾਵੇਗਾ। ਇਸੇ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਹੈ ਤੇ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ ਹੈ। ਦਿੱਲੀ ਦੇ ਉੱਪ-ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਟਵੀਟ ਕੀਤਾ ਕਿ ਹਿਮਾਚਲ ਪ੍ਰਦੇਸ਼ ਵਿਧਾਨ ਸਭਾ 'ਤੇ ਝੰਡਾ ਲਗਾਉਣਾ ਭਾਜਪਾ ਸਰਕਾਰ ਦੀ



ਨਾਕਾਮੀ ਦਾ ਨਤੀਜਾ ਹੈ।

ਧਰਮਸ਼ਾਲਾ ਵਿਖੇ ਵਿਧਾਨ ਸਭਾ ਦੇ ਮੁੱਖ ਗੇਟ 'ਤੇ ਖਾਲਿਸਤਾਨੀ ਝੰਡੇ ਲਗਾਉਣ ਦੇ ਮਾਮਲੇ ਵਿਚ ਹਿਮਾਚਲ ਪ੍ਰਦੇਸ਼ ਪੁਲਿਸ ਨੇ ਸਿੱਖ ਫਾਰ ਜਸਟਿਸ ਦੇ ਮੁਖੀ ਤੇ ਅਮਰੀਕਾ ਵਾਸੀ ਗੁਰਪਤਵੰਤ ਸਿੰਘ ਪੰਨੂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਵਿਚ ਪੰਨੂ ਨੂੰ ਮੁੱਖ ਦੋਸ਼ੀ ਬਣਾਇਆ ਹੈ। ਪੁਲਿਸ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਗੁਆਂਢੀ ਸੂਬਿਆਂ ਵਿਚ ਖਾਲਿਸਤਾਨੀ ਤੱਤਾਂ ਦੀਆਂ ਵਧ ਰਹੀਆਂ ਕਾਰਵਾਈਆਂ, 11 ਮਾਰਚ 2022 ਨੂੰ ਉਨਾ ਵਿਖੇ ਖਾਲਿਸਤਾਨੀ ਝੰਡਾ ਲਗਾਉਣ ਤੇ ਸਿੱਖ ਫਾਰ ਜਸਟਿਸ ਵਲੋਂ ਹਿਮਾਚਲ ਪ੍ਰਦੇਸ਼ ਵਿਚ ਖਾਲਿਸਤਾਨ ਰਾਇਸ਼ੁਮਾਰੀ ਲਈ 6 ਜੂਨ 2022 ਨੂੰ ਰੱਖੀ ਵੋਟਿੰਗ ਦੀ ਤਰੀਕ ਦੇ ਐਲਾਨ ਦੇ ਮੱਦੇਨਜ਼ਰ ਡੀਜੀਪੀ. ਨੇ ਸੂਬੇ ਵਿਚ ਹਾਈ ਅਲਰਟ ਦੇ ਨਿਰਦੇਸ਼ ਦਿੱਤੇ ਹਨ। ਸੋਸ਼ਲ ਮੀਡੀਆ ਵਿਚ ਲੋਕ ਇਸ ਬਿਰਤਾਂਤ ਨੂੰ ਭਾਜਪਾ ਤੇ ਹਿਮਾਚਲ ਦੀਆਂ ਚੋਣਾਂ ਨਾਲ ਜੋੜ ਕੇ ਦੇਖ ਰਹੇ ਹਨ।

## ਸ੍ਰੀਲੰਕਾ ਵਿਚ ਹਾਲਾਤ ਬੇਕਾਬੂ, ਜਨਤਾ ਬਾਗੀ ਤੇ ਹਿੰਸਾ ਵਲ ਉਤਾਰੂ, ਪ੍ਰਧਾਨ ਮੰਤਰੀ ਵਲੋਂ ਅਸਤੀਫ਼ਾ

**✪ ਸੰਸਦ ਮੈਂਬਰ ਸਣੇ ਚਾਰ ਹਲਾਕ, ਮੁਲਕ ਵਿੱਚ ਹਾਲਾਤ ਬੇਕਾਬੂ ✪ ਲੋਕਾਂ ਨੇ ਕਈ ਸਾਬਕਾ ਮੰਤਰੀਆਂ ਤੇ ਸਿਆਸੀ ਆਗੂਆਂ ਦੇ ਘਰਾਂ-ਦਫ਼ਤਰਾਂ ਨੂੰ ਬਣਾਇਆ ਨਿਸ਼ਾਨਾ**

ਸ੍ਰੀਲੰਕਾ ਵਿਚ ਸਰਕਾਰ ਦੇ ਸਮਰਥਕਾਂ ਤੇ ਵਿਰੋਧੀਆਂ ਵਿਚਾਲੇ ਹੋਈਆਂ ਹਿੰਸਕ ਝੜਪਾਂ ਵਿਚ ਮੁਲਕ ਦੀ ਸੱਤਾਧਾਰੀ ਧਿਰ ਦੇ ਇਕ ਸੰਸਦ ਮੈਂਬਰ ਦੀ ਮੌਤ ਹੋ ਗਈ ਹੈ। ਰਾਜਪਕਸੇ ਭਰਾਵਾਂ ਦੀ ਸੱਤਾਧਾਰੀ ਪਾਰਟੀ ਨਾਲ ਸਬੰਧਤ ਸੰਸਦ ਮੈਂਬਰ ਦਾ ਨਿੱਜੀ ਸੁਰੱਖਿਆ ਕਰਮੀ ਵੀ ਮਾਰਿਆ ਗਿਆ ਹੈ। ਇਨ੍ਹਾਂ ਦੋਵਾਂ ਤੋਂ ਇਲਾਵਾ ਪੁਲਿਸ ਨੇ ਦੋ ਹੋਰ ਮੌਤਾਂ ਦੀ ਪੁਸ਼ਟੀ ਵੀ ਕੀਤੀ ਹੈ। ਪੁਲਿਸ ਨੇ ਦੱਸਿਆ ਕਿ ਪੋਲੋਨਾਰੂਆ ਜ਼ਿਲ੍ਹੇ ਤੋਂ ਐੱਸਐੱਲਪੀਪੀ ਦੇ ਸੰਸਦ ਮੈਂਬਰ ਅਮਰ ਕੀਰਤੀ ਅਤੁਕੋਰਾਲਾ ਨੂੰ ਸਰਕਾਰ ਵਿਰੋਧੀ ਸਮੂਹ ਨੇ ਪੱਛਮੀ ਸ਼ਹਿਰ ਨਿਤੰਬੂਆ ਵਿਚ ਘੇਰ ਲਿਆ। ਲੋਕਾਂ ਦਾ ਕਹਿਣਾ ਹੈ ਕਿ ਸੰਸਦ ਮੈਂਬਰ ਦੀ ਕਾਰ ਵਿਚੋਂ ਗੋਲੀ ਚੱਲੀ ਸੀ ਤੇ ਜਦ ਗੁੱਸੇ ਵਿਚ ਆਈ ਭੀੜ ਨੇ ਉਸ ਨੂੰ ਕਾਰ ਵਿਚ ਉਤਾਰਿਆ ਤਾਂ ਉਹ ਭੱਜ ਕੇ ਇਕ ਇਮਾਰਤ ਵਿਚ ਲੁਕ ਗਿਆ। ਲੋਕਾਂ ਦਾ ਕਹਿਣਾ ਹੈ ਕਿ ਸੰਸਦ ਮੈਂਬਰ ਨੇ ਖ਼ੁਦ ਆਪਣੇ ਰਿਵਾਲਵਰ ਨਾਲ ਗੋਲੀ ਮਾਰ ਕੇ ਖ਼ੁਦਕੁਸ਼ੀ ਕੀਤੀ ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸੇ ਦੇ ਸਮਰਥਕਾਂ ਵੱਲੋਂ ਸ਼ਾਂਤੀਪੂਰਨ ਰੋਸ ਜ਼ਾਹਿਰ ਕਰ ਰਹੇ ਲੋਕਾਂ ਉਤੇ ਹਮਲਾ ਕੀਤੇ ਜਾਣ ਤੋਂ ਬਾਅਦ ਪੂਰੇ ਦੇਸ਼ ਵਿਚ ਹਿੰਸਾ ਭੜਕ ਗਈ ਹੈ। ਲੋਕਾਂ ਨੇ ਰਾਜਧਾਨੀ ਤੋਂ ਮੁੜ ਰਹੇ ਰਾਜਪਕਸੇ ਹਮਾਇਤੀਆਂ ਉਤੇ ਗੁੱਸਾ ਕੱਢਿਆ। ਲੋਕਾਂ ਨੇ ਉਨ੍ਹਾਂ ਦੇ ਵਾਹਨਾਂ ਨੂੰ ਰੋਕ ਲਿਆ ਤੇ ਕਈ ਸ਼ਹਿਰਾਂ ਵਿਚ ਉਨ੍ਹਾਂ 'ਤੇ ਹਮਲਾ ਕੀਤਾ। ਗੁੱਸੇ ਵਿਚ ਆਏ ਲੋਕਾਂ ਨੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸੇ ਦੀ ਜੱਦੀ ਰਿਹਾਇਸ਼ ਸਣੇ ਸਾਬਕਾ ਮੰਤਰੀ ਜੌਹਨਸਨ ਫਰਨੈਂਡੋ ਦੇ ਦਫ਼ਤਰਾਂ ਤੇ ਹੋਰ ਟਿਕਾਣਿਆਂ ਨੂੰ ਅੱਗ ਲਾ ਦਿੱਤੀ। ਇਕ ਹੋਰ ਸਾਬਕਾ ਮੰਤਰੀ ਨਿਮਲ ਲਾਂਜ਼ਾ ਦੇ ਘਰ ਉਤੇ ਵੀ ਹਮਲਾ ਕੀਤਾ ਗਿਆ ਹੈ। ਲੋਕਾਂ ਨੇ ਇਕ ਮੇਅਰ ਤੇ ਕਈ ਹੋਰ ਆਗੂਆਂ ਦੇ ਘਰਾਂ ਨੂੰ ਵੀ ਨਿਸ਼ਾਨਾ ਬਣਾਇਆ। ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸੇ ਨੇ ਆਪਣੇ ਸਮਰਥਕਾਂ ਵੱਲੋਂ ਸਰਕਾਰ ਵਿਰੋਧੀ ਮੁਜ਼ਾਹਰਾਕਾਰੀਆਂ 'ਤੇ ਕੀਤੇ ਹਮਲੇ ਮਗਰੋਂ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਹ ਹਮਲਾ ਕੋਲੰਬੋ ਵਿਚ ਰਾਸ਼ਟਰਪਤੀ ਗੋਟਬਾਯਾ ਰਾਜਪਕਸੇ ਦੇ ਦਫ਼ਤਰ ਦੇ ਬਾਹਰ ਕੀਤਾ ਗਿਆ ਸੀ। ਪੁਲਿਸ ਨੇ ਇਸ ਦੌਰਾਨ ਮਹਿੰਦਾ ਸਮਰਥਕਾਂ ਨੂੰ ਖਿੰਡਾਉਣ ਲਈ ਜਲ ਤੋਪਾਂ ਦੀ ਵਰਤੋਂ



ਕੀਤੀ। ਉਨ੍ਹਾਂ ਮੁਜ਼ਾਹਰਾਕਾਰੀਆਂ ਨੂੰ ਵੀ ਅੱਗੇ ਵਧਣ ਤੋਂ ਰੋਕਣ ਲਈ ਮਨੁੱਖੀ ਲੜੀ ਬਣਾਈ। ਇਨ੍ਹਾਂ ਝੜਪਾਂ ਵਿਚ 154 ਵਿਅਕਤੀ ਫੱਟੜ ਹੋ ਗਏ ਹਨ। ਜ਼ਿਕਰਯੋਗ ਹੈ ਕਿ ਮਹਿੰਦਾ ਦੀ ਆਪਣੀ ਪਾਰਟੀ ਐੱਸਐੱਲਪੀਪੀ ਨੇ ਵੀ ਉਨ੍ਹਾਂ ਉਤੇ ਅਸਤੀਫ਼ੇ ਲਈ ਦਬਾਅ ਬਣਾਇਆ ਹੋਇਆ ਸੀ। ਇਸੇ ਦੌਰਾਨ ਦੋ ਕੈਬਨਿਟ ਮੰਤਰੀਆਂ ਨੇ ਵੀ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ ਹੈ। ਕੋਲੰਬੋ ਵਿਚ ਹਿੰਸਕ ਟਕਰਾਅ ਮਗਰੋਂ ਪ੍ਰਧਾਨ ਮੰਤਰੀ ਮਹਿੰਦਾ (76) ਨੇ ਰਾਸ਼ਟਰਪਤੀ ਗੋਟਬਾਯਾ ਨੂੰ ਆਪਣਾ ਅਸਤੀਫ਼ਾ ਭੇਜਿਆ। ਪ੍ਰਧਾਨ ਮੰਤਰੀ ਦੇ ਅਸਤੀਫ਼ੇ ਨਾਲ ਮੰਤਰੀ ਮੰਡਲ ਦੀ ਹੋਂਦ ਵੀ ਖ਼ਤਮ ਹੋ ਗਈ ਹੈ।

ਕੋਲੰਬੋ ਵਿਚਲੇ ਅਮਰੀਕਾ ਦੀ ਰਾਜਦੂਤ ਜੂਲੀ ਚੁੰਗ ਨੇ ਸਰਕਾਰ ਨੂੰ ਹਿੰਸਾ ਭੜਕਣ ਪਿਛਲੇ ਕਾਰਨਾਂ ਦੀ ਜਾਂਚ ਕਰਾਉਣ ਲਈ ਕਿਹਾ ਹੈ। ਸ੍ਰੀਲੰਕਾ ਵਿਚਲੇ ਯੂ.ਕੇ. ਦੇ ਦੂਤਾਵਾਸ ਨੇ ਆਪਣੇ ਨਾਗਰਿਕਾਂ ਨੂੰ ਰੋਸ ਮੁਜ਼ਾਹਰਿਆਂ ਵਿਚ ਹਿੱਸਾ ਨਾ ਲੈਣ ਦੀ ਸਲਾਹ ਦਿੱਤੀ ਹੈ। ਯੂਰੋਪੀਅਨ ਯੂਨੀਅਨ ਦੀ ਅੰਬੈਸੀ ਨੇ ਸਰਕਾਰ ਨੂੰ ਲੋਕਾਂ ਦੀ ਰਾਖੀ ਕਰਨ ਦਾ ਸੱਦਾ ਦਿੱਤਾ ਹੈ।

ਸਰਕਾਰ ਨੇ ਪੂਰੇ ਮੁਲਕ ਵਿਚ ਕਰਫ਼ਿਊ ਲਾ ਦਿੱਤਾ ਹੈ। ਰਾਜਧਾਨੀ ਕੋਲੰਬੋ ਵਿਚ ਫ਼ੌਜ ਤਾਇਨਾਤ ਕੀਤੀ ਜਾ ਰਹੀ ਹੈ। ਵਿਰੋਧੀ ਧਿਰ ਨੇ ਦੋਸ਼ ਲਾਇਆ ਕਿ ਇਕ ਧੜੇ ਨੇ ਉਨ੍ਹਾਂ ਦੇ ਆਗੂ ਸਾਜਿਥ ਪ੍ਰੇਮਦਾਸਾ ਉਤੇ ਵੀ ਹਮਲਾ ਕੀਤਾ ਹੈ। ਉਨ੍ਹਾਂ ਹਿੰਸਾ ਭੜਕਾਉਣ ਲਈ ਮਹਿੰਦਾ ਰਾਜਪਕਸੇ ਨੂੰ ਜ਼ਿੰਮੇਵਾਰ ਠਹਿਰਾਇਆ। ਸਾਬਕਾ ਪ੍ਰਧਾਨ ਮੰਤਰੀ ਰਨੀਲ ਵਿਕਰਮਾਸਿੰਘੇ ਨੇ ਸ਼ਾਂਤੀਪੂਰਨ ਰੋਸ ਜ਼ਾਹਿਰ ਕਰ ਰਹੇ ਲੋਕਾਂ 'ਤੇ ਹਮਲੇ ਦੀ ਨਿਖੇਧੀ ਕੀਤੀ ਹੈ।

## ਸ਼ਾਹੀ ਪਰਿਵਾਰ ਤੇ ਕਾਂਗਰਸ ਦਾ ਰਿਸ਼ਤਾ ਹੋਇਆ ਖ਼ਤਮ

**✪ ਕਾਂਗਰਸ ਸੂਬਾ ਪ੍ਰਧਾਨ ਰਾਜਾ ਵੜਿੰਗ ਪਾਰਟੀ ਦਾ ਹਿੱਸਾ ਨਹੀਂ ਮੰਨ ਰਹੇ ਪ੍ਰਨੀਤ ਕੌਰ ਨੂੰ ✪ ਕੈਪਟਨ ਦੀ ਹਾਲਤ ਸਿਆਸਤ ਵਿਚ ਖਸਤੀ**

**ਪਟਿਆਲਾ :** ਕਾਂਗਰਸ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਹੁਣ ਪ੍ਰਨੀਤ ਕੌਰ ਨੂੰ ਵੀ ਆਪਣੇ ਤੋਂ ਵੱਖ ਕਰ ਦਿੱਤਾ ਹੈ। ਦਿਲਚਸਪ ਹੈ ਕਿ ਕਾਂਗਰਸ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪ੍ਰਨੀਤ ਕੌਰ ਨੂੰ ਪਾਰਟੀ ਦਾ ਹਿੱਸਾ ਨਾ ਹੋਣ ਦੀ ਗੱਲ ਪਟਿਆਲਾ ਜ਼ਿਲ੍ਹੇ 'ਚ ਕੀਤੇ ਦੌਰਿਆਂ ਤੋਂ ਬਾਅਦ ਕੀਤਾ ਹੈ। ਪ੍ਰਨੀਤ ਕੌਰ ਵੱਲੋਂ ਵਿਧਾਨ ਸਭਾ ਚੋਣਾਂ ਵੀ ਦੌਰਾਨ ਮੋਤੀ ਮਹਿਲ ਵਿਚ ਬੈਠ ਕੇ ਕਾਂਗਰਸ ਦੀ ਬਜਾਏ ਆਪਣੇ ਪਤੀ ਕੈਪਟਨ ਅਮਰਿੰਦਰ ਸਿੰਘ ਦੀ ਮਦਦ ਕੀਤੀ ਜਾਂਦੀ ਰਹੀ ਹੈ। ਜਿਸ ਬਾਰੇ ਕਾਂਗਰਸ ਪਾਰਟੀ ਵੱਲੋਂ ਪ੍ਰਨੀਤ ਕੌਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ। ਪ੍ਰਨੀਤ ਕੌਰ ਨੇ ਇਸ ਪੱਤਰ ਦਾ ਜਵਾਬ ਦੇਣ ਦੀ ਬਜਾਏ ਪੰਜਾਬ ਲੋਕ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦਾ ਸਾਥ ਦਿੰਦੇ ਰਹੇ ਹਨ। ਕਾਂਗਰਸ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪਿਛਲੇ ਦਿਨਾਂ ਵਿਚ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਹਲਕਿਆਂ ਵਿਚ ਸੀਨੀਅਰ ਆਗੂਆਂ ਨਾਲ ਬੈਠਕਾਂ ਕੀਤੀਆਂ ਗਈਆਂ ਹਨ। ਪ੍ਰਨੀਤ ਕੌਰ ਕਾਂਗਰਸ ਪ੍ਰਧਾਨ ਦੇ ਇਨ੍ਹਾਂ ਦੌਰਿਆਂ ਤੋਂ ਵੀ ਦੂਰ ਰਹੇ ਹਨ। ਬੀਤੇ ਦਿਨ ਮੋਤੀ ਮਹਿਲ ਦੇ ਬਿਲਕੁਲ ਸਾਹਮਣੇ ਰਹਿੰਦੇ ਸਾਬਕਾ ਮੰਤਰੀ ਬ੍ਰਹਮ ਮੋਹਿੰਦਰਾ ਦੇ ਘਰ ਵੀ ਪੁੱਜੇ ਸਨ। ਜਿਸ ਤੋਂ ਅਗਲੇ ਦਿਨ ਹੀ ਪ੍ਰਧਾਨ ਵੱਲੋਂ ਪ੍ਰਨੀਤ ਕੌਰ ਸਬੰਧੀ ਖੁੱਲ ਕੇ ਬਿਆਨ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਵੱਲੋਂ ਪਾਰਟੀ ਛੱਡਣ ਤੋਂ ਬਾਅਦ ਕਾਂਗਰਸ ਨੂੰ ਵਿਧਾਨ ਸਭਾ ਚੋਣਾਂ ਵਿਚ ਵੀ ਨੁਕਸਾਨ ਝੱਲਣਾ ਪਿਆ ਹੈ। ਪਾਰਟੀ ਦੀ ਮਜ਼ਬੂਤੀ ਲਈ ਪਾਰਟੀ ਪ੍ਰਧਾਨ ਰਾਜਾ ਵੜਿੰਗ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਆਗੂਆਂ ਤੇ ਵਰਕਰਾਂ ਨਾਲ ਮੁਲਾਕਾਤ ਦੀ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ ਜਿਸ ਤਹਿਤ ਉਹ ਹਲਕਾ ਸਮਾਣਾ, ਪਾਤੜਾਂ, ਨਾਭਾ ਤੇ ਘਨੌਰ ਦੇ ਸੀਨੀਅਰ ਆਗੂਆਂ ਤੇ ਸਾਬਕਾ ਵਿਧਾਇਕਾਂ ਨਾਲ ਬੈਠਕਾਂ ਕੀਤੀਆਂ ਗਈਆਂ ਹਨ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਬੈਠਕਾਂ ਦੌਰਾਨ ਆਗੂਆਂ ਤੋਂ ਮਿਲੇ ਸੁਝਾਵਾਂ ਤੋਂ ਬਾਅਦ ਪਾਰਟੀ ਪ੍ਰਧਾਨ ਦੇ ਪ੍ਰਨੀਤ ਕੌਰ ਦਾ ਪਾਰਟੀ ਨਾਲ ਕੋਈ ਰਿਸ਼ਤਾ ਨਾ ਹੋਣ ਦੀ ਗੱਲ ਕਹੀ ਹੈ।

**ਅਧਿਕਾਰਤ ਤੌਰ 'ਤੇ ਪਾਰਟੀ 'ਚੋਂ ਨਹੀਂ ਕੱਢਿਆ ਪ੍ਰਨੀਤ ਕੌਰ ਨੂੰ**

ਇਸ ਸਭ ਦੇ ਬਾਵਜੂਦ ਅਧਿਕਾਰਿਕ ਤੌਰ 'ਤੇ ਪ੍ਰਨੀਤ ਕੌਰ ਨੂੰ ਕਾਂਗਰਸ ਚੋਂ ਕੱਢਿਆ ਨਹੀਂ ਗਿਆ ਹੈ। ਜੇਕਰ ਪ੍ਰਨੀਤ ਕੌਰ ਨੂੰ ਪਾਰਟੀ ਵਿਚੋਂ ਕੱਢਿਆ ਜਾਂਦਾ ਹੈ ਤਾਂ ਨਿਯਮਾਂ ਤਹਿਤ ਲੋਕ ਸਭਾ ਹਲਕਾ ਪਟਿਆਲਾ ਲਈ ਉਪ ਚੋਣ ਕਰਵਾਉਣੀ ਹੋਵੇਗੀ।

ਬਾਕੀ ਸਫ਼ਾ 31 'ਤੇ

# ਪਟਿਆਲਾ ਘਟਨਾਕ੍ਰਮ ਦੇ ਕੁਝ ਪਹਿਲੂ ਅਤੇ ਸਵਾਲ

**ਸੁਖਵੀਰ ਸਿੰਘ ਕੰਗ**

ਜਿਵੇਂ ਅਤੀਤ ਵਿੱਚ ਵਾਪਰੀਆਂ ਘਟਨਾਵਾਂ ਤੋਂ ਸਿੱਖਿਆ ਲੈਣਾ ਜ਼ਰੂਰੀ ਹੁੰਦਾ ਹੈ, ਉਸੇ ਤਰਾਂ ਵਰਤਮਾਨ ਵਿੱਚ ਵਾਪਰ ਰਹੇ ਵਰਤਾਰੇ ਨੂੰ ਸਮਝਣਾ ਤੇ ਉਸ ਦੇ ਭਵਿੱਖ ਵਿੱਚ ਹੋਣ ਵਾਲੇ ਅਸਰਾਂ ਪ੍ਰਤੀ ਸੁਚੇਤ ਹੋਣਾ ਵੀ ਜ਼ਰੂਰੀ ਹੁੰਦਾ ਹੈ। ਜਿਸ ਤਰਾਂ ਕਿਸਾਨ ਅੰਦੋਲਨ ਸਮਾਜ, ਸਰਕਾਰ ਅਤੇ ਵਿਸ਼ਵ ਨੂੰ ਬਹੁਤ ਸਾਰੇ ਸੁਨੇਹੇ ਅਤੇ ਸਿੱਖਿਆਵਾਂ ਦੇ ਗਿਆ ਇਸੇ ਤਰਾਂ ਹੁਣੇ-ਹੁਣੇ ਵਾਪਰੇ ਪਟਿਆਲਾ ਘਟਨਾਕ੍ਰਮ ਦੇ ਵੀ ਬਹੁਤ ਸਾਰੇ ਦੂਰਗਾਮੀ ਸ਼ੁਭ-ਅਸ਼ੁਭ ਸਿੱਟੇ ਨਿੱਕਲ ਸਕਦੇ ਹਨ। ਇਸ ਵਾਸਤੇ ਸਾਨੂੰ ਇਸ ਵਰਤਾਰੇ ਦੌਰਾਨ ਵਾਪਰੀਆਂ ਹਾਂ-ਪੱਖੀ ਅਤੇ ਨਾਂਹ-ਪੱਖੀ ਘਟਨਾਵਾਂ ਨੂੰ ਨਿਰਪੱਖ, ਇਮਾਨਦਾਰ ਅਤੇ ਸਕਾਰਾਤਮਕ ਨਜ਼ਰੀਏ ਨਾਲ ਵਾਚਣਾ ਹੋਵੇਗਾ। ਇੱਥੇ ਇਹ ਸ਼ਬਦ ਲਿਖਣ ਦਾ ਹਰਗਿਜ਼ ਇਹ ਅਰਥ ਨਹੀਂ ਹੈ ਕਿ ਅਜਿਹੇ ਮਾਹੌਲ ਬਣਨੇ ਚੰਗੇ ਹਨ ਪਰ ਜੇ ਕਿਸੇ ਦੀ ਗਲਤੀ, ਕਮਜ਼ੋਰੀ ਜਾਂ ਲਾਲਸਾ ਵੱਸ ਜੇ ਅਜਿਹਾ ਮਾਹੌਲ ਬਣਦਾ ਵੀ ਹੈ ਤਾਂ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਅਜਿਹੇ ਸਮੇਂ ਦੌਰਾਨ ਸਾਡਾ ਰਵੱਈਆ ਕੀ ਹੋਣਾ ਚਾਹੀਦਾ ਹੈ, ਸਾਡੇ ਸਮਾਜਿਕ ਸਰੋਕਾਰ ਕੀ ਕਹਿੰਦੇ ਹਨ ਅਤੇ ਸਾਡੇ ਕੀ ਫਰਜ਼ ਬਣਦੇ ਹਨ। ਸਾਨੂੰ ਸੋਚਣਾ ਅਤੇ ਤੈਅ ਕਰਨਾ ਪਵੇਗਾ ਕਿ ਸਮਾਜਿਕ ਉਪੱਦਰ ਦਰਮਿਆਨ ਸਾਡੀ ਭੂਮਿਕਾ ਕੀ ਹੋਣੀ ਚਾਹੀਦੀ ਹੈ। ਜੇਕਰ ਇਹ ਘਟਨਾ ਪਟਿਆਲੇ ਦੀ ਥਾਂ ਕਿਸੇ ਘੱਟ ਜਾਗ੍ਰਿਤ ਅਤੇ ਵਖਰੇਵਿਆਂ ਦੇ ਸ਼ਿਕਾਰ ਸਮਾਜ ਵਿੱਚ ਵਾਪਰੀ ਹੁੰਦੀ ਤਾਂ ਹੋਰ ਦੰਗੇ ਅਤੇ ਕਤਲੋਗਾਰਤ ਵੀ ਹੋ ਸਕਦੀ ਸੀ। ਇੱਥੇ ਇਹ ਜ਼ਿਕਰ ਕਰਨਾ ਅਜਿਹੀਆਂ ਘਟਨਾਵਾਂ ਦੀ ਪ੍ਰੋੜਤਾ ਵੀ ਬਿਲਕੁਲ ਨਹੀਂ ਕਰਦਾ ਪਰ ਜਿਸ ਦੇਸ਼, ਸਮਾਜ ਅਤੇ ਸਿਆਸਤ ਵਿੱਚ ਅਸੀਂ ਰਹਿ ਰਹੇ ਹਾਂ ਸਾਨੂੰ ਇਸ ਤਰਾਂ ਦੇ ਹਾਲਾਤ ਬਾਰੇ ਹਮੇਸ਼ਾ ਸੁਚੇਤ ਰਹਿ ਕੇ ਜ਼ਰੂਰ ਚੱਲਣਾ ਹੋਵੇਗਾ। ਅਜਿਹੇ ਵਰਤਾਰਿਆਂ ਨੂੰ ਰੋਕਣ ਅਤੇ ਟੱਕਰ ਦੇਣ ਲਈ ਸਾਨੂੰ ਸਭ ਨੂੰ ਨਿੱਜੀ ਅਤੇ ਧਾਰਮਿਕ ਸੀਮਾਵਾਂ ਵਿੱਚੋਂ ਨਿਕਲ ਕੇ ਆਪਣੀ ਇੱਕ ਜ਼ਿੰਮੇਵਾਰ ਭੂਮਿਕਾ ਜ਼ਰੂਰ ਤੈਅ ਕਰਨੀ ਪਵੇਗੀ। ਬਿਰਤਾਂਤਕ ਘੁਸਪੈਠ ਕਰਕੇ ਜਨਤਾ ਨੂੰ ਨਿੱਤ ਨਵੇਂ ਤਰੀਕਿਆਂ ਨਾਲ ਵੰਡੀਆਂ ਪਾ ਕੇ ਅਤੇ ਭਾਵਨਾਵਾਂ ਭੜਕਾ ਕੇ ਆਪਣੇ ਨਿੱਜੀ ਮੁਫ਼ਾਦਾਂ ਖਾਤਰ ਵਰਤ ਲੈਣ ਵਾਲੇ ਸ਼ਾਤਰ ਲੋਕਾਂ ਨੂੰ ਪਛਾਨਣ ਅਤੇ ਨੰਗਾ ਕਰਨ ਲਈ ਸਾਨੂੰ ਸਭ ਨੂੰ ਨਿੱਜੀ ਅਤੇ ਸਮੂਹਿਕ ਰਣਨੀਤੀ ਸਿਰਜ ਲੈਣਾ ਅੱਜ ਬੇਹੱਦ ਜ਼ਰੂਰੀ ਹੋ ਗਿਆ ਹੈ।

ਪਟਿਆਲਾ ਸ਼ਹਿਰ ਵਿੱਚ ਵਾਪਰੇ ਤਾਜ਼ਾ ਵਰਤਾਰੇ ਵਿੱਚ ਵੀ ਬਹੁਤ ਸਾਰੇ ਦੁਖਦਾਈ ਅਤੇ ਕੁਝ ਭਵਿੱਖ ਵਾਸਤੇ ਉਮੀਦ ਵਾਲੇ ਪਹਿਲੂ ਨਜ਼ਰ ਆਏ ਜਿਹਨਾਂ ਦਾ ਜ਼ਿਕਰ ਕਰਨਾ ਬਣਦਾ ਹੈ। ਇਸ ਵਰਤਾਰੇ ਦਾ ਮੁੱਢ ਵਿਦੇਸ਼ ਬੈਠੇ ਗੁਰਪਤਵੰਤ ਪੰਨੂੰ ਦੇ ਖਾਲਿਸਤਾਨ ਸਬੰਧੀ ਬਿਆਨ ਤੋਂ ਬੱਝਦਾ ਹੈ। ਗੌਰ ਕਰਨ ਵਾਲੀ ਗੱਲ ਹੈ ਕਿ ਉਸ ਨੇ ਪੰਜਾਬ ਅਤੇ ਸਿੱਖਾਂ ਦੇ ਹੋਰ ਅੱਤ ਜ਼ਰੂਰੀ ਮਸਲਿਆਂ ਬਾਰੇ ਕੋਈ ਯਤਨ ਤਾਂ ਕੀ, ਕਦੇ ਜ਼ਿਕਰ ਤਕ ਨਹੀਂ ਕੀਤਾ ਜਿਸ ਤੋਂ ਉਸ ਦੀ ਭੂਮਿਕਾ ਬਾਰੇ ਸ਼ੰਕਾ ਸਹਿਜੇ ਹੀ ਉਪਜਦਾ ਹੈ ਕਿ ਜੇਕਰ ਉਹ ਖਾਲਸੇ ਦੇ ਰਾਜ ਦਾ ਇੰਨਾ ਹਾਮੀ ਹੈ ਤਾਂ ਸਿੱਖਾਂ ਦੇ ਹੋਰ ਮਸਲਿਆਂ ਪ੍ਰਤੀ ਘੇਸਲ਼ ਕਿਉਂ ਵੱਟੀ ਰੱਖਦਾ ਹੈ ? ਸਿੱਖ ਮਸਲਿਆਂ ਦੇ ਹੱਲ ਵੱਲ ਜਾਂਦੇ ਰਸਤਿਆਂ ਦੇ ਝੁੱਲਾਂ ਅਤੇ ਕੰਢਿਆਂ ਨੂੰ ਪਹਿਚਾਨਣ ਲਈ ਵੀ ਸਾਨੂੰ ਗੰਭੀਰ ਵਿਚਾਰ ਕਰਕੇ ਨਿਚੋੜ ਕੱਢਣਾ ਚਾਹੀਦਾ ਹੈ। ਦੂਸਰਾ ਅਹਿਮ ਪਹਿਲੂ ਹੈ ਪਟਿਆਲਾ ਸਬੰਧਤ ਸ਼ਿਵ ਸੈਨਾ ਆਗੂ ਹਰੀਸ਼ ਸਿੰਗਲਾ ਦਾ ਪੰਨੂ ਦੇ ਬਿਆਨ ਨੂੰ ਇੰਨਾ ਗੰਭੀਰਤਾ ਨਾਲ ਲੈਣਾ ਵੀ ਸਵਾਲ ਖੜਾ ਕਰਦਾ ਹੈ ਕਿ ਉਸ ਨੂੰ ਇਸ ਬਿਆਨ ਦਾ ਸਰਕਾਰ ਅਤੇ ਕਾਨੂੰਨ ਤੋਂ ਵੱਧ ਫਿਕਰ ਕਿਉਂ ਹੋਇਆ ? ਜਦ ਕਿ ਉਨਾਂ ਦੀ ਸੈਨਾ ਅਤੇ ਸਹਿਯੋਗੀ ਜਥੇਬੰਦੀਆਂ ਅਕਸਰ ਹਿੰਦੂ ਰਾਸ਼ਟਰ ਦਾ ਢੰਡੋਰਾ ਪਿੱਟਦੀਆਂ ਰਹਿੰਦੀਆਂ ਹਨ। ਅਸਲ ਵਿੱਚ ਅਜਿਹੇ ਫ਼ਿਰਕੂ ਪੰਗੇ ਲੈਣ ਵਾਲੇ ਲੋਕ ਸੁਰੱਖਿਆ ਦਾ ਹੀਲਾ ਬਣਾਈ ਰੱਖਣ ਲਈ ਅਜਿਹੇ ਫ਼ਸਾਦ ਖੜੇ ਕਰਦੇ ਹਨ, ਜਾਂ ਕੁਝ ਲੋਕ ਆਪਣੇ ਫ਼ਿਰਕਾਪ੍ਰਸਤ ਮਨਸੂਬਿਆਂ ਤੋਂ ਪੈਦਾ ਹੋਣ ਵਾਲੇ ਖਤਰਿਆਂ ਲਈ ਅਜਿਹੇ ਬਿਰਤਾਂਤ ਅਤੇ ਨਾਟਕ ਸਿਰਜਦੇ ਰਹਿੰਦੇ ਹਨ ਤਾਂ ਕਿ ਸਰਕਾਰ ਅਤੇ ਪ੍ਰਸ਼ਾਸਨ ਦੀ ਨਿਗਾਹ ਵਿੱਚ ਬਣੇ ਰਹਿਣ ਅਤੇ ਇਹ ਸੁਰੱਖਿਆ ਦੀ ਆੜ ਹੇਠ ਸਮਾਜਿਕ ਅਤੇ ਧਾਰਮਿਕ ਮਾਹੌਲ ਵਿੱਚ ਜ਼ਹਿਰ ਘੋਲਦੇ ਰਹਿਣ। ਇਸੇ ਕਾਰਨ ਉਸ ਨੇ ਸਿੱਖ ਹਸਤੀਆਂ ਨਾਲ ਜੋੜ ਕੇ ਇਸ ਮਸਲੇ ਨੂੰ ਖ਼ੂਬ ਭੜਕਾਊ ਬਣਾਉਣ ਦਾ ਯਤਨ ਕੀਤਾ।




ਤੀਜਾ ਪਹਿਲੂ ਸੀ ਇਨਾਂ ਸੋਚੇ-ਸਮਝੇ ਕਰਮਾਂ ਦੇ ਪ੍ਰਤੀਕਰਮ ਦਾ, ਜਿਸਦਾ ਪੈਦਾ ਹੋਣਾ ਸੁਭਾਵਿਕ ਸੀ। ਹਿੰਦੂ ਲੋਗੋ ਅਧੀਨ ਖਾਲਿਸਤਾਨ ਮੁਰਦਾਬਾਦ ਮਾਰਚ ਕੱਢਣ ਦੇ ਵਿਰੋਧ ਵਿੱਚ ਸਿੱਖਾਂ ਅਧਾਰਿਤ ਦੂਜੀ ਧਿਰ ਧਾਰਮਿਕ ਜਜ਼ਬੇ ਅਤੇ ਜੋਸ਼ ਤੋਂ ਪ੍ਰੇਰਿਤ ਜ਼ਰੂਰ ਸੀ ਜਿਸਨੇ ਹਮਲਾਵਰ ਰੁਖ ਜ਼ਰੂਰ ਅਪਣਾਇਆ ਪਰ ਹੋਸ਼ ਦਾ ਪੱਲਾ ਨਹੀਂ ਛੱਡਿਆ। ਚੌਥਾ ਪਹਿਲੂ ਸੀ ਸਰਕਾਰ ਦਾ ਰਵੱਈਆ ਜੋ ਕਾਫੀ ਗੈਰ ਜ਼ਿੰਮੇਵਾਰ ਰਿਹਾ। ਕਾਫੀ ਦਿਨ ਪਹਿਲਾਂ ਤੋਂ ਤਹਿ ਹੋ ਰਹੇ ਟਕਰਾਓ ਵਾਲੇ ਹਾਲਾਤ ਬਾਰੇ ਸਰਕਾਰ ਦਾ ਅਵੇਸਲ਼ਾਪਨ ਨਿਰਾਸ਼ਾ ਵਾਲਾ ਰਿਹਾ। ਗੱਲ ਵਿਗੜ ਜਾਣ 'ਤੇ ਹਰਕਤ ਵਿੱਚ ਆਉਣਾ ਸਰਕਾਰ ਦੀ ਪੰਜਾਬ ਦੇ ਮਾਹੌਲ ਬਾਰੇ ਗੰਭੀਰਤਾ 'ਤੇ ਸ਼ੰਕੇ ਖੜੇ ਕਰ ਗਿਆ। ਪੰਜਵਾਂ ਪਹਿਲੂ ਸੀ ਮੌਕੇ 'ਤੇ ਬਣਨ ਵਾਲੇ ਹਾਲਾਤ ਨਾਲ ਸਥਾਨਕ ਪੁਲਿਸ ਅਤੇ ਪ੍ਰਸ਼ਾਸਨ ਦਾ ਨਜਿੱਠਣਾ ਜੋ ਨਿਰਪੱਖ ਅਤੇ ਤਸੱਲੀ ਵਾਲਾ ਰਿਹਾ। ਜ਼ਿਲੇ ਦੀ ਡਿਪਟੀ ਕਮਿਸ਼ਨਰ ਦੀ ਭੂਮਿਕਾ ਜ਼ਿੰਮੇਵਾਰ ਰਹੀ ਅਤੇ ਪੁਲਿਸ ਕਪਤਾਨ ਨਾਨਕ ਸਿੰਘ ਦਾ ਸਭ ਧਿਰਾਂ ਨੂੰ ਖੁਦ ਵਿੱਚ ਵਿਚਰ ਕੇ ਬਿਨਾਂ ਡੰਡਾ ਚਲਾਏ ਕਾਬੂ ਵਿੱਚ ਰੱਖਣਾ, ਉਸਦੇ ਚੰਗਾ ਅਫਸਰ ਹੋਣ ਦੀ ਗਵਾਹੀ ਭਰ ਗਿਆ।ਕਿਸੇ ਦੇ ਦਿਲ ਦੀ ਤਾਂ ਕੋਈ ਜਾਣ ਨਹੀਂ ਸਕਦਾ ਪਰ ਨਜ਼ਰ ਆਇਆ ਕਿ ਸਾਰੇ ਪ੍ਰਸ਼ਾਸਨ ਨੇ ਇਮਾਨਦਾਰ ਰੋਲ ਨਿਭਾਇਆ। ਪਰ ਅਜਿਹੇ ਇਨਸਾਨੀਅਤ ਅਤੇ ਫਰਜ਼ ਨੂੰ ਸਮਰਪਿਤ ਅਫਸਰ ਸਿਆਸਤ ਅਤੇ ਸਰਕਾਰਾਂ ਨੂੰ ਘੱਟ ਹੀ ਹਜ਼ਮ ਹੁੰਦੇ ਹਨ। ਸ਼ਾਇਦ ਇਸੇ ਕਰਕੇ ਸਨਮਾਨ ਦੀ ਥਾਂ ਉਸ ਨੂੰ ਬਦਲੀ ਨਾਲ ਨਿਵਾਜਿਆ ਗਿਆ। ਹੋ ਸਕਦਾ ਹੈ ਕਿ ਉਸਦੀ ਜ਼ਮੀਰ ਨੇ ਨਜਾਇਜ਼ ਜਾਂ ਪੱਖਪਾਤੀ ਕਰਵਾਈਆਂ ਦਾ ਹੁੰਗਾਰਾ ਨਾ ਭਰਿਆ ਹੋਵੇ ਕਿਉਂਕਿ ਆਮ ਤੌਰ 'ਤੇ ਅਜਿਹੇ ਮੌਕਿਆਂ 'ਤੇ ਸਰਕਾਰੀ ਬੋਲੀ ਬੋਲਣ ਅਤੇ ਨਾ ਬੋਲਣ ਵਾਲੇ ਅਫਸਰਾਂ ਦੀ ਪਛਾਣ ਸਹਿਜੇ ਹੀ ਹੋ ਜਾਂਦੀ ਹੈ ਅਤੇ ਇਸਦਾ ਸਬੂਤ ਪੱਖਪਾਤੀ ਕਾਰਵਾਈਆਂ ਤੇ ਧੱਕੇ ਨਾਲ ਮੜ੍ਹੇ ਦੋਸ਼ ਦੇ ਜਾਂਦੇ ਹਨ।

ਛੇਵਾਂ ਪਹਿਲੂ ਸੀ ਸਥਾਨਕ ਹੋਰ ਧਰਮਾਂ ਦੇ ਲੋਕਾਂ ਦਾ ਇਸ ਫੁੱਟਪਾਊ ਅਤੇ ਨਜਾਇਜ਼ ਦਖ਼ਲਅੰਦਾਜ਼ੀ ਵਿਰੁੱਧ ਸਿੱਖ ਜਥੇਬੰਦੀਆਂ ਦਾ ਸਾਥ ਦੇਣਾ। ਇਹ ਸਬਕ ਵੀ ਕਿਸਾਨ ਅੰਦੋਲਨ ਦੇ ਵਿਸ਼ਾਲ ਦਾਇਰੇ ਦੀ ਦੇਣ ਜਾਪਦਾ ਹੈ। ਅਗਲਾ ਸਭ ਤੋਂ ਵੱਡਾ ਪਹਿਲੂ ਸੀ ਫੁੱਟਪਾਊ ਬੰਦੇ ਦਾ ਉਸੇ ਦੇ ਧਰਮ ਵਲੋਂ ਵਿਰੋਧ, ਜਿਸ ਧਰਮ ਦਾ ਉਹ ਠੇਕੇਦਾਰ ਬਣ ਰਿਹਾ ਸੀ। ਇਹ ਨਵੇਕਲੀ ਗੱਲ ਇਹ ਸਾਬਤ ਕਰ ਗਈ ਕਿ ਸਭ ਧਰਮਾਂ ਦੇ ਲੋਕ ਹੀ ਆਪਣੇ ਆਪਣੇ ਧਰਮ ਅੰਦਰ ਬੈਠੀਆਂ ਬਖੇੜੇ ਪਾਉਣ ਵਾਲੀਆਂ ਤਾਕਤਾਂ ਤੋਂ ਦੁਖੀ ਹਨ ਅਤੇ ਇਹਨਾਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਹਨ। ਇਹ ਘੁੰਢੀ ਵੀ ਸਭ ਧਰਮਾਂ ਦੇ ਆਮ ਲੋਕਾਂ ਦੇ ਧਿਆਨ ਵਿੱਚ ਹੋਣੀ ਚਾਹੀਦੀ ਹੈ ਕਿ ਹਰ ਧਰਮ ਅੰਦਰ ਛੁਪੀਆਂ ਕਾਲੀਆਂ ਭੇਡਾਂ ਨੂੰ ਕਿਵੇਂ ਲਾਂਭੇ ਕਰ ਕੇ ਰੱਖਿਆ ਜਾਵੇ। ਸ਼ਿਵ ਸੈਨਾ ਦੇ ਹਰੀਸ਼ ਸਿੰਗਲਾ ਨੂੰ ਬਾਹਰ ਕੱਢਣ ਵਾਲੇ ਫ਼ੈਸਲੇ ਪਿਛਲੇ ਮਨਸੂਬੇ ਤਾਂ ਵਕਤ ਦੇ ਹਿਸਾਬ ਨਾਲ ਸਪਸ਼ਟ ਹੋਣਗੇ ਪਰ ਹਾਲ ਦੀ ਘੜੀ ਇਹ ਤਪਦੇ ਮਾਹੌਲ ਨੂੰ ਠਾਰਨ ਵਾਲਾ ਸਾਬਤ ਹੋਇਆ। ਮੰਦਰ ਕਮੇਟੀ ਵਲੋਂ ਹਰੀਸ਼ ਸਿੰਗਲੇ ਦਾ ਵਿਰੋਧ ਤੇ ਕੁਟਾਪਾ ਇਸ ਫ਼ਿਰਕੂ ਘੁਸਪੈਠ ਤੋਂ ਉਪਜਣ ਵਾਲੇ ਭਵਿੱਖਤ ਨੁਕਸਾਨ ਦਾ ਸੰਸਾ ਸੀ ਜਾਂ ਮੰਦਰ ਦੇ ਪਵਿੱਤਰ ਅਹਾਤੇ ਨੂੰ ਧੱਕੇ ਨਾਲ ਨਿੱਜੀ ਮੁਫ਼ਾਦ ਲਈ ਵਰਤਣ ਦਾ ਰੋਹ ਸੀ, ਇਹ ਵੀ ਹਾਲੇ ਸਪਸ਼ਟ ਹੋਣਾ ਬਾਕੀ ਹੈ। ਹਮੇਸ਼ਾ ਬਖ਼ੇੜੇ ਖੜੇ ਕਰਕੇ ਮਸ਼ਹੂਰੀ ਲੈਣ ਵਾਲੇ ਧਾਰਮਿਕ ਲੀਡਰ ਸਰਕਾਰੀ ਸਕਿਓਰਟੀ ਖੁੱਸਣ ਤੋਂ ਕਿੰਨਾ ਡਰ ਜਾਂਦੇ ਹਨ ਅਤੇ ਇਸ ਭੈਅ ਕਾਰਨ ਕਿਸ ਹੱਦ ਤਕ ਗਿਰ ਸਕਦੇ ਹਨ, ਇਹ ਵੀ ਇਸ ਘਟਨਾਕ੍ਰਮ ਦਾ ਅਹਿਮ ਪਹਿਲੂ ਰਿਹਾ।

ਅਗਲਾ ਮਹੱਤਵਪੂਰਨ ਪਹਿਲੂ ਜੋ ਸਭ ਤੋਂ ਜ਼ਿਆਦਾ ਗੌਰ ਮੰਗਦਾ ਹੈ ਕਿ ਇਸ ਘਿਨਾਉਣੇ ਵਰਤਾਰੇ ਬਾਰੇ ਪਹਿਲਾਂ ਤੋਂ ਜਾਣਦਿਆਂ ਹੋਇਆਂ ਵੀ ਇਸਦਾ ਸ਼ਿਕਾਰ ਬਣਨ ਵਾਲੇ ਦੋਨਾਂ ਧਰਮਾਂ ਦੀ ਕਿਸੇ ਵੀ ਜਥੇਬੰਦੀ ਨੇ ਤਪਦੇ ਮਾਹੌਲ ਦੇ ਆਸਾਰਾਂ ਨੂੰ ਠਾਰਨ ਜਾਂ ਥੰਮਣ ਦੀ ਉੱਕਾ ਹੀ ਕੋਸ਼ਿਸ਼ ਨਹੀਂ ਕੀਤੀ। ਇਸ ਤੋਂ ਇਹ ਸਪਸ਼ਟ ਹੋ ਗਿਆ ਕਿ ਇਹ ਸਭ ਵੀ ਸਿਆਸੀ ਆਗੂਆਂ ਵਾਂਗ ਅੱਗ ਪੂਰੀ ਮਘਾ ਕੇ ਰੋਟੀਆਂ ਸੇਕਦੇ ਹਨ।

ਬਾਕੀ ਸਫ਼ਾ 30 'ਤੇ

# ਭਗਵਾਂ ਫਾਸ਼ੀਵਾਦ, ਪੰਥ ਤੇ ਪੰਜਾਬ

**ਪਰਮਿੰਦਰ ਸਿੰਘ ਸ਼ੌਂਕੀ**

ਹਾਲਾਂਕਿ ਇਹ ਇਕ ਸੁਭਾਵਿਕ ਤੇ ਜਾਣਿਆ-ਪਛਾਣਿਆ ਵਿਚਾਰ ਹੈ ਕਿ 1947 ਤੋਂ ਲਗਾਤਾਰ ਬਾਅਦ ਪੰਜਾਬ ਵਿਚ ਫ਼ਿਰਕੂ ਹਿੰਸਾ ਤੇ ਨੂੰ ਵਧਾਉਣ ਤੇ ਨਫ਼ਰਤੀ ਮਾਹੌਲ ਦੀ ਸਿਰਜਣਾ ਕਰਨ ਹਿਤ ਹਿੰਦੂਤਵੀ ਮਾਨਸਿਕਤਾ ਜਾਣ-ਬੁਝ ਕੇ ਅਜਿਹੇ ਵਾਤਾਵਰਨ ਦੀ ਸਿਰਜਣਾ ਕਰਦੀ ਹੈ, ਜਿਸ ਦੇ ਰਾਹੀਂ ਪੰਜਾਬ ਤੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾਏ, ਪਰ ਇਕ ਤੱਥ ਦੇ ਰੂਪ ਵਿਚ ਇਸ ਦੀ ਸਭ ਤੋਂ ਵਧੀਆ ਉਦਾਹਰਨ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਸਾਬਕਾ ਰਾਜਪਾਲ ਬੀ. ਡੀ. ਪਾਂਡੇ ਨੇ ਆਪਣੀ ਕਿਤਾਬ 'ਆਜ਼ਾਦ ਭਾਰਤ ਦੀ ਸੇਵਾ ਵਿਚ' ਦਿੱਤੀ ਹੈ। ਫਰਵਰੀ 1984 ਵਿਚ ਪੰਜਾਬ ਦੇ ਸ਼ਹਿਰ ਪਟਿਆਲਾ ਵਿਚ ਹੋਣ ਵਾਲੇ ਹਿੰਦੂ-ਸਿੱਖ ਝਗੜਿਆਂ ਦਾ ਮੁੱਖ ਦੋਸ਼ੀ ਪਾਂਡੇ ਸ਼ਿਵ ਸੈਨਾ ਨੇਤਾ ਪਵਨ ਕੁਮਾਰ ਸ਼ਰਮਾ ਨੂੰ ਐਲਾਨਦਾ ਹੋਇਆ ਸਪਸ਼ਟ ਲਿਖਦਾ ਹੈ ਕਿ ਇਨਾਂ ਕੱਟੜ ਹਿੰਦੂ ਫਿਰਕਾਪ੍ਰਸਤਾਂ ਨੂੰ ਦਿੱਲੀ ਅਤੇ ਹੋਰਨਾਂ ਥਾਵਾਂ ਤੇ ਸਭ ਤੋਂ ਉੱਚੇ ਕਾਂਗਰਸ (ਆਈ) ਸਰਕਲਾਂ ਦੁਆਰਾ ਮਦਦ ਕੀਤੀ ਜਾ ਰਹੀ ਸੀ. ਪਾਂਡੇ ਦੇ ਇਸ ਬਿਆਨ ਅੰਦਰ ਅੱਜ ਸਿਰਫ਼ ਏਨਾ ਹੀ ਫ਼ਰਕ ਆਇਆ ਹੈ ਕਿ ਹਿੰਦੂਤਵ ਦੀ ਜੋ ਰਾਜਨੀਤੀ ਪਹਿਲਾਂ ਕਾਂਗਰਸ ਕਰਦੀ ਸੀ, ਉਹ ਭਾਜਪਾ ਤੇ ਆਰ ਐਸ ਐਸ ਦੇ ਹਿੱਸੇ ਵਧੇਰੇ ਆ ਗਈ ਹੈ। ਬਾਕੀ ਸਾਰਾ ਘਟਨਾਕ੍ਰਮ ਬਿਲਕੁਲ ਉਸੇ ਪ੍ਰਕਾਰ ਦਾ ਹੈ ਜੋ ਪੰਜਾਬ ਅੰਦਰ 47 ਤੋਂ ਬਾਅਦ ਰਿਹਾ ਹੈ। ਪਿਛਲੇ ਦਿਨੀਂ ਜਿਸ ਪ੍ਰਕਾਰ ਪਟਿਆਲਾ ਅੰਦਰ ਹਿੰਦੂਤਵੀਆਂ ਨੇ ਆਪਣਾ ਏਜੰਡਾ ਪ੍ਰਗਟ ਕੀਤਾ ਹੈ, ਬੇਸ਼ੱਕ ਇਸ ਘਟਨਾਕ੍ਰਮ ਦੇ ਮੁੱਖ ਦੋਸ਼ੀ ਬਾਬਤ ਖ਼ੁਦ ਸੰਜੀਦਾ ਹਿੰਦੂ ਭਰਾਵਾਂ ਦੁਆਰਾ ਕੀਤੀ ਗਈ ਕਾਰਵਾਈ ਸ਼ਲਾਘਾਯੋਗ ਤੇ ਮਾਹੌਲ ਦੀ ਨਾਜ਼ੁਕਤਾ ਨੂੰ ਸਮਝਣ ਤੇ ਹੱਲ ਕਰਨ ਵੱਲ ਚੁੱਕਿਆ ਗਿਆ ਇਕ ਢੁੱਕਵਾਂ ਕਦਮ ਹੈ, ਪਰ ਇਹ ਕਾਫ਼ੀ ਨਹੀਂ ਹੈ, ਖ਼ਾਸ ਕਰ ਉਨਾਂ ਹਾਲਾਤਾਂ ਵਿਚ ਜਦੋਂ ਹਿੰਦੂਤਵੀ ਰਾਜਨੀਤੀ ਦਾ ਇਹ ਕਾਲ 84ਵਿਆਂ ਦੇ ਹਿੰਦੂਤਵੀ ਰਾਜਨੀਤੀ ਵਾਲੇ ਦ੍ਰਿਸ਼ ਤੋਂ ਕਾਫ਼ੀ ਵੱਖਰੀ ਭਾਂਤ ਦਾ ਹੈ। ਇਸ ਕਾਲ ਦੀ ਹਿੰਦੂਤਵੀ ਰਾਜਨੀਤੀ ਬੇਸ਼ੱਕ ਸਾਵਰਕਰ ਪ੍ਰਧਾਨਤਾ ਵਾਲੀ ਹੈ, ਪਰ ਪਿਛਲੇ ਦਿਨੀਂ ਸਾਵਰਕਰ ਦਾ ਜਿੰਨਾ ਕੁ ਅਧਿਐਨ ਮੈਂ ਕੀਤਾ ਹੈ, ਉਸ ਦੀ ਬਦੌਲਤ ਇਹ ਸਾਫ਼ ਆਖਿਆ ਜਾ ਰਿਹਾ ਹੈ ਕਿ ਸੰਘੀ ਹਿੰਦੂਤਵ ਹੁਣ ਸਾਵਰਕਰ ਤੋਂ ਕਾਫ਼ੀ ਹੱਦ ਤੱਕ ਪਾਸਾ ਵੱਟ ਕੇ ਚੱਲ ਰਿਹਾ ਹੈ, ਬੇਸ਼ੱਕ ਉਸ ਦੇ ਕੇਂਦਰ ਵਿਚ ਸਾਨੂੰ ਕਿੰਨਾ ਵੀ ਸਾਵਰਕਰਵਾਦੀ ਹਿੰਦੂਤਵ ਸਰਗਰਮ ਦਿਖਾਈ ਦਿੰਦਾ ਹੋਏ।

ਸੰਘੀ ਹਿੰਦੂਤਵ ਦੀ ਵਰਤਮਾਨ ਪੇਸ਼ਕਾਰੀ ਦਾ ਸਿਧਾਂਤਕ ਤੇ ਵਿਹਾਰਕ ਪ੍ਰਬੰਧ ਹੁਣ ਆਪਣੇ ਅਤੀਤ ਦੇ 'ਮਹਾਂਪੁਰਸ਼ਾਂ' ਦੀ ਬਜਾਏ ਆਧੁਨਿਕ 'ਚਾਣਕਿਆ' ਵਿਵੇਕਾਨੰਦ ਫਾਊਂਡੇਸ਼ਨ ਰਾਹੀਂ ਸੰਚਾਲਿਤ ਹੋ ਰਿਹਾ ਹੈ, ਜਿਹੜਾ ਕਿ ਇੱਕੋ ਵੇਲੇ ਆਪਣੇ ਵਿਭਿੰਨ ਪੱਧਰਾਂ ਉੱਪਰ ਕਾਰਜਸ਼ੀਲ ਰਹਿੰਦਾ ਹੈ। ਬੀ.ਡੀ. ਪਾਂਡੇ ਇਸ ਸਭ ਨੂੰ ਭਾਰਤ ਸਮੇਤ ਪੰਜਾਬ ਵਿਚ ਸਿੱਖਾਂ ਦੁਆਰਾ ਭਾਈਚਾਰਕ



ਹਮਦਰਦੀ ਨੂੰ ਗੁਆਉਣ ਦੇ ਹਵਾਲੇ ਨਾਲ ਸਮਝਾਉਂਦਾ ਹੈ।

ਪਿਛਲੇ ਸਮੇਂ ਦੀਆਂ ਬੜੀ ਤੇਜ਼ੀ ਨਾਲ ਵਾਪਰ ਰਹੀਆਂ ਘਟਨਾਵਾਂ ਦੇ ਸੰਦਰਭ ਵਿਚ ਜਦੋਂ ਸਿੱਖਾਂ ਦਾ ਇਕ ਤਬਕਾ ਨੇਸ਼ਨ/ਸਟੇਟ ਵੱਲੋਂ ਦਿਖਾਏ ਜਾ ਰਹੇ ਕਥਿਤ 'ਸਿੱਖ ਪ੍ਰੇਮ' ਸਦਕਾ ਰਾਸ਼ਟਰਵਾਦੀ (ਹਿੰਦੂਤਵੀ) ਮਾਨਸਿਕਤਾ ਦਾ ਤੇਜ਼ੀ ਨਾਲ ਸ਼ਿਕਾਰ ਹੁੰਦਾ ਹੋਇਆ, ਹਕੂਮਤੀ ਝੋਲੀ ਵਿਚ ਡਿਗਦਾ ਜਾ ਰਿਹਾ ਹੈ, ਉਸ ਦੇ ਦੂਜੇ ਹਿੱਸੇ ਨੂੰ 'ਖਾਲਿਸਤਾਨ' ਦੇ ਨਾਮ ਹੇਠ ਪੰਜਾਬ ਤੇ ਬਾਕੀ ਭਾਰਤ ਦੇ ਲੋਕਾਂ ਅੰਦਰ ਦੇਸ਼ ਵਿਰੋਧੀ ਬਣਾ ਕੇ ਬਾਕੀ ਲੋਕਾਂ ਨਾਲੋਂ ਤੇਜ਼ੀ ਨਾਲ ਤੋੜਿਆ ਜਾ ਰਿਹਾ ਹੈ। ਹਾਲਾਂਕਿ ਓਪਰੀ ਨਜ਼ਰੇ ਇਸ ਤੋੜ ਵਿਚੋਂ ਰਾਸ਼ਟਰਵਾਦੀ ਸਿੱਖ ਖ਼ੁਦ ਨੂੰ ਬਚਿਆ ਹੋਇਆ ਮਹਿਸੂਸ ਕਰ ਰਹੇ ਹਨ, ਪਰ ਇਤਿਹਾਸ ਗਵਾਹ ਹੈ ਕਿ ਇਸ ਤਰਾਂ ਖੱਸੀ ਕੀਤੇ ਜਾ ਰਹੇ 'ਸਿੱਖ' ਵੀ ਹਕੂਮਤੀ ਜ਼ਬਰ ਦਾ ਨਿਸ਼ਾਨਾ ਬਣਨ ਤੋਂ ਬਚ ਨਹੀਂ ਸਕਦੇ।

ਇਸ ਮਾਹੌਲ ਵਿਚ ਸਿੱਖਾਂ ਨੂੰ, ਬੇਸ਼ੱਕ ਉਹ ਕਿਸੇ ਵੀ ਤਰਾਂ ਦੇ ਹੋਣ, ਇਹ ਗੱਲ ਸਮਝਣੀ ਬੇਹੱਦ ਜ਼ਰੂਰੀ ਹੈ ਕਿ ਜਿਹੜੀ ਹਕੂਮਤ ਤੁਹਾਨੂੰ ਤੁਹਾਡੇ ਹਮਦਰਦ ਹੋਣ ਦਾ ਦਿਖਾਵਾ ਕਰਕੇ ਆਪਣੇ ਕਰੀਬ ਲਿਆ ਰਹੀ ਹੈ, ਉਹੀ ਹਕੂਮਤ ਆਪਣੇ ਪਿਆਦਿਆਂ ਕੋਲੋਂ ਤੁਹਾਡਾ ਵਿਰੋਧ ਕਰਵਾ ਕੇ ਨਾ ਸਿਰਫ਼ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਹੀ ਹੈ, ਬਲਕਿ ਇਸ ਵਾਰ ਇਸ ਫ਼ਿਰਕੂਪੁਣੇ ਨੂੰ ਸਿੱਖ ਬਨਾਮ ਸਿੱਖ ਬਣਾਉਣ ਦੀਆਂ ਕੋਸ਼ਿਸ਼ਾਂ ਵਿਚ ਵੀ ਹੈ। ਕੱਲ ਦਾ ਘਟਨਾਕ੍ਰਮ ਬੇਸ਼ੱਕ ਇਤਿਹਾਸ ਦੀ ਮੁੜ ਪੇਸ਼ਕਾਰੀ ਹੀ ਜਾਪਦਾ ਹੈ, ਪਰ ਇਹ ਏਨਾ ਸਰਲ ਨਹੀਂ ਜਿੰਨਾ ਸਾਨੂੰ ਦਿਖਾਈ ਦਿੰਦਾ ਹੈ।

ਪਾਂਡੇ ਆਖਦਾ ਹੈ, ਜਦੋਂ ਅਸੀਂ ਪਵਨ ਕੁਮਾਰ ਸ਼ਰਮਾ ਨੂੰ ਗ੍ਰਿਫ਼ਤਾਰ ਕੀਤਾ, ਉਸ ਦੀ ਰਿਹਾਈ ਲਈ ਉਪਰੋਂ ਫ਼ੋਨ ਆਉਣੇ ਸ਼ੁਰੂ ਹੋ ਗਏ। ਹਰੀਸ਼ ਦੀ ਗ੍ਰਿਫ਼ਤਾਰੀ ਤੇ ਉਸ ਦੀ ਜਲਦ ਰਿਹਾਈ ਸਾਬਤ ਕਰੇਗੀ ਕਿ ਪੰਜਾਬ ਨੂੰ ਇਕ ਵਾਰ ਮੁੜ ਤੋਂ ਕਿੱਧਰ ਤੋਰਿਆ ਜਾ ਰਿਹਾ ਹੈ ਤੇ ਅਸੀਂ ਉਸ ਰਾਹ ਦਾ ਸਾਹਮਣਾ ਕਰਨ ਲਈ ਕਿੰਨੇ ਕੁ ਸਮਰੱਥ ਹਾਂ।

# ਤਾਪਮਾਨ ਵਿਚ ਵਾਧਾ ਪੰਜਾਬ ਦੀ ਖੇਤੀਬਾੜੀ ਲਈ ਵੱਡੀ ਚੁਣੌਤੀ

**ਅੰਮ੍ਰਿਤ ਲਾਲ**

ਭਾਰਤ ਦਾ ਅੰਨ ਭੜੋਲਾ ਬਣੇ ਪੰਜਾਬ ਅਤੇ ਹਰਿਆਣਾ ਸੂਬਿਆਂ ਦੀ ਝੋਨੇ ਅਤੇ ਕਣਕ ਪ੍ਰਤੀ ਅੰਨੀ ਭਗਤੀ ਹੁਣ ਨੁਕਸਾਨਦੇਹ ਹੋ ਗਈ ਹੈ, ਕਿਉਂਕਿ ਹੁਣ ਇਨਾਂ ਅਨਾਜਾਂ ਦਾ ਲਾਭ ਅਤੇ ਪੌਸ਼ਟਿਕਤਾ ਘਟਦੇ ਜਾ ਰਹੇ ਹਨ ਜਦੋਂ ਕਿ ਜਲਵਾਯੂ ਚੁਣੌਤੀਆਂ ਆਪਣੀ ਥਾਂ 'ਤੇ ਕਾਇਮ ਹਨ। ਇਸ ਵਾਰ ਮਾਰਚ ਮਹੀਨੇ ਵਿਚ ਗਰਮੀ ਨੇ 122 ਸਾਲ ਪੁਰਾਣਾ ਰਿਕਾਰਡ ਤੋੜਿਆ, ਮੌਸਮ ਦੀ ਇਸ ਚੁਣੌਤੀ ਨੇ ਫ਼ਸਲ ਦਾ ਝਾੜ ਬਹੁਤ ਘਟਾ ਦਿੱਤਾ। ਤਾਪਮਾਨ ਵਧਣ ਨਾਲ ਕਣਕ ਦੇ ਦਾਣੇ ਸੁੰਗੜ ਗਏ ਤੇ ਸਰੋਂ ਦਾ ਝਾੜ ਵੀ ਬਹੁਤ ਘੱਟ ਨਿਕਲਿਆ। ਖੇਤੀ ਵਿਗਿਆਨੀਆਂ ਨੇ ਖ਼ੁਲਾਸਾ ਕੀਤਾ ਹੈ ਕਿ ਪਿਛਲੇ 100 ਸਾਲਾਂ ਵਿਚ ਤਾਪਮਾਨ ਵਿਚ ਔਸਤਨ ਵਾਧਾ 0.75 ਡਿਗਰੀ ਸੈਲਸੀਅਸ ਸੀ ਜੋ ਕਿ ਅਗਲੇ 100 ਸਾਲਾਂ ਵਿਚ 1.5 ਤੋਂ 4.5 ਡਿਗਰੀ ਸੈਲਸੀਅਸ ਹੋ ਜਾਵੇਗਾ, ਇਹ ਵਾਧਾ ਫ਼ਸਲਾਂ ਦੇ ਸਰੂਪ 'ਤੇ ਉਲਟ ਅਸਰ ਪਾਵੇਗਾ। ਫ਼ਸਲੀ ਸੀਜ਼ਨ ਦੌਰਾਨ ਤਾਪਮਾਨ ਵਿਚ ਇਕ ਡਿਗਰੀ ਸੈਲਸੀਅਸ ਦਾ ਘੱਟੋ-ਘੱਟ ਜਾਂ ਵੱਧ ਤੋਂ ਵੱਧ ਵਾਧਾ, ਫ਼ਸਲ ਦੇ ਝਾੜ ਵਿਚ 8 ਤੋਂ 10 ਫ਼ੀਸਦੀ ਤੱਕ ਦੀ ਕਮੀ ਕਰ ਸਕਦਾ ਹੈ। ਖੇਤੀਬਾੜੀ ਸੰਬੰਧੀ ਸੰਸਦੀ ਸਥਾਈ ਕਮੇਟੀ ਵਲੋਂ ਅਗਸਤ 2017 ਵਿਚ ਸੰਸਦ ਵਿਚ ਪੇਸ਼ ਕੀਤੀ ਗਈ ਇਕ ਰਿਪੋਰਟ ਮੁਤਾਬਿਕ, 'ਜਲਵਾਯੂ ਤਬਦੀਲੀ ਕਾਰਨ 2022 ਤੱਕ ਚੌਲ਼ਾਂ ਦਾ ਉਤਪਾਦਨ 6 ਤੋਂ 8 ਪ੍ਰਤੀਸ਼ਤ ਤੱਕ ਘਟ ਜਾਣ ਦੀ ਉਮੀਦ ਕੀਤੀ ਜਾਂਦੀ ਹੈ।' ਖੇਤੀ ਸਭ ਤੋਂ ਕਮਜ਼ੋਰ ਧੰਦਾ ਮੰਨਿਆ ਜਾਂਦਾ ਹੈ ਤੇ ਸਹੀ ਮਾਅਨੇ ਵਿਚ ਗਰਮੀ ਦਾ ਸੇਕ ਕਿਸਾਨ ਨੂੰ ਹੋਰ ਵੀ ਕਮਜ਼ੋਰ ਕਰ ਦਿੰਦਾ ਹੈ। ਵਾਤਾਵਰਨ ਦਾ ਉੱਚ ਤਾਪਮਾਨ ਅਤੇ ਔਸਤਨ ਘੱਟ ਬਾਰਿਸ਼, ਆਉਣ ਵਾਲੇ ਸਾਲਾਂ ਵਿਚ ਹਾਲਾਤ ਹੋਰ ਵਿਗਾੜ ਸਕਦੇ ਹਨ, ਜਿਸ ਨਾਲ ਕਿਸਾਨੀ ਹੋਰ ਕਮਜ਼ੋਰ ਹੋ ਸਕਦੀ ਹੈ। ਕੀ ਲਗਾਤਾਰ ਬਦਲਦੇ ਵਾਤਾਵਰਨ ਵਾਲੀ ਦੁਨੀਆ ਵਿਚ, ਟਿਕਾਊ ਖੇਤੀ ਦੀ ਤਰਸਯੋਗ ਹਾਲਤ, ਪੌਸ਼ਟਿਕ ਆਹਾਰ ਅਤੇ ਕਿਸਾਨਾਂ ਦੀ ਆਮਦਨੀ ਵਿਚ ਕੋਈ ਸੁਧਾਰ ਕਰ ਸਕਦੀ ਹੈ ? ਅਸੀਂ ਇਸ ਪੈਮਾਨੇ ਨੂੰ ਉੱਚਾ ਕਿਵੇਂ ਚੁੱਕ ਸਕਦੇ ਹਾਂ ?

ਕਰੀਬ ਪੰਜ ਦਹਾਕੇ ਪਹਿਲਾਂ ਪੰਜਾਬ ਨੇ ਆਪਣੇ ਕੁਦਰਤੀ ਸਰੋਤਾਂ ਦੀ ਕੀਮਤ 'ਤੇ ਹਰੀ ਕ੍ਰਾਂਤੀ ਨੂੰ ਜਨਮ ਦੇ ਕੇ ਭਾਵੇਂ ਲੱਖਾਂ ਲੋਕਾਂ ਨੂੰ ਭੁੱਖ ਤੋਂ ਬਚਾਇਆ ਪ੍ਰੰਤੂ ਉਸ ਕ੍ਰਾਂਤੀ ਦੇ ਲਾਭ ਤੇਜ਼ੀ ਨਾਲ ਖ਼ਤਮ ਹੋ ਰਹੇ ਹਨ। ਆਮਦਨੀ ਦੀ ਮੰਦੀ ਨੂੰ ਕਣਕ ਅਤੇ ਚੌਲ਼ਾਂ 'ਤੇ ਬਹੁਤ ਜ਼ਿਆਦਾ ਨਿਰਭਰਤਾ ਨਾਲ ਜੋੜ ਕੇ ਵੇਖਿਆ ਜਾਂਦਾ ਹੈ, ਤੇ ਇਸ ਵੱਡੇ ਅਨਾਜ ਨੇ ਪੰਜਾਬ ਵਿਚ ਦਾਖ਼ਲ ਹੁੰਦੇ ਸਾਰ, 1960ਵਿਆਂ ਦੇ ਆਖਰੀ ਵਰਿਆਂ ਵਿਚ ਪੰਜਾਬ ਦੇ ਮੱਕੀ, ਜੌਂ, ਛੋਲੇ, ਦਾਲਾਂ ਅਤੇ ਪੌਸ਼ਟਿਕ ਮੋਟੇ ਅਨਾਜਾਂ ਦੇ ਕੁਦਰਤੀ ਅਮੀਰ ਨਜ਼ਾਰੇ ਨੂੰ ਗ਼ਾਇਬ ਹੀ ਕਰ ਦਿੱਤਾ ਸੀ। ਕਿਸਾਨਾਂ ਵਲੋਂ 1960 ਦੇ ਦਹਾਕੇ ਵਿਚ ਬੀਜੀਆਂ ਜਾਣ ਵਾਲੀਆਂ ਫ਼ਸਲਾਂ ਦੀ ਗਿਣਤੀ 21 ਤੋਂ ਘਟ ਕੇ ਹੁਣ ਸਿਰਫ਼ 9 ਰਹਿ ਗਈ ਹੈ, ਹਰੀ ਕ੍ਰਾਂਤੀ ਸਿਰਫ਼ ਚੌਲ਼ ਅਤੇ ਕਣਕ ਤੱਕ ਸੀਮਤ ਸੀ। ਪੰਜਾਬ ਦੀ ਪੱਧਰੀ ਖੇਤੀ ਦੀ ਕੁੱਲ ਘਰੇਲੂ ਉਤਪਾਦ ਆਮਦਨ ਲਗਭਗ 2 ਫ਼ੀਸਦੀ ਹੁੰਦੀ ਹੈ, ਜਦੋਂ ਕਿ ਇਹ 5 ਪ੍ਰਤੀਸ਼ਤ ਤੋਂ ਵੱਧ ਸਾਲਾਨਾ ਹੋ ਸਕਦੀ ਸੀ ਜੇਕਰ ਕਿਸਾਨਾਂ ਨੇ ਸਿਰਫ਼ ਕੁਝ ਖ਼ਾਸ ਕਿਸਮ ਦੀਆਂ ਫ਼ਸਲਾਂ ਬੀਜਣੀਆਂ ਬੰਦ ਨਾ ਕੀਤੀਆਂ ਹੁੰਦੀਆਂ। ਇਸ ਦੌਰਾਨ ਸੂਬੇ ਦੀ ਖੇਤੀਬਾੜੀ ਦੀ ਜੀ.ਡੀ.ਪੀ., ਜੋ ਖੇਤੀ ਦੀ ਆਮਦਨੀ ਦਾ ਇਕ ਵੱਡਾ ਪੈਮਾਨਾ ਹੈ ਵਿਚ, ਸਾਲਾਨਾ ਸਿਰਫ 1.6 ਫ਼ੀਸਦੀ ਦਾ ਵਾਧਾ ਹੋਇਆ ਹੈ ਜੋ ਕਿ ਭਾਰਤ ਦੇ ਸਾਲ 2005-06 ਅਤੇ 2020-21 ਵਿਚਕਾਰ ਹੋਏ ਔਸਤ ਵਾਧੇ 3.9 ਤੋਂ ਅੱਧੀ ਤੋਂ ਵੀ ਘੱਟ ਹੈ।

## ਵੱਡੀ ਚੁਣੌਤੀ

ਭੋਜਨ ਸੁਰੱਖਿਆ ਕਾਨੂੰਨ ਲਾਗੂ ਹੋਣ ਤੋਂ ਬਾਅਦ, ਦੇਸ਼ ਇਕ ਵਾਰ ਫਿਰ ਪੰਜਾਬ ਵੱਲ ਤੱਕ ਰਿਹਾ ਹੈ, ਪ੍ਰੰਤੂ ਪੰਜਾਬ ਦੇ ਕਿਸਾਨਾਂ ਨੂੰ ਖੇਤੀ ਵਿਚ ਵਿਭਿੰਨਤਾ ਲਿਆਉਣ ਦੇ ਨਾਲ-ਨਾਲ ਗਲੋਬਲ ਮਾਰਕੀਟਿੰਗ ਵਿਚ ਦਾਖ਼ਲ ਹੋਣ ਲਈ, ਖੇਤੀ-ਪ੍ਰੋਸੈਸਿੰਗ, ਭੂਮੀ ਸੰਭਾਲ ਅਤੇ ਪਾਣੀ ਦਾ ਸਹੀ ਪ੍ਰਬੰਧ ਕਰਨ ਦਾ ਉੱਦਮ ਕਰਨਾ ਚਾਹੀਦਾ ਹੈ। ਸਥਾਈ ਖੇਤੀ ਵਿਕਾਸ ਅਤੇ ਸੁਰੱਖਿਅਤ ਵਾਤਾਵਰਨ ਲਈ ਇਹ ਅੱਜ ਸਮੇਂ ਦੀ ਮੰਗ ਹੈ। ਇਕ ਕਿਲੋ ਚੌਲ਼ ਪੈਦਾ ਕਰਨ ਲਈ ਪੰਜਾਬ ਦਾ 5400 ਲੀਟਰ ਪਾਣੀ ਖਰਚ ਹੋ ਜਾਂਦਾ ਹੈ ਜੋ ਕਿ ਚੀਨ ਨਾਲੋਂ ਪੰਜ ਗੁਣਾ ਜ਼ਿਆਦਾ ਹੈ, ਇਹ ਪਾਣੀ ਦਾ ਪੱਧਰ ਹੇਠਾਂ ਲਿਆਉਣ ਵੱਲ ਵੀ ਇਸ਼ਾਰਾ ਕਰਦਾ ਹੈ। ਇਹ ਇਕ ਕੌੜਾ ਸੱਚ ਹੈ ਕਿ ਸੂਬੇ ਦੇ 148 ਬਲਾਕਾਂ ਵਿਚੋਂ 131 ਬਲਾਕਾਂ ਵਿਚ ਪਾਣੀ ਦਾ ਬਹੁਤ ਜ਼ਿਆਦਾ ਸ਼ੋਸ਼ਣ (ਨਿਕਾਸੀ) ਕੀਤਾ ਜਾ ਚੁੱਕਾ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਨੇ ਇਕ ਗੰਭੀਰ ਚਿਤਾਵਨੀ ਜਾਰੀ ਕੀਤੀ ਹੈ ਕਿ, 'ਜੇਕਰ ਪਾਣੀ ਕੱਢਣ ਦੀ ਮੌਜੂਦਾ ਦਰ ਇਸੇ ਤਰਾਂ ਜਾਰੀ ਰਹੀ ਤਾਂ ਪੰਜਾਬ ਅਗਲੀ ਸਦੀ ਦੇ ਚੌਥਾਈ ਸਮੇਂ ਵਿਚ ਹੀ ਮਾਰੂਥਲ ਬਣ ਜਾਵੇਗਾ।' ਭਾਵੇਂ ਪੰਜਾਬ ਕੋਲ ਭਾਰਤ ਦੀ ਭੂਮੀ ਦਾ ਸਿਰਫ਼ 1.5 ਫ਼ੀਸਦੀ ਖੇਤਰ ਹੀ ਹੈ, ਪ੍ਰੰਤੂ ਇਹ ਦੇਸ਼ ਦੇ ਕੁੱਲ ਕੀਟਨਾਸ਼ਕਾਂ ਦਾ ਲਗਭਗ 23 ਫ਼ੀਸਦੀ ਹਿੱਸਾ ਇਹ ਵਰਤ ਲੈਂਦਾ ਹੈ। ਇਕ ਤੱਥ ਹੋਰ ਕਿ ਮਾਲਵਾ ਖੇਤਰ ਦੇ ਦੱਖਣ-ਪੱਛਮੀ ਜ਼ਿਲੇ, ਪੰਜਾਬ ਵਿਚ ਵਰਤੇ ਜਾਂਦੇ ਕੁੱਲ ਕੀਟਨਾਸ਼ਕਾਂ ਦਾ ਲਗਭਗ 75 ਫ਼ੀਸਦੀ ਇਕੱਲੇ ਹੀ ਇਸਤੇਮਾਲ ਕਰ ਰਹੇ ਹਨ। ਕੀਟਨਾਸ਼ਕਾਂ ਦੀ ਵਾਧੂ ਵਰਤੋਂ ਕਾਰਨ ਵਾਤਾਵਰਨ ਸਮੱਸਿਆਵਾਂ ਅਤੇ ਗੰਭੀਰ ਸਿਹਤ ਚਿੰਤਾਵਾਂ ਪੈਦਾ ਹੋ ਗਈਆਂ ਹਨ। ਅਧਿਐਨ ਦਰਸਾਉਂਦੇ ਹਨ ਕਿ ਦੁੱਧ, ਫਲਾਂ ਅਤੇ ਸਬਜ਼ੀਆਂ ਵਿਚ ਕੀਟਨਾਸ਼ਕਾਂ ਦੀ ਕਾਫੀ ਰਹਿੰਦ-ਖੂੰਹਦ ਮੌਜੂਦ ਹੁੰਦੀ ਹੈ। ਇਹ ਇਕ ਵਿਡੰਬਨਾ ਹੀ ਹੈ ਕਿ ਕਰੀਬ 78 ਫ਼ੀਸਦੀ ਕੀਟਨਾਸ਼ਕ ਅਤੇ ਖਾਦਾਂ, ਵਾਤਾਵਰਨ ਵਿਚ ਜਜ਼ਬ ਹੋ ਜਾਂਦੇ ਹਨ ਜਿਸ ਨਾਲ ਮਿੱਟੀ, ਹਵਾ ਅਤੇ ਪਾਣੀ ਵਿਚ ਪ੍ਰਦੂਸ਼ਣ ਫੈਲਦਾ ਹੈ। ਨਾਲ ਲਗਦੇ ਦੱਸ ਦੇਈਏ ਕਿ ਹੁਣ ਪੰਜਾਬ ਦੀਆਂ ਜ਼ਮੀਨਾਂ ਵਿਚ ਸੂਖਮ ਪੌਸ਼ਟਿਕ ਤੱਤਾਂ ਦੀ ਬਹੁਤ ਘਾਟ ਹੋ ਗਈ ਹੈ। ਸਿੱਟੇ ਵਜੋਂ, ਸਾਡੀ ਨਿਵੇਸ਼-ਸੁਰੱਖਿਅਤ ਖੇਤੀ ਨੇ ਸਾਨੂੰ ਕੈਲੋਰੀ-ਸੁਰੱਖਿਅਤ ਬਣਾ ਦਿੱਤਾ ਹੈ, ਨੈਸ਼ਨਲ ਫੈਮਿਲੀ ਹੈਲਥ ਸਰਵੇ-4 ਮੁਤਾਬਿਕ, ਮਾਲਵਾ ਖੇਤਰ ਵਿਚ 57 ਫ਼ੀਸਦੀ ਔਰਤਾਂ ਅਤੇ ਪੰਜ ਸਾਲ ਤੋਂ ਘੱਟ ਉਮਰ ਦੇ 36 ਫ਼ੀਸਦੀ ਬੱਚੇ ਅਵਿਕਸਿਤ ਹਨ ਤੇ ਉਨਾਂ ਵਿਚ ਖ਼ੂਨ ਦੀ ਡਾਢੀ ਘਾਟ ਹੈ।'



## ਕੀ ਜ਼ਰੂਰੀ ਹੈ ?

ਆਪਣੇ ਬਹੁ-ਆਯਾਮੀ ਸੰਕਟ ਦੇ ਹੱਲ ਲਈ ਕਿਸਾਨਾਂ ਨੂੰ ਇਕ ਚੰਗੀ ਆਮਦਨ ਦੀ ਲੋੜ ਹੈ। ਟਿਕਾਊ ਖੇਤੀ ਆਮਦਨੀ ਦੀ ਚਾਬੀ ਹੋ ਸਕਦੀ ਹੈ। ਊਰਜਾ, ਵਾਤਾਵਰਨ ਅਤੇ ਪਾਣੀ ਦੀ ਕੌਂਸਲ (ਸੀ.ਈ.ਈ.ਡਬਲਿਊ.) ਨੇ 16 ਸਥਾਈ ਖੇਤੀ ਪ੍ਰਥਾਵਾਂ (ਐਸ.ਏ.ਪੀ.) ਦੀ ਪਛਾਣ ਕੀਤੀ ਹੈ, ਜਿਵੇਂ ਕਿ ਜੈਵਿਕ ਖੇਤੀ, ਏਕੀਕ੍ਰਿਤ ਖੇਤੀ ਪ੍ਰਣਾਲੀਆਂ, ਖੇਤੀ-ਜੰਗਲਾਤ ਅਤੇ ਸ਼ੁੱਧ ਖੇਤੀ। ਇਹ ਆਰਥਿਕ ਤੌਰ 'ਤੇ ਲਾਹੇਵੰਦ, ਸਮਾਜ ਵਿਚ ਸ਼ਾਮਿਲ ਹੋ ਸਕਣ ਦੇ ਲਾਇਕ ਅਤੇ ਵਾਤਾਵਰਨ ਦੇ ਪੱਖੋਂ ਸੁਹਾਵਣੇ ਹੋ ਸਕਦੇ ਹਨ। ਕੁਝ ਰਾਜ ਤਾਂ ਪਹਿਲਾਂ ਹੀ ਇਸ ਕ੍ਰਾਂਤੀ ਦੇ ਮੋਹਰੀ ਹਨ। ਸਿੱਕਮ 100 ਪ੍ਰਤੀਸ਼ਤ ਜੈਵਿਕ ਸੂਬਾ ਹੈ ਅਤੇ ਆਂਧਰਾ ਪ੍ਰਦੇਸ਼ ਨੇ 2027 ਤੱਕ 100 ਫ਼ੀਸਦੀ ਕੁਦਰਤੀ ਖੇਤੀ ਦਾ ਟੀਚਾ ਰੱਖਿਆ ਹੈ। ਫਿਰ ਵੀ, ਟਿਕਾਊ ਖੇਤੀ ਹਾਸ਼ੀਏ 'ਤੇ ਹੀ ਹੈ ਅਤੇ 4 ਫ਼ੀਸਦੀ ਤੋਂ ਵੱਧ ਕਿਸਾਨਾਂ ਨੇ ਕਦੇ ਕਿਸੇ ਇਕ ਪ੍ਰਥਾ ਨੂੰ ਨਹੀਂ ਅਪਣਾਇਆ। ਕੇਂਦਰ ਤੋਂ ਮਿਲਣ ਵਾਲੀ ਸਹਾਇਤਾ ਸੀਮਤ ਹੈ। ਭਾਰਤ ਦੇ ਰਾਸ਼ਟਰੀ ਮਿਸ਼ਨ, ਸਸਟੇਨੇਬਲ ਐਗਰੀਕਲਚਰ ਨੂੰ 1.42 ਟ੍ਰਿਲੀਅਨ ਰੁਪਏ ਦੇ ਖੇਤੀ ਬਜਟ ਦਾ ਸਿਰਫ਼ 0.8 ਫ਼ੀਸਦੀ ਹਿੱਸਾ ਹੀ ਦਿੱਤਾ ਜਾਂਦਾ ਹੈ। ਸੂਬੇ ਦੀ ਆਪਣੀ ਵਿੱਤੀ ਸਹਾਇਤਾ ਦੀ ਘਾਟ ਟਿਕਾਊ ਖੇਤੀਬਾੜੀ ਦੀ ਮੁੱਖ ਧਾਰਾ ਨੂੰ ਇਕ ਹੱਦ ਤੱਕ ਸੀਮਤ ਕਰ ਦਿੰਦੀ ਹੈ।

## ਹੱਲ ਕੀ ਹੈ ?

ਪੰਜਾਬ ਨੂੰ ਟਿਕਾਊ ਏਕੀਕ੍ਰਿਤ ਖੇਤੀ ਪ੍ਰਣਾਲੀ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦੇਣਾ ਚਾਹੀਦੈ, ਜਿਸ ਨਾਲ ਜ਼ਿਆਦਾ ਫ਼ਸਲੀ ਵਿਭਿੰਨਤਾ ਆ ਸਕੇਗੀ ਜੋ ਘੱਟ ਲਾਭ ਦੇਣ ਵਾਲੀਆਂ ਫ਼ਸਲਾਂ ਤੋਂ ਕਿਸਾਨਾਂ ਨੂੰ ਚੰਗੀ ਕੀਮਤ ਦੀਆਂ ਫ਼ਸਲਾਂ, ਫਲ ਅਤੇ ਸਬਜ਼ੀਆਂ ਵੱਲ ਲੈ ਜਾਵੇਗੀ। ਏਕੀਕ੍ਰਿਤ ਖੇਤੀ ਵਿਚ ਡੇਅਰੀ, ਪੋਲਟਰੀ, ਮਧੂ ਮੱਖੀ ਪਾਲਣ, ਮੱਛੀ ਪਾਲਣ ਅਤੇ ਖੁੰਬਾਂ ਦੀ ਕਾਸ਼ਤ ਨੂੰ ਸ਼ਾਮਿਲ ਕਰਨ ਦੇ ਨਾਲ, ਅਨਾਜ ਦੇ ਉਤਪਾਦਨ ਨੂੰ ਪ੍ਰਭਾਵਿਤ ਕੀਤੇ ਬਿਨਾਂ, ਵਾਧੂ ਉੱਚ-ਊਰਜਾ ਵਾਲਾ ਭੋਜਨ ਪ੍ਰਦਾਨ ਕਰ ਸਕਦੀ ਹੈ। ਟਿਕਾਊ ਖੇਤੀ ਨੂੰ ਵਧਾਉਣ ਲਈ ਕੀ ਕੀਤਾ ਜਾਵੇ, ਇਸ ਨੂੰ ਇਸ ਤਰਾਂ ਸਮਝਿਆ ਜਾ ਸਕਦਾ ਹੈ :

-ਪਹਿਲਾ, ਸ਼ੁਰੂਆਤੀ ਪੜਾਵਾਂ ਵਿਚ ਕਿਸਾਨ ਦਾ ਹੱਥ ਫੜਨ ਦੀ ਲੋੜ ਹੈ। ਉਸ ਦਾ ਗਹਿਰਾ ਹੁਨਰ ਅਭਿਆਸ ਕਰਵਾਉਣ ਦੇ ਨਾਲ ਉਸ ਨੂੰ ਗਿਆਨ ਦੇ ਆਦਾਨ-ਪ੍ਰਦਾਨ ਲਈ ਸਮਰਥਨ ਦੇਣਾ।

-ਦੂਜਾ, ਟਿਕਾਊ ਖੇਤੀਬਾੜੀ ਪ੍ਰਣਾਲੀਆਂ ਨਾਲ ਜੁੜੀਆਂ ਕਿਰਤ-ਗੁੰਝਲ ਵਾਲੀਆਂ ਸਰਗਰਮੀਆਂ ਦਾ ਮਸ਼ੀਨੀਕਰਨ ਕਰਨ ਲਈ ਤਕਨਾਲੋਜੀ ਨਵੀਨਤਾ ਦਾ ਸਮਰਥਨ ਕਰਨਾ। ਖੇਤੀ ਸੰਦਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਖੋਜਕਾਰਾਂ ਅਤੇ ਉੱਦਮੀਆਂ ਨੂੰ ਉਤਸ਼ਾਹਿਤ ਕਰਨਾ। ਨਾਲ ਹੀ ਗੰਡੋਇਆਂ ਦੀ ਖਾਦ (ਵਰਮੀਕੰਪੋਸਟ) ਅਤੇ ਜੈਵਿਕ ਖਾਦਾਂ ਵਰਗੀਆਂ ਤਿਆਰ ਵਸਤੂਆਂ ਖ਼ੁਦ ਪੈਦਾ ਕਰਨ ਅਤੇ ਵੇਚਣ ਲਈ ਸੂਬੇ ਦੇ ਰੁਜ਼ਗਾਰ ਮਿਸ਼ਨਾਂ ਰਾਹੀਂ ਸਥਾਨਕ ਸੂਖਮ ਕਾਰੋਬਾਰਾਂ ਦਾ ਸਮਰਥਨ ਕਰਨ ਦੀ ਲੋੜ ਹੈ।

-ਤੀਜਾ, ਖਾਦ ਅਤੇ ਬਿਜਲੀ ਲਈ ਇਨਪੁਟ-ਆਧਾਰਿਤ ਸਬਸਿਡੀਆਂ ਦੇਣ ਦੀ ਬਜਾਏ, ਪ੍ਰਤੀ ਹੈਕਟੇਅਰ ਸਾਲਾਨਾ ਪੌਸ਼ਟਿਕ ਉਤਪਾਦਨ ਵਰਗੇ ਨਤੀਜਿਆਂ ਨੂੰ ਉਤਸ਼ਾਹਿਤ ਕਰੋ, ਨਾਲ ਹੀ ਪਾਣੀ ਦੀ ਸੰਭਾਲ ਜਾਂ ਮਾਰੂਥਲੀਕਰਨ ਨੂੰ ਉਲਟਾਉਣ ਵਰਗੇ ਉੱਨਤ ਨਤੀਜਿਆਂ ਨੂੰ ਉਤਸ਼ਾਹਿਤ ਕਰੋ। ਨਤੀਜਾ-ਆਧਾਰਿਤ ਸਹਾਇਤਾ ਕਿਸਾਨਾਂ ਵਿਚ ਨਵੀਨਤਾ ਨੂੰ ਉਤਸ਼ਾਹਿਤ ਕਰ ਸਕਦੀ ਹੈ ਅਤੇ ਬਦਲਵੀਂ ਪਹੁੰਚ ਅਪਣਾਉਣ ਦੀ ਸੇਧ ਦੇ ਸਕਦੀ ਹੈ।

-ਅੰਤਿਮ ਤੇ ਸਭ ਤੋਂ ਮਹੱਤਵਪੂਰਨ, ਐਗਰੋ-ਕਲਾਈਮੇਟਿਕ ਜ਼ੋਨਾਂ ਵਿਚ, ਰਵਾਇਤੀ ਖੇਤੀ ਦੇ ਮੁਕਾਬਲੇ, ਪ੍ਰਭਾਵ ਅਧਿਐਨ ਲਈ ਖੋਜ ਅਤੇ ਵਿਕਾਸ ਨੂੰ ਵਧਾਓ। ਜਲਵਾਯੂ ਪਰਿਵਰਤਨ ਦੇ ਦੌਰਾਨ ਨਤੀਜਿਆਂ ਦੀ ਸਖ਼ਤੀ ਨਾਲ ਨਿਯਮਤ ਤੁਲਨਾ ਕਰਨਾ, ਖੇਤੀ ਦੀ ਚੰਗੀ ਆਮਦਨ, ਪੋਸ਼ਣ ਸੁਰੱਖਿਆ ਅਤੇ ਕੁਦਰਤੀ ਸਰੋਤਾਂ ਦੇ ਬਚਾਅ ਲਈ ਮਹੱਤਵਪੂਰਨ ਹੈ।

---

# ਗੁਰਦੁਆਰਾ ਦੇਗਸਰ ਕਟਾਣਾ ਸਾਹਿਬ ਦਾ ਇਤਿਹਾਸ



**ਜਸਪ੍ਰੀਤ ਸਿੰਘ ਮਾਂਗਟ**
ਮੋ. 9915220486

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥

ਸਾਧ ਸੰਗਤ ਜੀ ਗੁਰਬਾਣੀ ਦੇ ਇਨਾਂ ਫੁਰਮਾਨਾਂ ਦੇ ਅਨੁਸਾਰ ਗੁਰੂ ਸਾਹਿਬਾਨਾਂ ਜੀ ਨੇ ਜਿੱਥੇ ਜਿੱਥੇ ਆਪਣੇ ਚਰਨ ਪਾਏ ਉਹ ਥਾਂ ਪੂਜਣਯੋਗ ਹੋ ਗਏ।

ਸੰਗਤ ਜੀ ਅੱਜ ਆਪਾਂ ਗੁਰਦੁਆਰਾ ਦੇਗਸਰ ਜੀ ਦੇ ਇਤਿਹਾਸ ਬਾਰੇ ਜਾਣਾਂਗੇ।

ਇਹ ਅਸਥਾਨ ਸਿੱਖਾਂ ਦੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ 10ਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਹੈ। ਸ੍ਰੀ ਹਰਗੋਬਿੰਦ ਸਾਹਿਬ ਜੀ 20 ਫੱਗਣ 1675 ਨੂੰ ਇੱਥੇ ਆਏ। ਗੁਰੂ ਜੀ ਪਾਸ 7 ਤੋਪਾਂ, 1100 ਘੋੜੇ, ਚੰਦੂ ਕੈਦੀ (ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਉਣ ਵਾਲਾ), ਇਕ 52 ਕਲੀਆਂ ਵਾਲਾ ਜਾਮਾ, ਜਿਸ ਨੂੰ ਪਹਿਨ ਕੇ ਗਵਾਲੀਅਰ ਦੇ ਕਿਲੇ ਵਿਚੋਂ 52 ਕੈਦੀ ਰਾਜਿਆਂ ਨੂੰ ਛੁਡਾਇਆ ਸੀ, ਸਨ। ਗੁਰੂ ਸਾਹਿਬ ਨੇ ਇਕ ਰਾਤ ਇੱਥੇ ਆਰਾਮ ਕੀਤਾ ਅਤੇ ਆਪਣਾ ਘੋੜਾ ਬੇਰੀ ਨਾਲ ਬੰਨ ਦਿੱਤਾ। ਇਹ ਅਸਥਾਨਾ ਦਮਦਮਾ ਸਾਹਿਬ ਅਖਵਾਇਆ।

ਗੁਰੂ ਗੋਬਿੰਦ ਸਿੰਘ ਜੀ ਉੱਚ ਦੇ ਪੀਰ ਬਣਕੇ 11 ਪੋਹ 1761 ਬਿਕਰਮੀ ਨੂੰ ਇੱਥੇ ਆਏ। ਗੁਰੂ ਸਾਹਿਬ ਜੀ ਦੇ ਨਾਲ ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਨਬੀ ਖਾਨ, ਭਾਈ ਗਨੀ ਖਾਨ ਸਨ। ਗੁਰੂ ਸਾਹਿਬ ਨੇ ਇੱਥੇ ਬੇਰੀ ਸਾਹਿਬ ਹੇਠਾਂ ਪਲੰਘ ਰਖਵਾਕੇ ਵਿਸ਼ਰਾਮ ਕੀਤਾ। ਗੁਰੂ ਸਾਹਿਬ ਨੇ ਆਪਣੇ ਪਵਿੱਤਰ ਹੱਥਾਂ ਨਾਲ ਦੇਗ ਵਰਤਾਈ ਅਤੇ ਇਸ ਗੁਰਦੁਆਰੇ ਦਾ ਨਾਮ ਦੇਗਸਰ ਸਾਹਿਬ ਰੱਖਿਆ। ਇਸ ਲਈ ਜੋ ਵੀ ਅਰਦਾਸ ਕਰਕੇ ਇੱਥੇ ਦੇਗ ਕਰਵਾਉਂਦਾ ਹੈ, ਉਹ ਗੁਰੂ ਸਾਹਿਬ ਦੀ ਬਖਸ਼ਿਸ਼ ਨਾਲ ਪੂਰੀ ਹੋ ਜਾਂਦੀ ਹੈ।



**ਇਤਿਹਾਸ**

ਸਾਲ 1854 ਵਿੱਚ, ਸਰਹਿੰਦ ਦਰਿਆ ਬਾਰੇ ਇੱਕ ਸਰਵੇਖਣ ਕੀਤਾ ਗਿਆ ਸੀ ਅਤੇ ਅੰਗਰੇਜ਼ਾਂ ਨੇ ਇੱਕ ਸਿੰਚਾਈ ਨਹਿਰ ਖੋਦਣ ਦੀ ਤਜਵੀਜ਼ ਰੱਖੀ ਸੀ ਜਿਸ ਵਿੱਚ ਗੁਰਦੁਆਰਿਆਂ ਨੂੰ ਤਬਦੀਲ ਕਰਨ ਦੀ ਲੋੜ ਹੋਵੇਗੀ, ਪਰ ਖੁਦਾਈ ਦੇ ਕੰਮ ਦਾ ਇੰਚਾਰਜ ਇੰਜੀਨੀਅਰ ਮਿਸਟਰ ਸਮਿਥ ਅਚਾਨਕ ਅੰਨਾ ਹੋ ਗਿਆ ਜਦੋਂ ਉਸਨੇ 'ਬੇਰੀ ਸਾਹਿਬ' ਨੂੰ ਕੱਟਣ ਦੀ ਕੋਸ਼ਿਸ਼ ਕਰੀ ਜਿਸ ਦੇ ਹੇਠਾਂ ਗੁਰੂ ਸਾਹਿਬ ਜੀ ਨੇ ਘੋੜਾ ਬੰਨਿਆਂ ਸੀ

ਬੇਰੀ ਸਾਹਿਬ 'ਤੇ ਜਿੱਥੇ ਕੁਹਾੜਾ ਮਾਰਿਆ ਉੱਥੇ ਖ਼ੂਨ ਨਿਕਲਿਆ। ਵਿਦੇਸ਼ੀ ਇੰਜੀਨੀਅਰ ਨੇ ਆਪਣੇ ਕੀਤੇ 'ਤੇ ਪਛਤਾਵਾ ਕੀਤਾ ਅਤੇ 51 ਰੁਪਏ ਦੀ ਦੇਗ ਕਰਵਾਈ ਅਤੇ ਦੁਬਾਰਾ ਦੇਖਣ ਲੱਗਾ। ਗੁਰਦੁਆਰਾ ਸਾਹਿਬ ਨੂੰ ਬਿਨਾਂ ਕਿਸੇ ਬਦਲਾਅ ਦੇ ਛੱਡ ਦਿੱਤਾ ਗਿਆ ਸੀ ਅਤੇ ਗੁਰਦੁਆਰਾ ਸਾਹਿਬ ਨੂੰ ਇਕ ਪਾਸੇ ਤੋਂ ਲੰਘਣ ਲਈ ਨਹਿਰ ਦਾ ਰਸਤਾ ਬਦਲ ਦਿੱਤਾ ਗਿਆ ਸੀ।

ਬੇਰ ਦਾ ਰੁੱਖ ਅਜੇ ਵੀ ਮੌਜੂਦ ਹੈ ਅਤੇ ਗੁਰਦੁਆਰਾ ਸਾਹਿਬ ਵਿਖੇ ਦੇਖਿਆ ਜਾ ਸਕਦਾ ਹੈ। ਗੁਰਦੁਆਰਾ ਕੰਪਲੈਕਸ ਦੇ ਅੰਦਰ ਕੁਝ ਪੁਰਾਣੀਆਂ ਤੋਪਾਂ ਮੌਜੂਦ ਹਨ। ਇੱਥੇ ਹਰ ਸੰਗਰਾਂਦ ਨੂੰ ਬਹੁਤ ਵੱਡਾ ਜੋੜ ਮੇਲਾ ਲੱਗਦਾ ਹੈ। ਦੋਰਾਹਾ ਸ਼ਹਿਰ ਤੋਂ ਗੁਰਦੁਆਰਾ ਸਾਹਿਬ ਦੀ ਦੂਰੀ ਲਗਭਗ 6 ਕਿਲੋਮੀਟਰ ਹੈ।




# ਹਰ ਹੰਝੂ ਦੀ ਵੀ ਵੱਖ ਕਹਾਣੀ ਹੁੰਦੀ ਹੈ



**ਡਾ. ਹਰਸ਼ਿੰਦਰ ਕੌਰ, ਐਮ. ਡੀ.**

ਮਾਂ ਦੀ ਅੱਖ 'ਚੋਂ ਕਿਰਿਆ ਹੰਝੂ ਤਕਦੀਰ ਬਦਲ ਦੇਣ ਦੀ ਤਾਕਤ ਰੱਖਦਾ ਹੈ। ਬੱਚੇ ਦੇ ਅੱਖ 'ਚੋਂ ਡਿੱਗਿਆ ਹੰਝੂ ਮਾਂ ਦਾ ਦਿਲ ਵਲੂੰਧਰ ਦਿੰਦਾ ਹੈ। ਬਹੁਤ ਖ਼ੁਸ਼ੀ ਮਿਲ ਜਾਣ ਉੱਤੇ ਵੀ ਅੱਖਾਂ 'ਚੋਂ ਨੀਰ ਵਹਿ ਤੁਰਦਾ ਹੈ ਅਤੇ ਬਹੁਤ ਜ਼ਿਆਦਾ ਦੁਖ ਕਦੇ ਕਦਾਈਂ ਅੱਖਾਂ ਵਿਚਲੇ ਸਾਰੇ ਹੰਝੂ ਸੁਕਾ ਦਿੰਦਾ ਹੈ।

ਬਹੁਤ ਘੱਟ ਜਣਿਆਂ ਨੂੰ ਜਾਣਕਾਰੀ ਹੈ ਕਿ ਡਾਕਟਰੀ ਪੱਖ ਤੋਂ ਹੰਝੂ ਤਿੰਨ ਤਰਾਂ ਦੇ ਲੱਭੇ ਜਾ ਚੁੱਕੇ ਹਨ ਅਤੇ ਤਿੰਨੋਂ ਕਿਸਮਾਂ ਹੀ ਅੱਖਾਂ ਦੀ ਸਿਹਤ ਲਈ ਵਧੀਆ ਸਾਬਤ ਹੋ ਚੁੱਕੀਆਂ ਹਨ।

ਪਹਿਲੀ ਕਿਸਮ ਦੇ ਹੰਝੂ ਅੱਖਾਂ ਗਿੱਲੀਆਂ ਕਰਨ ਲਈ ਅਤੇ ਅੱਖਾਂ ਨੂੰ ਨਮ ਰੱਖ ਕੇ ਮਿੱਟੀ ਘੱਟੇ ਤੋਂ ਬਚਾਉਣ ਲਈ ਲਗਾਤਾਰ ਬਹੁਤ ਘੱਟ ਮਾਤਰਾ ਵਿਚ ਪੁਤਲੀਆਂ ਦੇ ਅੰਦਰ ਅੰਦਰ ਫੈਲ ਕੇ ਜਜ਼ਬ ਹੁੰਦੇ ਰਹਿੰਦੇ ਹਨ।

ਇਹ ਹੰਝੂ ਸਭ ਤੋਂ ਅਹਿਮ ਹੁੰਦੇ ਹਨ ਕਿਉਂਕਿ ਇਨਾਂ ਰਾਹੀਂ ਅੱਖ ਨੂੰ ਖ਼ੁਰਾਕ ਵੀ ਪਹੁੰਚਦੀ ਰਹਿੰਦੀ ਹੈ।

ਦੂਜੀ ਕਿਸਮ ਦੇ ਹੰਝੂ ਖ਼ੁਸ਼ੀ ਜਾਂ ਗ਼ਮੀ ਦਾ ਇਹਸਾਸ ਕਰਵਾਉਂਦੇ ਹਨ। ਵਿਗਿਆਨੀਆਂ ਨੇ ਇਸ ਕਿਸਮ ਦੇ ਹੰਝੂਆਂ ਵਿਚ ਕੁੱਝ ਹਾਰਮੋਨਾਂ ਦੇ ਅੰਸ਼ ਵੀ ਲੱਭੇ ਹਨ ਜੋ ਤਣਾਓ ਨਾਲ ਸੰਬੰਧਤ ਹੁੰਦੇ ਹਨ। ਇਨਾਂ ਦੇ ਬਾਹਰ ਨਿਕਲ ਜਾਣ ਨਾਲ ਸਰੀਰ ਅੰਦਰੋਂ ਤਣਾਓ ਘੱਟ ਜਾਣ ਦੇ ਆਸਾਰ ਵੱਧ ਜਾਂਦੇ ਹਨ। ਇਨਾਂ ਹੰਝੂਆਂ ਦੇ ਵਗਣ ਨਾਲ ਸਰੀਰ ਅੰਦਰ ਐਂਡਰੋਫਿਨ ਨਿਕਲ ਪੈਂਦੇ ਹਨ ਜੋ ਚੰਗਾ ਮਹਿਸੂਸ ਕਰਵਾਉਣ ਲੱਗ ਪੈਂਦੇ ਹਨ ਅਤੇ ਢਹਿੰਦੀ ਕਲਾ ਕਾਫ਼ੂਰ ਹੋ ਜਾਂਦੀ ਹੈ। ਕੁਦਰਤ ਦਾ ਕਮਾਲ ਵੇਖੋ ਕਿ ਇਹ ਦੂਜੀ ਕਿਸਮ ਦੇ ਹੰਝੂ ਸਿਰਫ਼ ਇਨਸਾਨ ਹੀ ਵਹਾ ਸਕਣ ਦੇ ਸਮੱਰਥ ਹੁੰਦੇ ਹਨ। ਇਸੇ ਲਈ ਇਨਾਂ ਨੂੰ ਜਜ਼ਬਾਤੀ ਹੰਝੂਆਂ ਦਾ ਨਾਂ ਦੇ ਦਿੱਤਾ ਗਿਆ ਹੈ।

ਹਾਲੇ ਤੱਕ ਦੀਆਂ ਸੰਭਵ ਹੋ ਚੁੱਕੀਆਂ ਖੋਜਾਂ ਅਨੁਸਾਰ ਜਜ਼ਬਾਤੀ ਹੰਝੂਆਂ ਦੇ ਨਾਲ ਰਲਦੇ ਮਿਲਦੇ ਹੰਝੂ ਸਿਰਫ਼ ਹਾਥੀਆਂ ਤੇ ਗੁਰਿਲਾ ਵਿਚ ਹੀ ਲੱਭੇ ਗਏ ਹਨ ਪਰ ਇਨਾਂ ਵਿਚ ਹਾਰਮੋਨਾਂ ਦੇ ਓਨੇ ਅੰਸ਼ ਨਹੀਂ ਲੱਭੇ ਜਾ ਸਕੇ ਜਿੰਨੇ ਇਨਸਾਨੀ ਹੰਝੂਆਂ ਵਿਚ ਮਿਲੇ ਹਨ।



ਅੱਖਾਂ ਵਿਚਲੇ 'ਲੈਕਰਾਈਮਲ ਗਲੈਂਡ' ਇੱਕ ਹੋਰ ਬਿਲਕੁਲ ਪਾਣੀ ਵਰਗੇ ਹੰਝੂ ਵੀ ਬਣਾਉਂਦੇ ਹਨ ਜਿਨਾਂ ਨੂੰ 'ਰਿਫਲੈਕਸ ਹੰਝੂ' ਕਿਹਾ ਜਾਂਦਾ ਹੈ। ਜੇ ਮੱਖੀ ਜਾਂ ਕੁੱਝ ਹੋਰ ਅੱਖ 'ਚ ਵੱਜੇ ਤਾਂ ਝੱਟ ਇਹ ਪਾਣੀ ਵਰਗੇ ਹੰਝੂ ਛਲਕ ਪੈਂਦੇ ਹਨ ਤਾਂ ਜੋ ਅੱਖ ਝਟਪਟ ਸਾਫ਼ ਹੋ ਜਾਏ ਤੇ ਸੱਟ ਤੋਂ ਵੀ ਬਚ ਜਾਏ।

ਕਈ ਵਾਰ ਅੱਖ ਇੰਜ ਲੱਗਦੀ ਹੈ ਜਿਵੇਂ ਉਸ ਵਿਚ ਹਲਕੀ ਲਾਲੀ, ਜਲਨ, ਰਗੜ ਮਹਿਸੂਸ ਹੋਣੀ ਜਾਂ ਪੂਰਾ ਸਾਫ਼ ਨਾ ਦਿਸਣਾ ਤੇ ਇੰਜ ਲੱਗਣਾ ਜਿਵੇਂ ਅੱਖ ਵਿਚ ਕੁੱਝ ਰੜਕ ਰਿਹਾ ਹੈ ਪਰ ਹੋਣਾ ਕੁੱਝ ਵੀ ਨਾ। ਇਸ ਤਰਾਂ ਦੀ ਅੱਖ ਵਿਚਲੀ ਹਾਲਤ ਨੂੰ 'ਡਰਾਈ ਆਈ' ਯਾਨੀ ਹੰਝੂਆਂ ਦੀ ਕਮੀ ਕਿਹਾ ਜਾਂਦਾ ਹੈ।

ਬਹੁਤੇ ਹੰਝੂ ਤਾਂ ਲੈਕਰਾਈਮਲ ਗਲੈਂਡ ਵਿੱਚੋਂ ਹੀ ਨਿਕਲਦੇ ਹਨ। ਅੱਖ ਵਿਚਲੇ 'ਮੇਬੋਮੀਅਨ ਗਲੈਂਡ' ਹਲਕਾ ਤੇਲ ਕੱਢਦੇ ਹਨ। ਇੱਕ ਹੋਰ ਸੈੱਲ, ਗੋਬਲੈੱਟ ਸੈੱਲ, ਹੰਝੂ ਤੇ ਤੇਲ ਦਾ ਮਿਸ਼ਰਨ ਸਹੀ ਰੱਖਣ ਵਿਚ ਮਦਦ ਕਰਦੇ ਹਨ।

ਜੇ ਇਹ ਮਿਸ਼ਰਨ ਸਹੀ ਨਾ ਰਹੇ ਜਾਂ ਘੱਟ ਬਣਨ ਲੱਗ ਪਵੇ ਤਾਂ ਅੱਖ ਸੁੱਕੀ ਜਿਹੀ ਮਹਿਸੂਸ ਹੋਣ ਲੱਗ ਪੈਂਦੀ ਹੈ। ਲੈਕਰਾਈਮਲ ਗਲੈਂਡ ਵਿਚ ਸੋਜ਼ਿਸ਼ ਹੋ ਜਾਣੀ, ਮੇਬੋਮੀਅਨ ਗਲੈਂਡ ਦਾ ਘੱਟ ਕੰਮ ਕਰਨਾ, ਕੁੱਝ ਕਿਸਮਾਂ ਦੀਆਂ ਦਵਾਈਆਂ, ਹਾਰਮੋਨਾਂ ਵਿਚ ਤਬਦੀਲੀ ਆਦਿ, ਅਨੇਕ ਕਾਰਨ ਹਨ ਜਿਨਾਂ ਕਰਕੇ ਹੰਝੂਆਂ ਵਿਚ ਕਮੀ ਆ ਸਕਦੀ ਹੈ।

ਹੁਣ ਬਜ਼ਾਰ ਵਿਚ ਕੰਪਨੀਆਂ ਵੱਲੋਂ ਬਣਾਏ ਨਕਲੀ ਹੰਝੂ ਮਿਲ ਜਾਂਦੇ ਹਨ ਜਿਨਾਂ ਨੂੰ ਡਾਕਟਰੀ ਸਲਾਹ ਨਾਲ ਦਿਨ ਵਿਚ ਚਾਰ ਵਾਰ ਤੱਕ ਵਰਤਿਆ ਜਾ ਸਕਦਾ ਹੈ।

ਕੁੱਝ ਲੋਕਾਂ ਦੀਆਂ ਅੱਖਾਂ ਦੀਆਂ ਪੁਤਲੀਆਂ ਦੇ ਅੰਦਰਲੇ ਕੋਨੇ ਵਿਚਲੇ ਸੁਰਾਖ਼, ਜਿਨਾਂ ਵਿੱਚੋਂ ਹੰਝੂ ਨੱਕ ਵੱਲ ਨਿਕਲਣ ਦਾ ਕੁਦਰਤੀ ਰਾਹ ਹੁੰਦਾ ਹੈ, ਉਸ ਰਾਹ ਨੂੰ ਬੰਦ ਕਰ ਕੇ ਵੀ ਸੁੱਕੀਆਂ ਅੱਖਾਂ ਠੀਕ ਕੀਤੀਆਂ ਜਾ ਸਕਦੀਆਂ ਹਨ ਤੇ ਕੁਦਰਤੀ ਹੰਝੂ ਦੇਰ ਤੱਕ ਅੱਖਾਂ ਨੂੰ ਨਮ ਰੱਖ ਸਕਦੇ ਹਨ।

ਜਦੋਂ ਰੋਣਾ ਆਏ ਤਾਂ ਨੱਕ ਰਾਹੀਂ ਵੀ ਪਾਣੀ ਵਗਣ ਲੱਗ ਪੈਂਦਾ ਹੈ। ਇਹ ਪਾਣੀ ਅੱਖਾਂ ਵੱਲੋਂ ਹੀ ਨੱਕ ਵੱਲ ਗਏ ਹੰਝੂ ਹੁੰਦੇ ਹਨ। ਇਸ ਰਾਹ ਨੂੰ 'ਟੀਅਰ ਡੱਕਟ' ਯਾਨੀ ਹੰਝੂਆਂ ਦੀ ਨਾਲੀ ਕਿਹਾ ਜਾਂਦਾ ਹੈ। ਕੁੱਝ ਡਾਕਟਰ ਇਸ ਨੂੰ 'ਨੇਜ਼ੋਲੈਕਰਾਈਮਲ ਡੱਕਟ' ਵੀ ਕਹਿੰਦੇ ਹਨ।

ਹੰਝੂ ਘੱਟ ਆਉਣ ਦੇ ਕਾਰਨ :-

1. ਵੱਧਦੀ ਉਮਰ
2. ਸ਼ੋਗਰਨ ਸਿੰਡਰੋਮ-ਸਰੀਰ ਅੰਦਰ ਤਰਲ ਦਾ ਘੱਟ ਬਣਨਾ
3. ਅੱਖਾਂ ਦੀ ਐਲਰਜੀ
4. ਰਿਊਮੈਟਾਇਰਡ ਆਰਥਰਾਈਟਸ
5. ਲੂਪਸ ਬੀਮਾਰੀ
6. ਸਕਲਿਰੋਡਰਮਾ ਬੀਮਾਰੀ
7. ਅੰਗ ਟਰਾਂਸਪਲਾਂਟ ਤੋਂ ਬਾਅਦ
8. ਸਾਰਕਾਇਡ ਬੀਮਾਰੀ
9. ਥਾਇਰਾਇਡ ਦੇ ਰੋਗ
10. ਵਿਟਾਮਿਨ ਏ ਦੀ ਕਮੀ ਆਦਿ।

ਲਗਾਤਾਰ ਅੱਖਾਂ ਦੀ ਵਰਤੋਂ ਜਿਵੇਂ ਘੰਟਿਆਂਬੱਧੀ ਕੰਪਿਊਟਰ ਜਾਂ ਮੋਬਾਈਲ ਨਾਲ ਚਿਪਕਣਾ, ਹਵਾਈ ਜਹਾਜ਼ ਦਾ ਲੰਮਾ ਸਫ਼ਰ, ਏਅਰ ਕੰਡੀਸ਼ਨ ਕਮਰਾ, ਮੋਟਰਸਾਈਕਲ ਬਿਨਾਂ ਐਨਕ ਦੇ ਚਲਾਉਣਾ ਆਦਿ, ਅੱਖਾਂ ਵਿਚਲੀ ਨਮੀ ਘਟਾ ਕੇ ਅੱਖਾਂ ਵਿਚ ਰੜਕ, ਰਗੜ ਜਾਂ ਸੁੱਕਾਪਨ ਮਹਿਸੂਸ ਕਰਵਾ ਸਕਦੇ ਹਨ। ਇੰਜ ਕਈ ਵਾਰ ਅੱਖਾਂ ਨੂੰ ਰੌਸ਼ਨੀ ਵੀ ਚੁੱਭਦੀ ਮਹਿਸੂਸ ਹੋਣ ਲੱਗ ਪੈਂਦੀ ਹੈ, ਧੁੰਧਲਾ ਜਾਂ ਦੋ ਦੋ ਦਿਸਣ ਲੱਗ ਸਕਦੇ ਹਨ ਤੇ ਅੱਖਾਂ ਵੀ ਥੱਕੀਆਂ ਮਹਿਸੂਸ ਹੁੰਦੀਆਂ ਹਨ।

ਜੇ ਅੱਖਾਂ ਵਿਚਲੀ ਨਮੀ ਘੱਟ ਹੋਵੇ ਤਾਂ ਅੱਗੇ ਦੱਸੀਆਂ ਚੀਜ਼ਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ :-

1. ਅੱਖਾਂ ਵਿਚ ਸਿੱਧੀ ਹਵਾ ਜਿਵੇਂ ਫਰਾਟਾ ਪੱਖਾ ਆਦਿ ਸਾਹਮਣੇ ਨਹੀਂ ਹੋਣੇ ਚਾਹੀਦੇ।

**ਬਾਕੀ ਸਫ਼ਾ 30 'ਤੇ**

# ਕਿਵੇਂ ਛੱਡੀਏ ਚਿੰਤਾ ਕਰਨੀ ?



**ਹਰਕੀਰਤ ਕੌਰ**
9779118066

ਕੋਈ ਵੀ ਕੰਮ ਤਾਂ ਹੀ ਸਿੱਖਿਆ ਜਾ ਸਕਦਾ ਹੈ, ਜੇਕਰ ਕਿਸੇ ਵਿੱਚ ਉਸ ਕੰਮ ਨੂੰ ਸਿੱਖਣ ਦੀ ਇੱਛਾ ਹੋਵੇਗੀ। ਬਿਨਾਂ ਇੱਛਾ ਤੋਂ ਜਬਰਦਸਤੀ ਅਸੀਂ ਕਿਸੇ ਨੂੰ ਕਿਸੇ ਵੀ ਤਰਾਂ ਦਾ ਗੁਣ ਧਾਰਣ ਨਹੀਂ ਕਰਵਾ ਸਕਦੇ। ਜਿੰਨੀ ਦੇਰ ਇੱਕ ਨਸ਼ੇੜੀ ਖੁਦ ਨਸ਼ਿਆਂ ਤੋਂ ਤੌਬਾ ਨਹੀਂ ਕਰੇਗਾ, ਉਨੀ ਦੇਰ ਕਿਸੇ ਵੀ ਤਰਾਂ ਦੀ ਪ੍ਰਕਿਰਿਆ, ਸਮਾਧਾਨ ਉਸਨੂੰ ਨਸ਼ਿਆਂ ਤੋਂ ਦੂਰ ਨਹੀਂ ਕਰ ਸਕਦਾ। ਇਸੇ ਕਰਕੇ ਬਹੁਤ ਸਾਰੇ ਨਸ਼ਿਆਂ ਦੇ ਆਦੀ ਨੌਜਵਾਨ ਨਸ਼ੇ ਛੁਡਾਊ ਕੇਂਦਰਾਂ ਵਿੱਚ ਰਹਿ ਕੇ ਵੀ ਇਸ ਕੋਹੜ ਤੋਂ ਖਹਿੜਾ ਨਹੀਂ ਛੁਡਵਾ ਸਕੇ। ਕੋਈ ਨਵੀਂ ਚੰਗੀ ਆਦਤ ਦੇ ਧਾਰਣੀ ਹੋਣਾ ਹੋਵੇ ਜਾਂ ਕੋਈ ਬੁਰੀ ਆਦਤ ਤੋਂ ਤੌਬਾ ਕਰਨਾ ਹੋਵੇ, ਉਹ ਉਨੀਂ ਦੇਰ ਸੰਭਵ ਨਹੀਂ ਜਿੰਨੀ ਦੇਰ ਸਾਹਮਣੇ ਵਾਲੇ ਵਿਅਕਤੀ ਦਾ ਮਨੋਬਲ ਉਸਦਾ ਸਾਥ ਨਹੀਂ ਦੇਵੇਗਾ।

ਜਿਸ ਸਮਾਜ ਵਿੱਚ ਅਸੀਂ ਅੱਜ ਜੀਅ ਰਹੇ ਹਾਂ, ਇਸ ਸਮਾਜ ਵਿੱਚ ਮਾਨਸਿਕ ਬਿਮਾਰੀਆਂ ਨੇ ਸਭ ਤੋਂ ਭਿਆਨਕ ਰੂਪ ਅਖਤਿਆਰ ਕਰ ਲਿਆ ਹੈ। ਮਨ ਦੇ ਖੇੜੇ, ਚਿਹਰਿਆਂ ਦੇ ਹਾਸੇ, ਘਰਾਂ ਵਿੱਚ ਗੂੰਜਦੀਆਂ ਹਾਸੇ ਦੀਆਂ ਕਿਲਕਾਰੀਆਂ ਚਿੰਤਾਵਾਂ ਦੇ ਪਹਾੜ ਹੇਠਾਂ ਦੱਬ ਚੁੱਕੀਆਂ ਹਨ। ਜਿੱਧਰ ਵੇਖੋ ਚਿਹਰਿਆਂ ਤੋਂ ਰੌਣਕਾਂ ਉੱਡੀਆਂ ਹੋਈਆਂ, ਹਾਸਿਆਂ ਦੀ ਥਾਂ ਹੌਂਕਿਆਂ ਨੇ ਲਈ ਹੋਈ ਹੈ। ਪਿਆਰ ਹੁਲਾਰਿਆਂ, ਹਾਸਿਆਂ ਠੱਠਿਆਂ ਨੂੰ ਮਾਨਸਿਕ ਉਲਝਣਾਂ ਨੇ ਨਰੜ ਕੇ ਰੱਖਿਆ ਹੋਇਆ ਹੈ। ਅੱਜ ਦੇ ਮਨੁੱਖਾਂ ਦੀ ਸਭ ਤੋਂ ਭਿਆਨਕ ਬਿਮਾਰੀ ਚਿੰਤਾ ਹੈ ਅਤੇ ਚਿੰਤਾਂ ਹੀ ਸਾਰੇ ਮਾਨਸਿਕ ਰੋਗਾਂ ਦੀ ਜੜ ਹੈ। ਚਿੰਤਾਵਾਂ ਦੇ ਕਾਰਨ ਵੀ ਕੀ ਹਨ ? ਪੈਸਾ, ਸੁੱਖ ਸਹੂਲਤਾਂ, ਇੱਕ ਦੂਸਰੇ ਤੋਂ ਅੱਗੇ ਨਿਕਲਣ ਦੀ ਤਾਂਘ, ਅਸੰਤੁਸ਼ਟੀ, ਹਮੇਸ਼ਾ ਆਪਣੇ ਆਪ ਨੂੰ ਦੂਸਰਿਆਂ ਤੋਂ ਘੱਟ ਸਮਝਣਾ ਅਤੇ ਪਰਾਈ ਤਾਤ ਰੱਖਣੀ। ਹਾਂ ਮੈਂ ਮੰਨਦੀ ਹਾਂ ਕਿ ਤੁਸੀਂ ਬਹੁਤ ਸਾਰੀਆਂ ਚਿੰਤਾਵਾਂ ਸਹੇੜ ਚੁੱਕੇ ਹੋ ਅਤੇ ਮਾਨਸਿਕ ਰੋਗੀਆਂ ਦੀ ਸੂਚੀ ਵਿੱਚ ਸ਼ਾਮਿਲ ਹੋ ਚੁੱਕੇ ਹੋ। ਪਰ ਹੁਣ ਸਾਨੂੰ ਇਹ ਦੇਖਣਾ ਪਵੇਗਾ ਕਿ ਇੱਕ ਮਾਨਸਿਕ ਰੋਗੀ ਜੋ ਹਮੇਸ਼ਾ ਚਿੰਤਾਵਾਂ ਵਿੱਚ ਘਿਰਿਆ ਰਹਿੰਦਾ ਹੈ, ਚਿੰਤਾ ਮੁਕਤ ਕਿਵੇਂ ਹੋ ਸਕਦਾ ਹੈ।

ਜਿਵੇਂ ਮੈਂ ਸ਼ੁਰੂਆਤ ਵਿੱਚ ਦੱਸਿਆ ਕਿ ਕੋਈ ਵੀ ਕੰਮ ਉਨੀਂ ਦੇਰ ਨਹੀਂ ਕੀਤਾ ਜਾ ਸਕਦਾ, ਜਿੰਨੀ ਦੇਰ ਉਸ ਨੂੰ ਕਰਨ ਵਾਲਾ ਜਾਂ ਸਿੱਖਣ ਵਾਲਾ ਆਪਣੇ ਆਪ ਤਿਆਰ ਨਹੀਂ ਹੈ। ਕੋਈ ਵੀ ਕੰਮ ਅਭਿਆਸ ਨਾਲ ਸਿੱਖਿਆ ਜਾਂਦਾ ਹੈ, ਸੋ ਚਿੰਤਾਂਵਾਨ ਨੂੰ ਸਭ ਤੋਂ ਪਹਿਲਾਂ ਚਿੰਤਾਂ ਦਾ ਅਭਿਆਸ ਕਰਨਾ ਬੰਦ ਕਰਨਾ ਪਵੇਗਾ ਅਤੇ ਚਿੰਤਾਂ ਨਾ ਕਰਨ ਦਾ ਅਭਿਆਸ



**ਬਾਕੀ ਸਫ਼ਾ 31 'ਤੇ**

# ਪਨੀਰ ਖਾਓ ਭਾਰ ਘਟਾਓ

ਭਾਰ ਘਟਾਉਣ ਲਈ ਪ੍ਰੋਟੀਨ ਵਾਲੇ ਭੋਜਨ ਦੀ ਮਾਤਰਾ ਵਧਾਉਣੀ ਪੈਂਦੀ ਹੈ। ਪ੍ਰੋਟੀਨ ਨਾਲ ਭਰਪੂਰ ਚੀਜ਼ਾਂ ਨੂੰ ਪਚਣ ਵਿਚ ਜ਼ਿਆਦਾ ਸਮਾਂ ਲੱਗਦਾ ਹੈ, ਇਸ ਲਈ ਤੁਹਾਨੂੰ ਵਾਰ-ਵਾਰ ਭੁੱਖ ਨਹੀਂ ਲੱਗਦੀ ਅਤੇ ਤੁਸੀਂ ਭਾਰ ਘਟਾਉਣ 'ਚ ਸਫਲ ਹੋ ਜਾਂਦੇ ਹੋ। ਜੇਕਰ ਤੁਸੀਂ ਸ਼ਾਕਾਹਾਰੀ ਹੋ ਤਾਂ ਪਨੀਰ ਪ੍ਰੋਟੀਨ ਦਾ ਚੰਗਾ ਸਰੋਤ ਹੈ। ਪਨੀਰ ਸਿਹਤਮੰਦ ਚਰਬੀ, ਪ੍ਰੋਟੀਨ ਨਾਲ ਭਰਪੂਰ ਹੁੰਦਾ ਹੈ ਅਤੇ ਕਾਰਬੋਹਾਈਡਰੇਟ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਇਹ ਭਾਰ ਘਟਾਉਣ ਅਤੇ ਸ਼ੂਗਰ ਦੇ ਮਰੀਜ਼ਾਂ ਲਈ ਵੀ ਚੰਗਾ ਹੋ ਸਕਦਾ ਹੈ। ਤੁਸੀਂ ਜਾਂ ਤਾਂ ਇਸਨੂੰ ਕੱਚਾ ਖਾ ਸਕਦੇ ਹੋ ਜਾਂ ਤੁਸੀਂ ਇਸਨੂੰ ਬਣਾ ਕੇ ਸਿਹਤਮੰਦ ਤਰੀਕੇ ਨਾਲ ਖਾ ਸਕਦੇ ਹੋ।

### ਭਾਰ ਘਟਾਉਣ ਲਈ ਪਨੀਰ ਦੇ ਫਾਇਦੇ

1) ਇਹ ਪ੍ਰੋਟੀਨ ਨਾਲ ਭਰਪੂਰ ਹੁੰਦਾ ਹੈ- ਹਾਲਾਂਕਿ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਦੁੱਧ ਦਾ ਪਨੀਰ ਕਿਸ ਕਿਸਮ ਤੋਂ ਕੱਢਿਆ ਜਾਂਦਾ ਹੈ। ਜੇਕਰ ਇਹ ਫੁੱਲ ਕਰੀਮ ਵਾਲੇ ਦੁੱਧ ਤੋਂ ਹੈ, ਤਾਂ ਇਹ ਪ੍ਰੋਟੀਨ ਦੇ ਨਾਲ-ਨਾਲ ਚਰਬੀ ਨਾਲ ਭਰਪੂਰ ਹੋਵੇਗਾ। ਪਨੀਰ ਵਿੱਚ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਵਰਗੇ ਖਣਿਜ ਹੁੰਦੇ ਹਨ। ਘੱਟ ਚਰਬੀ ਵਾਲੀ ਗਾਂ ਦੇ ਦੁੱਧ ਤੋਂ ਬਣੇ ਪਨੀਰ ਵਿੱਚ ਚਰਬੀ ਘੱਟ ਅਤੇ ਪ੍ਰੋਟੀਨ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸ ਲਈ, ਇਹ ਤੁਹਾਡੀ ਸਿਹਤ ਨੂੰ ਪੋਸ਼ਣ ਦੇ ਕੇ ਤੁਹਾਡੀ ਮਦਦ ਕਰੇਗਾ।

2) ਕਾਰਬੋਹਾਈਡਰੇਟ ਘੱਟ ਹੁੰਦਾ ਹੈ- ਗਾਂ ਦਏ ਦੁੱਧ ਤੋਂ ਬਣਿਆ 100 ਗ੍ਰਾਮ ਪਨੀਰ 1.2 ਗ੍ਰਾਮ ਕਾਰਬੋਹਾਈਡਰੇਟ ਦਿੰਦਾ ਹੈ। ਕਾਰਬੋਹਾਈਡਰੇਟ ਤੇਜ਼ੀ ਨਾਲ **metabolizes,** ਇਸੇ ਕਰਕੇ ਪੋਸ਼ਣ ਵਿਗਿਆਨੀ ਅਕਸਰ ਘੱਟ ਕਾਰਬੋਹਾਈਡ੍ਰੇਟ ਭੋਜਨ ਖਾਣ ਦੀ ਸਿਫਾਰਸ਼ ਕਰਦੇ ਹਨ।

3) ਪਨੀਰ ਵਿਚ ਚੰਗੀ ਚਰਬੀ ਹੁੰਦੀ ਹੈ- ਪਨੀਰ ਚੰਗੀ ਚਰਬੀ ਦਾ ਸਰੋਤ ਹੈ। ਚੰਗੀ ਚਰਬੀ ਵੀ ਜ਼ਰੂਰੀ ਹੈ। ਚਰਬੀ ਦੀ ਇੱਕ ਨਿਯੰਤਰਿਤ ਮਾਤਰਾ ਖਾਣ ਨਾਲ ਭਾਰ



ਘਟਾਉਣ ਦੀ ਪ੍ਰਕਿਰਿਆ ਵਿੱਚ ਬਹੁਤ ਲੰਮਾ ਸਮਾਂ ਜਾ ਸਕਦਾ ਹੈ। ਤੁਹਾਡਾ ਸਰੀਰ ਊਰਜਾ ਬਰਬਾਦ ਕਰਨ ਦੀ ਬਜਾਏ ਚਰਬੀ ਨੂੰ ਘਟਾ ਦੇਵੇਗਾ, ਜਿਸ ਨਾਲ ਭਾਰ ਘਟੇਗਾ।

4) ਕੈਲੋਰੀ ਕਾਉਂਟ ਘੱਟ ਹੈ- 100 ਗ੍ਰਾਮ ਗੈਰ-ਚਰਬੀ ਵਾਲੇ ਪਨੀਰ ਵਿਚ ਲਗਭਗ 72 ਕੈਲੋਰੀਆਂ ਹੁੰਦੀਆਂ ਹਨ, ਜੋ ਕਿ ਜ਼ਿਆਦਾ ਨਹੀਂ ਹੁੰਦੀਆਂ। ਧਿਆਨ ਰਹੇ ਕਿ ਪਨੀਰ ਫੁੱਲ ਫੈਟ ਵਾਲੇ ਦੁੱਧ ਤੋਂ ਨਹੀਂ ਬਣਾਇਆ ਜਾਂਦਾ। ਜਿਸ ਤਰੀਕੇ ਨਾਲ ਤੁਸੀਂ ਆਪਣੇ ਪਨੀਰ ਨੂੰ ਪਕਾਉਂਦੇ ਹੋ ਉਹ ਵੀ ਕੈਲੋਰੀ ਲੋਡ ਨੂੰ ਵਧਾਉਂਦਾ ਹੈ। ਖਾਣਾ ਪਕਾਉਂਦੇ ਸਮੇਂ, ਤੁਸੀਂ ਬੇਕਿੰਗ ਜਾਂ ਗ੍ਰਿਲਿੰਗ ਵਰਗੇ ਵਿਕਲਪ ਚੁਣ ਸਕਦੇ ਹੋ।

### ਕੀ ਪਨੀਰ ਢਿੱਡ ਦੀ ਚਰਬੀ ਨੂੰ ਘਟਾਉਂਦਾ ਹੈ ?

ਪਨੀਰ ਭਾਰ ਘਟਾਉਣ ਲਈ ਵਧੀਆ ਹੈ ਕਿਉਂਕਿ ਇਹ ਪ੍ਰੋਟੀਨ ਨਾਲ ਭਰਪੂਰ ਹੁੰਦਾ ਹੈ। ਇਹ ਤੁਹਾਡੀ ਭੁੱਖ ਨੂੰ ਘਟਾਉਂਦਾ ਹੈ, ਪੇਟ ਦੀ ਚਰਬੀ ਨੂੰ ਘਟਾਉਣ ਵਿੱਚ ਤੁਹਾਡੀ ਮਦਦ ਕਰਦਾ ਹੈ ਅਤੇ ਭਾਰ ਨੂੰ ਕੰਟਰੋਲ ਕਰਨ ਵਾਲੇ ਹਾਰਮੋਨਾਂ ਦੇ ਪੱਧਰਾਂ ਨੂੰ ਬਦਲਦਾ ਹੈ। ਪਨੀਰ ਹੌਲੀ-ਹੌਲੀ ਹਜ਼ਮ ਹੁੰਦਾ ਹੈ ਅਤੇ ਤੁਹਾਨੂੰ ਲੰਬੇ ਸਮੇਂ ਤੱਕ ਪੇਟ ਭਰਿਆ ਮਹਿਸੂਸ ਕਰਦਾ ਹੈ। ਨਾਲ ਹੀ, ਇਸ ਵਿਚ ਕੈਲਸ਼ੀਅਮ, ਮੈਗਨੀਸ਼ੀਅਮ, ਚਰਬੀ, ਆਇਰਨ ਵਰਗੇ ਹੋਰ ਜ਼ਰੂਰੀ ਪੌਸ਼ਟਿਕ ਤੱਤ ਹੁੰਦੇ ਹਨ ਜੋ ਫਿੱਟ ਅਤੇ ਵਧੀਆ ਸਰੀਰ ਪ੍ਰਾਪਤ ਕਰਨ ਲਈ ਇਕ ਵਧੀਆ ਵਿਕਲਪ ਮੰਨਿਆ ਜਾਂਦਾ ਹੈ।

### ਪਨੀਰ ਖਾਣ ਦਾ ਸਹੀ ਸਮਾਂ ਕੀ ਹੈ

ਭਾਰ ਘਟਾਉਣ ਲਈ, ਤੁਹਾਡੇ ਸਰੀਰ ਨੂੰ ਕੈਲੋਰੀ ਬਰਨ ਕਰਨ ਲਈ ਤੁਸੀਂ ਸਵੇਰੇ ਕੱਚਾ ਪਨੀਰ ਖਾ ਸਕਦੇ ਹੋ।

ਤੁਸੀਂ ਕਿੰਨਾ ਖਾ ਸਕਦੇ ਹੋ ?

ਨਾਸ਼ਤੇ ਵਿੱਚ ਪਨੀਰ ਨੂੰ ਸ਼ਾਮਲ ਕਰਨ ਨਾਲ ਊਰਜਾ ਦਾ ਪੱਧਰ ਉੱਚਾ ਰੱਖਿਆ ਜਾ ਸਕਦਾ ਹੈ। ਭਾਰ ਘਟਾਉਣ ਲਈ ਪਨੀਰ ਸਭ ਤੋਂ ਉੱਪਰ ਰਹਿੰਦਾ ਹੈ ਕਿਉਂਕਿ ਇਸ ਵਿੱਚ ਕਾਰਬੋਹਾਈਡ੍ਰੇਟ ਦੀ ਮਾਤਰਾ ਘੱਟ ਹੁੰਦੀ ਹੈ। ਰਿਪੋਰਟਾਂ ਮੁਤਾਬਕ 28 ਗ੍ਰਾਮ ਪਨੀਰ ਵਿਚ ਸਿਰਫ 82.5 ਕੈਲੋਰੀ ਹੁੰਦੀ ਹੈ। ਅਜਿਹੇ ਵਿਚ ਤੁਸੀਂ ਨਾਸ਼ਤੇ ਵਿਚ 150 ਤੋਂ 200 ਗ੍ਰਾਮ ਪਨੀਰ ਖਾ ਸਕਦੇ ਹੋ।

# ਜ਼ਮੀਨ 'ਤੇ ਕਬਜ਼ਾ ਜਮਾਉਣ ਲਈ ਛਿੜੀ ਜੰਗ

**ਅਭਿਜੀਤ ਭੱਟਾਚਾਰੀਆ**

ਸ਼ੁਰੂ ਤੋਂ ਹੀ ਦੁਨੀਆ ਦੇ ਨਕਸ਼ੇ ਘੜਨ, ਵਿਗਾੜਨ ਤੇ ਵਾਹੁਣ, ਢਾਹੁਣ ਦੇ ਕਾਰਜ ਲਈ ਜ਼ਿੰਮੇਵਾਰ ਮੂਲ ਕਾਰਕਾਂ ਵਿਚ ਜੰਗ (ਖ਼ਾਨਾਜੰਗੀ ਸਮੇਤ), ਹਮਲੇ ਤੇ ਟਕਰਾਅ ਮੁੱਖ ਰਹੇ ਹਨ। ਇਸ ਦੀ ਇਕ ਮਿਸਾਲ ਹੀ ਕਾਫ਼ੀ ਹੈ। ਪਿਛਲੇ ਇਕ ਹਜ਼ਾਰ ਸਾਲਾਂ ਦੌਰਾਨ ਹਿੰਦੋਸਤਾਨ 'ਤੇ 40 ਵੱਡੇ ਹਮਲੇ ਹੋਏ ਸਨ ਜਿਨ੍ਹਾਂ ਤੋਂ ਬਾਅਦ ਇਸ ਦਾ ਸਿਆਸੀ ਨਕਸ਼ਾ ਤਬਦੀਲ ਹੋ ਜਾਂਦਾ ਰਿਹਾ ਹੈ। ਹਾਲਾਂਕਿ ਅੰਗਰੇਜ਼ ਹਮਲਾਵਰ ਬਣ ਕੇ ਹਿੰਦੋਸਤਾਨ ਨਹੀਂ ਆਏ ਸਨ ਪਰ ਆਪਣੇ 'ਕਾਰੋਬਾਰ ਦੀ ਸਹੂਲਤ' ਦੀ ਭਾਲ ਵਿਚ ਉਨ੍ਹਾਂ ਉਹ ਹਰ ਹਰਬਾ ਵਰਤਿਆ ਜੋ ਕੋਈ ਹਮਲਾਵਰ, ਲੁਟੇਰਾ, ਡਕੈਤ, ਸਾਜ਼ਿਸ਼ਘਾੜਾ, ਕਾਤਲ, ਨਸਲਪ੍ਰਸਤ ਹਾਕਮ ਅਤੇ ਦੇਸੀ ਸਨਅਤਾਂ ਤੇ ਕਿੱਤਿਆਂ ਦੀ ਪੱਟੀਮੇਸ ਕਰਨ ਵਾਲਾ ਕਰਦਾ ਹੈ।

ਕੋਈ ਹੈਰਾਨੀ ਦੀ ਗੱਲ ਨਹੀਂ ਕਿ ਆਲਮੀ ਇਤਿਹਾਸ ਦੀਆਂ ਸ਼ਕਤੀਆਂ ਦੇ ਖਾਸੇ ਮੁਤਾਬਿਕ ਹਿੰਦੋਸਤਾਨ ਦੇ ਇਕ ਵੱਡੇ ਤਬਕੇ ਨੇ ਅੰਗਰੇਜ਼ਾਂ ਦਾ ਭਰਪੂਰ ਸਾਥ ਦਿੱਤਾ ਜਿਨ੍ਹਾਂ ਦੀ ਇਹ ਧਾਰਨਾ ਬਣੀ ਹੋਈ ਸੀ ਕਿ ਉਨ੍ਹਾਂ ਦੇ ਆਪਣੇ ਹਮਵਤਨ ਲੁਟੇਰਿਆਂ ਨਾਲੋਂ ਬਰਤਾਨਵੀ ਗੋਰੇ ਬਿਹਤਰ ਸ਼ਾਸਕ ਸਾਬਿਤ ਹੋ ਸਕਦੇ ਹਨ ਹਾਲਾਂਕਿ ਉਦੋਂ ਤੱਕ ਅੰਗਰੇਜ਼ਾਂ ਦੀ ਮੱਕਾਰੀ ਦੇ ਕਈ ਰੰਗ ਸਾਹਮਣੇ ਆ ਚੁੱਕੇ ਸਨ।

ਇਸ ਪ੍ਰਸੰਗ ਵਿਚ ਰੂਸ-ਯੂਕਰੇਨ ਟਕਰਾਅ ਦੁਨੀਆ ਦੇ ਭੂ-ਸਿਆਸੀ ਨਕਸ਼ੇ ਦੀ ਬਦਲ ਰਹੀ ਜਾਂ ਬਦਲੀ ਹੋਈ ਹਕੀਕਤ ਨੂੰ ਦਰਸਾਉਂਦਾ ਹੈ। ਇਸ ਟਕਰਾਅ ਨੂੰ ਜੰਗ ਕਿਹਾ ਜਾਵੇ ਜਾਂ ਨਹੀਂ? ਇਸ ਪੱਖ ਤੋਂ ਮੈਂ ਇਸ ਨੂੰ ਭਰਾ ਮਾਰੂ ਜੰਗ ਦੇ ਵਿਸਤਾਰ ਵਜੋਂ ਦੇਖਦਾ ਹਾਂ ਜੋ ਯੂਕਰੇਨ ਲਈ ਟਾਲਣਯੋਗ ਟਕਰਾਅ ਅਤੇ ਰੂਸ ਲਈ ਟਾਲਣਯੋਗ ਖ਼ਾਨਾਜੰਗੀ ਸੀ। ਦੂਜੇ ਬੰਨੇ ਅਮਰੀਕਾ ਦੀ ਅਗਵਾਈ ਵਾਲਾ ਪੱਛਮ ਇਸ ਦਾ ਅਸਲ ਨਿਸ਼ਾਨਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਇਹ ਅਤੀਤ ਦੇ ਖ਼ੂਨੀ ਸੰਬੰਧਾਂ ਅਤੇ ਅੰਧ-ਮਹਾਂਸਾਗਰ ਪਾਰਲੇ ਇਕ ਬਾਹਰੀ ਦੇਸ਼ ਨੂੰ ਅਜ਼ੋਵ ਸਾਗਰ ਵਿਚ ਦਾਖ਼ਲ ਹੋਣ ਦੀ ਖੁੱਲ ਦੇਣ ਜਾਂ ਡੱਕਣ ਨੂੰ ਲੈ ਕੇ ਵਰਤਮਾਨ ਦੇ ਮਤਭੇਦਾਂ ਕਰਕੇ ਜ਼ਮੀਨ 'ਤੇ ਕਬਜ਼ਾ ਜਮਾਉਣ ਲਈ ਛਿੜਿਆ ਟਕਰਾਅ ਵੀ ਹੈ।

ਜੇ ਤਲਖ਼ ਹਕੀਕਤ ਦਾ ਸਾਹਮਣਾ ਕੀਤਾ ਜਾਵੇ ਤਾਂ ਆਧੁਨਿਕ ਦੁਨੀਆ ਦੇ ਨਕਸ਼ੇ ਵਿਚ ਪਹਿਲੀ ਵੱਡੀ ਤਬਦੀਲੀ 19ਵੀਂ ਸਦੀ ਦੇ ਦੂਜੇ ਅੱਧ ਵਿਚ ਅਫ਼ਰੀਕਾ ਵਿਚ ਵਾਪਰੀ ਸੀ ਜਿਸ ਨੂੰ ਪੱਛਮੀ ਇਤਿਹਾਸਕਾਰ 'ਅਫ਼ਰੀਕਾ ਦੀ ਵੰਡ' ਕਹਿ ਕੇ ਪ੍ਰਚਾਰਦੇ ਹਨ ਜਿਵੇਂ ਵਿਦੇਸ਼ੀ ਮੁਲਕਾਂ ਵੱਲੋਂ ਕਿਸੇ ਦੂਜੇ ਮਹਾਦੀਪ ਦੀ ਵੰਡ ਕੋਈ ਜਸ਼ਨ ਮਨਾਉਣ ਲਾਇਕ ਵੱਡਾ ਉਪਕਾਰ ਹੋਵੇ। ਇਸ ਤਰ੍ਹਾਂ ਸੱਤ ਯੂਰਪੀ ਮੁਲਕਾਂ ਨੇ ਆਪਣਾ 'ਮਿਸ਼ਨ ਡਾਰਕ ਕੌਂਟੀਨੈਂਟ' ਜੋ ਆਪਣੇ ਨਾਂ ਤੋਂ ਹੀ ਕੁਲਹਿਣਾ ਜਾਪਦਾ ਹੈ, ਆਰੰਭਿਆ ਸੀ। ਇੰਗਲੈਂਡ, ਫਰਾਂਸ, ਪੁਰਤਗਾਲ, ਸਪੇਨ, ਬੈਲਜੀਅਮ, ਇਟਲੀ ਅਤੇ ਜਰਮਨੀ ਨੇ ਹਾਬੜੇ ਹੋਏ ਬਾਘੜ ਬਿੱਲਿਆਂ ਵਾਂਗ ਅਫ਼ਰੀਕਾ ਦੇ ਟੁਕੜੇ ਟੁਕੜੇ ਕਰ ਸੁੱਟੇ ਸਨ ਜਿਸ ਨੂੰ ਰਾਬਿੰਦਰਨਾਥ ਟੈਗੋਰ ਨੇ ਆਪਣੀ ਕਵਿਤਾ 'ਅਫ਼ਰੀਕਾ' ਵਿਚ ਮਾਰਮਿਕ ਸ਼ਬਦਾਂ ਵਿਚ ਬਿਆਨ ਕੀਤਾ ਸੀ। ਅਫ਼ਰੀਕਾ ਦੇ ਅੱਜ 54 ਮੁਲਕ ਬਣ ਗਏ ਹਨ ਅਤੇ ਇਨ੍ਹਾਂ 'ਚੋਂ ਜ਼ਿਆਦਾਤਰ ਵਿਚ ਪਹਿਲਾਂ 'ਬਨਸਪਤੀ ਵਿਗਿਆਨੀ, ਲੁਟੇਰੇ, ਬਾਈਬਲ ਤੇ ਨੌਕਰਸ਼ਾਹ' ਗਏ ਅਤੇ ਉਨ੍ਹਾਂ ਦੇ ਮਗਰ ਮਗਰ 'ਬੈਂਕਰ ਤੇ ਕਾਰੋਬਾਰੀ' ਪਹੁੰਚ ਗਏ। ਗੋਰੇ ਯੂਰਪੀਅਨਾਂ ਦੀ 'ਸ੍ਰੇਸ਼ਠਤਾ' ਨੂੰ ਵਾਜਬ ਠਹਿਰਾਉਣ ਖਾਤਰ ਅਫ਼ਰੀਕਾ ਦੀ ਮੁਹਿੰਮ ਨੂੰ ਆਦਿਵਾਸੀ ਲੋਕਾਂ ਨੂੰ ਤਹਿਜ਼ੀਬ ਤੇ ਅਨੁਸ਼ਾਸਨ ਦਾ ਪਾਠ ਪੜ੍ਹਾਉਣ ਲਈ 'ਗੋਰੇ ਬੰਦੇ ਦੇ ਫ਼ਰਜ਼' ਵਜੋਂ ਦਰਸਾਇਆ ਗਿਆ ਸੀ।

ਇਸ ਤਰ੍ਹਾਂ 1875 ਤੱਕ ਅਫ਼ਰੀਕਾ ਦਾ ਦਸਵਾਂ ਹਿੱਸਾ ਹੀ ਯੂਰਪ ਦੀਆਂ ਬਸਤੀਆਂ ਬਣ ਸਕਿਆ ਸੀ ਅਤੇ 1895 ਤੱਕ ਉਸ ਦਾ ਦਸਵਾਂ ਹਿੱਸਾ ਹੀ ਅਧੀਨਗੀ ਤੋਂ ਬਚਿਆ ਰਹਿ ਗਿਆ ਸੀ। ਇਸ ਤੋਂ ਬਾਅਦ ਦੇ ਦਹਾਕਿਆਂ ਵਿਚ ਗੋਰੇ ਯੂਰਪੀਅਨਾਂ ਦੀਆਂ ਜੇਤੂ ਮੁਹਿੰਮਾਂ ਵਿਚ ਹੋਰ ਵੀ ਸ਼ਿੱਦਤ ਆ ਗਈ ਸੀ ਜਿਨ੍ਹਾਂ ਕਰਕੇ ਦੁਨੀਆ ਭਰ ਵਿਚ ਨਵੇਂ ਨਕਸ਼ੇ ਵਾਹੇ ਜਾ ਰਹੇ ਸਨ। 1871 ਤੋਂ ਲੈ ਕੇ 1900 ਤੱਕ ਬਰਤਾਨਵੀ ਸਾਮਰਾਜ ਅਧੀਨ 42 ਲੱਖ 50 ਹਜ਼ਾਰ ਵਰਗ ਮੀਲ ਅਤੇ ਤਕਰੀਬਨ 7 ਕਰੋੜ ਲੋਕਾਂ ਦਾ ਵਾਧਾ ਹੋ ਗਿਆ ਸੀ। ਇਸੇ ਤਰ੍ਹਾਂ ਜਰਮਨੀ, ਬੈਲਜੀਅਮ ਅਤੇ ਇਟਲੀ ਨੇ ਵੀ ਆਪੋ ਆਪਣੇ ਨਵੇਂ ਬਸਤੀਵਾਦੀ ਸਾਮਰਾਜ ਸਥਾਪਤ ਕਰ ਲਏ ਸਨ. ਅਤੇ 19ਵੀਂ ਸਦੀ ਦੇ ਅਖ਼ੀਰ ਤੋਂ ਵੀਹਵੀਂ ਸਦੀ ਦੇ ਅਰੰਭ ਤੱਕ 'ਇਤਿਹਾਸਕ ਸਾਮਰਾਜਵਾਦੀਆਂ' ਦਾ ਉਭਾਰ ਹੋ ਚੁੱਕਿਆ ਸੀ। ਦੁਨੀਆ ਦਾ ਜ਼ਿਆਦਾਤਰ ਹਿੱਸਾ ਮੁੱਠੀ ਭਰ 'ਮਹਾਨ' ਯੂਰਪੀ ਤਾਕਤਾਂ ਦੀ ਮੁੱਠੀ ਵਿਚ ਆ ਚੁੱਕਿਆ ਸੀ। ਇਸ ਨੂੰ 'ਚੁਫਾਲ ਪਈ ਦੁਨੀਆ ਉਪਰ ਨੌਂ ਜਣਿਆਂ ਦੇ ਦੈਵੀ ਰਾਜ' ਦੀ ਧਾਰਨਾ ਆਖਿਆ ਜਾਂਦਾ ਹੈ ਭਾਵ ਇੰਗਲੈਂਡ, ਫਰਾਂਸ, ਜਰਮਨੀ, ਇਟਲੀ, ਸਪੇਨ, ਪੁਰਤਗਾਲ, ਨੈਦਰਲੈਂਡਜ਼, ਬੈਲਜੀਅਮ ਅਤੇ ਡੈਨਮਾਰਕ ਦਾ ਕੰਟਰੋਲ ਸੀ। ਇਸ ਮਾਮਲੇ ਵਿਚ ਨਾ ਕਦੇ ਰੂਸ (ਸਭ ਤੋਂ ਵੱਡੀ ਜ਼ਮੀਨੀ ਤਾਕਤ) ਅਤੇ ਨਾ ਹੀ ਹਿੰਦੋਸਤਾਨ (ਆਬਾਦੀ ਪੱਖੋਂ ਦੂਜਾ ਸਭ ਤੋਂ ਵੱਡਾ ਦੇਸ਼) ਮੰਜ਼ਰ 'ਤੇ ਆਇਆ ਸੀ। ਵੀਹਵੀਂ ਸਦੀ ਦੇ ਮੱਧ ਅਤੇ ਉਸ ਤੋਂ ਬਾਅਦ ਦੇ ਦੌਰ ਵਿਚ ਆਉਂਦੇ ਹਾਂ। ਭਾਰਤ ਤੇ ਰੂਸ ਨੂੰ ਰਾਤੋ ਰਾਤ ਕਈ ਟੁਕੜਿਆਂ ਵਿਚ ਵੰਡ ਦਿੱਤਾ ਗਿਆ। 19147 ਵਿਚ ਹਿੰਦੋਸਤਾਨ ਦਾ ਭੂਗੋਲਿਕ ਖੇਤਰਫਲ 42,24,000 ਵਰਗ ਕਿਲੋਮੀਟਰ ਸੀ ਜੋ 32,80,000 ਵਰਗ ਕਿਲੋਮੀਟਰ ਰਹਿ ਗਿਆ। ਕੁੱਲ 42 ਕਰੋੜ ਦੀ ਅਬਾਦੀ 'ਚੋਂ ਅੱਠ ਕਰੋੜ ਪਾਕਿਸਤਾਨ ਵਿਚ ਆ ਗਈ ਸੀ। ਹਮੇਸ਼ਾ ਆਪੋ ਵਿਚ ਖਹਿਬੜਦੇ ਤੇ ਝਗੜਦੇ ਰਹਿੰਦੇ ਤੰਗਨਜ਼ਰ ਭਾਰਤੀ ਆਗੂ ਅੰਗਰੇਜ਼ਾਂ ਦੇ ਜਾਲ ਵਿਚ ਫਸ ਗਏ ਤੇ ਅੰਗਰੇਜ਼ ਬਰਤਾਨਵੀ ਭਾਰਤੀ ਸਟੇਟ/ ਰਿਆਸਤ ਅੰਦਰਲੀਆਂ 565 ਸ਼ਾਹੀ ਰਿਆਸਤਾਂ ਨਾਲ ਭਰਾ ਮਾਰੂ, ਵੱਢੇ ਟੁੱਕੇ ਇਸ ਭੂਗੋਲ ਨੂੰ ਆਜ਼ਾਦੀ ਦੇਣ ਲਈ 'ਖ਼ੁਸ਼' ਸਨ। ਭਾਰਤ ਦੀ ਆਜ਼ਾਦੀ ਤੋਂ ਚੁਤਾਲੀ ਸਾਲਾਂ ਬਾਅਦ ਤਾਕਤਵਰ ਸੋਵੀਅਤ ਸੰਘ ਦੀ ਵਾਰੀ ਆ ਗਈ ਜੋ 1991 ਵਿਚ ਤਾਸ਼ ਦੇ ਪੱਤਿਆਂ ਵਾਂਗ ਖਿੰਡ ਗਿਆ ਤੇ ਉਸ ਦਾ ਖੇਤਰਫਲ 224,02,000 ਵਰਗ ਕਿਲੋਮੀਟਰ ਤੋਂ ਘਟ ਕੇ 170,98,200 ਵਰਗ ਕਿਲੋਮੀਟਰ ਰਹਿ ਗਿਆ। ਇਸ ਦੀ ਅਬਾਦੀ ਵੀ ਅੱਧੀ ਰਹਿ ਗਈ। ਸੋਵੀਅਤ ਸੰਘ ਦੀ 29 ਕਰੋੜ ਦੀ ਅਬਾਦੀ (ਜੋ ਉਸ ਦੇ ਕੱਟੜ ਵਿਰੋਧੀ ਅਮਰੀਕਾ ਦੀ 24 ਕਰੋੜ ਅਬਾਦੀ ਤੋਂ ਜ਼ਿਆਦਾ ਸੀ) ਰਾਤੋ ਰਾਤ ਘਟ ਕੇ (ਰੂਸ ਦੀ) 14.5 ਕਰੋੜ ਰਹਿ ਗਈ। ਮੁੜ ਮਾਸਕੋ ਦੇ ਮਾਰਕਸਵਾਦੀਆਂ ਦੀ ਕਮਿਊਨਿਸਟ ਲੀਡਰਸ਼ਿਪ ਗਲਾਸਨੋਸਤ ਤੇ ਪੇਰੇਸਤ੍ਰੋਇਕਾ (ਸਿਆਸੀ ਤੇ ਆਰਥਿਕ ਸੁਧਾਰਾਂ ਦੀ ਮੁਹਿੰਮ) ਅਤੇ ਡਾਲਰ ਦੀ ਖਰੀਦ ਸ਼ਕਤੀ ਦੇ ਭੁਚਲਾਵੇ ਵਿਚ ਆ ਕੇ ਆਪਣੀ ਕੌਮ ਦਾ ਸੱਤਿਆਨਾਸ ਕਰਵਾ ਬੈਠੀ। 'ਪ੍ਰੋਲੇਤਾਰੀ ਦੀ ਤਾਨਾਸ਼ਾਹੀ' ਅਤੇ ਕੌਮਿੰਟਰਨ (ਕਮਿਊਨਿਸਟ ਇੰਟਰਨੈਸ਼ਨਲ) ਦਾ ਆਗੂ 'ਹਵਾ ਵਿਚ ਉਡ ਗਏ' ਤੇ ਇਕਤਰਫ਼ਾ 'ਕੌਮਾਂਤਰੀ ਨਿਜ਼ਾਮ' ਲਈ ਮੈਦਾਨ ਖੁੱਲ੍ਹਾ ਰਹਿ ਗਿਆ।

ਇਹ ਗੱਲ ਸਮਝ ਵਿਚ ਆਉਂਦੀ ਹੈ ਕਿ ਕਿਵੇਂ ਅਮਰੀਕਾ ਇਸ ਖ਼ਾਲੀ ਪਏ ਮੰਜ਼ਰ 'ਤੇ ਨਮੂਦਾਰ ਹੁੰਦਾ, ਆਪਣੇ ਖੰਭ ਫੈਲਾਉਂਦਾ, ਹਮਲੇ ਕਰਦਾ, ਪਕੜ ਮਜ਼ਬੂਤ ਕਰਦਾ ਅਤੇ ਆਪਣੇ ਰਵਾਇਤੀ ਦੁਸ਼ਮਣ ਦੇ ਨਿਜ਼ਾਮ ਨੂੰ ਭ੍ਰਿਸ਼ਟ ਬਣਾਉਂਦਾ ਹੈ। ਇਹ ਸਭ ਕੁਝ ਸੁਭਾਵਿਕ ਰੂਪ ਵਿਚ ਵਾਪਰਿਆ। ਇੰਝ ਕਰਦਿਆਂ ਉਹ ਪੱਛਮ ਦੀਆਂ ਸਾਮਰਾਜਵਾਦੀ ਤਾਕਤਾਂ ਦੇ ਨਕਸ਼ੇ-ਕਦਮ 'ਤੇ ਹੀ ਤੁਰਿਆ ਸੀ। ਤੁਰਦਾ ਵੀ ਕਿਉਂ ਨਾ? ਕੌਣ ਅਜਿਹਾ ਮੌਕਾ ਗੁਆਉਣਾ ਚਾਹੇਗਾ? ਇਖ਼ਲਾਕ ਹੋਵੇ ਜਾਂ ਨਾ ਰਹੇ, ਇਹ ਤਾਕਤ ਦੀ ਖੇਡ ਦੀ ਹਕੀਕਤ ਹੈ। ਇਹ ਇਕ ਅਸਾਧਾਰਨ ਤੇ ਵਿਲੱਖਣ ਮੌਕਾ ਸੀ ਅਤੇ ਸਾਬਕਾ ਸੋਵੀਅਤ ਸੰਘ ਦੇ ਦਰਾਂ (ਕੰਢਿਆਂ) ਤੱਕ ਪਹੁੰਚਣ ਲਈ ਅਮਰੀਕਾ ਨੇ ਇਸ ਦੀ (ਦੁਰ) ਵਰਤੋਂ ਕੀਤੀ ਸੀ।

ਆਮ ਲੋਕਾਂ ਨੂੰ ਵੀ ਇਹ ਨਜ਼ਰ ਆ ਰਿਹਾ ਹੈ ਕਿ ਹਰੇਕ ਦੇਸ਼, ਖ਼ਾਸਕਰ ਨਿਸਬਤਨ ਵੱਡੀਆਂ ਤਾਕਤਾਂ ਦਾ 'ਪੇਟ' ਹੁੰਦਾ ਹੈ ਜਿਸ ਨੂੰ ਰਵਾਇਤੀ ਤੌਰ 'ਤੇ 'ਪ੍ਰਭਾਵ ਖੇਤਰ' ਕਿਹਾ ਜਾਂਦਾ ਹੈ ਹਾਲਾਂਕਿ ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸਲਾ ਵੌਨ ਡੇਰ ਲੀਅਨ ਨੇ ਹਾਲ ਹੀ ਵਿਚ ਨਵੀਂ ਦਿੱਲੀ ਵਿਚ ਕੀਤੀ ਤਕਰੀਰ ਵਿਚ ਇਸ ਦਾ ਖੰਡਨ ਕੀਤਾ ਸੀ। ਬਰਤਾਨੀਆ ਦੇ ਹਾਲੇ ਵੀ ਕਿੰਨੇ 'ਪੇਟ' ਜਾਂ 'ਪ੍ਰਭਾਵ ਖੇਤਰ' ਹਨ? ਜੇ ਸਪੇਨ ਜਿਬਰਾਲਟਰ (ਸਪੇਨੀ ਜਲ ਖੇਤਰ), ਅਰਜਨਟੀਨਾ ਫਾਕਲੈਂਡਜ਼ (ਜੋ ਬਰਤਾਨੀਆ ਤੋਂ 10000 ਕਿਲੋਮੀਟਰ ਵੱਡਾ ਹੈ) ਉਪਰ ਦਾਅਵਾ ਕਰ ਦੇਣ ਅਤੇ ਲੰਡਨ ਦੀ ਵਿਰੋਧੀ ਕੋਈ ਵੱਡੀ ਸ਼ਕਤੀ ਅਸੈਂਸ਼ਨ ਟਾਪੂਆਂ ਦੀ ਪਿੱਠ 'ਤੇ ਆ ਜਾਵੇ ਤਾਂ ਫਿਰ ਕੀ ਹੋਵੇਗਾ? ਜੇ ਕੋਈ ਵਿਰੋਧੀ ਦੇਸ਼ ਮੰਗੋਲੀਆ ਨੂੰ ਭਰਮਾਉਣ ਦੀ ਕੋਸ਼ਿਸ਼ ਕਰੇ ਜਾਂ ਮਨਚੂਰੀਆ ਨੂੰ ਵੱਖਰੇ ਹੋਣ ਦੀ ਹੱਲਾਸ਼ੇਰੀ ਦੇਵੇ ਤਾਂ ਚੀਨ ਕਿਹੋ ਜਿਹੀ ਪ੍ਰਤੀਕਿਰਿਆ ਦੇਵੇਗਾ?

ਆਖ਼ਰ ਪੱਛਮੀ ਦੇਸ਼ ਅਤੇ ਚੀਨ ਨੀਮ-ਹਿਮਾਲਿਆਈ ਖੇਤਰ ਤੇ ਇਸ ਦੇ ਆਸ-ਪਾਸ ਦੇ ਦੇਸ਼ਾਂ ਨਾਲ ਸਬੰਧਿਤ ਦਿੱਲੀ ਦੀ 'ਸੁਰੱਖਿਆ ਖ਼ਤਰੇ ਦੀ ਧਾਰਨਾ' ਨੂੰ ਕਿਉਂ ਨਹੀਂ ਸਮਝਦੇ? ਪੱਛਮ ਵਿਚ ਅਜੇ ਵੀ ਕਈ ਦੇਸ਼ ਹਨ ਜਿਨ੍ਹਾਂ ਦੇ 'ਪ੍ਰਭਾਵ ਖੇਤਰ' ਤੇ 'ਹਿੱਤ' ਉਨ੍ਹਾਂ ਦੀਆਂ ਭੂਗੋਲਕ ਸਰਹੱਦਾਂ ਤੇ ਪ੍ਰਭੂਤਾਪੂਰਨ ਖੇਤਰਾਂ ਤੋਂ ਕਿਤੇ ਦੂਰ ਤੱਕ ਫੈਲੇ ਹੋਏ ਹਨ। ਇਸ ਪੱਖੋਂ ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਅਜ਼ੋਵ ਸਾਗਰ ਦਾ ਭੂਗੋਲ ਮਾਸਕੋ ਦਾ 'ਪ੍ਰਭਾਵ ਖੇਤਰ' ਹੈ। ਉਂਝ, ਰੂਸ ਨੇ ਵਰਤਮਾਨ ਵਿਚ ਜੋ ਕਾਰਵਾਈ ਕੀਤੀ ਹੈ, ਉਹ ਪੂਰੀ ਤਰ੍ਹਾਂ ਗ਼ਲਤ ਹੈ ਤੇ ਇਸ ਨੂੰ ਗੋਲੀਬੰਦੀ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਪੱਛਮ ਵੱਲੋਂ ਪੈਦਾ ਕੀਤੀ ਗਈ ਭੜਕਾਹਟ ਵੀ ਸਪੱਸ਼ਟ ਨਜ਼ਰ ਆਉਂਦੀ ਹੈ ਜਿਸ ਕਰਕੇ ਇਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਜੰਗ ਹੋਵੇ ਜਾਂ ਅਮਨ, ਤਾੜੀ ਦੋਵੇਂ ਹੱਥਾਂ ਨਾਲ ਹੀ ਵੱਜਦੀ ਹੈ।

# ਰੂਸ ਤੇ ਯੂਕਰੇਨ ਦੇ ਯੁੱਧ ਕਾਰਨ ਆਲਮੀ ਅਰਥਚਾਰੇ ਸਾਹਮਣੇ ਚੁਣੌਤੀਆਂ



**ਧਰਮਕੀਰਤੀ ਜੋਸ਼ੀ**

ਕੋਰੋਨਾ ਦੀ ਆਲਮੀ ਮਹਾਂਮਾਰੀ ਤੋਂ ਬਾਅਦ ਰੂਸ ਤੇ ਯੂਕਰੇਨ ਦੇ ਯੁੱਧ ਨੇ ਆਲਮੀ ਅਰਥਚਾਰੇ ਸਾਹਮਣੇ ਜੋ ਚੁਣੌਤੀਆਂ ਵਧਾਈਆਂ ਹਨ, ਉਨ੍ਹਾਂ ਤੋਂ ਭਾਰਤ ਵੀ ਅਛੂਤਾ ਨਹੀਂ ਹੈ। ਮਹਾਂਮਾਰੀ ਤੋਂ ਬਾਅਦ ਆਰਥਿਕ ਮੋਰਚੇ 'ਤੇ ਹੋ ਰਹੇ ਸੁਧਾਰ ਦੀ ਰਫ਼ਤਾਰ 'ਤੇ ਇਸ ਯੁੱਧ ਨੇ ਇਕ ਤਰ੍ਹਾਂ ਨਾਲ ਬ੍ਰੇਕ ਲਾਉਣ ਦਾ ਕੰਮ ਕੀਤਾ ਹੈ। ਆਰਥਿਕ ਵਿਕਾਸ ਨੂੰ ਪ੍ਰਭਾਵਿਤ ਕਰਨ ਤੋਂ ਜ਼ਿਆਦਾ ਇਸ ਨੇ ਮਹਿੰਗਾਈ ਦੀ ਅੱਗ ਨੂੰ ਭੜਕਾਉਣ ਦਾ ਕੰਮ ਕੀਤਾ ਹੈ।ਕੇਵਲ ਖਾਣ-ਪੀਣ ਦੀਆਂ ਵਸਤੂਆਂ ਤੋਂ ਲੈ ਕੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਹੀ ਨਹੀਂ ਸਗੋਂ ਕੋਰ ਇਨਫਲੇਸ਼ਨ ਯਾਨੀ ਸਮੁੱਚੀ ਮੁਦਰਾ ਸਫੀਤੀ ਵਿਚ ਤੇਜ਼ੀ ਦਾ ਰੁਝਾਨ ਦਿਸ ਰਿਹਾ ਹੈ। ਕੱਚੇ ਮਾਲ ਦੀ ਲਾਗਤ ਵਧਣ ਨਾਲ ਤਮਾਮ ਕੰਪਨੀਆਂ ਨੂੰ ਉਤਪਾਦਾਂ ਦੀਆਂ ਕੀਮਤਾਂ ਵਿਚ ਵਾਧੇ ਲਈ ਮਜਬੂਰ ਹੋਣਾ ਪਿਆ ਹੈ, ਜਿਸ ਦਾ ਬੋਝ ਆਖ਼ਰ ਖਪਤਕਾਰਾਂ 'ਤੇ ਹੀ ਪਵੇਗਾ। ਯੁੱਧ ਕਾਰਨ ਕੋਲੇ ਤੇ ਗੈਸ ਦੀ ਸਪਲਾਈ ਪ੍ਰਭਾਵਿਤ ਹੋਣ ਦਾ ਅਸਰ ਦੇਸ਼ ਦੇ ਤਮਾਮ ਇਲਾਕਿਆਂ ਵਿਚ ਬਿਜਲੀ ਸੰਕਟ ਦੇ ਰੂਪ 'ਚ ਦੇਖਣ ਨੂੰ ਮਿਲ ਰਿਹਾ ਹੈ। ਤਪਦੀ ਗਰਮੀ ਦੇ ਦੌਰ ਵਿਚ ਬਿਜਲੀ ਦੀ ਕਿੱਲਤ ਤੋਂ ਲੋਕ ਪ੍ਰੇਸ਼ਾਨ ਹਨ। ਇਸ ਯੁੱਧ ਨੇ ਆਰਥਿਕ ਮੋਰਚੇ 'ਤੇ ਸਮੱਸਿਆਵਾਂ ਵਧਾਉਣ ਤੋਂ ਲੈ ਕੇ ਆਮ ਜਨਜੀਵਨ ਉੱਤੇ ਵੀ ਉਲਟਾ ਅਸਰ ਪਾਇਆ ਹੈ।

ਮੌਜੂਦਾ ਸਮੇਂ 'ਚ ਭਾਰਤੀ ਅਰਥਚਾਰਾ ਜਿਨ੍ਹਾਂ ਚੁਣੌਤੀਆਂ ਨਾਲ ਦੋ-ਚਾਰ ਹੋ ਰਿਹਾ ਹੈ, ਉਨ੍ਹਾਂ ਵਿਚ ਮਹਿੰਗਾਈ ਸਭ ਤੋਂ ਉੱਪਰ ਹੈ। ਇਹ ਸੁਭਾਵਿਕ ਵੀ ਹੈ ਕਿਉਂਕਿ ਮਹਿੰਗਾਈ ਗ਼ਰੀਬ ਆਦਮੀ 'ਤੇ ਸਭ ਤੋਂ ਜ਼ਿਆਦਾ ਅਸਰ ਪਾਉਂਦੀ ਹੈ। ਗ਼ਰੀਬਾਂ ਦੀ ਆਮਦਨੀ ਦਾ ਵੱਡਾ ਹਿੱਸਾ ਰੋਜ਼ਮੱਰਾ ਦੀਆਂ ਜ਼ਰੂਰਤਾਂ ਖ਼ਾਸ ਕਰਕੇ ਖਾਣ-ਪੀਣ 'ਤੇ ਖ਼ਰਚਾ ਹੁੰਦਾ ਹੈ ਤਾਂ ਖ਼ੁਰਾਕੀ ਮਹਿੰਗਾਈ ਵਧਣ ਨਾਲ ਉਨ੍ਹਾਂ ਦੀ ਬੱਚਤ ਵਿਚ ਸੰਨ ਲੱਗਦੀ ਹੈ। ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਤੋਂ ਬਾਅਦ ਇਨ੍ਹਾਂ ਕੋਲ ਡਿਸਪੋਜ਼ਬਲ ਇਨਕਮ ਯਾਨੀ ਹੋਰ ਮਦਾਂ 'ਚ ਖ਼ਰਚ ਕਰਨ ਲਈ ਓਨੀ ਰਕਮ ਬਾਕੀ ਨਹੀਂ ਰਹਿ ਜਾਂਦੀ।

ਮਹਿੰਗਾਈ ਦੀ ਇਸ ਗੰਭੀਰ ਹੁੰਦੀ ਸਮੱਸਿਆ ਦਾ ਹੀ ਅਸਰ ਹੈ ਕਿ ਕੇਂਦਰੀ ਬੈਂਕ ਤੇ ਸਰਕਾਰ ਦੋਵੇਂ ਪੱਧਰਾਂ 'ਤੇ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਭਾਰਤੀ ਰਿਜ਼ਰਵ ਬੈਂਕ ਨੇ ਜੂਨ ਵਿਚ ਵਿਆਜ ਦਰਾਂ ਵਧਾਉਣ ਦੇ ਸੰਕੇਤ ਦਿੱਤੇ ਹਨ। ਇਸ ਸੰਕੇਤ ਨੂੰ ਸਮਝਦਿਆਂ ਕੁਝ ਬੈਂਕਾਂ ਨੇ ਵਿਆਜ ਦਰਾਂ ਨੂੰ ਵਧਾਉਣਾ ਵੀ ਸ਼ੁਰੂ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਮੁਫ਼ਤ ਰਾਸ਼ਨ ਯੋਜਨਾ ਦੀ ਮਿਆਦ ਨੂੰ ਹੋਰ ਅੱਗੇ ਵਧਾ ਦਿੱਤਾ ਹੈ ਤਾਂ ਕਿ ਲੋਕਾਂ ਨੂੰ ਰਾਹਤ ਮਿਲ ਸਕੇ। ਇਨ੍ਹਾਂ ਕਦਮਾਂ ਨਾਲ ਮਾਲੀਏ ਦੇ ਗਣਿਤ ਦਾ ਵਿਗੜਨਾ ਤੈਅ ਹੈ ਕਿਉਂਕਿ ਸਰਕਾਰੀ ਖ਼ਜ਼ਾਨੇ 'ਤੇ ਖ਼ੁਰਾਕ ਸਬਸਿਡੀ ਦਾ ਬੋਝ ਹੋਰ ਵਧੇਗਾ। ਇਸੇ ਸਥਿਤੀ ਵਿਚ ਸਰਕਾਰ ਨੂੰ ਖਾਦ ਸਬਸਿਡੀ ਵਿਚ ਵੀ ਦੁੱਗਣਾ ਵਾਧਾ ਕਰਨਾ ਪਿਆ ਹੈ।

ਇਸ ਸਮੇਂ ਮਹਿੰਗਾਈ ਕੇਵਲ ਭਾਰਤ ਦੀ ਸਮੱਸਿਆ ਨਹੀਂ ਹੈ। ਪੂਰੀ ਦੁਨੀਆ ਇਸ ਨਾਲ ਜੂਝ ਰਹੀ ਹੈ। ਇੱਥੋਂ ਤਕ ਕਿ ਪੱਛਮ ਦੇ ਜੋ ਦੇਸ਼ ਮੁਦਰਾ ਸਫੀਤੀ ਲਈ ਵੱਧ ਤੋਂ ਵੱਧ ਦੋ ਫ਼ੀਸਦੀ ਦਾ ਟੀਚਾ ਤੈਅ ਕਰਦੇ ਸਨ, ਉੱਥੇ ਵੀ ਉਹ ਇਸ ਦਾਇਰੇ ਵਿਚੋਂ ਬਾਹਰ ਨਿਕਲਦੀ ਦਿਸ ਰਹੀ ਹੈ। ਇਨ੍ਹਾਂ ਸਥਿਤੀਆਂ ਕਾਰਨ ਹੀ ਅਮਰੀਕੀ ਫੈਡਰਲ ਰਿਜ਼ਰਵ ਵੱਲੋਂ ਨਰਮ ਵਿਆਜ ਦਰਾਂ ਦੀ ਨੀਤੀ ਨੂੰ ਤਿਲਾਂਜਲੀ ਦੇਣ ਨਾਲ ਅਮਰੀਕਾ ਵਿਚ ਵਿਆਜ ਦਰਾਂ ਵਿਚ ਵਾਧੇ ਦੇ ਦੌਰ ਦੀ ਵਾਪਸੀ ਹੁੰਦੀ ਦਿਸ ਰਹੀ ਹੈ। ਇਸ ਦਾ ਅਸਰ ਭਾਰਤ ਸਮੇਤ ਦੁਨੀਆ ਭਰ ਦੇ ਉੱਭਰਦੇ ਹੋਏ ਅਰਥਚਾਰੇ 'ਤੇ ਦੇਖਣ ਨੂੰ ਮਿਲ ਸਕਦਾ ਹੈ।

ਅਮਰੀਕਾ ਵਿਚ ਵਿਆਜ ਦਰਾਂ ਵਧਣ ਨਾਲ ਵਿਦੇਸ਼ੀ ਸੰਸਥਾਗਤ ਨਿਵੇਸ਼ਕ ਇਨ੍ਹਾਂ ਬਾਜ਼ਾਰਾਂ ਵਿਚੋਂ ਪੂੰਜੀ ਸਮੇਟ ਕੇ ਵਾਪਸ ਅਮਰੀਕਾ 'ਚ ਲਾਉਣਗੇ, ਜੋ ਉਨ੍ਹਾਂ ਲਈ ਸੁਰੱਖਿਅਤ ਦਾਅ ਹੋਵੇਗਾ। ਇਸ ਨਾਲ ਭਾਰਤ ਸਮੇਤ ਹੋਰ ਉੱਭਰਦੇ ਅਰਥਚਾਰਿਆਂ ਦੇ ਬਾਜ਼ਾਰਾਂ 'ਚ ਪੂੰਜੀ ਦਾ ਪਲਾਇਨ ਦੇਖਣ ਨੂੰ ਮਿਲ ਸਕਦਾ ਹੈ। 2013 ਵਿਚ ਵੀ ਅਜਿਹੇ ਹਾਲਾਤ ਬਣੇ ਸਨ ਪਰ ਉਦੋਂ ਦੀ ਤੁਲਨਾ 'ਚ ਹੁਣ ਆਪਣੇ ਵਿਦੇਸ਼ੀ ਮੁਦਰਾ ਭੰਡਾਰ 'ਚ ਵਾਧੇ ਕਾਰਨ ਅਸੀਂ ਅਜਿਹੀ ਕਿਸੇ ਸਥਿਤੀ ਨਾਲ ਨਜਿੱਠਣ ਦੇ ਲਿਹਾਜ਼ ਨਾਲ ਬਿਹਤਰ ਸਥਿਤੀ 'ਚ ਹਾਂ।

ਆਲਮੀ ਪੱਧਰ 'ਤੇ ਮਹਿੰਗਾਈ ਅਤੇ ਸੁਸਤ ਆਰਥਿਕ ਵਿਕਾਸ ਦਾ ਅਸਰ ਆਲਮੀ ਮੰਗ 'ਤੇ ਪੈ ਸਕਦਾ ਹੈ। ਕੁਝ ਮਹੀਨਿਆਂ ਦੇ ਨਿਰਯਾਤ 'ਚ ਜਾਰੀ ਤੇਜ਼ੀ ਇਸ ਕਾਰਨ ਠੰਢੀ ਪੈ ਸਕਦੀ ਹੈ। ਚੀਨ ਵਿਚ ਕੋਵਿਡ ਦੇ ਫਿਰ ਤੋਂ ਸਿਰ ਚੁੱਕਣ ਨਾਲ ਆਰਥਿਕ ਵਸੂਲੀ ਯਾਨੀ ਇਕੋਨਾਮਿਕ ਰਿਕਵਰੀ ਵਿਚ ਅੜਿੱਕਾ ਆਉਣ ਦੀ ਸੰਭਾਵਨਾ ਹੈ। ਆਲਮੀ ਸਪਲਾਈ ਲੜੀ ਹਾਲੇ ਵੀ ਚੀਨ ਕੇਂਦਰਤ ਹੈ, ਇਸ ਲਈ ਉੱਥੇ ਆਰਥਿਕ ਗਤੀਵਿਧੀਆਂ ਦੇ ਸੁਸਤ ਪੈਣ ਨਾਲ ਆਲਮੀ ਉਤਪਾਦਨ ਲੜੀ 'ਤੇ ਅਸਰ ਪੈਣਾ ਤੈਅ ਹੈ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਪੂਰੀ ਦੁਨੀਆ ਤੇ ਭਾਰਤ ਇਸ ਸਮੇਂ ਬਹੁਪੱਧਰੀ ਆਰਥਿਕ ਚੁਣੌਤੀਆਂ ਨਾਲ ਜੂਝ ਰਹੇ ਹਨ।

ਅਜਿਹੇ ਮੁਸ਼ਕਲ ਮਾਹੌਲ ਵਿਚ ਵੀ ਕੁਝ ਹਾਂ-ਪੱਖੀ ਸੰਕੇਤ ਦਿਸਦੇ ਹਨ। ਪਹਿਲਾ ਇਹ ਕਿ ਸਰਕਾਰ ਦੇ ਮਾਲੀਏ 'ਚ ਤੇਜ਼ ਵਾਧਾ ਹੋ ਰਿਹਾ ਹੈ। ਅਪ੍ਰੈਲ 'ਚ ਰਿਕਾਰਡ 1.68 ਲੱਖ ਕਰੋੜ ਰੁਪਏ ਦਾ ਜੀਐੱਸਟੀ ਇਕੱਠਾ ਹੋਇਆ। ਹਾਲਾਂਕਿ ਇਸ ਦਾ ਕੁਝ ਸਬੰਧ ਵਧਦੀ ਹੋਈ ਮਹਿੰਗਾਈ ਨਾਲ ਵੀ ਹੈ ਕਿਉਂਕਿ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਧਣ ਨਾਲ ਉਨ੍ਹਾਂ 'ਤੇ ਕਰ ਵੀ ਉਸੇ ਅਨੁਪਾਤ ਵਿਚ ਵਧੇਗਾ। ਦੂਜਾ ਹਾਂ-ਪੱਖੀ ਪਹਿਲੂ ਇਹ ਹੈ ਕਿ ਕੋਵਿਡ ਮਹਾਂਮਾਰੀ ਤੋਂ ਬਾਅਦ ਬਾਜ਼ਾਰ ਵਿਚ ਬਹੁਤ ਤੇਜ਼ੀ ਨਾਲ ਸੁਧਾਰ ਹੋ ਰਿਹਾ ਹੈ।

ਖ਼ਾਸ ਤੌਰ 'ਤੇ ਜਿਨ੍ਹਾਂ ਸੇਵਾਵਾਂ 'ਤੇ ਕੋਵਿਡ ਦੀ ਸਭ ਤੋਂ ਵੱਧ ਗਾਜ ਡਿੱਗੀ ਸੀ, ਉਨ੍ਹਾਂ ਦੀ ਸਥਿਤੀ 'ਚ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਹੋਟਲ, ਜਹਾਜ਼ਰਾਨੀ, ਰੈਸਟੋਰੈਂਟ ਤੇ ਸਿਨੇਮਾ ਜਿਹੀਆਂ ਤਮਾਮ ਸੇਵਾਵਾਂ ਵਿਚ ਕੋਰੋਨਾ ਕਾਲ ਦੌਰਾਨ ਜੋ ਭਾਰੀ ਗਿਰਾਵਟ ਆਈ ਸੀ, ਉਹ ਹੁਣ ਤੇਜ਼ੀ ਦੇ ਰਥ 'ਤੇ ਸਵਾਰ ਹਨ। ਇਨ੍ਹਾਂ ਵਿਚ ਆਈ ਗਿਰਾਵਟ ਨੇ ਸ਼ਹਿਰਾਂ 'ਚ ਗ਼ਰੀਬੀ ਵਧਾਉਣ ਦਾ ਕੰਮ ਕੀਤਾ ਸੀ ਕਿਉਂਕਿ ਇਹ ਸੇਵਾਵਾਂ ਮੁੱਖ ਤੌਰ 'ਤੇ ਸ਼ਹਿਰ ਕੇਂਦਰਤ ਹਨ। ਉਦੋਂ ਹਾਲਾਤ ਏਨੇ ਗੰਭੀਰ ਹੋ ਗਏ ਸਨ ਕਿ ਸ਼ਹਿਰਾਂ ਤੋਂ ਪਿੰਡਾਂ ਵੱਲ ਵੱਡੇ ਪੱਧਰ 'ਤੇ ਪਲਾਇਨ ਹੋਇਆ ਸੀ ਪਰ ਹੁਣ ਸਥਿਤੀ ਖ਼ਾਸੀ ਸੁਧਰ ਗਈ ਹੈ।

ਗੂਗਲ ਰਿਟੇਨ ਮੋਬਿਲਿਟੀ ਡਾਟਾ ਅਨੁਸਾਰ ਕੋਰੋਨਾ ਦੀ ਪਹਿਲੀ ਲਹਿਰ 'ਚ ਤਕਰੀਬਨ 86 ਫ਼ੀਸਦੀ ਲੋਕ ਘਰੋਂ ਬਾਹਰ ਨਹੀਂ ਸਨ ਨਿਕਲ ਰਹੇ। ਦੂਜੀ ਲਹਿਰ ਦੌਰਾਨ ਇਹ ਅੰਕੜਾ ਵਧਣ ਦੀ ਬਜਾਏ ਘਟ ਕੇ 66 ਫ਼ੀਸਦੀ ਰਿਹਾ ਤੇ ਇਸ ਸਾਲ ਜਨਵਰੀ 'ਚ ਆਈ ਤੀਜੀ ਲਹਿਰ ਸਮੇਂ ਕੇਵਲ 15 ਫ਼ੀਸਦੀ।

ਬਾਕੀ ਸਫ਼ਾ 30 'ਤੇ

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY





RANJIT SINGH
(Lic: 01922089)

PROPERTY ADDRESS: 27022 RIVER ROADM, NEWMAN CA 95360.

## RANJIT SINGH

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com

# ਪਰਿਵਾਰ ਦੀ ਸਭ ਤੋਂ ਮਹੱਤਵਪੂਰਨ ਕੜੀ...ਮਾਂ

## ਘਰ ਵਿੱਚ ਮਾਂ ਪ੍ਰਕਾਸ਼ ਵਾਂਗ ਹੁੰਦੀ ਹੈ

**ਮਾਸਟਰ ਪ੍ਰੇਮ ਸਰੂਪ**
**ਛਾਜਲੀ ਜ਼ਿਲਾ ਸੰਗਰੂਰ**

ਸਾਰੇ ਪਰਿਵਾਰ ਦੀਆਂ ਖਾਣ, ਪੀਣ, ਪਹਿਨਣ, ਆਰਾਮ ਤੇ ਮਨੋਰੰਜਨ ਵਰਗੀਆਂ ਜ਼ਰੂਰਤਾਂ ਪੂਰੀਆਂ ਕਰਦੀ ਮਾਂ ਦੀ ਵੀ ਕੋਈ ਜ਼ਰੂਰਤ ਹੈ, ਇਹ ਸਮਝਣ ਦੀ ਕੋਸ਼ਿਸ਼ ਕਦੇ ਕੋਈ ਨਹੀਂ ਕਰਦਾ। ਪਰਿਵਾਰ ਲਈ ਪੂਰੀ ਤਰਾਂ ਸਮਰਪਿਤ ਮਾਂ ਦੀ ਸਭ ਤੋਂ ਵੱਡੀ ਜ਼ਰੂਰਤ ਪਰਿਵਾਰ ਵੱਲੋਂ, ਬੱਚਿਆਂ ਵੱਲੋਂ ਮਿਲਣ ਵਾਲਾ ਪਿਆਰ ਤੇ ਸਨਮਾਨ ਹੈ। ਦੂਜੀ ਹੈ-ਪਰਿਵਾਰ ਦਾ ਆਪਸ ਵਿੱਚ ਪਿਆਰ ਤੇ ਵਿਸ਼ਵਾਸ। ਆਪਣੇ ਬੱਚਿਆਂ ਲਈ, ਪਰਿਵਾਰ ਲਈ ਕੰਮ ਕਰਦੀ, ਉਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੀ ਕੋਈ ਵੀ ਮਾਂ ਸਾਰੀ ਉਮਰ ਨਾ ਥੱਕਦੀ ਹੈ ਅਤੇ ਨਾ ਹੀ ਅੱਕਦੀ ਹੈ ਪਰ ਇਹ ਸਭ ਕਰਦੀ ਹੋਈ ਉਹ ਬੱਚਿਆਂ ਉਪਰ ਆਪਣਾ ਪੂਰਾ ਹੱਕ ਸਮਝਦੀ ਹੈ। ਉਨਾਂ ਦੀ ਬੇਹਤਰੀ ਲਈ ਉਹ ਸਾਰੇ ਫ਼ੈਸਲੇ ਪੂਰਨ ਅਧਿਕਾਰ ਨਾਲ ਲੈਂਦੀ ਹੈ। ਬੱਚਿਆਂ ਦੀ ਅੱਲੜ ਅਵਸਥਾ ਤਕ ਤਾਂ ਸਭ ਠੀਕ ਚੱਲਦਾ ਹੈ। ਪਰਿਵਾਰ ਵਿੱਚ ਸਥਿੱਤੀ ਉਦੋਂ ਖਰਾਬ ਹੋਣ ਲਗਦੀ ਹੈ, ਜਦੋਂ ਬੱਚਿਆਂ ਦੀ ਆਪਣੀ ਮਰਜ਼ੀ ਮਜ਼ਬੂਤੀ ਫੜਨ ਲੱਗਦੀ ਹੈ।

ਮੱਧਵਰਗੀ ਪਰਿਵਾਰਾਂ ਵਿੱਚ ਜਵਾਨ ਹੋ ਰਹੇ ਬੱਚਿਆਂ ਦੇ ਜ਼ਿਆਦਾਤਰ ਮਸਲੇ, ਮਿਲਣ ਵਾਲੀਆਂ ਸਹੂਲਤਾਂ ਅਤੇ ਆਜ਼ਾਦੀ ਨਾਲ ਸਬੰਧਤ ਹੀ ਹੁੰਦੇ ਹਨ। ਮਾਂ ਬਾਪ ਸਹੂਲਤਾਂ ਆਪਣੀ ਆਰਥਿਕ ਸਮਰੱਥਾ ਅਨੁਸਾਰ ਅਤੇ ਆਜ਼ਾਦੀ ਸਮਾਜਿਕ ਦਾਇਰੇ ਵਿੱਚ ਰਹਿ ਕੇ ਹੀ ਦੇ ਸਕਦੇ ਹਨ ਕਿਉਂਕਿ ਟੀ.ਵੀ. ਅਤੇ ਇੰਟਰਨੈੱਟ ਨੇ ਮਲਟੀ-ਨੈਸ਼ਨਲ ਕੰਪਨੀਆਂ ਦੀ ਚਕਾਚੌਂਧ ਹਰ ਘਰ ਵਿੱਚ ਪਹੁੰਚਾ ਦਿੱਤੀ ਹੈ, ਇਸ ਲਈ ਬੱਚਿਆਂ ਲਈ ਜਿੱਥੇ ਗੈਰ-ਜ਼ਰੂਰੀ ਚੀਜ਼ਾਂ ਤੇ ਜ਼ਰੂਰਤਾਂ ਵਿੱਚ ਫ਼ਰਕ ਕਰਨਾ ਮੁਸ਼ਕਲ ਹੋ ਗਿਆ ਹੈ, ਉਥੇ ਮਾਂ ਬਾਪ ਲਈ ਬੱਚਿਆਂ ਨੂੰ ਇਹ ਸਮਝਾ ਸਕਣਾ ਵੀ ਮੁਸ਼ਕਿਲ ਹੋ ਗਿਆ ਹੈ। ਜੋ ਚੀਜ਼ਾਂ ਮਾਂ ਬਾਪ ਨੂੰ ਫ਼ਜ਼ੂਲ ਖਰਚੀ ਲੱਗਦੀਆਂ ਹਨ ਉਹ ਬੱਚਿਆਂ ਲਈ ਜ਼ਰੂਰਤ ਬਣ ਗਈਆਂ ਹਨ। ਪਿਤਾ ਦੇ ਗੁੱਸੇ ਦਾ ਕਾਰਨ ਅਤੇ ਮਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਹੁਤੀ ਵਾਰ ਬੱਚਿਆਂ ਦੀਆਂ ਗ਼ੈਰ ਜ਼ਰੂਰੀ ਖਾਹਿਸ਼ਾਂ ਹੀ ਹੁੰਦੀਆਂ ਹਨ। ਪਿਤਾ ਕਿਉਂਕਿ ਵਿਹਾਰਕ ਹੈ ਇਸ ਲਈ ਉਸ ਵਿੱਚ ਇਰਾਦੇ ਦੀ ਮਜ਼ਬੂਤੀ ਵੀ ਹੈ। ਮਾਂ ਵੀ ਵਿਹਾਰਕ ਤਾਂ ਹੁੰਦੀ ਹੈ ਪਰ ਬੱਚਿਆਂ ਪ੍ਰਤੀ ਸਖ਼ਤ ਰਵੱਈਆ ਵਰਤਣਾ ਬਹੁਤੀ ਵਾਰੀ ਉਸ ਦੇ ਵੱਸ ਦਾ ਨਹੀਂ ਹੁੰਦਾ। ਉਸ ਦੀ ਮਮਤਾ ਉਸ ਦੀ ਕਮਜ਼ੋਰੀ ਵੀ ਹੈ ਅਤੇ ਸ਼ਕਤੀ ਵੀ। ਜਿੱਥੇ ਉਹ ਜਵਾਨ ਬੱਚਿਆਂ ਨੂੰ ਵੀ ਪੂਰੇ ਹੱਕ ਨਾਲ ਸਮਝਾਉਣ, ਝਿੜਕਣ ਤੇ ਉਨਾਂ ਦੀਆਂ ਖਾਹਿਸ਼ਾਂ ਪੂਰੀਆਂ ਕਰਨ ਵਿੱਚ ਮਜ਼ਬੂਤੀ ਦਿਖਾਉਂਦੀ ਹੈ, ਉਥੇ ਪਿਤਾ ਦੀ ਫਟਕਾਰ ਵਿੱਚ ਬੱਚਿਆਂ ਦੀ ਢਾਲ ਵੀ ਬਣ ਜਾਂਦੀ ਹੈ ਅਤੇ ਕਈ ਵਾਰ ਬੱਚਿਆਂ ਨੂੰ ਬੇਲੋੜੀ ਸ਼ਹਿ ਦੇਣ ਦਾ ਇਲਜ਼ਾਮ ਵੀ ਸਹਿੰਦੀ ਹੈ। ਪਿਤਾ ਅਤੇ ਬੱਚਿਆਂ ਦਰਮਿਆਨ ਸੰਤੁਲਨ ਬਣਾਈ ਰੱਖਣ ਦੀ ਕੋਸ਼ਿਸ਼ ਵਿੱਚ ਇੱਕ ਮਾਂ ਬੇਹਿਸਾਬ ਤਣਾਅ ਝੱਲਦੀ ਹੈ। ਮੌਜੂਦਾ ਸਮੇਂ ਵਿੱਚ ਆਪਣੇ ਆਪ ਵਿੱਚ ਗੁਆਚੇ ਬੱਚੇ ਮਾਂ ਦੇ ਰੁਤਬੇ ਅਤੇ ਸਥਿਤੀ ਵਿੱਚ ਫ਼ਰਕ ਸਮਝਣੋ ਅਸਮਰੱਥ ਨਜ਼ਰ ਆਉਂਦੇ ਹਨ। ਉਹ ਮਾਂ ਅਤੇ ਪਿਤਾ ਦੋਹਾਂ ਨੂੰ ਆਪਣੀਆਂ ਖਾਹਿਸ਼ਾਂ ਪੂਰੀਆਂ ਕਰਨ ਦਾ ਸਾਧਨ ਸਮਝਣ ਲੱਗ ਪਏ ਹਨ। ਸਾਰਾ ਦਿਨ ਪਰਿਵਾਰ ਦੀਆਂ ਜ਼ਰੂਰਤਾਂ ਲਈ ਸਾਧਨ ਜੁਟਾਉਂਦੇ ਪਿਤਾ ਅਤੇ ਖਾਣ-ਪੀਣ, ਪਹਿਨਣ ਦੇ ਫ਼ਿਕਰ ਵਿੱਚ ਲੱਗੀ ਮਾਂ ਲਈ ਬੱਚਿਆਂ ਦੇ ਦਿਲਾਂ ਵਿੱਚੋਂ ਹਮਦਰਦੀ ਘੱਟ ਤੇ ਫਰਮਾਇਸ਼ਾਂ ਵੱਧ ਨਿਕਲਦੀਆਂ ਹਨ। ਬੱਚੇ ਸੁਆਰਥੀ ਹੁੰਦੇ ਜਾ ਰਹੇ ਹਨ। ਦੁੱਖ ਤਾਂ ਉੱਥੇ ਹੁੰਦਾ ਹੈ ਜਿੱਥੇ ਬੱਚੇ ਪਿਤਾ ਨਾਲ ਘੱਟ ਪਰ ਮਾਂ ਨਾਲ ਅਕਸਰ ਹੀ ਦੁਰਵਿਹਾਰ ਕਰਦੇ ਨਜ਼ਰ ਆਉਂਦੇ ਹਨ। ਬੇਮੁਹਾਰ ਹੁੰਦੇ ਜਾ ਰਹੇ ਬੱਚਿਆਂ ਦੀ ਚਿੰਤਾ ਵਿੱਚ ਪਿਤਾ ਦਾ ਸੁਭਾਅ ਗੁੱਸੇਖ਼ੋਰ ਤੇ ਸਰੀਰ ਬੀਮਾਰੀਆਂ ਸਹੇੜ ਰਿਹਾ ਹੈ। ਮਾਂ ਪਰਿਵਾਰਕ ਅਸੰਤੁਲਨ ਤੋਂ ਪਰੇਸ਼ਾਨ ਤੇ ਬੇਬੱਸ ਹੁੰਦੀ ਜਾ ਰਹੀ ਹੈ। ਇਸ ਲਈ ਮਾਂ-ਬਾਪ ਦੋਹਾਂ ਨੂੰ ਆਪਸੀ ਸੂਝ-ਬੂਝ ਨਾਲ ਚੱਲਣਾ ਪਵੇਗਾ। ਇਹ ਕਿਸੇ ਇੱਕਲੇ ਜਣੇ ਦੀ ਜ਼ਿੰਮੇਵਾਰੀ ਨਹੀਂ ਹੈ। ਪਿਤਾ ਨੇ ਕਿਉਂਕਿ ਘਰ ਤੋਂ ਬਾਹਰ ਦੇ ਕੰਮ ਵੀ ਦੇਖਣੇ ਹਨ ਇਸ ਲਈ ਘਰ ਦੇ ਕੰਮਾਂ ਵਿੱਚ ਜ਼ਿਆਦਾ ਸਮਾਂ ਦੇਣਾ ਆਸਾਨ ਨਹੀਂ ਹੈ। ਇਸ ਤੋਂ ਇਲਾਵਾ ਪਿਤਾ ਚਾਹੇ ਕਿੰਨਾ ਵੀ ਸ਼ਾਂਤ ਸੁਭਾਅ ਵਾਲਾ ਹੋਵੇ, ਮਾਂ ਵਰਗਾ ਠਰੰਮਾ ਉਸ ਵਿੱਚ ਨਹੀਂ ਆ ਸਕਦਾ। ਇਸ ਲਈ ਇਹ ਜ਼ਿੰਮੇਵਾਰੀ ਵੀ ਮੁੱਖ ਤੌਰ ’ਤੇ ਮਾਂ ਦੀ ਹੀ ਬਣਦੀ ਹੈ। ਬੱਚਿਆਂ ਦੇ ਮਾਮਲੇ ਵਿੱਚ ਮਾਂ ਬਾਪ ਦੋਵੇਂ ਹੀ ਇਹ ਸਮਝ ਲੈਣ ਕਿ ਇਹ ਮਸਲੇ ਇੱਕ ਦੂਜੇ ’ਤੇ ਹਾਵੀ ਹੋ ਕੇ ਫ਼ੈਸਲੇ ਲੈਣ ਵਾਲੇ ਨਹੀਂ ਹੁੰਦੇ, ਨਾ ਹੀ ਇਸ ਵਿੱਚ ਕਿਸੇ ਤਰਾਂ ਦੀ ਹਉਮੈਂ ਨੂੰ ਆਉਣ ਦੇਣਾ ਚਾਹੀਦਾ ਹੈ। ਮਾਂ ਬਾਪ ਦੋਵੇਂ ਹੀ ਬੱਚਿਆਂ ਦਾ ਭਲਾ ਸੋਚਦੇ ਹਨ ਤੇ ਜ਼ਿੰਦਗੀ ਭਰ ਉਨਾਂ ਲਈ ਜੂਝਦੇ ਹਨ। ਇਸ ਵਿੱਚ ਕਿਸੇ ਦਾ ਯੋਗਦਾਨ ਵੱਧ ਜਾਂ ਘੱਟ ਨਹੀਂ ਹੁੰਦਾ ਪਰ ਕੁਦਰਤੀ ਤੌਰ ’ਤੇ ਮਾਂ ਤੇ ਬੱਚੇ ਦਾ ਸਬੰਧ ਕੁਝ ਅਜਿਹਾ ਹੁੰਦਾ ਹੈ ਕਿ ਉਹ



ਬੱਚਿਆਂ ਨੂੰ ਜ਼ਿਆਦਾ ਚੰਗੀ ਤਰਾਂ ਸਮਝਦੀ ਹੈ। ਅਜਿਹੀ ਸਥਿਤੀ ਵਿੱਚ ਪਿਤਾ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਪਤਨੀ ਦਾ ਮਨੋਬਲ ਵਧਾਵੇ। ਉਸ ’ਤੇ ਵਿਸਵਾਸ ਰੱਖੇ।

ਮਾਂ ਬੇਸ਼ੱਕ ਪੜੀ-ਲਿਖੀ ਹੋਵੇ ਜਾਂ ਅਨਪੜ ਉਸ ਵਿੱਚ ਬੱਚਿਆਂ ਨੂੰ ਸਮਝਾ ਸਕਣ ਦੀ ਸਮਰੱਥਾ ਹੁੰਦੀ ਹੀ ਹੈ। ਦਰਅਸਲ ਇੱਕ ਔਰਤ ਮਾਂ ਦੇ ਰੂਪ ਵਿੱਚ ਚਾਹੇ ਕਿੰਨੀ ਵੀ ਮਜ਼ਬੂਤ ਕਿਉਂ ਨਾ ਹੋਵੇ, ਪਤਨੀ ਦੇ ਰੂਪ ਵਿੱਚ ਉਹ ਕਮਜ਼ੋਰ ਹੀ ਹੁੰਦੀ ਹੈ। ਪਤੀ ਦਾ ਇਹ ਭਰੋਸਾ ਉਸ ਨੂੰ ਡੋਲਣ ਤੋਂ ਬਚਾਈ ਰੱਖੇਗਾ। ਇਸ ਤੋਂ ਇਲਾਵਾ ਪਤੀ-ਪਤਨੀ ਬੱਚਿਆਂ ਦੀਆਂ ਜ਼ਰੂਰਤਾਂ ਮਿਲ ਕੇ ਨਿਸ਼ਚਿਤ ਕਰਨ। ਇੱਕ ਦੂਜੇ ਤੋਂ ਛੁਪਾ ਕੇ ਬੱਚੇ ਦੀ ਕਦੀ ਕੋਈ ਜ਼ਰੂਰਤ ਪੂਰੀ ਨਾ ਕੀਤੀ ਜਾਵੇ। ਬੱਚਿਆਂ ਨੂੰ ਜ਼ਿੰਮੇਵਾਰ ਬਣਾਇਆ ਜਾਏ। ਇਹ ਅਹਿਸਾਸ ਬੱਚਿਆਂ ਨੂੰ ਸਮੇਂ-ਸਮੇਂ ਕਰਵਾਉਂਦੇ ਰਹਿਣਾ ਚਾਹੀਦਾ ਹੈ ਕਿ ਮਾਂ-ਬਾਪ ਜੋ ਕੁਝ ਉਨਾਂ ਲਈ ਕਰ ਰਹੇ ਹਨ, ਉਸ ਪਿੱਛੇ ਉਨਾਂ ਦਾ ਉਦੇਸ਼ ਸਿਰਫ਼ ਬੱਚਿਆਂ ਨੂੰ ਆਪਣੇ ਪੈਰਾਂ ਉਪਰ ਖੜਾ ਕਰਨ ਵਿੱਚ ਮਦਦ ਕਰਨਾ ਹੈ। ਆਪਣੀ ਮਮਤਾ ਦਾ ਕਮਜ਼ੋਰ ਪਹਿਲੂ ਬੱਚਿਆਂ ’ਤੇ ਉਜਾਗਰ ਨਾ ਹੋਣ ਦਿਓ ਬਲਕਿ ਆਪਣੇ ਫ਼ੈਸਲੇ ਮਜ਼ਬੂਤੀ ਨਾਲ ਲਵੋ। ਉਨਾਂ ਨੂੰ ਉਨਾਂ ਦੇ ਅਧਿਕਾਰਾਂ ਦੇ ਨਾਲ-ਨਾਲ ਫ਼ਰਜ਼ਾਂ ਬਾਰੇ ਵੀ ਸੁਚੇਤ ਕਰੋ। ਮਾਂ ਹੀ ਇਹ ਸਭ ਕੰਮ ਕਰ ਸਕਦੀ ਹੈ। ਪਿਆਰ ਦੇ ਨਾਲ-ਨਾਲ ਅਨੁਸ਼ਾਸਨ ਦਾ ਆਪਣਾ ਮਹੱਤਵ ਹੈ। ਬੱਚਿਆਂ ਨੂੰ ਵੀ ਮਾਂ-ਬਾਪ ਦੀ ਸਥਿਤੀ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਬਹੁਤ ਵਾਰੀ ਬੱਚੇ ਪਿਤਾ ਦੀ ਸਖ਼ਤੀ ਦਾ ਬਦਲਾ ਮਾਂ ’ਤੇ ਗੁੱਸਾ ਕਰਕੇ ਉਤਾਰਦੇ ਹਨ। ਉਹ ਮਾਂ ਕੋਲੋਂ ਆਪਣੇ ਕੰਮ ਕਰਾਉਣੇ ਅਤੇ ਨਾ ਹੋਣ ਦੀ ਸੂਰਤ ਵਿੱਚ ਗੁੱਸਾ ਕਰਨਾ ਆਪਣਾ ਅਧਿਕਾਰ ਸਮਝਦੇ ਹਨ। ਅਜਿਹੇ ਬੱਚਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਨਾਂ ਨੂੰ ਪੈਦਾ ਕਰਕੇ, ਪਾਲ ਕੇ ਕਿਸੇ ਸਮਰੱਥ ਬਣਾ ਸਕਣ ਵਾਲੀ ਮਾਂ ਨਾ ਕਮਜ਼ੋਰ ਹੁੰਦੀ ਹੈ ਨਾ ਹੀ ਬੇਵੱਸ। ਮਾਂ ਹੀ ਹਰ ਪਰਿਵਾਰ ਦਾ ਧੁਰਾ ਹੁੰਦੀ ਹੈ। ਉਸ ਦੀ ਗੈਰ ਮੌਜੂਦਗੀ ਵਿੱਚ ਕੁਝ ਵੀ ਆਪਣੀ ਜਗਾ ਕਾਇਮ ਨਹੀਂ ਰਹਿੰਦਾ। ਨਾ ਘਰ ਦਾ ਮਾਹੌਲ, ਨਾ ਪਿਆਰ, ਨਾ ਰਿਸ਼ਤੇ। ਮਾਂ ਲਈ ਜਿੰਨਾ ਪਰਿਵਾਰ ਮਹੱਤਵਪੂਰਨ ਹੈ ਓਨੀਂ ਹੀ ਪਰਿਵਾਰ ਲਈ ਮਾਂ ਮਹੱਤਵਪੂਰਨ ਹੈ।

ਅੱਜ ਦਾ ਇਨਸਾਨ ਮਤਲਬੀ ਬਣਦਾ ਜਾ ਰਿਹਾ ਹੈ।ਜ਼ਰਾ ਦਿਲ ’ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥਪੁਣੇ ਦੇ ਅਜਿਹੇ ਦੌਰ ਵਿਚੋਂ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸ਼ਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀਂ ਲਾਉਂਦਾ। ਸਮਾਜ ਵਿੱਚ ਕਿੰਨੀਆਂ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸ਼ਿਕਾਰ ਹੋਈਆਂ ਬਿਰਧ ਆਸ਼ਰਮਾਂ ਵਿੱਚ ਦਿਨ ਕੱਟ ਰਹੀਆਂ ਹਨ। ਸਾਨੂੰ ਬਜ਼ੁਰਗ ਮਾਂ ਬਾਪ ਨੂੰ ਬਿਰਧ ਆਸ਼ਰਮਾਂ ’ਚ ਭੇਜਣ ਦੀ ਬਜਾਏ ਉਨਾਂ ਦੀ ਖ਼ੁਦ ਸੇਵਾ ਕਰਨੀ ਚਾਹੀਦੀ ਹੈ।

ਘਰ ਵਿੱਚ ਮਾਂ ਪ੍ਰਕਾਸ਼ ਵਾਂਗ ਹੁੰਦੀ ਹੈ, ਮਾਂ ਦੇ ਦਿੱਤੇ ਹੋਏ ਸੰਸਕਾਰ ਅਤੇ ਦੁਆਵਾਂ ਅਤੇ ਅਸੀਸਾਂ ਮਾਂ ਦੀ ਹਮੇਸ਼ਾਂ ਔਲਾਦ ਲਈ ਚਾਨਣ ਮੁਨਾਰਾ ਅਤੇ ਰਾਹ ਦਸੇਰਾ ਬਣਦੀਆਂ ਰਹਿੰਦੀਆਂ ਹਨ। ਮੈਂ ਹਮੇਸ਼ਾਂ ਮੰਨਦਾ ਹਾਂ ਕਿ ਮੈਂ ਖ਼ੁਦ ਮਾਂ ਦੇ ਦਿੱਤੇ ਸੰਸਕਾਰਾਂ ਦੀ ਬਦੌਲਤ ਅੱਜ ਇਕ ਸਕੂਲ ਵਿਚ ਟੀਚਰ ਵਜੋਂ ਪੜਾਉਣ ਦੇ ਕਾਬਿਲ ਬਣਿਆਂ ਹਾਂ, ਜਿੱਥੇ ਹਜ਼ਾਰਾਂ ਬੱਚੇ ਸਿੱਖਿਆ ਪ੍ਰਾਪਤ ਕਰਦੇ ਹਨ। ਅਸੀਂ ਆਪਣੇ ਸਕੂਲ ਵਿੱਚ ਵੀ ਹਮੇਸ਼ਾ ਬੱਚਿਆਂ ਨੂੰ ਆਪਣੇ ਮਾਪਿਆਂ ਦਾ ਮਾਣ ਸਤਿਕਾਰ ਕਰਨ ਦੇ ਲਈ ਪ੍ਰੇਰਣਾ ਦਿੰਦੇ ਹਾਂ। ਮੇਰਾ ਮੰਨਣਾ ਹੈ ਕਿ ਮਾਂ ਦੀ ਬਦੌਲਤ ਹੀ ਬੱਚੇ ਵੱਡੇ-ਵੱਡੇ ਮੁਕਾਮਾਂ ’ਤੇ ਫਤਹਿ ਹਾਸਲ ਕਰਦੇ ਹਨ।



# ਰਾਸ ਲੀਲਾ

ਪ੍ਰਿੰਸੀਪਲ ਸੁਜਾਨ ਸਿੰਘ

ਮੈਂ ਓਦੋਂ ਕੋਈ ਨਵਾਂ ਦਸਾਂ ਸਾਲਾਂ ਦਾ ਹੋਵਾਂਗਾ। ਜਿਸ ਕੋਠੀ 'ਚ ਅਸੀਂ ਰਹਿੰਦੇ ਸਾਂ ਉਸ ਦੇ ਵਿੱਚ ਰਹਿਣ ਲਈ ਤਿਨਾਂ ਟੱਬਰਾਂ ਲਈ ਖੁਲੀ ਥਾਂ ਸੀ। ਇੱਕ ਹਿੱਸੇ ਵਿਚ ਅਸੀਂ ਰਹਿੰਦੇ ਸਾਂ ਤੇ ਦੂਸਰੇ ਵਿੱਚ ਅੰਮ੍ਰਿਤਸਰ ਦੇ ਮਸ਼ਹੂਰ ਠੇਕੇਦਾਰ ਸਰਦਾਰ। ਤੀਸਰਾ ਵੀ ਇਕ ਹਿੰਦੂ ਵਪਾਰੀ ਸੀ ਤੇ ਉਸ ਦੀ ਉਂਰ ਮੇਰੀ ਹੁਣ ਦੀ ਪਰਖ ਅਨੁਸਾਰ ਕੋਈ ਸੱਠ ਪੈਂਹਠ ਸਾਲ ਦੀ ਸੀ। ਉਹ ਮੇਰੇ ਜਨਮ ਤੋਂ ਹੀ ਇਸ ਬਾੜੀ ਵਿਚ ਰਹਿੰਦਾ ਸੀ ਤੇ ਮੇਰੇ ਨਾਲ ਬੜਾ ਪਿਆਰ ਕਰਦਾ ਸੀ।

ਮੈਂ ਸੁਣਿਆ ਸੀ ਕਿ ਉਸ ਦਾ ਉਸ ਤੋਂ ਸਿਵਾ ਹੋਰ ਕੋਈ ਨਹੀਂ ਸੀ। ਖ਼ਵਰੇ ਇਸੇ ਕਰਕੇ ਉਸ ਨੇ ਆਪਣਾ ਵਿਆਹ ਉਥੋਂ ਦੇ ਗਰੀਬ ਘਰ ਨੂੰ ਪੈਸਾ ਦੇ ਕੇ ਕੀਤਾ ਸੀ। ਤਿੰਨ ਚਾਰ ਮਹੀਨੇ ਤੋਂ ਮੈਂ ਬਾਬੇ ਦਾ ਬੂਹਾ ਹਮੇਸ਼ਾ 'ਦ ਦੇਖਦਾ ਸਾਂ, ਭਾਵੇਂ ਬਾਹਰ ਜੰਦਾ ਕੁੰਡਾ ਕਦੇ ਨਹੀਂ ਸੀ ਲਗਾ ਹੁੰਦਾ।

ਇੱਕ ਦਿਨ ਜਦ ਮੈਂ ਸਕੂਲੋਂ ਮੁੜਿਆ, ਤਾਂ ਉਹ ਬੂਹਾ ਖੁਲਾ ਸੀ ਤੇ ਮੈਂ ਬਾਬੇ ਨੂੰ ਅੰਦਰ ਦੇਖ ਕੇ ਲਾਡ ਨਾਲ 'ਬਾਬਾ, ਬਾਬਾ,' ਕਰਦਾ ਜਿਉਂ ਹੀ ਅੰਦਰ ਵੜਿਆ, ਤਿਉਂ ਹੀ ਉਸ ਘੂਰੀ ਵਟਕੇ ਚਪੇੜ ਦਿਖਾਈ ਤੇ ਮੂੰਹ ਦੇ ਅਗੇ ਉਂਗਲ ਰਖ ਕੇ ਚੁਪ ਰਹਿਣ ਦਾ ਇਸ਼ਾਰਾ ਕਰਦਿਆਂ ਬਾਹਰ ਨਿਕਲ ਜਾਣ ਨੂੰ ਆਖਿਆ। ਮੈਂ ਹੈਰਾਨ ਸਾਂ ਤੇ ਹੈਰਾਨੀ ਦੇ ਨਿਸ਼ਾਨ ਜ਼ਰੂਰ ਬਾਬੇ ਨੇ ਵੀ ਮੇਰੇ ਚਿਹਰੇ ਤੋਂ ਪੜੇ ਹੋਣਗੇ। ਮੈਂ ਪਿਛਲੇ ਪੈਰੀਂ ਵਾਪਸ ਮੁੜਿਆ ਹੀ ਸਾਂ ਕਿ ਬਾਬੇ ਨੇ ਮੈਨੂੰ ਬਸਤੇ ਸਮੇਤ ਕੁੱਛੜ ਚੁਕ ਲਿਆ ਤੇ ਬਾਹਰ ਲਿਆ ਕੇ ਇਕ ਆਨਾ ਮੇਰੀ ਤਲੀ 'ਤੇ ਰਖ ਕੇ ਕਿਹਾ, 'ਕ੍ਰਿਸ਼ਨ, ਹੁਣ ਮੈਨੂੰ ਚਾਚਾ ਆਖਿਆ ਕਰ। ਕਹੇਂਗਾ ਨਾ?' ਆਪਣੇ ਸਵਾਲ ਦਾ ਜਵਾਬ ਮੇਰੇ 'ਹਾਂ' ਵਿੱਚ ਸਿਰ ਹਿਲਾਉਣ ਤੋਂ ਲੈ ਕੇ, ਉਸ ਮੈਨੂੰ ਪਿਆਰ ਨਾਲ ਥੱਲੇ ਉਤਾਰ ਦਿੱਤਾ।

ਘਰ ਪਹੁੰਚਦਿਆਂ ਹੀ ਝਾਈ ਜੀ ਨੇ ਦੁੱਧ ਦਾ ਗਿਲਾਸ ਦਿੱਤਾ ਤੇ ਆਖਿਆ ਕਿ ਨਿੱਕੀ ਜਹੀ ਪਰੌਠੀ ਹੁਣੇ ਲਾਹ ਦਿੰਦੀ ਹਾਂ। ਇੰਨੇ ਨੂੰ ਬਾਬੇ ਦੀ ਨੌਕਰਾਣੀ ਮੈਨੂੰ ਬੁਲਾਣ ਆ ਗਈ। ਝਾਈ ਨੇ ਆਖਿਆ, 'ਜਾਹ ਕਾਕਾ, ਤੇਰੇ ਤਾਏ ਨੇ ਸੱਦਿਆ ਹੋਣਾ ਏ।'

ਮੈਂ ਹੈਰਾਨ ਹੋ ਪੁੱਛਿਆ, 'ਕਿਹੜਾ ਤਾਇਆ? ਠੇਕੇਦਾਰ ਤਾਇਆ?'

ਝਾਈ ਨੇ ਉੱਤਰ ਦਿੱਤਾ, 'ਕਪੜੇ ਵਾਲਾ ਤਾਇਆ।'

ਮੈਂ ਕਿਹਾ, 'ਬਾਬਾ ਤੇ ਆਖਦਾ ਸੀ, ਮੈਂ ਤੇਰਾ ਚਾਚਾ ਹਾਂ।'

ਝਾਈ ਹਸ ਪਈ ਤੇ ਆਖਿਆ, 'ਆਹੋ, ਉਸੇ ਸੱਦਿਆ ਹੈ। ਇਹ ਉਸ ਦੀ ਨਵੀਂ ਨੌਕਰਾਣੀ ਹੈ, ਕਾਕਾ, ਤੇਰੀ ਤਾਈਂ ਨੇ ਸੱਦਿਆ ਹੋਣਾ ਏ।'

ਮੈਂ ਇਹੋ ਜਹੀਆਂ ਗੱਲਾ ਸੁਣ ਕੇ ਚਕਰਾ ਜਿਹਾ ਗਿਆ ਤੇ ਪਰੌਠੀ ਮੁੜ ਖਾਣ ਦੇ ਖ਼ਿਆਲ ਨਾਲ ਮੈਂ ਨੌਕਰਾਣੀ ਨਾਲ ਤੁਰ ਪਿਆ।

ਮੈਂ ਜਦ ਚਾਚੇ ਦੇ ਅੰਦਰ ਵੜਿਆ ਤਾਂ ਉਸ ਨੇ ਮੈਨੂੰ ਪਹਿਲੇ ਵਾਂਗ ਕੁੱਛੜ ਚੁਕ ਲਿਆ ਤੇ ਉਸੇ ਤਰਾਂ ਮੈਨੂੰ ਵੱਖੀ ਵਾਲੇ ਕਮਰੇ ਵਿਚ ਲੈ ਗਿਆ। ਲੋਹੇ ਦੇ ਪਲੰਗ ਲਾਗੇ ਇਕ ਲੰਮੀ ਅਲਮਾਰੀ ਦੇ ਆਦਮ-ਕਦ ਸ਼ੀਸ਼ੇ ਵਿੱਚ ਇੱਕ ਕਣਕ-ਬੰਨੀ ਪਤਲੀ-ਮਲੂਕ ਤੀਵੀਂ ਆਪਣੇ ਗੋਡਿਆਂ ਤਕ ਲੰਮੇ, ਕਾਲੇ ਭਾਰੇ ਵਾਲਾਂ ਨੂੰ ਸਵਾਰ ਰਹੀ ਸੀ। ਸ਼ੀਸ਼ੇ ਵਿੱਚੋਂ ਸਾਨੂੰ ਆਉਂਦਿਆਂ ਦੇਖ ਕੇ ਉਸ ਮੂੰਹ ਸਾਡੇ ਵੱਲ ਕਰਨ ਤੋਂ ਪਹਿਲਾਂ ਪੰਜਾਬੀ ਰਿਵਾਜ ਅਨੁਸਾਰ, ਸਾੜੀ ਦਾ ਪੱਲਾ ਸਿਰ ਤੇ ਲੈ ਲਿਆ ਚਾਚਾ ਜੀ ਨੇ ਕਿਹਾ, 'ਕ੍ਰਿਸ਼ਨ, ਤੇਰੀ ਚਾਚੀ।'

ਮੈਂ ਘਰ ਦੀ ਸਿਖਿਆ ਮੁਜਬ ਚਾਚੀ ਜੀ ਦੇ ਪੈਰਾਂ ਤੇ ਮੱਥਾ ਟੇਕਣ ਲਈ ਉਤਰਿਆ ਤਾਂ ਚਾਚੀ ਨੇ ਪੈਰ ਪਿਛਾਂਹ ਖਿੱਚ ਲਏ ਤੇ ਮੈਨੂੰ ਫੜ ਕੇ ਆਪਣੇ ਨਾਲ ਘੁਟ ਲਿਆ। ਮੇਰੀਆਂ ਬਾਹਵਾਂ, ਜੋ ਮਸੀਂ ਉਸ ਦੀ ਕਮਰ ਤਕ ਪਹੁੰਚੀਆਂ ਸਨ, ਪਿਆਰ ਨਾਲ ਦੁਆਲੇ ਕੱਸੀਆਂ ਗਈਆਂ। ਉਸ ਨੇ ਮੇਰੇ ਸਿਰ ਦੇ ਵਾਲਾਂ ਵਿਚ ਲੰਮੇ ਲੰਮੇ ਕੋਮਲ ਪੋਟੇ ਫੇਰਦਿਆਂ ਕਿਹਾ, 'ਕਿਡਾ ਪਿਆਰਾ ਹੈ ਇਹ ਬਾਲਕ।'

'ਰਾਮ ਪਿਆਰੀ,' ਚਾਚੇ ਨੇ ਕਿਹਾ, 'ਇਹ ਮੈਨੂੰ ਵੀ ਬੜਾ ਪਿਆਰਾ ਹੈ। ਮੈਂ ਇਸ ਨੂੰ ਪੋਟਿਆਂ ਨਾਲ ਮਿਣ ਮਿਣ ਕੇ ਪਾਲਿਆ ਹੈ।'

ਮੈਨੂੰ ਚੇਤਾ ਹੈ, ਜਦ ਮੈਂ ਚਾਚੀ ਦੇ ਦਵਾਲਿਉਂ ਆਪਣੀਆਂ ਬਾਹਾਂ ਖੋਲੀਆਂ ਸਨ ਤਾਂ ਉਸ ਇਕ ਡੂੰਘਾ ਸਾਹ ਖਿੱਚਿਆ ਸੀ।

ਚਾਚੇ ਨੇ ਪੁਛਿਆ, 0ਕਿਉਂ ਕੀ ਗੱਲ ਹੈ, ਪਿਆਰੀ?'

'ਕੁਝ ਨਹੀਂ,' ਉਸ ਫਿਰ ਉਸੇ ਤਰਾਂ ਕਰਦਿਆਂ ਕਿਹਾ ਤੇ ਕੁਝ ਚਿਰ ਠਹਿਰ ਕੇ ਮੈਨੂੰ ਬੜੇ ਪਿਆਰ ਨਾਲ ਪੁੱਛਿਆ, 'ਤੇਰਾ ਨਾਂ ਕੀ ਹੈ, ਬੱਚੇ?'

ਮੇਰੇ ਦੱਸਣ ਤੇ ਉਸ ਗ਼ੈਰ ਪੰਜਾਬੀਆਂ ਵਾਂਗ ਦੁਹਰਾਇਆ 'ਕ੍ਰਿਸਨ ਚੰਦ੍ਰ।'

ਵਾਲ ਬਿਨਾਂ ਸਾਂਭਿਆਂ, ਸਾਬਣ ਨਾਲ ਹੱਥ ਧੋ ਕੇ ਇੱਕ ਪਿਰਚ ਵਿੱਚ ਮਲਾਈ ਚੌਲ ਪਾ ਕੇ ਉਸ ਮੈਨੂੰ ਖਾਣ ਲਈ ਦਿੱਤੇ। ਬੜੇ ਸੁਆਦਾਂ ਨਾਲ ਖਾ ਕੇ ਤੇ ਪਰੌਠੀ ਦਾ ਚੇਤਾ ਭੁਲਾ ਮੈਂ ਬਾਹਰ ਖੇਡਣ ਤੁਰ ਪਿਆ।

ਕੋਈ ਤੀਸਰੇ ਦਿਨ ਮਗਰੋਂ ਦੀ ਗੱਲ ਹੈ ਕਿ ਜਦ ਮੈਂ ਸਕੂਲੋਂ ਮੁੜ ਰਿਹਾ ਸਾਂ ਤਾਂ ਚਾਚੇ ਦੇ ਥੋੜੇ ਜਹੇ ਖੁਲੇ ਬੂਹੇ 'ਚੋਂ ਮੈਨੂੰ ਕੋਈ ਪਛਾਣੀ ਹੋਈ ਆਵਾਜ਼ ਬੁਲਾਉਂਦੀ ਜਾਪੀ। ਮੈਂ ਬਸਤੇ ਸਮੇਤ ਬੂਹਾ ਖੋਲ ਕੇ ਅੰਦਰ ਜਾ ਵੜਿਆ। ਅੰਦਰ ਕੋਈ ਨਹੀਂ ਸੀ। ਪਤਾ ਨਹੀਂ ਕਿਉਂ, ਮੈਂ ਬਾਹਰ ਦਾ ਬੂਹਾ ਢੋ ਦਿੱਤਾ ਤੇ ਉਸ ਦਿਨ ਵਾਲੇ ਕਮਰੇ ਵਲ ਵਧਿਆ। ਚਾਚੀ ਓਸੇ ਤਰਾਂ ਫੇਰ ਵਾਲ ਸਵਾਰ ਰਹੀ ਸੀ। ਮੈਨੂੰ ਸ਼ੀਸ਼ੇ ਵਿਚੋਂ ਅੰਦਰ ਆਉਂਦਾ ਵੇਖ ਕੇ ਉਸ ਆਪਣਾ ਮੂੰਹ ਮੇਰੇ ਵਲ ਮੋੜ ਲਿਆ। ਪਰ ਕੱਲ ਵਾਂਗ ਉਸ ਸਿਰ ਤੇ ਸਾੜੀ ਕੋਈ ਨਾ ਲਈ। ਕੁਝ ਚਿਰ ਝਿਜਕ ਕੇ ਉਸ, ਉਸ ਦਿਨ ਵਾਂਗ, ਬਾਹਾਂ ਖਿਲਾਰ ਦਿੱਤੀਆਂ। ਮੈਂ ਓਥੇ ਖੜੋਤਾ ਹੀ ਉਸ ਦੇ ਗੋਲ, ਸੋਹਣੇ ਚਿਹਰੇ ਵੱਲ ਤੱਕਦਾ ਰਿਹਾ। ਹੌਲੀ ਹੌਲੀ ਉਸ ਦੀਆਂ ਅੱਖਾਂ ਵਿਚ ਦੋ ਮੋਟੇ ਮੋਟੇ ਅੱਥਰੂ ਕੱਠੇ ਹੋ ਗਏ। ਮੇਰੇ ਕੋਲੋਂ ਨਾ ਰਿਹਾ ਗਿਆ। ਮੈਂ ਇਹ ਵੀ ਨਾ ਪੁੱਛਿਆ ਕਿ ਉਹ ਰੋਂਦੀ ਕਿਉਂ ਹੈ ਤੇ ਬਾਹਾਂ ਪਸਾਰ ਕੇ ਜਿਉਂ ਹੀ ਅਗਾਂਹ ਵਧਿਆ ਉਹ ਗੋਡਿਆਂ ਭਾਰ ਹੋ ਗਈ। ਮੇਰੀਆਂ ਦੋਵੇਂ ਬਾਹਾਂ ਉਸ ਦੀ ਪਿੱਠ ਦੁਆਲੇ ਕੱਸੀਆਂ ਗਈਆਂ ਤੇ ਉਸ ਨੇ ਮੈਨੂੰ ਆਪਣੀ ਛਾਤੀ ਨਾਲ ਕੱਸ ਲਿਆ। ਉਸ ਦਿਨ ਮੈਂ ਪਹਿਲੀ ਵਾਰ ਕੋਮਲਤਾ ਦਾ ਅਹਿਸਾਸ ਕੀਤਾ। ਮੇਰੇ ਪਿੰਡੇ ਵਿੱਚ, ਸੱਚ ਦੱਸਦਾ ਹਾਂ, ਕੰਬਣੀ ਛਿੜ ਪਈ। ਚਾਚੀ ਨੇ ਸੱਜਾ ਹੱਥ ਢਿੱਲਾ ਕਰ ਕੇ ਮੇਰੀ ਗੱਲ ਆਪਣੀ ਖੱਬੀ ਗੱਲ ਨਾਲ ਲਾ ਲਈ ਤੇ ਕਿੰਨਾ ਚਿਰ ਹੀ ਅਸੀਂ ਏਸੇ ਤਰਾਂ ਰਹੇ। ਆਖ਼ਰ ਉਸਦੇ ਹੰਝੂ ਮੇਰੀ ਗਲਾਂ ਤੋਂ ਵਹਿ ਤੁਰੇ। ਇਹ ਗਿੱਲੇ ਵੀ ਸਨ ਤੇ ਕੋਸੇ ਵੀ। ਮੈਂ ਹੋਸ਼ ਵਿੱਚ ਆ ਗਿਆ ਸਾਂ। ਮੈਂ ਜਦ ਉਸਦੇ ਚਿਹਰੇ ਵਲ ਨੇੜਿਉਂ ਤੱਕਿਆ ਤਾਂ ਉਸ ਦੇ ਬੁੱਲ ਕੰਬ ਰਹੇ ਸਨ ਤੇ ਅੱਖਾਂ ਮੀਟੀਆਂ ਹੋਈਆਂ ਸਨ। ਆਖ਼ਰ ਉਸ ਦੀ ਦੂਸਰੀ ਬਾਂਹ ਵੀ ਢਿੱਲੀ ਹੋਈ ਤੇ ਉਸ ਹੌਲੀ ਹੌਲੀ ਅੱਖਾਂ ਖੋਲੀਆਂ। ਅੱਜ-ਕਲ ਦੀ ਸੂਝ ਮੁਜਬ ਮੈਂ ਕਹਿ ਸਕਦਾ ਹਾਂ ਕਿ ਉਹ ਸੁੱਤੀਆਂ ਉਠੀਆਂ ਅੱਖਾਂ ਵਾਂਗ ਭਰੀਆਂ ਤੇ ਅਲਸਾਈਆਂ ਹੋਈਆਂ ਸਨ। ਮੈਂ ਪੁੱਛਣਾ ਚਾਹਿਆ, 'ਚਾਚੀ.....'

ਉਸ ਨੇ ਅੱਧ 'ਚੋਂ ਹੀ ਰਲੀ-ਮਿਲੀ ਬੰਗਲਾ ਤੇ ਹਿੰਦੀ ਵਿਚ ਕਿਹਾ, 'ਕ੍ਰਿਸ਼ਨ ਚੰਦ੍ਰ, ਮੇਰਾ ਨਾਂ ਰਾਧਾ ਹੈ। ਰਾਧਾ ਕਹਿ ਕੇ ਆਵਾਜ਼ ਮਾਰਿਆ ਕਰੋ।'

ਮੈਂ ਸਿਰ ਨਾਲ ਸੱਤ-ਬਚਨ ਕਰ ਕੇ ਤੇ ਆਪਣੇ ਪਹਿਲੇ ਸੁਆਲ ਨੂੰ ਭੁਲਦਿਆਂ ਪੁੱਛਿਆ, 'ਚਾਚਾ ਕਿੱਥੇ ਹੈ?'

ਰਾਧਾ ਨੇ ਆਖਿਆ, 'ਉਹ ਮੰਗਲਾ-ਹਾਟ ਦੁਕਾਨ ਲੈ ਕੇ ਗਿਆ ਹੈ। ਮੱਸਿਆ ਤੋਂ ਸਿਵਾ ਉਹ ਕਦੇ ਐਸ ਵੇਲੇ ਵਿਹਲਾ ਨਹੀਂ ਹੁੰਦਾ।'

'ਨੌਕਰਾਣੀ?' ਮੈਂ ਪੁੱਛਿਆ।

'ਉਹ ਕੱਢ ਦਿੱਤੀ,' ਉਸ ਉੱਤਰ ਦਿੱਤਾ, 'ਉਹ ਚੰਗੀ ਨਹੀਂ ਸੀ ਤੇ ਹੁਣ ਮੈਂ ਸਭ ਕੰਮ ਆਪ ਕਰ ਸਕਾਂਗੀ।'

ਅਚਾਨਕ ਉਸ ਨੂੰ ਪਤਾ ਨਹੀਂ ਕੀ ਹੋਇਆ। ਉਸ ਮੇਰੇ ਬਸਤੇ ਨੂੰ, ਜੋ ਹਾਲੀ ਤੱਕ ਮੇਰੇ ਮੋਢੇ ਤੋਂ ਖੱਬੀ ਵੱਖੀ ਵੱਲ ਲਮਕ ਰਿਹਾ ਸੀ, ਉਤਾਰ ਦਿੱਤਾ। ਮੇਰਾ ਕੋਟ ਲਾਹ ਕੇ ਪਲੰਘ ਤੇ ਸੁੱਟ ਪਾਇਆ। ਮੇਰਾ ਬੂਟ ਤਸਮੇ ਖੋਲ ਕੇ ਲਾਹ ਦਿੱਤਾ। ਉਸ ਮੇਰੀ ਸੱਜੀ ਲੱਤ ਨੂੰ ਅਗਾਂਹ ਕਰਕੇ ਗੋਡੇ ਤੋਂ ਝੁਕਾ ਦਿੱਤਾ ਤੇ ਲੱਤ ਨੂੰ ਪੱਬ ਪਰਨੇ ਖੜੀ ਰਹਿਣ ਦਿੱਤਾ। ਖੱਬੀ ਲੱਤ, ਜਿਉਂ ਦੀ ਤਿਉਂ ਸਿੱਧੀ ਰਹਿਣ ਦਿੱਤੀ। ਫੇਰ ਉਹ ਅੱਖਾਂ ਨਾਲ ਚਾਰ-ਚੁਫੇਰੇ ਭਾਲ ਕਰਦੀ ਜਾਪੀ, ਫੁਰਤੀ ਨਾਲ ਉਹ ਇਕ ਕਿੱਲੀ ਤੋਂ ਲੱਕੜ ਦੀ ਸੋਟੀ ਲਾਹ ਲਿਆਈ ਤੇ ਮੇਰੇ ਦੋਹਾਂ ਹੱਥਾਂ ਵਿਚ ਲੰਮੇ ਦਾਅ ਫੜਾ ਕੇ ਇੱਕ ਸਿਰ ਵਲੋਂ ਮੇਰੇ ਬੁਲਾਂ ਤੇ ਰੱਖ ਦਿੱਤੀ। ਫਿਰ ਉਹ ਪਿਛਾਹਾਂ ਹਟ ਕੇ ਦੇਖਣ ਲੱਗ ਪਈ। ਉਸ ਦੇ ਬੁਲਾਂ ਤੇ ਇੱਕ ਕੋਮਲ ਮੁਸਕਰਾਹਟ ਆਈ ਤੇ ਉਸ ਲੰਮੀ ਸਾਰੀ ਹੂੰ ਕੀਤੀ। ਕੁਝ ਚਿਰ ਪਿੱਛੋਂ ਉਹ ਆਪਣੇ ਸ਼ਿੰਗਾਰ-ਟੇਬਲ ਦੇ ਦਰਾਜ਼ ਵਿੱਚੋਂ ਇੱਕ ਗੁਲਾਬੀ ਰੇਸ਼ਮੀ ਫੀਤਾ ਕੱਢ ਲਿਆਈ ਤੇ ਉਸ ਨੂੰ ਮੇਰੇ ਸੁਨਹਿਰੀ ਵਾਲ ਪਰੇ ਹਟਾਉਂਦਿਆਂ ਹੋਇਆਂ ਸਿਰ ਦੁਆਲੇ ਬੰਨ ਕੇ ਖੱਬੇ ਕੰਨ ਲਾਗੇ ਫੁੱਲ ਬਣਾ ਦਿੱਤਾ। ਸ਼ੀਸ਼ੇ ਵਾਲੀ ਲੰਮੀ ਅਲਮਾਰੀ ਖੋਲ ਕੇ ਉਸ ਇੱਕ ਪੀਲੀ ਬਨਾਰਸੀ ਸਾੜੀ ਕੱਢੀ। ਉਸ ਨੂੰ ਫੋਲਦੀ ਫੋਲਦੀ ਉਹ ਦੂਸਰੀ ਕੰਧ ਤੇ ਇਕ ਵੱਡੀ ਤਸਵੀਰ ਵੱਲ ਵਧੀ, ਜਿਸ ਨੂੰ ਇੱਕ ਸਿਹਰਾ ਚੜ੍ਹਾਇਆ ਹੋਇਆ ਸੀ। ਬੜੇ ਗਹੁ ਨਾਲ ਉਸਨੂੰ ਦੇਖ ਉਹ ਮੇਰੇ ਵੱਲ ਮੁੜੀ ਤੇ ਮੇਰੇ ਲੱਕ ਦੁਆਲੇ ਉਸ, ਤਸਵੀਰ ਨੂੰ ਦੇਖ ਦੇਖ ਕੇ ਧੋਤੀ ਬੰਨ੍ਹਣ ਲੱਗੀ। ਧੋਤੀ ਸਜਾ ਕੇ ਉਹ ਬੜੀ ਪਰਸੰਨ ਜਹੀ ਬਿਹਬਲਤਾ ਵਿੱਚ ਨਿਚੱਲੀ ਦਿੱਸਣ ਲੱਗੀ। ਠੇਕੇਦਾਰ ਸਰਦਾਰਾਂ ਦੀ ਨਿੱਕੀ ਕੁੜੀ ਨਵੇਂ ਖਿਡੌਣੇ ਨੂੰ ਆਪਣੇ ਵੱਡੇ ਵੀਰ ਕੋਲੋਂ ਲੈ ਕੇ ਇਸੇ ਤਰਾਂ ਕਰਦੀ ਹੁੰਦੀ ਸੀ। ਮੈਨੂੰ ਤੇ ਰਾਧਾ ਓਹੋ ਜਿਹੀ ਹੀ ਜਾਪੀ।

ਥੋੜੇ ਚਿਰ ਮਗਰੋਂ ਉਸ ਫੁਰਤੀ ਨਾਲ ਸੋਟੀ ਖੋਹ ਕੇ ਬਸਤੇ ਲਾਗੇ ਵਗਾਹ ਮਾਰੀ। ਮੈਨੂੰ ਆਪਣੀਆਂ ਬਾਹਾਂ 'ਚ ਲੱਕ ਨਾਲ ਕੱਸ ਕੇ ਉਸ ਬੜੀ ਤੇਜ਼ੀ ਨਾਲ ਪੰਜ-ਸੱਤ ਦਸ ਭਾਂ ਭਾਂ ਭਿੱਲੀਆਂ ਕਰ ਕੇ ਮੈਨੂੰ ਖਲਿਆਰ ਦਿੱਤਾ। ਮੈਂ ਜਾ ਡਿਗਦਾ ਡਿਗਦਾ ਬਚਿਆ। ਉਸ ਮੇਰੀਆਂ ਤੱਤੀਆਂ ਤੱਤੀਆਂ ਜਾਪਦੀਆਂ ਗੱਲਾਂ ਨੂੰ ਦੋਹਾਂ ਤਲੀਆਂ ਵਿਚ ਘੁਟ ਕੇ ਮੇਰਾ ਮੱਥਾ ਤੇ ਵਾਲ ਚੁੰਮ ਲਏ।

ਹੌਲੀ ਹੌਲੀ ਉਸ ਉਹ ਕੱਪੜੇ ਲਾਹ ਕੇ ਮੇਰੇ ਕੱਪੜੇ ਪਾ ਕੇ ਮੈਨੂੰ ਅੱਗੇ ਵਰਗਾ ਬਣਾ ਦਿੱਤਾ। ਬਵਰਚੀ-ਖਾਨੇ 'ਚੋਂ ਦੁਧ ਦਾ ਨਿੱਕਾ ਚਾਂਦੀ ਦਾ ਗਲਾਸ ਤੇ ਇੱਕ ਛੋਟੀ ਚਾਂਦੀ ਦੀ ਰਕੇਬੀ ਵਿੱਚ ਅੰਗੂਰ ਲੈ ਕੇ ਉਸ ਮੇਰੇ ਅੱਗੇ ਲਿਆ ਰੱਖੇ। ਮੈਂ ਪਹਿਲੇ ਦਿਨ ਵਾਂਗ, ਮਾਪਿਆਂ ਦੀ ਆਗਿਆ ਦੇ ਵਿਰੁਧ, ਸਭ ਕੁਝ ਖਾ ਗਿਆ। ਇਸ਼ਨਾਨ-ਕਮਰੇ ਵਿੱਚ ਮੇਰੇ ਹੱਥ ਤੇ ਨਾਲ ਮੂੰਹ ਵੀ, ਧੁਆਇਆ ਗਿਆ। ਬਰਫ਼-ਚਿੱਟੇ ਤੌਲੀਏ ਨਾਲ ਮੂੰਹ ਸਾਫ਼ ਕਰ ਕੇ ਮੈਂ ਬਾਹਰ ਨਿਕਲਿਆ। ਰਾਧਾ ਮੇਰੇ ਮਗਰ ਸੀ। ਓਹ ਮੈਨੂੰ ਸਰਦਾਰਾਂ ਦੀ ਕੁੜੀ ਵਾਂਗ ਕਹਿੰਦੀ ਜਾਪੀ ਸੀ ਕਿ ਕੱਲ ਫੇਰ ਵੀ ਖੇਡਣ ਆਉਣਾ ਤੇ ਮੈਂ ਤੁਹਾਨੂੰ ਬੜਾ ਸੋਹਣਾ ਨਾਚ ਨੱਚ ਕੇ ਦਿਖਾਵਾਂਗੀ।

ਬੂਹਿਉਂ ਬਾਹਰ ਮੀਂਹ ਵਸ ਰਿਹਾ ਸੀ। ਤੇਜ਼ ਹਵਾ ਨਾਰੀਅਲ ਦੇ ਦਰੱਖ਼ਤਾਂ ਨੂੰ ਦੂਹਰਿਆਂ ਕਰਦੀ ਜਾਂਦੀ ਸੀ। ਮੈਂ ਭਿੱਜਦਾ ਭਿੱਜਦਾ ਆਪਣੀ ਨੁੱਕਰ ਮੁੜ ਕੇ ਅੰਦਰ ਵੜਿਆ। ਝਾਈ ਪਥਰਾਈ ਹੋਈ ਉਡੀਕ ਰਹੀ ਸੀ। ਮੈਨੂੰ ਪਿਆਰ ਨਾਲ ਆਪਣੇ ਨਾਲ ਘੁੱਟ ਕੇ ਓਪਰੇ ਗੁੱਸੇ ਨਾਲ ਪੁੱਛਿਆ, 'ਕਿਥੇ ਰਿਹਾ ਵੇ ਏਨਾ ਚਿਰ?'

ਮੈਂ ਮਾਪਿਆਂ ਤੇ ਕਿਤਾਬਾਂ ਦੀ ਸਿੱਖਿਆ ਦੇ ਉਲਟ ਪਹਿਲੀ ਵਾਰ ਝੂਠ, ਬੋਲਦਿਆਂ ਉੱਤਰ ਦਿੱਤਾ, 'ਅਵਿਨੇਂਦਰ ਦੇ ਘਰ। ਉਸ ਨਵਾਂ ਮਸ਼ੀਨੀ ਲਾਟੂ ਆਂਦੇ ਝਾਈ ਜੀ।'

ਝਾਈ ਸ਼ਾਂਤ ਹੋ ਗਈ।

ਦੂਸਰੇ ਦਿਨ ਮੇਰਾ ਸਕੂਲ ਵਿੱਚ ਬਿਲਕੁਲ ਦਿਲ ਨਾ ਲੱਗਾ, ਮਸੀਂ ਮਸੀਂ ਛੁੱਟੀ ਦੀ ਘੰਟੀ ਵੱਜੀ। ਬਿਪਨ ਨੇ ਆਪੇ-ਤੁਰਨ ਵਾਲੀ ਮੋਟਰ ਬਸਤੇ ਵਿੱਚ ਪਾ ਕੇ ਆਂਦੀ ਹੋਈ ਸੀ। ਉਹ ਚਾਹੁੰਦਾ ਸੀ ਕਿ ਸੜਕ ਦੇ ਫੁਟ-ਪਾਥਾਂ ਤੇ ਅਸੀਂ ਉਸਨੂੰ ਚਲਾ ਚਲਾ ਕੇ ਖੇਡੀਏ, ਪਰ ਮੈਂ ਅੱਜ ਉਸਨੂੰ ਸੁੱਕਾ ਜਵਾਬ ਦੇ ਦਿੱਤਾ। ਮੈਂ ਰਾਧਾ ਨਾਲ ਖੇਡਣਾ ਚਾਹੁੰਦਾ ਸਾਂ ਤੇ ਵੇਖਣਾ ਚਾਹੁੰਦਾ ਸਾਂ ਉਹ ਹੋਣ ਵਾਲਾ ਨਾਚ।

ਮੈਂ ਘਰ ਜਾ ਕੇ ਦੁੱਧ ਨਾ ਪੀਣ ਦਾ ਬਹਾਨਾ ਘੜ ਸੁਣਾਇਆ। ਅਵਿਨੇਂਦਰ ਦੇ ਘਰ ਖੇਡਣ ਦਾ ਝੂਠ ਬੋਲ ਕੇ ਮੈਂ ਰਾਧਾ ਦੇ ਘਰ ਆਣ ਵੜਿਆ। ਰਾਧਾ ਅੱਗੇ ਹੀ ਖੜੀ ਉਡੀਕਦੀ ਸੀ। ਉਸ ਦੀ ਪੁਸ਼ਾਕ ਅੱਜ ਹੱਦ ਈ ਸੀ। ਮੈਂ ਕਦੇ ਕਿਸੇ ਤੀਵੀਂ ਨੂੰ ਇਹੋ ਜਹੀ ਸੋਹਣੀ ਸਾੜ੍ਹੀ ਤੇ ਸ਼ਿੰਗਾਰ ਵਿਚ ਨਹੀਂ ਸੀ ਦੇਖਿਆ। ਉਹ ਮੈਨੂੰ ਆਪਣੀ ਉਂਗਲ ਫੜਾ ਕੇ ਬਾਵਰਚੀ-ਖਾਨੇ ਵਲ ਲੈ ਗਈ। ਇੱਕ ਆਸਣ ਤੇ ਮੈਨੂੰ ਬਿਠਾ ਕੇ ਉਹ ਆਪ ਭੁੰਜੇ ਹੀ ਬਹਿ ਗਈ। ਸਾਹਮਣੇ ਪਏ ਚਾਂਦੀ ਦੇ ਭਾਂਡਿਆਂ ਵਿੱਚ ਦੁੱਧ ਮਲਾਈ, ਚੌਲ, ਇਥੋਂ ਤਕ ਕਿ ਫੁਲਕੇ, ਸਬਜ਼ੀ ਤੇ ਮੱਖਣ ਵੀ ਪਏ ਸਨ। ਮੇਰੀ ਨਾਂਹ-ਨੁਕਰ ਦਾ ਕੋਈ ਖ਼ਿਆਲ ਨਾ ਕਰਦਿਆਂ ਉਸ ਚਮਚਿਆਂ ਤੇ ਬੁਰਕੀਆਂ ਨਾਲ ਮੈਨੂੰ ਖਵਾਉਣਾ ਸ਼ੁਰੂ ਕਰ ਦਿੱਤਾ। ਮੈਂ ਝੱਟ ਹੀ ਰੱਜ ਗਿਆ। ਰਾਧਾ ਨੇ ਇਸਨਾਨ-ਕਮਰੇ ਵਿਚ ਮੇਰਾ ਮੂੰਹ-ਹੱਥ ਸਾਫ਼ ਕਰਾਇਆ।

ਅਸੀਂ ਵੱਖੀ ਵਾਲੇ ਕਮਰੇ ਵਿੱਚ ਵੜੇ। ਅਗਰ-ਬੱਤੀ ਨਾਲ ਮਹਿਕਿਆ ਹੋਇਆ ਸੀ। ਸ਼ਿੰਗਾਰ-ਟੇਬਲ ਤੇ ਇੱਕ ਚਾਂਦੀ ਦੀ ਥਾਲੀ ਵਿੱਚ ਸਿਹਰੇ ਫੁੱਲ ਤੇ ਘਿਓ ਦੇ ਅਣਜਗੇ ਦੀਵੇ ਸਨ। ਮੇਰੇ ਦੇਖਦਿਆਂ ਦੇਖਦਿਆਂ ਸਾੜੀ ਦੇ ਲੜ ਵਾਲੇ ਚਾਬੀਆਂ ਦੇ ਗੁੱਛੇ ਵਿੱਚੋਂ ਇੱਕ ਚਾਬੀ ਚੁਣ ਕੇ ਵਾਰਡ-ਰੋਬ ਖੋਲੀ ਗਈ। ਉਸ ਵਿੱਚੋਂ ਇੱਕ ਨਵੀਂ ਪੀਲੀ ਰੇਸ਼ਮੀ ਧੋਤੀ ਕੱਢ ਕੇ ਰਾਧਾ ਨੇ ਪਲੰਘ ਤੇ ਰੱਖੀ। ਇੱਕ ਕਿੱਲੀ ਤੋਂ ਮੋਰ ਦੇ ਖੰਭਾਂ ਦਾ ਇੱਕ ਮੁਕਟ ਲਾਹੁੰਦਿਆਂ ਰਾਧਾ ਨੇ ਕਿਹਾ, 'ਕ੍ਰਿਸ਼ਨ ਚੰਦ੍ਰ, ਇਹ ਮੈਂ ਆਪਣੀ ਹੱਥੀਂ ਤੁਹਾਡੇ ਲਈ ਬਣਾਇਆ ਹੈ।'

ਮੈਂ ਹਾਲੀ ਵੀ ਹੈਰਾਨ ਖੜਾ ਸਾਂ, ਜਦ ਰਾਧਾ ਨੇ ਸ਼ਿੰਗਾਰ-ਟੇਬਲ ਦੇ ਦਰਾਜ਼ ਵਿਚੋਂ ਇੱਕ ਮੁਰਲੀ ਕੱਢ ਲਿਆਂਦੀ। ਦਸਾਂ ਮਿੰਟਾਂ ਦੇ ਅੰਦਰ ਧੋਤੀ, ਮੁਕਟ, ਸਿਹਰੇ ਤੇ ਬੰਸਰੀ ਨਾਲ ਸਜਾ ਕੇ ਮੈਨੂੰ ਕੱਲ ਵਾਂਗ ਖੜਾ ਕੀਤਾ ਗਿਆ। ਇੱਕ ਸਿਹਰਾ ਸਾਹਮਣੀ ਤਸਵੀਰ ਦੇ ਗਲ ਵੀ ਪਾਇਆ ਗਿਆ। ਮੈਂ ਆਪਣਾ ਮੂੰਹ ਜਦ ਸਾਹਮਣੇ ਸ਼ੀਸ਼ੇ ਵਿੱਚ ਦੇਖਿਆ ਤਾਂ ਉਹ ਹੂ-ਬ-ਹੂ ਸਾਹਮਣੀ ਤਸਵੀਰ ਵਰਗਾ ਸੀ।

ਮੈਂ ਪੁੱਛਿਆ, ਰਾਧਾ, ਉਹ ਕਿਸ ਦੀ ਮੂਰਤ ਹੈ?'

ਉਸ ਮੁਸਕਾਉਂਦਿਆਂ ਕਿਹਾ, 'ਤੁਹਾਨੂੰ ਪਤਾ ਹੀ ਨਹੀਂ? ਕ੍ਰਿਸ਼ਨ ਚੰਦ੍ਰ ਦੀ।' 'ਮੇਰੀ?' ਮੈਂ ਪੁਛਿਆ।

'ਹਾਂ, ਹਾਂ, ਕ੍ਰਿਸ਼ਨ ਚੰਦ੍ਰ ਦੀ।'

ਮਾਚਸ ਬਾਲ ਕੇ ਥਾਲੀ ਵਿਚਲੇ ਪੰਜੇ ਦੀਵੇ ਜਗਾਏ ਗਏ ਤੇ ਰਾਧਾ ਦੋਹਾਂ ਹੱਥਾਂ ਵਿੱਚ ਉਨਾਂ ਨੂੰ ਲੈ ਕੇ ਹਾਜ਼ਰ ਹੋਈ। ਮੇਰੇ ਸਾਹਮਣੇ ਖੜੋ ਕੇ ਉਸ ਦੋਵੇਂ ਅੱਖਾਂ ਮੀਟ ਲਈਆਂ। ਅੱਖਾਂ ਖੋਲ ਕੇ ਥਾਲੀ ਦੇ ਕੰਢੇ ਤੇ ਘੋਲੇ ਹੋਏ ਕੇਸਰ ਤੇ ਚੌਲਾਂ ਦਾ, ਉਸ ਆਪਣੀ ਚੀਚੀ ਨਾਲ ਦੀ ਉਂਗਲੀ ਨਾਲ ਮੈਨੂੰ ਟਿੱਕਾ ਲਾ ਦਿੱਤਾ। ਮੈਨੂੰ ਖ਼ਬਰੇ ਕੀ ਸੁੱਝੀ, ਮੈਂ ਵੀ ਆਪਣੀ ਉਸੇ ਉਂਗਲੀ ਨੂੰ ਕੇਸਰ ਲਾ ਕੇ ਹੱਥ ਉਸ ਦੇ ਮੱਥੇ ਵਲ ਵਧਾਇਆ। ਉਸ ਮੱਥਾ ਝੁਕਾ ਦਿੱਤਾ। ਮੇਰੀ ਉਂਗਲੀ ਲੱਗਦਿਆਂ ਹੀ ਉਹ ਕੰਬ ਉੱਠੀ, ਉਸ ਦੀ ਦੀਵਿਆਂ ਵਾਲੀ ਥਾਲੀ ਉਸ ਦੇ ਹੱਥਾਂ ਵਿਚ ਕੰਬੀ, ਦੀਵਿਆਂ ਦੀਆਂ ਲਾਟਾਂ ਕੰਬੀਆਂ, ਧੂਫ ਦਾ ਧੂੰਆਂ ਕੰਬਿਆ ਤੇ ਘੁੰਗਰੂਆਂ ਵਰਗੀ ਛਣਕਦੀ ਅਵਾਜ਼ ਖ਼ਬਰੇ ਕਿਵੇਂ ਉਸ ਦੇ ਪੈਰਾਂ ਵਿੱਚੋਂ ਕੰਬੀ। ਇਕ-ਦਮ ਉਹ ਆਪਣੀ ਥਾਂ ਤੋਂ ਹਿਲੀ ਤੇ ਇਉਂ ਅਗਾਂਹ ਵਧੀ ਜਿਵੇਂ ਤਿਲਕ ਕੇ ਡਿੱਗਣ ਲੱਗੀ ਹੋਵੇ, ਪਰ ਝੱਟ ਹੀ ਉਹ ਸੰਭਲ ਗਈ। ਹੌਲੀ ਹੌਲੀ ਉਸ ਦੇ ਤਿਲਕਣ ਤੇ ਸੰਭਲਣ ਦੀ ਚਾਲ ਵਧ ਗਈ। ਮੈਂ ਸਮਝ ਗਿਆ ਕਿ ਨਾਚ ਸ਼ੁਰੂ ਹੈ। ਉਸ ਦੇ ਲੱਕ ਝੁਕਾਉਣ ਨਾਲ ਉਸਦੇ ਖੁਲੇ ਵਾਲ ਧਰਤੀ ਨੂੰ ਛੂਹ ਜਾਂਦੇ ਸਨ। ਉਹ ਹਵਾ ਦੀ ਪੁਤਲੀ ਲਹਿਰਾਂ ਵਾਂਗ ਦੂਹਰੀ ਹੋ ਹੋ ਜਾਂਦੀ ਸੀ। ਚਾਲ ਤੇਜ਼ ਹੋਣੀ ਸ਼ੁਰੂ ਹੋਈ। ਘੁੰਗਰੂਆਂ ਦੀ ਘੂਕਰ ਨਾਲ ਕਮਰੇ ਵਿੱਚ ਇਕਸੁਰਤਾ ਜਿਹੀ ਛਾ ਗਈ। ਚਾਲ ਹੋਰ ਤੇਜ਼ ਹੋ ਗਈ। ਜਗਦੀਆਂ ਜੋਤਾਂ ਦਾ ਇੱਕ ਚੱਕਰ ਮੇਰੇ ਦੁਆਲੇ ਬੱਝ ਗਿਆ। ਮੇਰੀਆਂ ਅੱਖਾਂ ਅੱਗੇ ਭੰਬਰ-ਤਾਰੇ ਉੱਡਣ ਲਗ ਪਏ। ਮੇਰੇ ਦੁਆਲੇ ਕਈ ਰਾਧਾ ਦਿੱਸਣ ਲਗ ਪਈਆਂ। ਮੇਰੀ ਆਪਣੀ ਸ਼ਕਲ ਦੇ ਕਈ ਮੁੰਡੇ ਮੇਰੀ ਹੁਣ ਦੀ ਪੁਸ਼ਾਕ ਵਿਚ ਉਨਾਂ ਨਾਲ ਸਨ। ਮੇਰੇ ਉੱਤੇ ਮੇਰਾ ਆਪਣਾ ਕਾਬੂ ਘੱਟ ਮਲੂਮ ਹੁੰਦਾ ਸੀ।

ਇਉਂ ਮਲੂਮ ਹੋਣ ਲੱਗਾ ਜਿਵੇਂ ਕਿਸੇ ਨੇ ਮੇਰੀਆਂ ਉਂਗਲਾਂ ਮੁਰਲੀ ਦਿਆਂ ਛੇਕਾਂ ਤੇ ਬਦੋ-ਬਦੀ ਰੱਖ ਦਿੱਤੀਆਂ ਹਨ। ਮੈਂ ਛੇਕ ਤੇ ਹੇਠਲਾ ਬੁਲ ਰੱਖਕੇ ਫੂਕ ਮਾਰੀ। ਮੇਰੀਆਂ ਨਿੱਕੀਆਂ ਨਿੱਕੀਆਂ ਉਂਗਲਾਂ ਖ਼ਬਰੇ ਕਿਦਾਂ ਉਨਾਂ ਛੇਕਾਂ ਤੇ ਨਾਚ ਕਰਨ ਲੱਗ ਪਈਆਂ। ਮੈਂ ਕਦੇ ਬੰਸਰੀ ਨਹੀਂ ਵਜਾਈ ਸੀ ਤੇ ਨਾ ਹੀ ਹੁਣ ਕੋਈ ਸਾਜ਼ ਵਜਾ ਸਕਦਾ ਹਾਂ, ਪਰ ਉਸ ਵੇਲੇ ਵਰਗੀ ਬੰਸਰੀ ਮੈਂ ਕਦੇ ਕਿਸੇ ਉਸਤਾਦ ਕੋਲੋਂ ਵੀ ਨਹੀਂ ਸੁਣ ਸਕਿਆ।

ਹੌਲੀ ਹੌਲੀ ਮੇਰੀਆਂ ਉਂਗਲਾਂ ਢਿੱਲੀਆਂ ਪੈਣੀਆਂ ਸ਼ੁਰੂ ਹੋ ਗਈਆਂ। ਨਾਚ ਦੀ ਚਾਲ ਘਟਦੀ ਘਟਦੀ ਘਟ ਗਈ। ਰਾਧਾ ਇੱਕ ਰਹਿ ਗਈ, ਮੈਂ ਇੱਕ ਰਹਿ ਗਿਆ। ਕਮਰੇ ਵਿੱਚ ਕਬਰ ਵਰਗੀ ਚੁੱਪ ਛਾ ਗਈ। ਰਾਧਾ ਸ਼ਰਾਬੀਆਂ ਵਾਂਗ ਹੁਲਾਰੇ ਖਾ ਰਹੀ ਸੀ, ਪਰ ਦੀਵਿਆਂ ਵਾਲੀ ਥਾਲੀ ਨੂੰ ਨਹੀਂ ਸੀ ਡਿੱਗਣ ਦੇਂਦੀ। ਮੈਂ ਆਪਣੀ ਥਾਂ ਛੱਡ ਕੇ ਅਗਾਂਹ ਵਧਿਆ।ਥਾਲੀ ਉਸ ਦੇ ਹੱਥੋਂ ਫੜ ਕੇ ਸ਼ਿੰਗਾਰ ਟੇਬਲ ਤੇ ਰੱਖਣ ਦੀ ਦੇਰ ਸੀ ਕਿ ਉਹ ਘੜਮ ਕਰਕੇ ਭੁੰਜੇ ਡਿੱਗ ਗਈ। ਮੁਰਲੀ ਮੰਜੇ ਤੇ ਸੁੱਟ ਕੇ ਮੈਂ ਉਸ ਨੂੰ ਸਾਂਭਿਆ। ਪਤਾ ਨਹੀਂ ਉਦੋਂ ਮੇਰੇ ਵਿੱਚ ਇੰਨਾ ਬਲ ਕਿਵੇਂ ਆ ਗਿਆ ਸੀ। ਮੈਂ ਹਰ ਹਾਲਤ ਵਿੱਚ ਆਪਣੇ ਆਪ ਨੂੰ ਪੂਰਾ ਆਦਮੀ ਸਮਝਦਾ ਸਾਂ। ਆਪਣੀ ਧੋਤੀ ਦੇ ਪੱਲੇ ਨਾਲ ਮੈਂ ਉਸਨੂੰ ਪੱਖਾ ਕਰਕੇ ਪੂਰੀ ਹੋਸ਼ ਵਿੱਚ ਆਂਦਾ। ਉਸ ਉੱਠ ਕੇ ਮੇਰੀ ਗੱਲ ਚੁੰਮ ਲਈ। ਕੰਬਣੀਆਂ ਦਾ ਹੜ ਮੇਰੀ ਨਸ ਨਸ ਵਿੱਚ ਫਿਰ ਗਿਆ। ਮੈਂ ਨੀਮ-ਬੇਹੋਸ਼ੀ ਦੀ ਹਾਲਤ ਵਿੱਚ ਉਸ ਨੂੰ ਆਪਣੀ ਗਲਵਕੜੀ ਵਿੱਚ ਲੈ ਲਿਆ। ਉਹ ਵੀ ਫੇਰ ਕੰਬੀ ਤੇ ਇੱਕ ਵਾਰੀ ਆਪਣੀਆਂ ਬਾਹਾਂ ਨਾਲ ਮੈਨੂੰ ਘੁੱਟਕੇ ਮੇਰੀਆਂ ਬਾਹਾਂ ਵਿਚ ਆਪਣੇ ਆਪ ਨੂੰ ਨਿੱਸਲ ਸੁੱਟ ਦਿੱਤਾ। ਮੈਂ ਉਸ ਦੀਆਂ ਗੱਲਾਂ ਚੁੰਮੀਆਂ, ਬੁਲ ਚੁੰਮੇ, ਅੱਖਾਂ ਚੁੰਮੀਆਂ, ਵਾਲ ਚੁੰਮੇ, ਪਰ ਉਹ ਨਿੱਸਲ ਪਈ ਸੀ। ਮੈਂ ਉਸ ਦੇ ਚਿਹਰੇ ਵੱਲ ਦੇਖਣ ਲੱਗ ਪਿਆ। ਕੁਝ ਚਿਰ ਮਗਰੋਂ ਉਸ ਆਪਣੀਆਂ ਨੀਮ-ਬੇਹੋਸ਼ ਅੱਖਾਂ ਖੋਲੀਆਂ ਤੇ ਝੱਟ ਹੀ ਬੰਦ ਕਰ ਲਈਆਂ।

ਅਚਾਨਕ ਬੂਹਾ ਖੜਕਿਆ, ਅਸੀਂ ਉਠ ਖੜੋਤੇ। ਕੋਈ ਅਵਾਜ਼ ਨਾ ਆਈ। ਮੈਂ ਫੇਰ ਪਹਿਲਾ ਕ੍ਰਿਸ਼ਨ ਬਣਾਇਆ ਗਿਆ। ਕਾਫੀ ਦੇਰ ਹੋ ਗਈ ਸੀ ਜਦ ਮੈਂ ਆਪਣੇ ਘਰ ਪਹੁੰਚਾ।

ਡਾਕਟਰ ਨੂੰ ਦਿਖਾਇਆ ਗਿਆ। ਉਸ ਦੱਸਿਆ ਕਿ ਮੇਰੀ ਸਿਹਤ ਬਿਲਕੁਲਠੀਕ ਹੈ। 'ਭੁੱਖ ਕਿਉਂ ਨਹੀਂ ਲਗਦੀ ਇਸ ਨੂੰ?' ਮੇਰੇ ਪਿਤਾ ਜੀ ਨੇ ਡਾਕਟਰ ਤੋਂ ਪੁੱਛਿਆ।

ਬਾਕੀ ਸਫ਼ਾ 30 'ਤੇ

# ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਫ਼ਤਹਿ

ਡਾਕਟਰ ਰਜਿੰਦਰ ਸਿੰਘ

ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ 12 ਮਈ, 1710 ਈ. ਨੂੰ ਸਿੱਖਾਂ ਵਲੋਂ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਦਾ ਕਾਰਨਾਮਾ ਸਿੱਖ ਮਾਨਸਿਕਤਾ ਅੰਦਰ ਗੌਰਵ ਬਣ ਕੇ ਛਾਇਆ ਹੋਇਆ ਹੈ। ਸਿੱਖਾਂ ਅਤੇ ਇਨਸਾਫ਼ ਪਸੰਦ ਇਨਸਾਨਾਂ ਲਈ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿਚ ਚਿਣਵਾ ਕੇ ਸ਼ਹੀਦ ਕਰਨ ਵਾਲੀ ਸਰਹਿੰਦ ਜ਼ੁਲਮ ਦਾ ਕਿਲਾ ਸੀ। ਇਸ ਦੀ ਇੱਟ-ਇੱਟ ਸਾਹਿਬਜ਼ਾਦਿਆਂ ਦੀ ਮਾਸੂਮੀਅਤ ਅਤੇ ਮਾਤਾ ਗੁਜਰੀ ਜੀ ਦੀ ਬਜ਼ੁਰਗੀ ’ਤੇ ਹੋਏ ਕਹਿਰ ਦੀ ਨਿਸ਼ਾਨੀ ਸੀ। ਦੁਖੀ ਸਿੱਖ ਹਿਰਦਿਆਂ ਦਾ ਰੋਹ ਜ਼ੁਲਮ ਦੀਆਂ ਨਿਸ਼ਾਨੀਆਂ ਨੂੰ ਮਿੱਟੀ ਵਿਚ ਮਿਲਾ ਦੇਣ ਲਈ ਤੜਫ਼ ਰਿਹਾ ਸੀ। ਸਿੱਖ ਮਾਨਸਿਕਤਾ ਦੀ ਇਸ ਤੜਫ਼ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕ ਕੇ ਤਿਆਰ ਹੋਏ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਮਿਲੀ। ਸਰਹਿੰਦ ਫ਼ਤਹਿ ਦੀ ਗਾਥਾ ਸਾਡੇ ਇਤਿਹਾਸ ਵਿਚ ਇਨਸਾਫ਼ ਦੀ ਤੇਗ਼ ਨਾਲ ਲਿਖੀ ਗਈ।

ਬਾਬਾ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ, ਮਜ਼ਲੂਮਾਂ ਦਾ ਰਾਖਾ ਅਤੇ ਜ਼ਾਬਰਾਂ ਲਈ ਤਬਾਹੀ ਦਾ ਤੂਫਾਨ ਸੀ। ਉਹ ਮਹਾਨ ਜਰਨੈਲ ਅਤੇ ਕਮਾਲ ਦਾ ਪ੍ਰਬੰਧਕ ਸੀ। ਸਰਹਿੰਦ ਦੇ ਯੁੱਧ ਵਿਚ ਬਾਬਾ ਬੰਦਾ ਸਿੰਘ ਬਹਾਦਰ ਕੋਲ ਸੂਬਾ ਸਰਹਿੰਦ ਦੇ ਮੁਕਾਬਲੇ ਬਹੁਤ ਥੋੜੇ ਸਾਧਨ ਸਨ। ਸੂਬੇ ਦੀਆਂ ਤੋਪਾਂ ਦੇ ਮੁਕਾਬਲੇ ਸਿੱਖਾਂ ਕੋਲ ਤੇਗਾਂ ਸਨ। ਸੂਬੇ ਦੇ ਭਿਅੰਕਰ ਹਾਥੀਆਂ ਨਾਲ ਜੂਝਣ ਲਈ ਸਿੱਖਾਂ ਕੋਲ ਨੇਜ਼ੇ ਸਨ। ਸਿੱਖਾਂ ਲਈ ਸਰਹਿੰਦ ਫਤਿਹ ਕਰਨਾ ਜ਼ਿੰਦਗੀ ਅਤੇ ਮੌਤ ਦਾ ਸੁਆਲ ਸੀ। ਇਹ ਕਬਜ਼ੇ ਦੀ ਲੜਾਈ ਨਹੀਂ ਧਰਮ ਯੁੱਧ ਦਾ ਸਿਦਕ ਸੀ। ਵੈਰੀ ਦੇ ਡਰ ਦੀ ਥਾਂ ‘ਨਿਸਚੈ ਕਰ ਅਪਨੀ ਜੀਤ ਕਰੋ’ ਦਾ ਜੈਗਾਨ ਸੀ।

ਸੂਬਾ ਸਰਹਿੰਦ ਦੀਆਂ ਗਰਜਦੀਆਂ ਤੋਪਾਂ, ਚੰਘਿਆੜਦੇ ਹਾਥੀਆਂ ਅਤੇ ਘਾਤਕ ਸਾਜਿਸ਼ਾਂ ਅੱਗੇ ਸਿੱਖ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜੰਗੀ ਚਾਲਾਂ ਅਨੁਸਾਰ ਸੀਨੇ ਤਾਣ ਕੇ ਸੂਰਮਤਾਈ ਦੀ ਕਹਾਣੀ ਲਿਖਣ ਲੱਗੇ। ਸਿੱਖਾਂ ਦੀਆਂ ਤੇਗਾਂ ਨੇ ਤੋਪਾਂ ਦੇ ਮੂੰਹ ਮੋੜ ਦਿੱਤੇ। ਸਾਹਿਬਜ਼ਾਦਿਆਂ ਸਮੇਤ ਅਨੇਕ ਨਿਰਦੋਸ਼ਾਂ ’ਤੇ ਕੀਤੇ ਅਣਮਨੁੱਖੀ ਤਸ਼ੱਦਦਾਂ ਦੇ ਪਹਾੜ ਜਿੱਡੇ ਪਾਪਾਂ ਦੇ ਬੋਝ ਥੱਲੇ ਦਬੀ ਸੂਬੇ ਦੀ ਹੰਕਾਰੀ ਸੈਨਾ ਸਿੱਖਾਂ ਦੇ ਸਿਦਕੀ-ਤੂਫ਼ਾਨ ਵਿਚ ਤੂੜੀ ਵਾਂਗ ਉੱਡ ਗਈ। ਗੋਲੀਆਂ ਦੀ ਅਵਾਜ਼ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਵਿਚ ਸਿੱਖਾਂ ਨੇ ਸਰਹਿੰਦ ’ਤੇ ਕੇਸਰੀ ਨਿਸ਼ਾਨ ਝੂਲਾ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨਾਲ ਸਿਦਕੀ-ਸਿੱਖਾਂ ਤੋਂ ਬਿਨਾਂ ਅਜਿਹੇ ਲੋਕ ਵੀ ਘੁਸਪੈਠ ਕਰ ਜਾਂਦੇ ਸਨ ਜਿਨਾਂ ਦਾ ਸਿੱਖੀ ਨਾਲ ਕੋਈ ਵਾਸਤਾ ਨਹੀਂ ਸੀ। ਇਹ ਲੁੱਟਮਾਰ ਕਰਨ ਲਈ ਆਉਂਦੇ ਸਨ। ਯੁੱਧ ਦੇ ਰੌਲੇ-ਰੱਪੇ ਵਿਚ ਇਨਾਂ ’ਤੇ



ਪੂਰਨ ਰੂਪ ਵਿਚ ਕਾਬੂ ਪਾਉਣਾ ਸੰਭਵ ਨਹੀਂ ਸੀ। ਇਨਾਂ ਲੁਟੇਰਿਆਂ ਨੇ ਬਾਬਾ ਜੀ ਦੀਆਂ ਕਈ ਮੁਹਿੰਮਾਂ ਵਿਚ ਮਾੜਾ ਪ੍ਰਭਾਵ ਪਾਇਆ ਜਦੋਂ ਕਿ ਸਿੱਖ ਜ਼ਾਬਤੇ ਵਿਚ ਰਹਿੰਦੇ ਸਨ। ਸਰਹਿੰਦ ਫ਼ਤਹਿ ਪਿਛੋਂ ਸਿੱਖਾਂ ਨੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਈ ਜ਼ਿੰਮੇਵਾਰ ਨਕਸ਼ਬੰਦੀਆਂ ਦੇ ਸ਼ੇਖ ਅਹਿਮਦ ਮੁਜੱਜਦ ਅਲਫ-ਸਾਨੀ ਦੇ ਮਜ਼ਾਰ ਨੂੰ ਬਿਲਕੁਲ ਨੁਕਸਾਨ ਨਹੀਂ ਪਹੁੰਚਾਇਆ। ਇਸੇ ਤਰਾਂ ਛੋਟੇ ਸਾਹਿਬਜ਼ਾਦਿਆਂ ਨੂੰ ਬਚਾਉਣ ਲਈ ਹਾਅ ਦਾ ਨਾਹਰਾ ਮਾਰਨ ਵਾਲੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਕਰਕੇ ਮਲੇਰਕੋਟਲੇ ਨੂੰ ਸਿੱਖਾਂ ਨੇ ਕੋਈ ਨੁਕਸਾਨ ਨਹੀਂ ਪਹੁੰਚਾਇਆ।

ਬਾਬਾ ਬੰਦਾ ਸਿੰਘ ਬਹਾਦਰ ਨੇ ਮੁਖਲਿਸਗੜ ਜੋ ਸਰਹਿੰਦ ਦੇ ਮੁਕਾਬਲੇ ਪਹਾੜੀ ਇਲਾਕੇ ਵਿਚ ਹੋਣ ਕਰਕੇ ਵੱਧ ਸੁਰੱਖਿਅਤ ਸੀ, ਨੂੰ ਲੋਹਗੜ ਦਾ ਨਾਂ ਦੇ ਕੇ ਆਪਣੀ ਰਾਜਧਾਨੀ ਬਣਾਇਆ। ਸਰਹਿੰਦ ਦੀ ਜ਼ਿੰਮੇਵਾਰੀ ਬਾਬਾ ਬਾਜ ਸਿੰਘ ਦੇ ਸਪੁਰਦ ਕੀਤੀ ਗਈ। ਬਾਬਾ ਅਲੀ ਸਿੰਘ ਨੂੰ ਉਨਾਂ ਦੇ ਨਾਇਬ ਨਿਯੁਕਤ ਕੀਤਾ ਗਿਆ। ਬਾਬਾ ਫਤਿਹ ਸਿੰਘ ਨੂੰ ਸਮਾਣਾ ਅਤੇ ਭਾਈ ਰਾਮ ਸਿੰਘ ਨੂੰ ਥਨੇਸਰ ਦੀ ਸੇਵਾ ਸੌਂਪੀ ਗਈ ਬਾਬਾ ਬਿਨੋਦ ਸਿੰਘ ਨੂੰ ਉਨਾਂ ਦੇ ਸਹਾਇਕ ਲਾਇਆ ਗਿਆ। ਇਸ ਨਵੇਂ ਰਾਜ ਪ੍ਰਬੰਧ ਦਾ ਇੰਨਾ ਚੰਗਾ ਪ੍ਰਭਾਵ ਪਿਆ ਕਿ ਮੁਸਲਮਾਨ ਵੀ ਸਿੱਖ ਸੱਜਣ ਲੱਗ ਪਏ। ਨਵਾਬ ਅਮੀਨੁ-ਦੌਲਾ ਦੇ ਰੁੱਕਾਤ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਮਨ ਨੂੰ ਮੋਹ ਲੈਣ ਵਾਲਾ ਜਾਦੂਗਰ ਸੀ। ਉਹ ਹਿੰਦੂ ਅਤੇ ਮੁਸਲਮਾਨ ਸਭ ਨੂੰ ਸਿੰਘ ਕਰਕੇ ਬੁਲਾਉਂਦਾ। ਵੱਡੀ ਗਿਣਤੀ ਵਿਚ ਮੁਸਲਮਾਨ ਆਪਣਾ ਧਰਮ ਤਿਆਗ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮਿੱਤਰ ਬਣਨ ਲਈ ਇਕਰਾਰ ਕਰਨ ਲੱਗ ਪਏ ਸਨ। ਕਲਾਨੌਰ ਦੇ ਸਥਾਨ ’ਤੇ 5000 ਪਠਾਣ ਉਸ ਦੀ ਸੈਨਾ ਵਿਚ ਸ਼ਾਮਿਲ ਹੋਏ। ਉਨਾਂ ਨੂੰ ਇਸਲਾਮ ਨੂੰ ਮੰਨਣ ਦੀ ਪੂਰੀ ਖੁੱਲ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਕਿਸੇ ਨੂੰ ਡਰਾ ਕੇ ਧਰਮ ਤਬਦੀਲ ਨਹੀਂ ਕਰਵਾਇਆ। ਸਿੱਖਾਂ ਦੀ ਬਹਾਦਰੀ ਅਤੇ ਦਿਆਲਤਾ ਤੋਂ ਪ੍ਰਭਾਵਿਤ ਹੋ ਕੇ ਇੱਕ ਸਾਲ ਵਿਚ ਹੀ ਇੱਕ ਲੱਖ ਤੋਂ ਵੱਧ ਲੋਕ ਸਿੰਘ ਸਜ ਗਏ ਸਨ। ਸਿੱਖਾਂ ਵਿਚ ਉਸ ਪ੍ਰਤੀ ਅਥਾਹ ਸ਼ਰਧਾ ਅਤੇ ਉਸ ਦੇ ਇੱਕ ਇਸ਼ਾਰੇ ’ਤੇ ਜਾਨ ਵਾਰ ਦੇਣ ਦੀ ਭਾਵਨਾ ਸੀ। ਖਫੀ ਖ਼ਾਨ ਅਨੁਸਾਰ ਸਿੱਖ ਬਾਬਾ ਬੰਦਾ ਸਿੰਘ ਬਹਾਦਰ ਦਾ ਹੁਕਮ ਮੰਨ ਕੇ ਪ੍ਰੇਮ ਅਤੇ ਸ਼ਰਧਾ ਨਾਲ ਕਿਲੇ ਤੋਂ ਬਾਹਰ ਨਿਕਲਦੇ ਅਤੇ ਜੈਕਾਰੇ ਗਜਾਉਂਦੇ ਹੋਏ ਭਾਣਾ ਮੰਨ ਕੇ ਬੜੀ ਦਲੇਰੀ ਨਾਲ ਬਾਦਸ਼ਾਹੀ ਤੋਪਖਾਨੇ, ਤੀਰਾਂ, ਤਲਵਾਰਾਂ ਅਤੇ ਭਾਲਿਆਂ ਉੱਤੇ ਇਸ ਤਰਾਂ ਟੁੱਟ ਪੈਂਦੇ ਜਿਵੇਂ ਪਤੰਗੇ ਲਾਟ ਉੱਤੇ ਆਉਂਦੇ ਹਨ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਸੁਧਾਰਾਂ ਲਈ ਬਹੁਤਾ ਸਮਾਂ ਨਹੀਂ ਮਿਲਿਆ। ਹਕੂਮਤ ਉਸ ਦਾ ਖ਼ਾਤਮਾ ਕਰਨ ਲਈ ਹੱਥ ਧੋ ਕੇ ਪਿੱਛੇ ਪਈ ਹੋਈ ਸੀ। ਇਸ ਦੇ ਬਾਵਜੂਦ ਉਸ ਨੇ ਜਨਤਾ ਦੇ ਕਲਿਆਣ ਦਾ ਪੂਰਾ ਮਨ ਬਣਾਇਆ ਹੋਇਆ ਸੀ। ਜ਼ਿੰਮੀਦਾਰਾ ਪ੍ਰਬੰਧ ਨੂੰ ਪਲਟ ਦੇਣਾ ਉਸ ਦਾ ਵੱਡਾ ਕਾਰਜ ਸੀ। ਇਹ ਜ਼ਿੰਮੀਦਾਰ ਬਾਦਸ਼ਾਹ ਵਾਂਗ ਫਜ਼ੂਲ ਖ਼ਰਚ ਕਰਨ ਅਤੇ ਐਸ਼ ਭਰੇ ਜੀਵਨ ਲਈ ਜਾਣੇ ਜਾਂਦੇ ਸਨ। ਖੇਤਾਂ ਵਿਚ ਸਖ਼ਤ ਮਿਹਨਤ ਕਰਨ ਵਾਲੇ ਕਿਸਾਨਾਂ ਨਾਲ ਇਨਾਂ ਦਾ ਸਲੂਕ ਬਹੁਤ ਭੈੜਾ ਹੁੰਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਇਨਾਂ ਮਿਹਨਤੀ ਕਿਸਾਨਾਂ ਨੂੰ ਜ਼ਮੀਨ ਦੇ ਅਸਲੀ ਮਾਲਕ ਬਣਾ ਕੇ ਜ਼ਿੰਮੀਦਾਰਾਂ ਤੋਂ ਕਿਸਾਨਾਂ ਦੀ ਮੁਕਤੀ ਕਰਵਾ ਦਿੱਤੀ। ਬਾਬਾ ਬੰਦਾ ਸਿੰਘ ਬਹਾਦਰ ਨੇ ਜਾਤੀ ਭੇਦਭਾਵ ਦਾ ਸ਼ਿਕਾਰ ਬਣੇ **ਬਾਕੀ ਸਫ਼ਾ 30 ’ਤੇ**

# ਬਾਬਾ ਮਰਦਾਨਾ ਦੇ ਵੰਸ਼ਜ ਗੁਲਾਮ ਹੁਸੈਨ

ਹਾਰੂਨ ਖ਼ਾਲਿਦ

ਮੈਂ ਬਹੁਤ ਦੇਰ ਤੋਂ ਗੁਲਾਮ ਹੁਸੈਨ ਹੋਰਾਂ ਨੂੰ ਲੱਭ ਰਿਹਾ ਸਾਂ। ਮੈਂ ਉਨਾਂ ਨੂੰ ਪੁੱਛਿਆ, ‘ਸਿੱਖ ਧਰਮ ਵਿਚ ਮੁਸਲਮਾਨ ਰਬਾਬੀਆਂ ਦਾ ਐਡਾ ਉੱਚਾ ਦਰਜਾ ਹੈ। ਫਿਰ ਕਿਉਂ ਉਨਾਂ ਦੀ ਰਾਖੀ ਨਹੀਂ ਕੀਤੀ ਗਈ? ਵੰਡ ਵੇਲੇ ਉਨਾਂ ਨੂੰ ਚੜਦੇ ਪੰਜਾਬ ਨੂੰ ਕਿਉਂ ਛੱਡਣਾ ਪਿਆ?’

ਮੈਂ ਗ਼ੁਲਾਮ ਹੁਸੈਨ ਹੋਰਾਂ ਦੇ ਘਰ ਪਹੁੰਚਿਆ ਸਾਂ ਜੋ ਪੁਰਾਣੇ ਲਾਹੌਰ ਸ਼ਹਿਰ ਦੇ ਧੁਰ ਅੰਦਰ ਸਥਿਤ ਸ਼ਹਿਰ ਦੇ ਮੋਢੀ ਫ਼ਕੀਰ ਦਾਤਾ ਦਰਬਾਰ ਦੀ ਮਜ਼ਾਰ ਨੇੜੇ ਹੈ। ਉਨਾਂ ਚਿੱਟੀ ਸਲਵਾਰ ਕਮੀਜ਼ ਤੇ ਉੱਤੇ ਉਨਾਬੀ ਵਾਸਕਟ ਪਹਿਨੀ ਹੋਈ ਸੀ ਤੇ ਗ਼ਲ ਵਿਚ ਚਿੱਟਾ ਪਰਨਾ ਪਾਇਆ ਹੋਇਆ ਸੀ। ਅੱਸੀ ਸਾਲਾਂ ਦੀ ਉਮਰ ਨੂੰ ਢੁੱਕੇ ਹੁਸੈਨ ਬਿਮਾਰੀ ਦੇ ਹੱਲੇ ਤੋਂ ਉੱਭਰ ਰਹੇ ਸਨ। ਫਿਰ ਵੀ ਉਨਾਂ ਮੇਰੀ ਮੁਲਾਕਾਤ ਦੀ ਬੇਨਤੀ ਪ੍ਰਵਾਨ ਕਰ ਲਈ।ਉਨਾਂ ਦੇ ਕਮਰੇ ਦੀ ਪਿਛਲੀ ਕੰਧ ਅਤੇ ਅਲਮਾਰੀ ਉੱਪਰ ਕਿਰਪਾਨ, ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਸਨ ਅਤੇ ਪਿਛਲੇ ਸਾਲਾਂ ਦੌਰਾਨ ਸਿੱਖ ਸੰਸਥਾਵਾਂ ਵੱਲੋਂ ਮਿਲੇ ਸਨਮਾਨ ਚਿੰਨ ਸਜਾ ਕੇ ਰੱਖੇ ਹੋਏ ਸਨ। ਨਾਲ ਹੀ ਕੁਝ ਇਸਲਾਮੀ ਚਿੰਨ ਵੀ ਮੌਜੂਦ ਸਨ ਜਿਨਾਂ ਵਿਚ ਇਕ ਪੋਸਟਰ ’ਤੇ ਲਿਖੀ ਕੁਰਾਨ ਦੀ ਆਇਤ ਸ਼ਾਮਿਲ ਸੀ। ਫਰਵਰੀ 2014 ਵਿਚ ਮੈਂ ਗ਼ੁਲਾਮ ਹੁਸੈਨ ਹੁਰਾਂ ਨੂੰ ਮਿਲਿਆ ਸਾਂ। ਅਗਲੇ ਸਾਲ ਅਪ੍ਰੈਲ ਵਿਚ ਉਹ ਫ਼ੌਤ ਹੋ ਗਏ ਅਤੇ ਮੇਰਾ ਖਿਆਲ ਹੈ ਕਿ ਇਹ ਉਨਾਂ ਦੀ ਆਖ਼ਰੀ ਇੰਟਰਵਿਊ ਸੀ।

2008 ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨਾਂ ਲਈ ਆਏ ਬਾਬਾ ਮਰਦਾਨਾ ਦੇ ਵੰਸ਼ਜ ਭਾਈ ਗੁਲਾਮ ਮੁਹੰਮਦ। ‘ਐਨਕ



ਵਾਲਾ ਉਨਾਂ ਦਾ ਭਤੀਜਾ ਅਮਜਦ ਏ : ਵੱਡੇ ਭਾਈ ਕਾਲੇ ਚੰਦ ਦਾ ਬੇਟਾ।... ਕੇਸਰੀ ਸਾਫ਼ੇ ਵਾਲਾ ਨਦੀਮ ਉਨਾਂ ਦਾ ਭਾਣਜ-ਜਵਾਈ ਏ।’ (ਅ.ਚੰਦਨ/ ਤਸਵੀਰ: ਸੁਮੀਤਾ ਦੀਦੀ)

ਗ਼ੁਲਾਮ ਹੁਸੈਨ ਬਾਰੇ ਮੈਂ ਪਿਛਲੇ ਕੁਝ ਸਾਲਾਂ ਤੋਂ ਖੋਜ ਕਰ ਰਿਹਾ ਸੀ ਤੇ ਇਹ ਸੁਣ ਰੱਖਿਆ ਸੀ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਸਾਥੀ ਮੁਸਲਿਮ ਰਬਾਬੀ ਭਾਈ ਮਰਦਾਨੇ ਦੇ ਵੰਸ਼ਜ ਹਨ। ਸਿੱਖ ਧਰਮ ਦੇ ਵਿਗਾਸ ਵਿਚ ਭਾਈ ਮਰਦਾਨੇ ਦੀ ਅਹਿਮ ਭੂਮਿਕਾ ਰਹੀ। ਉਹ ਨਾ ਸਿਰਫ਼ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਵੇਲੇ ਉਨਾਂ ਦੇ ਸੰਗ ਚੱਲਦੇ ਸਨ ਸਗੋਂ ਗੁਰੂ ਸਾਹਿਬ ਜਿੱਥੇ ਵੀ ਕਿਤੇ ਸਤਿਸੰਗ ਕਰਦੇ ਜਾਂ ਰੱਬੀ ਬਾਣੀ ਗਾਉਂਦੇ ਤਾਂ ਉਹ ਉਨਾਂ ਨਾਲ ਰਬਾਬ ਵਜਾਇਆ ਕਰਦੇ ਸਨ। ਉਦੋਂ ਤੋਂ ਹੀ ਗੁਰਦੁਆਰਿਆਂ ਅੰਦਰ ਕੀਰਤਨ ਸਮੇਂ ਰਬਾਬ ਦੀ ਜ਼ਿੰਮੇਵਾਰੀ ਮੁਸਲਮਾਨ ਰਬਾਬੀਆਂ ਨੂੰ ਦਿੱਤੀ ਜਾਂਦੀ ਰਹੀ ਸੀ। ... ਤੇ ਫਿਰ ਦੇਸ਼ ਦੀ ਵੰਡ ਵੇਲੇ ਇਹ ਰਵਾਇਤ ਯਕਦਮ ਬੰਦ ਹੋ ਗਈ।

## ਕੀਰਤਨ ਤੋਂ ਕੱਵਾਲੀ

ਗ਼ੁਲਾਮ ਹੁਸੈਨ ਨੇ ਚੇਤੇ ਕਰਦਿਆਂ ਦੱਸਿਆ, ‘ਉਸ ਵੰਡ ਵੇਲੇ ਹਰ ਕਿਸੇ ਨੂੰ ਆਪੋ ਆਪਣੀ ਪਈ ਹੋਈ ਸੀ। ਸਾਨੂੰ ਮੁਸਲਮਾਨ ਹੋਣ ਕਰਕੇ ਉੱਧਰੋਂ ਆਉਣਾ ਪੈਣਾ ਸੀ। ਉਦੋਂ ਸਾਡੀ ਮੁਸਲਿਮ ਪਛਾਣ ਹੀ ਸਭ ਕੁਝ ਸੀ ਤੇ ਉਹੀ ਇਕਮਾਤਰ ਪਛਾਣ ਬਣ ਕੇ ਰਹਿ ਗਈ। ਦਰਅਸਲ, ਦੰਗਿਆਂ ’ਚ ਸਾਡੇ ਕੁਝ ਰਬਾਬੀਆਂ ਨੂੰ ਜਾਨਾਂ ਵੀ ਗੁਆਉਣੀਆਂ ਪਈਆਂ। ਮੇਰੇ ਸਹੁਰਾ ਸਾਹਿਬ ਭਾਈ ਮੋਤੀ ਉਨਾਂ ’ਚੋਂ ਇਕ ਸਨ। ਉਹ ਪਟਿਆਲੇ ਦੇ ਗੁਰਦੁਆਰੇ ਵਿਚ ਰਬਾਬ ਵਜਾਇਆ ਕਰਦੇ ਸਨ। ਇਕ ਹੋਰ ਰਬਾਬੀ ਗੋਇੰਦਵਾਲ ਸਾਹਿਬ ਦੇ ਗੁਰੂਘਰ ਵਿਚ ਰਬਾਬ ਵਜਾਉਂਦੇ ਹੁੰਦੇ ਸਨ ਜਿਨਾਂ ਨੂੰ ਕਤਲ ਕੀਤਾ ਗਿਆ ਸੀ।’

ਉਨਾਂ ਅੱਗੇ ਦੱਸਿਆ, ‘ਮੇਰੇ ਚਾਚਾ ਭਾਈ ਚੰਦ ਦਰਬਾਰ ਸਾਹਿਬ ਵਿਖੇ ਰਬਾਬ ਵਜਾਉਂਦੇ ਸਨ। ਅੰਮ੍ਰਿਤਸਰ ਵਿਚ ਉਨਾਂ ਦੇ ਤਿੰਨ-ਤਿੰਨ ਮੰਜ਼ਿਲੇ ਤਿੰਨ ਘਰ ਸਨ। ਉਹ ਉਸ ਸਮੇਂ ਕਰੋੜਾਂ ਦੇ ਮਾਲਕ ਸਨ। ਉਹ ‘ਭਾਈਆਂ ਦੀ ਗਲੀ’ ਵਿਚ ਰਹਿੰਦੇ ਸਨ **ਬਾਕੀ ਸਫ਼ਾ 30 ’ਤੇ**

## ਇਤਿਹਾਸ ਬਾਰੇ ਜਾਣਕਾਰੀ

**ਲੜੀ ਨੰਬਰ-2**



**ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ**

**ਇਤਿਹਾਸ ਲੜੀ ਨੰਬਰ - 5**

1. ਪੰਜਾਬ ਕਦੋਂ ਹੋਂਦ ਵਿਚ ਆਇਆ ਸੀ?
ਉੱਤਰ : 1 ਨਵੰਬਰ 1966 ਨੂੰ
2. ਆਦਿ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਿਸ ਨੇ ਕੀਤਾ ਸੀ?
ਉੱਤਰ : ਗੁਰੂ ਅਰਜਨ ਦੇਵ ਜੀ ਨੇ
3. ਆਦਿ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਦੋਂ ਕੀਤਾ ਗਿਆ ਸੀ?
ਉੱਤਰ-1604 ਈ: ਵਿਚ
4. ਸਿੱਖਾਂ ਦੇ ਦਸਵੇਂ ਗੁਰੂ ਕੌਣ ਹੈ?
ਉੱਤਰ : ਗੁਰੂ ਗੋਬਿੰਦ ਸਿੰਘ ਜੀ
5. ਮਹਾਰਾਜਾ ਰਣਜੀਤ ਸਿੰਘ ਦਾ ਅਸਲੀ ਨਾਂ ਕੀ ਸੀ?
ਉੱਤਰ : ਬੁੱਧ ਸਿੰਘ
6. ਗੁਰੂ ਤੇਗ ਬਹਾਦੁਰ ਜੀ ਦੇ ਬਚਪਨ ਦਾ ਨਾਂ ਕੀ ਸੀ?
ਉੱਤਰ : ਤਿਆਗ ਮੱਲ
7. ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ ਸੀ?
ਉੱਤਰ : 13, ਨਵੰਬਰ 1780
8. ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਜਿੱਤ ਕਦੋ ਪ੍ਰਾਪਤ ਕੀਤੀ ਸੀ?
ਉੱਤਰ : 1799 ਈ. ਵਿਚ
9. ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਕਦੋਂ ਮਿਲਾਇਆ ਗਿਆ ਸੀ?
ਉੱਤਰ : 1849 ਵਿੱਚ
10. ਬਾਬਾ ਬੰਦਾ ਸਿੰਘ ਬਹਾਦਰ ਦਾ ਪਹਿਲਾ ਨਾਂ ਕੀ ਸੀ?
ਉੱਤਰ : ਲਛਮਣ ਦਾਸ
11. ਜ਼ਫ਼ਰਨਾਮੇ ਦਾ ਅਰਥ ਕੀ ਹੈ?
ਉੱਤਰ : ਜਿੱਤ ਦੀ ਚਿੱਠੀ
12. ਮਹਾਰਾਜਾ ਰਣਜੀਤ ਸਿੰਘ ਦੀ ਮੌਤ ਕਦੋਂ ਹੋਈ ਸੀ?
ਉੱਤਰ : 1839 ਵਿੱਚ
13. ਪੰਜਾਬ ਦਾ ਮੁੱਖ ਦਰਿਆ ਕਿਹੜਾ ਹੈ?
ਉੱਤਰ : ਸਤਲੁਜ
14. ਮੁਕਤਸਰ ਦਾ ਪਹਿਲਾ ਨਾਂ ਕੀ ਸੀ?
ਉੱਤਰ : ਖਿਦਰਾਣਾ
15. ਹਿੰਦ ਦੀ ਚਾਦਰ ਕਿਸ ਨੂੰ ਕਹਿੰਦੇ ਹਨ?
ਉੱਤਰ : ਗੁਰੂ ਤੇਗ ਬਹਾਦੁਰ ਜੀ ਨੂੰ
16. ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਂ ਕੀ ਸੀ?
ਉੱਤਰ : ਭਾਈ ਲਹਿਣਾ ਜੀ
17. ਗੁਰੂ ਰਾਮਦਾਸ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ?
ਉੱਤਰ : ਚੌਥੇ ਗੁਰੂ ਸਨ
18. ਗੁਰੂ ਰਾਮਦਾਸ ਜੀ ਦਾ ਮੁੱਢਲਾ ਨਾਂ ਕੀ ਸੀ?
ਉੱਤਰ : ਭਾਈ ਜੇਠਾ ਜੀ
19. ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਹੋਇਆ ਸੀ?
ਉੱਤਰ : 22 ਦਸੰਬਰ, 1666 ਨੂੰ ਪਟਨਾ ਸ਼ਹਿਰ ਵਿੱਚ
20. ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਤੇ ਮਾਤਾ ਦਾ ਕੀ ਨਾਮ ਸੀ?
ਉੱਤਰ : ਪਿਤਾ ਦਾ ਨਾਮ ਗੁਰੂ ਤੇਗ ਬਹਾਦੁਰ ਜੀ ਤੇ ਮਾਤਾ ਦਾ ਨਾਮ ਮਾਤਾ ਗੁਜਰੀ ਜੀ
21. ਫੈਜ਼ਲਪੁਰੀਆ ਮਿਸਲ ਦਾ ਨੇਤਾ ਕੌਣ ਸੀ?
ਉੱਤਰ : ਨਵਾਬ ਕਪੂਰ ਸਿੰਘ

# ਬੋਲੇ ਸੋ ਨਿਹਾਲ



**ਹੰਸਰਾਜ ਰਹਿਬਰ**

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ : 27**



**ਅਨੁਵਾਦ : ਮਹਿੰਦਰ ਬੇਦੀ, ਜੈਤੋ**
**9417730600**

ਅਹਿਮਦ ਸ਼ਾਹ ਅਬਦਾਲੀ ਨੂੰ ਪੰਜਾਬ ਦੀਆਂ ਖ਼ਬਰਾਂ ਮਿਲੀਆਂ ਤਾਂ ਉਸਨੇ ਹਿੰਦੁਸਤਾਨ ਉੱਤੇ ਸਤਵੇਂ ਹਮਲੇ ਦੀ ਤਿਆਰੀ ਸ਼ੁਰੂ ਕਰ ਦਿੱਤੀ। ਉਸਨੇ ਕਲਾਤ ਦੇ ਮੀਰ ਨਸੀਰ ਖ਼ਾਂ ਨੂੰ ਲਿਖਿਆ ਕਿ ਉਹ ਮੱਕੇ ਹੱਜ ਲਈ ਜਾਣ ਦੀ ਬਜਾਏ ਉਸਦੇ ਨਾਲ ਸਿੱਖਾਂ ਵਿਰੁੱਧ ਜਿਹਾਦ ਵਿਚ ਸ਼ਾਮਲ ਹੋਵੇ। ਡੇਰਾ ਇਸਮਾਈਲ ਖ਼ਾਂ ਤੇ ਡੇਰਾ ਗਾਜੀ ਖ਼ਾਂ ਉੱਤੇ ਸਿੱਖਾਂ ਦਾ ਕਬਜਾ ਹੋ ਜਾਣ ਕਾਰਨ ਮੀਰ ਨਸੀਰ ਨੂੰ ਆਪਣੇ ਇਲਾਕੇ ਦੀ ਫ਼ਿਕਰ ਲੱਗੀ ਹੋਈ ਸੀ। ਅਬਦਾਲੀ ਆਪਣੀ ਅਠਾਰਾਂ ਹਜ਼ਾਰ ਅਫ਼ਗਾਨ ਫੌਜ ਲੈ ਕੇ ਈਮਾਨਾਬਾਦ ਪਹੁੰਚ ਗਿਆ ਸੀ। ਮੀਰ ਨਸੀਰ ਖ਼ਾਂ ਵੀ ਆਪਣੀ 12000 ਬਲੋਚ ਸੈਨਾ ਲੈ ਕੇ ਉਸ ਨਾਲ ਆ ਰਲਿਆ।

ਗੰਜਾਬੇ ਦਾ ਕਾਜੀ ਨੂਰ ਮੁਹੰਮਦ ਵੀ ਬਲੋਚ ਸੈਨਾ ਨਾਲ ਆ ਮਿਲਿਆ ਤੇ ਉਸਨੇ ਨਸੀਰ ਖ਼ਾਂ ਨੂੰ ਕਿਹਾ, 'ਮੈਂ ਵੀ ਇਸ ਜਿਹਾਦ ਵਿਚ ਤੁਹਾਡੇ ਨਾਲ ਚੱਲਾਂਗਾ।ਉੱਥੋਂ ਵਾਪਸ ਆਉਣ ਪਿੱਛੋਂ ਜੇ ਅਬਦਾਲੀ ਤੁਹਾਨੂੰ ਡੇਰਿਆਂ ਤੇ ਸ਼ਿਕਾਰ ਪੁਰ ਦਾ ਇਲਾਕਾ ਬਖ਼ਸ਼ ਦਏ ਤਾਂ ਮੈਨੂੰ ਇਨਾਂ 'ਚੋਂ ਕਿਸੇ ਇਕ ਦਾ ਕਾਜੀ ਬਣਾ ਦੇਣਾ। ਮੈਂ ਇਸ ਜੰਗ ਦਾ ਪੂਰਾ ਹਾਲ ਲਿਖ ਕੇ ਤੁਹਾਡੀ ਖ਼ਿਦਮਤ ਵਿਚ ਪੇਸ਼ ਕਰਾਂਗਾ।'

ਨਸੀਰ ਖ਼ਾਂ ਨੇ ਇਹ ਗੱਲ ਮੰਨ ਲਈ। ਕਾਜੀ ਨੂਰ ਮੁਹੰਮਦ ਨੇ ਜੋ ਕੁਝ ਆਪਣੀ ਅੱਖੀਂ ਦੇਖਿਆ, ਉਸਨੂੰ ਫਾਰਸੀ ਕਵਿਤਾ ਵਿਚ ਲਿਖਿਆ ਤੇ ਆਪਣੀ ਕਿਤਾਬ ਦਾ ਨਾਂ 'ਜੰਗਨਾਮਾ' ਰੱਖਿਆ।

ਅਫ਼ਗਾਨ ਅਤੇ ਬਲੋਚ ਸੈਨਾ ਬਿਨਾਂ ਕਿਸੇ ਵਿਰੋਧ ਦੇ ਲਾਹੌਰ ਪਹੁੰਚ ਗਈ। ਅਬਦਾਲੀ ਨੇ ਰਾਏ ਮਸ਼ਵਰੇ ਲਈ ਯੁੱਧ ਪਰੀਸ਼ਦ ਦੀ ਬੈਠਕ ਬੁਲਾਈ। ਜਦੋਂ ਸਾਰੇ ਸਰਦਾਰ ਇਕੱਠੇ ਹੋ ਗਏ ਤਾਂ ਉਸਨੇ ਕਿਹਾ, 'ਸਿੱਖ ਤਾਂ ਕਿਧਰੇ ਨਜ਼ਰ ਹੀ ਨਹੀਂ ਆ ਰਹੇ, ਕੀ ਕਰੀਏ, ਕਿਸ ਨਾਲ ਲੜੀਏ ?'

ਉਦੋਂ ਹੀ ਹਰਾਵਲ ਦਸਤੇ ਦਾ ਇਕ ਤੇਜ਼ ਰਫ਼ਤਾਰ ਘੋੜ ਸਵਾਰ ਹੌਂਕਦਾ ਹੋਇਆ ਆਇਆ। ਉਸਨੇ ਖ਼ਬਰ ਦਿੱਤੀ ਕਿ ਸਿੱਖਾਂ ਦੇ ਇਕ ਲਸ਼ਕਰ ਨੇ ਦੁਰਾਨੀ ਫੌਜ ਉੱਤੇ ਹਮਲਾ ਕਰ ਦਿੱਤਾ ਹੈ। ਹਰਾਵਲ ਦਸਤੇ ਦਾ ਬੁਰਾ ਹਾਲ ਹੈ। ਜੇ ਜਲਦੀ ਮਦਦ ਨਾ ਭੇਜੀ ਗਈ ਤਾਂ ਪੂਰਾ ਦਸਤੇ ਦਾ ਸਫਾਇਆ ਹੋ ਜਾਏਗਾ।

ਜਦੋਂ ਅਬਦਾਲੀ ਦੇ ਪਹੁੰਚਣ ਦਾ ਸਮਾਚਾਰ ਮਿਲਿਆ, ਚੜਤ ਸਿੰਘ ਸ਼ੁਕਰਚਕੀਆ ਸਿਆਲਕੋਟ ਵਿਚ ਸੀ। ਉੱਥੇ ਰੁਕਣ ਦੇ ਬਜਾਏ ਉਹ ਝਟਪਟ ਲਾਹੌਰ ਵੱਲ ਤੁਰ ਪਿਆ। ਜਿਸ ਸਿੱਖ ਦਸਤੇ ਨੇ ਬਲੋਚਾਂ ਤੇ ਅਫ਼ਗਾਨਾ ਦੇ ਹਰਾਵਲ ਦਸਤੇ ਉੱਤੇ ਅਚਾਨਕ ਧਾਵਾ ਬੋਲਿਆ ਸੀ ਉਸਦਾ ਨੇਤਾ ਚੜਤ ਸਿੰਘ ਹੀ ਸੀ। ਦੁਸ਼ਮਣ ਹਰਾਵਲ ਦਸਤੇ ਦੀ ਕਮਾਂਡ ਗਹਿਰਾਮ ਖ਼ਾਂ ਮਗਸੀ ਤੇ ਅਹਿਮਦ ਖ਼ਾਂ ਬਲੀਦ ਦੇ ਹੱਥ ਸੀ। ਚੜਤ ਸਿੰਘ ਦਾ ਹਮਲਾ ਏਨਾ ਤੇਜ਼ ਤੇ ਧਾਕੜ ਸੀ ਕਿ ਅਹਿਮਦ ਖ਼ਾਂ ਤੇ ਉਸਦਾ ਬੇਟਾ ਪਹਿਲੀ ਝੜਪ ਵਿਚ ਹੀ ਮਾਰਿਆ ਗਿਆ। ਮੀਰ ਅਬਦੁਲ ਨਬੀ ਤੇ ਮੀਰ ਨਸੀਰ ਖਾਂ ਹਰਾਵਲ ਦਸਤੇ ਦੀ ਮਦਦ ਲਈ ਪਹੁੰਚੇ ਘਮਸਾਨ ਦੀ ਲੜਾਈ ਹੋਈ, ਨਸੀਰ ਖ਼ਾਂ ਦਾ ਘੋੜਾ ਮਰ ਗਿਆ। ਜੇ ਉਸਦਾ ਬੰਦੂਕਚੀ ਨੌਕਰ ਹਮਲਾ ਕਰਨ ਵਾਲੇ ਉੱਤੇ ਗੋਲੀ ਨਾ ਦਾਗ ਦੇਂਦਾ ਤਾਂ ਮੀਰ ਦਾ ਕੰਮ ਵੀ ਤਮਾਮ ਹੋ ਜਾਣਾ ਸੀ। ਰਾਤ ਹੋਣ ਤਕ ਘਮਾਸਾਨ ਦੀ ਲੜਾਈ ਹੁੰਦੀ ਰਹੀ, ਜਿਹੜੀ ਗੂੜਾ ਹਨੇਰਾ ਉਤਰ ਆਉਣ ਪਿੱਛੋਂ ਬੰਦ ਹੋਈ।

ਆਪਣੇ ਲੰਮੇ ਅਨੁਭਵ ਵਿਚੋਂ ਖਾਲਸੇ ਨੇ ਲੜਨ ਦੇ ਨਵੇਂ-ਨਵੇਂ ਢੰਗ-ਤਰੀਕੇ ਕੱਢ ਲਏ ਸਨ। ਇਨਾਂ ਤਰੀਕਿਆਂ ਤੇ ਆਪਣੇ ਪਰਬਲ ਹੌਸਲੇ ਸਦਕਾ ਉਹ ਜਬਰਦਸਤ ਦੁਸ਼ਮਣ ਉੱਤੇ ਵੀ ਭਾਰੂ ਹੋ ਨਿਬੜਦੇ ਸਨ। ਇਸ ਲੜਾਈ ਵਿਚ ਉਨਾਂ ਦਾ ਢੰਗ ਇਹ ਸੀ ਕਿ ਪਹਿਲਾਂ ਇਕ ਜੱਥਾ, ਕੁਝ ਦੂਰੀ ਤੋਂ, ਨਿਸ਼ਾਨੇ ਉੱਤੇ ਗੋਲੀਆਂ ਦੀ ਵਾਛੜ ਕਰ ਦਿੰਦਾ ਸੀ ਤੇ ਫੇਰ ਦੁਬਾਰਾ ਬੰਦੂਕਾਂ ਭਰਨ ਲਈ ਪਿੱਛੇ ਹਟ ਜਾਂਦਾ ਸੀ। ਉਸ ਪਿੱਛੋਂ ਦੂਜਾ ਜੱਥਾ ਦੂਜੇ ਪਾਸਿਓਂ ਗੋਲੀਆਂ ਦਾ ਮੀਂਹ ਵਰ੍ਹਾ ਦਿੰਦਾ ਸੀ। ਇੰਜ ਤਿੰਨ ਚਾਰ ਜੱਥੇ ਚਾਰੇ ਪਸਿਓਂ ਗੋਲੀਆਂ ਦੀ ਵਰਖਾ ਕਰਦੇ ਰਹਿੰਦੇ ਤੇ ਦੁਸ਼ਮਣ ਦੇ ਨੱਕ ਵਿਚ ਦਮ ਕਰੀ ਰੱਖਦੇ। ਉਹ ਕਿਸੇ ਪਾਸੇ ਮੂੰਹ ਨਹੀਂ ਮੋੜ ਸਕਦਾ ਸੀ। ਇੰਜ ਸਿੱਖ ਜੱਥੇ ਆਪ ਤਾਂ ਆਰਾਮ ਕਰ ਲੈਂਦੇ ਪਰ ਦੁਸ਼ਮਣ ਨੂੰ ਚੈਨ ਨਹੀਂ ਸਨ ਲੈਣ ਦਿੰਦੇ।

ਨਸੀਰ ਖ਼ਾਂ ਜਦੋਂ ਵਾਪਸ ਆਇਆ ਤਾਂ ਅਬਦਾਲੀ ਨੇ ਉਸਨੂੰ ਬਹਾਦਰੀ ਲਈ ਵਧਾਈ ਦਿੱਤੀ ਤੇ ਕਿਹਾ, 'ਸਿੱਖਾਂ ਵਿਰੁੱਧ ਏਨੀ ਤੇਜ਼ੀ ਵਿਖਾ ਕੇ ਫੇਰ ਕਦੀ ਆਪਣੀ ਜਾਨ ਨੂੰ ਖ਼ਤਰੇ ਵਿਚ ਨਾ ਪਾਉਣਾ।'

ਚੜਤ ਸਿੰਘ ਦੁਸ਼ਮਣਾ ਨੂੰ ਆਪਣੇ ਹੱਥ ਵਿਖਾ ਕੇ ਪਿੱਛੇ ਹਟਿਆ ਤੇ ਘਾਤ ਲਾ ਕੇ ਕਿਸੇ ਹੋਰ ਮੌਕੇ ਦੀ ਤਾੜ ਵਿਚ ਬੈਠ ਗਿਆ।

ਅਹਿਮਦ ਸ਼ਾਹ ਨੂੰ ਕਿਸੇ ਨੇ ਖ਼ਬਰ ਦਿੱਤੀ ਕਿ ਸਿੱਖ ਅੰਮ੍ਰਿਤਸਰ ਵੱਲ ਚਲੇ ਗਏ ਹਨ। ਉਹ ਉਧਰ ਤੁਰ ਪਿਆ। ਕਦੀ ਉਹ 150 ਕੋਹ ਦਾ ਇਹ ਸਫ਼ਰ ਕਰਕੇ 36 ਘੰਟਿਆਂ ਵਿਚ ਕੂਪ ਜਾ ਪਹੁੰਚਿਆ ਸੀ ਤੇ ਕਿੱਥੇ ਹੁਣ ਲਾਹੌਰ ਤੋਂ ਅੰਮ੍ਰਿਤਸਰ ਪਹੁੰਚਣ ਵਿਚ ਤਿੰਨ ਦਿਨ ਤੇ ਤਿੰਨ ਰਾਤਾਂ ਲੱਗ ਗਈਆਂ ਸਨ। ਕਾਰਨ ਇਹ ਸੀ ਕਿ ਰਸਤੇ ਵਿਚ ਸਿੱਖ ਗੁਰੀਲਿਆਂ ਨਾਲ ਝੜਪਾਂ ਹੁੰਦੀਆਂ ਰਹੀਆਂ ਸਨ। ਪਹਿਲੀ ਦਸੰਬਰ ਨੂੰ ਜਦੋਂ ਅਹਿਮਦ ਸ਼ਾਹ ਦਰਬਾਰ ਸਾਹਬ ਪਹੁੰਚਿਆ ਤਾਂ ਉਸਨੂੰ ਉੱਥੇ ਕੋਈ ਸਿੱਖ ਦਿਖਾਈ ਨਹੀਂ ਦਿੱਤਾ। ਪਰ ਜਦੋਂ ਅਹਿਮਦ ਸ਼ਾਹ ਵਿਸ਼ਾਲ ਪਰਿਕਰਮਾ ਵਿਚ ਗਿਆ ਤਾਂ ਤੀਹ ਸਿੱਖ ਬੁਰਜਾਂ ਵਿਚੋਂ ਨਿਕਲੇ ਤੇ ਉਸ ਅਫ਼ਗਾਨੀ ਬਲੋਚੀ ਸੈਨਾ ਉੱਤੇ ਟੁੱਟ ਪਏ, ਜਿਹਨਾਂ ਦੀ ਗਿਣਤੀ ਤੀਹ ਹਜ਼ਾਰ ਸੀ। ਉਹ ਉੱਥੇ ਸ਼ਹੀਦ ਹੋ ਜਾਣ ਦੇ ਨਿਹਚੇ ਨਾਲ ਹੀ ਰੁਕੇ ਹੋਏ ਸਨ। ਉਨਾਂ ਨੂੰ ਨਾ ਕਤਲ ਹੋ ਜਾਣ ਦਾ ਡਰ ਸੀ ਤੇ ਨਾ ਹੀ ਮੌਤ ਦਾ ਕੋਈ ਭੈ। ਉਹ 'ਜੋ ਲੜੇ ਦੀਨ ਕੇ ਹੇਤੁ, ਸੂਰਾ ਸੋਈ' ਅਲਾਪਦੇ ਹੋਏ ਦੁਸ਼ਮਣਾਂ ਨਾਲ ਟਕਰਾ ਗਏ ਤੇ ਤੀਹ ਦੇ ਤੀਹ ਲੜਦੇ ਹੋਏ ਸ਼ਹੀਦ ਹੋ ਗਏ। ਸਿੱਖਾਂ ਦੇ ਧਰਮ ਯੁੱਧ ਦੇ ਸਾਹਮਣੇ ਗਾਜ਼ੀਆਂ ਦਾ ਧਰਮ ਯੁੱਧ ਫਿੱਕਾ ਪੈ ਗਿਆ।

ਅਬਦਾਲੀ ਨੇ ਏਧਰ ਉਧਰ ਹੋਰ ਸਿੱਖਾਂ ਦੀ ਭਾਲ ਕੀਤੀ ਪਰ ਉਹ ਕਿਧਰੇ ਨਜ਼ਰ ਨਹੀਂ ਆਏ, ਇਸ ਲਈ ਉਹ ਲਾਹੌਰ ਪਰਤ ਆਇਆ। ਇਕ ਵਾਰੀ ਫੇਰ ਯੁੱਧ ਪਰੀਸ਼ਦ ਦੀ ਬੈਠਕ ਬੁਲਾਈ ਗਈ ਤੇ ਉਸਨੇ ਆਪਣੇ ਸਰਦਾਰਾਂ ਨੂੰ ਪੁੱਛਿਆ, 'ਸਿੱਖ ਖੁੱਲੀ ਲੜਾਈ ਵਿਚ ਤਾਂ ਸਾਹਮਣੇ ਆਉਂਦੇ ਨਹੀਂ, ਸਿਰਫ ਝਪਟਾਂ ਮਾਰਦੇ ਨੇ। ਇਨਾਂ ਦਾ ਕੀ ਕੀਤਾ ਜਾਏ ?'

'ਹਜ਼ੂਰ,' ਨਸੀਰ ਖ਼ਾਂ ਨੇ ਕਿਹਾ,'ਅਸੀਂ ਨਜੀਬ ਖ਼ਾਂ ਦੀ ਮਦਦ ਕਰਨੀ ਏਂ। ਉਹ ਦਿੱਲੀ ਵਿਚ ਘਿਰਿਆ ਹੋਇਆ ਏ। ਸਰਹਿੰਦ ਚੱਲ ਕੇ ਉੱਥੋਂ ਦੇ ਹਾਲਾਤਾਂ ਦਾ ਪਤਾ ਲਈਏ...ਜਿਹੋ ਜਿਹੀ ਖ਼ਬਰ ਮਿਲੇਗੀ, ਉਸੇ ਅਨੁਸਾਰ ਅੱਗੋਂ ਦਾ ਫੈਸਲਾ ਲਿਆ ਜਾਏ।'

ਇਹ ਗੱਲ ਅਬਦਾਲੀ ਦੇ ਮਨ ਵੀ ਲੱਗੀ। ਪਰ ਸਿੱਧਾ ਸਰਹਿੰਦ ਜਾਣ ਦੀ ਬਜਾਏ ਉਹ ਬਟਾਲੇ ਪਹੁੰਚਿਆ ਤੇ ਪੂਰੇ ਇਲਾਕੇ ਵਿਚ ਲੁੱਟ ਮਚਾ ਦਿੱਤੀ। ਗੰਨਾ, ਗੁੜ, ਗਊਮਾਸ ਤੇ ਤਿਲ... ਸਰਦਾਰਾਂ, ਸਿਪਾਹੀਆਂ ਤੇ ਨੌਕਰਾਂ ਚਾਕਰਾਂ ਨੇ ਏਨੇ ਖਾਧੇ ਕਿ ਸਭ ਦੇ ਨੱਕ ਮੁੜ ਗਏ। ਬਲੋਚਾਂ ਤੇ ਦੁਰਾਨੀਆਂ ਨੇ ਇਸ ਇਲਾਕੇ ਨੂੰ ਏਦਾਂ ਲੁੱਟਿਆ ਕਿ ਇਸ ਕਹਾਵਤ ਦਾ ਜਨਮ ਹੋਇਆ :-

'ਖਾਧਾ ਪੀਤਾ ਲਾਹੇ ਦਾ,
ਰਹਿੰਦਾ ਅਹਿਮਦ ਸ਼ਾਹੇ ਦਾ।'

ਉੱਥੋਂ ਅਬਦਾਲੀ ਬਿਆਸ ਪਾਰ ਕਰਕੇ ਹੁਸ਼ਿਆਰਪੁਰ ਜ਼ਿਲੇ ਵਿਚ ਦਾਖਲ ਹੋਇਆ। ਇੱਥੇ ਸਿੱਖਾਂ ਨੇ ਇਕ ਝਪਟਾ ਮਾਰਿਆ ਤੇ ਜਹਾਨ ਖ਼ਾਂ ਦਾ ਪਿੱਛਾ ਪਾਣੀ ਤੱਕ ਕਰਕੇ ਫੇਰ ਜਾ ਛੁਪੇ। ਸਤਲੁਜ ਪਾਰ ਕਰ ਲੈਣ ਪਿੱਛੋਂ ਖਾਲਸੇ ਨੇ ਦੁਰਾਨੀ ਨੂੰ ਏਨਾ ਪ੍ਰੇਸ਼ਾਨ ਕੀਤਾ ਕਿ ਉਸਦੀ ਸਰਹਿੰਦ ਜਾਣ ਦੀ ਹਿੰਮਤ ਨਹੀਂ ਹੋਈ। ਉਹ ਸਿੱਧਾ ਕੁੰਜਪੁਰ ਵੱਲ ਹੋ ਲਿਆ ਤਾਂ ਕਿ ਉੱਥੇ ਪਹੁੰਚ ਕੇ ਨਜੀਬ ਖ਼ਾਂ ਦੀ ਮਦਦ ਕਰਨ ਦਾ ਕੋਈ ਉਪਾਅ ਸੋਚ ਸਕੇ।

ਅਬਦਾਲੀ ਫਰਬਰੀ 1765 ਦੇ ਅੰਤ ਵਿਚ ਕੁੰਜਪੁਰ ਪਹੁੰਚਿਆ। ਪਤਾ ਲੱਗਿਆ ਕਿ ਜਵਾਹਰ ਸਿੰਘ ਤੇ ਨਜੀਬ ਖਾਂ ਵਿਚਕਾਰ ਸਮਝੌਤਾ ਹੋ ਗਿਆ ਹੈ ਤੇ ਦਿੱਲੀ ਦੀ ਘੇਰਾਬੰਦੀ ਹਟ ਗਈ ਹੈ। ਇਸ ਲਈ ਨਜੀਬ ਖਾਂ ਨੂੰ ਮਦਦ ਦੀ ਹੁਣ ਲੋੜ ਨਹੀਂ ਰਹੀ ਸੀ। ਉਹ ਤਿੰਨ ਚਾਰ ਦਿਨ ਕੁੰਜਪੁਰ ਵਿਚ ਰੁਕੇ ਤੇ ਇਸ ਗੱਲ ਉੱਤੇ ਵਿਚਾਰ ਚਰਚਾ ਹੁੰਦੀ ਰਹੀ ਕਿ ਅਗਾਂਹ ਵਧਿਆ ਜਾਏ ਕਿ ਵਾਪਸ ਚੱਲਿਆ ਜਾਏ।

ਨਸੀਰ ਖ਼ਾਂ ਨੇ ਸੁਝਾਅ ਰੱਖਿਆ, 'ਹਜ਼ੂਰ, ਤੁਸੀਂ ਦਿੱਲੀ ਚਲੋ। ਗਰਮੀ ਤੇ ਬਰਸਾਤ ਉੱਥੇ ਲੰਘਾਓ। ਉਸ ਪਿੱਛੋਂ ਨਜੀਬ ਖ਼ਾਂ, ਮੁਗਲ ਬਾਦਸ਼ਾਹ, ਸ਼ਾਹ ਸ਼ੁਜਾਅ, ਫਰੁਖ਼ਾਬਾਦ ਦੇ ਰੁਹੇਲੇ, ਜਾਟਾਂ ਤੇ ਮਰਾਠਿਆਂ ਦੀ ਫੌਜ ਨਾਲ ਲੈ ਕੇ ਸਿੱਖਾਂ ਉਪਰ ਚੜਾਈ ਕਰ ਦੇਣਾ ਤੇ ਉਨਾਂ ਨੂੰ ਕੁਚਲ ਸੁੱਟਣਾ।' ਨਸੀਰ ਖ਼ਾਂ ਨੇ ਦੰਦ ਪੀਹ ਕੇ ਸਿੱਖਾਂ ਵਿਰੁੱਧ ਆਪਣੀ ਕੁਸੈਲ ਦਰਸਾਈ।

ਪਰ ਅਫ਼ਗਾਨ ਸਰਦਾਰ ਨਸੀਰ ਖ਼ਾਂ ਦੇ ਇਸ ਮਤ ਨਾਲ ਸਹਿਮਤ ਨਹੀਂ ਸਨ। ਉਨਾਂ ਨੂੰ ਹਿੰਦੁਸਤਾਨ ਦੀ ਗਰਮੀ ਤੇ ਬਰਸਾਤ ਦਾ ਕੌੜਾ ਤਜ਼ਰਬਾ ਸੀ। ਇਸ ਦੇ ਇਲਾਵਾ ਸਿੱਖਾਂ ਨਾਲ ਟੱਕਰ ਲੈਂਦਿਆਂ ਦੇ ਨਾਸੀਂ ਧੂੰਆਂ ਆ ਚੁੱਕਿਆ ਸੀ। ਉਨਾਂ ਦੇ ਬੁਲਾਰੇ ਜਹਾਨ ਖ਼ਾਂ ਨੇ ਕਿਹਾ, 'ਬਾਦਸ਼ਾਹ ਸਲਾਮਤ, ਗਰਮੀ ਸਿਰ 'ਤੇ ਆ ਗਈ ਏ, ਇਸ ਲਈ ਪਰਤ ਜਾਣਾ ਹੀ ਬਿਹਤਰ ਏ। ਤਿਆਰੀ ਕਰਕੇ ਅਗਲੇ ਸਾਲ ਫੇਰ ਆਵਾਂਗੇ।'

ਅਹਿਮਦ ਸ਼ਾਹ ਇਕ ਸੁਲਝਿਆ ਹੋਇਆ, ਸ਼ਾਂਤ ਸੁਭਾਅ ਵਿਅਕਤੀ ਸੀ। ਉਹ ਦੂਰ ਤਕ ਸੋਚਦਾ ਸੀ, ਭਾਵੁਕਤਾ ਤੇ ਜਲਦਬਾਜੀ ਨੂੰ ਨੇੜੇ ਨਹੀਂ ਸੀ ਫਟਕਣ ਦਿੰਦਾ। ਸਿੱਖਾਂ ਨੂੰ ਉਹ ਉਦੋਂ ਦਾ ਜਾਣਦਾ ਸੀ, ਜਦੋਂ ਉਹ ਨਾਦਿਰ ਸ਼ਾਹ ਨਾਲ ਹਿੰਦੁਸਤਾਨ ਆਇਆ ਸੀ। ਉਸਨੂੰ ਜ਼ਕਰੀਆ ਖ਼ਾਂ ਨੂੰ ਆਖੀ, ਨਾਦਿਰ ਸ਼ਾਹ ਦੀ ਉਹ ਗੱਲ ਚੇਤੇ ਸੀ ਕਿ ਹਕੂਮਤ ਇਹ ਲੰਮੇ ਲੰਮੇ ਵਾਲਾਂ ਵਾਲੇ ਬਾਗ਼ੀ ਕਰਨਗੇ, ਜਿਨਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ 'ਤੇ ਨੇ। ਪੰਜਾਬ ਵਿਚ ਹੁਣ ਸੱਚਮੁੱਚ ਹੀ ਇਨਾਂ ਬਾਗ਼ੀਆਂ ਦੀ ਹਕੂਮਤ ਸੀ। ਉਨਾਂ ਨੇ ਅਬਦਾਲੀ ਦੀ ਬਿਸਾਤ ਪਲਟ ਕੇ ਰੱਖ ਦਿੱਤੀ ਸੀ ਤੇ ਏਸ ਬਿਸਾਤ ਉੱਤੇ ਬਿਠਾਏ ਹਰੇਕ ਮੋਹਰੇ ਨੂੰ ਇਕ ਇਕ ਕਰਕੇ ਕੁੱਟਿਆ ਤੇ ਪੁੱਟ ਸੁੱਟਿਆ ਸੀ। ਇਸ ਪਲਟੀ ਹੋਈ ਬਿਸਾਤ ਨੂੰ ਮੁੜ ਸਿੱਧਾ ਕਰਨਾ ਏਨੀ ਆਸਾਨ ਗੱਲ ਨਹੀਂ ਸੀ ਜਿੰਨੀ ਨਸੀਰ ਖ਼ਾਂ ਸਮਝ ਰਿਹਾ ਸੀ।

ਉਸਨੇ ਜਹਾਨ ਖ਼ਾਂ ਨਾਲ ਸਹਿਮਤੀ ਰਲਾਈ ਤੇ ਘਰ ਜਾਣ ਲਈ ਵਾਪਸ ਪਰਤ ਪਿਆ। ਚੁੱਪਚਾਪ ਰੋਪੜ ਨੇੜਿਓਂ ਸਤਲੁਜ ਪਾਰ ਕੀਤਾ ਤੇ ਖਾਲਸੇ ਨੂੰ ਪਤਾ ਲੱਗਣ ਤੋਂ ਪਹਿਲਾਂ ਹੀ ਬਹੀਰ ਵੀ ਪਾਰ ਲੰਘਾ ਲਈ। ਹੁਣ ਉਹ ਦੁਆਬੇ ਵਿਚ ਸੀ। ਰਾਤ ਨਦੀ ਦੇ ਇਸ ਪਾਰ ਬਿਤਾਈ। ਅਗਲੀ ਸਵੇਰ ਅਜੇ ਉਹ ਥੋੜੀ ਦੂਰ ਹੀ ਗਏ ਸਨ ਕਿ ਖਾਲਸੇ ਨੇ ਅੱਗਾ ਵਲ ਲਿਆ ਤੇ ਲੜਨ ਲਈ ਆ ਲਲਕਾਰਿਆ।

ਅਹਿਮਦ ਸ਼ਾਹ ਨੂੰ ਪਤਾ ਲੱਗਿਆ ਤਾਂ ਉਹ ਲੋਹਾ ਲਾਖਾ ਹੋ ਗਿਆ, 'ਹੈਂ, ਇਨਾਂ ਸਿੱਖਾਂ ਦੀ ਇਹ ਮਜ਼ਾਲ। ਦੁਨੀਆਂ ਕੀ ਕਹੇਗੀ ਕਿ ਮੇਰੇ ਹੁੰਦਿਆਂ ਮੇਰੇ ਲਸ਼ਕਰ ਉੱਤੇ ਜਗਾ ਜਗਾ ਹਮਲੇ ਹੁੰਦੇ ਰਹੇ'। ਫੌਜ ਨੂੰ ਹੁਕਮ ਦਿੱਤਾ, 'ਗਾਜੀਓ, ਕਰ ਦਿਓ ਚੜਾਈ, ਇਹਨਾਂ ਲਾਹਨਤੀ ਕਾਫ਼ਿਰਾਂ ਉਪਰ। ਇਹ ਦੀਨ ਦੀ ਲੜਾਈ ਏ।' ਉਸਨੇ ਆਪਣੇ ਵੱਡੇ ਵਜ਼ੀਰ ਸ਼ਾਹ ਵਲੀ ਖ਼ਾਂ, ਜਹਾਨ ਖ਼ਾਂ, ਅਜ਼ਲ ਖ਼ਾਂ, ਸ਼ਾਹ ਪਸੰਦ ਖ਼ਾਂ ਤੇ ਹੋਰ ਪ੍ਰਮੁੱਖ ਸਰਦਾਰਾਂ ਨੂੰ ਸੱਜੇ ਹੱਥ ਦੀ ਕਮਾਨ ਸੌਂਪੀ ਤੇ ਮੀਰ ਨਸੀਰ ਖ਼ਾਂ ਬਲੋਚੀ ਨੂੰ ਆਪਣੇ ਖੱਬੇ ਹੱਥ ਰੱਖਿਆ।

ਉਧਰ ਖਾਲਸਾ ਫੌਜ ਦਾ ਆਗੂ, ਪੰਥ ਦਾ 'ਪਾਦਸ਼ਾ' ਜੱਸਾ ਸਿੰਘ ਆਹਲੂਵਾਲੀਆ ਸੀ। ਉਹ ਵਿਚਕਾਰ ਸੀ ਤੇ ਉਸਦੇ ਨਾਲ ਜੱਸਾ ਸਿੰਘ ਰਾਮਗੜੀਆ ਜਚਿਆ ਹੋਇਆ ਸੀ। ਸੱਜੇ ਹੱਥ ਚੜਤ ਸਿੰਘ ਸੀ ਤੇ ਉਸਦੇ ਨਾਲ ਝੰਡਾ ਸਿੰਘ, ਲਹਿਣਾ ਸਿੰਘ ਤੇ ਜੈ ਸਿੰਘ ਸਨ। ਇਨਾਂ ਦੇ ਮੁਕਾਬਲੇ ਉਧਰ ਨਸੀਰ ਖ਼ਾਂ ਸੀ। ਖੱਬੇ ਪਾਸੇ ਹਰੀ ਸਿੰਘ, ਰਾਮਦਾਸ, ਗੁਲਾਬ ਸਿੰਘ ਤੇ ਗੁਜਰ ਸਿੰਘ ਸਨ। ਇਹਨਾਂ ਦੇ ਸਾਹਮਣੇ ਵਲੀ ਖ਼ਾਂ, ਜਹਾਨ ਖ਼ਾਂ ਆਦੀ ਸਨ।

ਲੜਾਈ ਸ਼ੁਰੂ ਹੋਈ ਤਾਂ ਹਰੀ ਸਿੰਘ ਨੇ ਅਫ਼ਗਾਨਾ ਦੀ ਸੱਜੀ ਬਾਹੀ ਉਪਰ ਹਮਲਾ ਕਰਕੇ ਉਨਾਂ ਨੂੰ ਪਿੱਛੇ ਧਰੀਕ ਦਿੱਤਾ। ਜਦੋਂ ਦੇਖਿਆ ਕਿ ਸ਼ਾਹ ਵਲੀ ਖ਼ਾਂ ਤੇ ਜਹਾਨ ਖ਼ਾਂ ਤੋਂ ਸਿੱਖ ਰੋਕੇ ਨਹੀਂ ਜਾ ਰਹੇ ਤਾਂ ਅਬਦਾਲੀ ਨੇ ਨਸੀਰ ਖ਼ਾਂ ਨੂੰ ਕੋਲ ਬੁਲਾਅ ਕੇ ਕਿਹਾ, 'ਸਿੱਖਾਂ ਨੇ ਸਾਡੇ ਸੱਜੇ ਪਾਸੇ ਜ਼ੋਰ ਫੜ ਲਿਆ ਹੈ। ਇਸ ਪਾਸੇ ਦੇ ਗਾਜੀ ਸਿੱਖਾਂ ਦਾ ਪਿੱਛਾ ਕਰਦੇ ਹੋਏ ਅੱਗੇ ਨਿਕਲ ਗਏ ਨੇ। ਇਹ ਬਾਹੀ ਖ਼ਾਲੀ ਦੇਖ ਕੇ ਸਿੱਖ ਇਧਰ ਘੁਸ ਆਏ ਨੇ...ਤੁਸੀਂ ਦੇਖ ਰਹੇ ਓ, ਕਿੰਜ ਤਾਤਾਰੀ ਕਾਫ਼ਿਰਾਂ ਵਾਂਗ ਤੀਰਾਂ ਤੇ ਗੋਲੀਆਂ ਦਾ ਮੀਂਹ ਵਰਾਅ ਰਹੇ ਨੇ ? ਕਦੀ ਸੱਜੇ ਥਾਵਾ ਬੋਲਦੇ ਨੇ ਕਦੀ ਖੱਬੇ। ਮੈਂ ਤਾਂ ਇਨਾਂ ਦੀ ਦਲੇਰੀ ਦੇਖ ਕੇ ਦੰਗ ਰਹਿ ਗਿਆ। ਤੁਸੀਂ ਇਸ ਪਾਸੇ ਜਾ ਕੇ ਇਨਾਂ ਨੂੰ ਰੋਕੋ। ਪਰ ਸਿੱਖਾਂ ਨਾਲ ਜੰਗ ਵਿਚ ਜਲਦਬਾਜੀ ਤੋਂ ਕਤਈ ਕੰਮ ਨਾ ਲੈਣਾ। ਤੁਹਾਨੂੰ ਸੌਂਹ ਏ ਕਿ ਆਪਣਾ ਪੈਂਤਰਾ ਛੱਡ ਕੇ ਕਤਈ ਅੱਗੇ ਨਾ ਵਧਣਾ। ਦੁਸ਼ਮਣ ਦੇ ਪਿੱਛੇ ਨਹੀਂ ਜਾਣਾ, ਦੁਸ਼ਮਣ ਖ਼ੁਦ ਤੁਹਾਡੇ ਕੋਲ ਆਏਗਾ। ਇਹ ਦੁਸ਼ਮਣ ਬੜੇ ਨਿਡਰ ਨੇ ਤੇ ਜੰਗ ਦੇ ਮੈਦਾਨ ਵਿਚ ਅੱਗ ਵਾਂਗ ਭੜਕ ਉਠਦੇ ਨੇ। ਇਨਾਂ ਦੀ ਹੀ ਗੱਲ ਨਹੀਂ, ਇਨਾਂ ਦੇ ਪਿਓ-ਦਾਦੇ ਵੀ ਇਵੇਂ ਹੀ ਕਰਦੇ ਸਨ...ਛਾਲਾਂ ਮਾਰਦੇ ਹੋਏ ਯਕਦਮ ਮੈਦਾਨ ਵਿਚ ਕੁੱਦ ਪੈਂਦੇ ਤੇ ਦੁਸ਼ਮਣ ਦੀ ਫੌਜ ਉੱਤੇ ਟੁੱਟ ਪੈਂਦੇ...।'

ਇਸ ਨਸੀਹਤ ਦੇ ਬਾਵਜੂਦ ਜਦੋਂ ਸਿੱਖਾਂ ਨੇ ਜ਼ਰਾ ਪਿੱਛੇ ਹਟਣ ਦਾ ਬਹਾਨਾ ਕੀਤਾ, ਨਸੀਰ ਖ਼ਾਂ ਆਪਣੀ ਜਗਾ ਛੱਡ ਕੇ ਅੱਗੇ ਵਧ ਗਿਆ। ਸਿੱਖ ਪਲਟ ਕੇ ਖਾਲੀ ਜਗਾ ਉੱਤੇ ਆਣ ਕਾਬਜ ਹੋਏ। ਨਸੀਰ ਖ਼ਾਂ ਘੇਰੇ ਵਿਚ ਫਸ ਗਿਆ। ਉਹ ਅਹਿਮਦ ਸ਼ਾਹ ਨਾਲੋਂ ਬਿਲਕੁਲ ਕੱਟਿਆ ਗਿਆ। ਪਰ ਜਲਦੀ ਹੀ ਰਾਤ ਉਤਰ ਆਈ ਤੇ ਨਸੀਰ ਖ਼ਾਂ ਨੇ ਮੁਸ਼ਕਿਲ ਨਾਲ ਆਪਣੀ ਜਾਨ ਬਚਾਈ।

ਦੂਜੇ ਦਿਨ ਸੂਰਜ ਚੜਦਿਆਂ ਹੀ ਅਬਦਾਲੀ ਨੇ ਆਪਣੀ ਫੌਜ ਨੂੰ ਕੂਚ ਕਰਨ ਦਾ ਹੁਕਮ ਸੁਣਾ ਦਿੱਤਾ। ਪਰ ਉਹ ਅਜੇ ਦੋ ਤਿੰਨ ਕੋਹ ਹੀ ਗਏ ਸਨ ਕਿ ਖਾਲਸੇ ਨੇ ਅੱਗੇ ਆ ਕੇ ਖੱਬੇ ਪਾਸਿਓਂ ਹੱਲਾ ਬੋਲ ਦਿੱਤਾ। ਇਸ ਦਿਨ ਅਬਦਾਲੀ ਨੇ ਆਪਣੀ ਫੌਜ ਦੀ ਤਰਤੀਬ ਬਦਲੀ ਹੋਈ ਸੀ। ਖੱਬੇ ਵਾਲੇ ਸੱਜੇ ਤੇ ਸੱਜੇ ਵਾਲੇ ਖੱਬੇ ਚਲੇ ਗਏ ਸਨ। ਇੰਜ ਹੀ ਅੱਗੇ ਵਾਲੇ ਪਿੱਛੇ ਤੇ ਪਿੱਛੇ ਵਾਲੇ ਅੱਗੇ ਕਰ ਦਿੱਤੇ ਗਏ ਸਨ।

ਖਾਲਸੇ ਦੇ ਹਮਲਾ ਕਰਨ ਵਾਲੇ ਦਸਤੇ ਛਾਲਾਂ ਮਾਰਦੇ ਹੋਏ ਅੱਗੇ ਆਏ ਲੜਨਾ ਸ਼ੁਰੂ ਕਰ ਦਿੱਤਾ। ਅਬਦਾਲੀ ਦਾ ਅੱਗੇ ਵਧਣਾ ਰੁਕ ਗਿਆ। ਉਸਨੇ ਉੱਥੇ ਹੀ ਝੰਡੇ ਗੱਡ ਦਿੱਤੇ। ਅਹਿਮਦ ਸ਼ਾਹ ਨੇ ਫੌਜ ਦੇ ਚਾਰੇ ਪਾਸੇ ਘੁੰਮ ਘੁੰਮ ਕੇ ਹਰੇਕ ਨੂੰ ਹਦਾਇਤ ਕੀਤੀ ਕਿ 'ਜਿੱਥੇ ਹੋ, ਬਸ, ਉੱਥੇ ਹੀ ਡਟੇ ਰਹੋ; ਅੱਗੇ ਵਧ ਕੇ ਨਵੀਂ ਜਗਾ ਜਾਣ ਦੀ ਬਿਲਕੁਲ ਕੋਸ਼ਿਸ਼ ਨਹੀਂ ਕਰਨੀ।' ਉਸਨੇ ਨਸੀਰ ਕੋਲ ਜਾ ਕੇ ਕਿਹਾ ਕਿ 'ਬਲੋਚ ਫੌਜ ਮੇਰੀ ਸੱਜੀ ਬਾਂਹ ਹੈ। ਬਸ, ਇੰਜ ਹੀ ਕੋਹਕਾਫ਼ ਵਾਂਗ ਅਟੱਲ ਖੜੇ ਰਹੋ, ਮੇਰੇ ਹੁਕਮ ਦੇ ਬਗੈਰ ਇਕ ਕਦਮ ਵੀ ਅੱਗੇ ਨਹੀਂਓਂ ਵਧਣਾ।'

ਠੀਕ ਮੌਕਾ ਦੇਖ ਕੇ ਸ਼ਾਹ ਨੇ ਹਮਲਾ ਕਰਨ ਦਾ ਹੁਕਮ ਦਿੱਤਾ ਤੇ ਉਸਦੀ ਫੌਜ ਬੜੇ ਜੋਸ਼ ਨਾਲ ਅੱਗੇ ਵਧੀ। ਜਦੋਂ ਉਹ ਦੋ ਤਿੰਨ ਕੋਹ ਅੱਗੇ ਵਧੇ ਤਾਂ ਇਕ ਵੀ ਸਿੱਖ ਮੈਦਾਨ ਵਿਚ ਨਜ਼ਰ ਨਹੀਂ ਸੀ ਆਇਆ। ਇਸ ਲਈ ਗਾਜੀ ਵਾਪਸ ਪਰਤ ਪਏ। ਉਨਾਂ ਦੇ ਪਿੱਠ ਮੋੜਨ ਦੀ ਦੇਰ ਸੀ ਕਿ ਸਿੰਘ ਪਲਟ ਆਏ ਤੇ ਗਾਜੀਆਂ ਉੱਤੇ ਚਾਰੇ ਪਾਸਿਓਂ ਟੁੱਟ ਪਏ। ਅਹਿਮਦ ਸ਼ਾਹ ਇਕ ਵਾਰੀ ਫੇਰ ਆਪਣੀ ਫੌਜ ਦੇ ਇਰਦ ਗਿਰਦ ਘੁੰਮ ਘੁੰਮ ਕੇ ਥਾਵੇਂ ਡਟ ਜਾਣ ਦੀਆਂ ਹਦਾਇਤਾਂ ਕਰਦਾ ਨਜ਼ਰ ਆਇਆ,'ਆਪਣੀ ਜਗਾ ਖੜੇ ਰਹੋ, ਦੁਸ਼ਮਣ ਨੂੰ ਪਿੱਛੇ ਹਟਦਾ ਦੇਖ ਕੇ ਅੱਗੇ ਨਾ ਵਧੋ; ਅੱਗੇ ਵਧਣ ਵਿਚ ਖ਼ਤਰਾ ਹੈ।'

ਸ਼ਾਹ ਦਾ ਕਿਉਂਕਿ ਆਪਣੀ ਫੌਜ ਨੂੰ ਅੱਗੇ ਵਧਣ ਦਾ ਹੁਕਮ ਨਹੀਂ ਸੀ, ਇਸ ਲਈ ਹਮਲੇ ਸਿਰਫ ਸਿੱਖਾਂ ਨੇ ਕੀਤੇ। ਅਫ਼ਗਾਨ ਤੇ ਬਲੋਚ ਸਿਰਫ ਆਪਣਾ ਬਚਾ ਹੀ ਕਰਦੇ ਰਹੇ। ਲੜਾਈ ਸਾਰਾ ਦਿਨ ਇਸੇ ਤਰਾਂ ਚਲਦੀ ਰਹੀ। ਰਾਤ ਹੋਈ ਤਾਂ ਦੋਹੇਂ ਧਿਰਾਂ ਆਪੋ ਆਪਣੇ ਠਿਕਾਣਿਆਂ ਉੱਤੇ ਚਲੀਆਂ ਗਈਆਂ।

ਤੀਜੇ ਦਿਨ ਦੀ ਲੜਾਈ ਵੀ ਪਹਿਲੇ ਦੋ ਦਿਨਾਂ ਵਰਗੀ ਹੀ ਸੀ। ਅਫ਼ਗਾਨ ਤੇ ਬਲੋਚ ਸੂਰਜ ਨਿਕਦਿਆਂ ਹੀ ਘੋੜਿਆਂ ਉਪਰ ਸਵਾਰ ਹੋਏ ਤੇ ਅੱਗੇ ਵੱਲ ਕੂਚ ਕੀਤਾ। ਉਹ ਅਜੇ ਪੰਜ ਕੋਹ ਹੀ ਜਾ ਸਕੇ ਸਨ ਕਿ ਸਿੱਖਾਂ ਨੇ ਰਸਤਾ ਆਣ ਰੋਕਿਆ। ਨੂਰ ਮੁਹੰਮਦ ਦੇ ਸ਼ਬਦਾਂ ਵਿਚ, 'ਉਹ ਪਹਿਲੇ ਦੋ ਦਿਨਾਂ ਵਾਂਗ ਹੀ ਲੜੇ ਤੇ ਉਹੀ ਦਾਅ-ਪੇਚ ਵਰਤਦੇ ਰਹੇ। ਉਹ ਸ਼ੇਰਾਂ ਵਾਂਗ ਝਪਟਦੇ ਸਨ ਤੇ ਲੂੰਬੜਾਂ ਵਾਂਗ ਝੱਟ ਪਰਤ ਜਾਂਦੇ ਸਨ। ਉਹਨਾਂ ਨੂੰ ਭੱਜਦਿਆਂ ਨੂੰ ਵੀ ਸ਼ਰਮ ਨਹੀਂ ਸੀ ਆਉਂਦੀ, ਮੈਦਾਨ ਵਿਚ ਜੰਮ ਕੇ ਲੜਦੇ ਹੀ ਨਹੀਂ ਸਨ। ਜਰਾ ਫ਼ਾਸਲੇ ਤੋਂ ਗੋਲੀਆਂ ਦੀ ਵਾਛੜ ਕਰਦੇ, ਫੇਰ ਮੈਦਾਨ ਛੱਡ ਕੇ ਭੱਜ ਜਾਂਦੇ। ਉਨਾਂ ਕੰਬਖ਼ਤ ਕੁੱਤਿਆਂ ਨੇ ਈਮਾਨ ਦੇ ਰਾਖੇ ਸ਼ਾਹ ਦੀ ਫੌਜ ਦਾ ਪਿੱਛਾ ਕੀਤਾ, ਜਿਵੇਂ ਹੀ ਸ਼ਾਹ ਰੁਕਦਾ ਸੀ ਇਹ ਕਲਮੂੰਹੇ ਕੁੱਤੇ ਉਸ ਉੱਤੇ ਟੁੱਟ ਪੈਂਦੇ ਸਨ।'

ਚੌਥੇ ਦਿਨ ਦੀ ਲੜਾਈ ਕਪੂਰਥਲੇ ਦੇ ਨੇੜੇ ਹੋਈ। ਜਿਸ ਵਿਚ ਦੁਰਾਨੀ ਦੇ ਆਦਮੀਆਂ ਤੇ ਪਸ਼ੂਆਂ ਦਾ ਕਾਫੀ ਨੁਕਸਾਨ ਹੋਇਆ।

ਨੂਰ ਮੁਹੰਮਦ ਨੇ ਪੰਜਵੇਂ ਤੇ ਛੇਵੇਂ ਦਿਨ ਦੀ ਲੜਾਈ ਬਾਰੇ ਕੁਝ ਵੀ ਨਹੀਂ ਲਿਖਿਆ। ਪਰ ਸੱਤਵੇਂ ਦਿਨ ਦੀ ਲੜਾਈ ਦਾ ਵੇਰਵਾ ਇੰਜ ਹੈ, ਜਿਹੜੀ ਬਿਆਸ ਦੇ ਦੱਖਣ ਵਿਚ ਹੋਈ ਤੇ ਜਿਸ ਵਿਚ ਸਿੱਖਾਂ ਦੀ ਗਿਣਤੀ 30 ਹਜ਼ਾਰ ਸੀ। ਨੂਰ ਮੁਹੰਮਦ ਨੇ ਭਾਵੇਂ ਸਿੱਖਾਂ ਲਈ, 'ਕੰਬਖ਼ਤ ਕਾਫ਼ਿਰ', 'ਸੂਰ ਖਾਣੇ', 'ਕਲਮੂੰਹੇਂ ਕੁੱਤੇ' ਆਦੀ ਨਫ਼ਰਤ ਭਰੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਪਰ ਉਸਦੀ ਕਿਤਾਬ 'ਜੰਗਨਾਮਾ' ਵਿਚ ਹੀ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਉਹ ਆਪਣੇ ਇਹਨਾਂ ਸ਼ਬਦਾਂ ਦੀ ਵਰਤੋਂ ਉੱਤੇ ਆਪ ਵੀ ਸ਼ਰਮਿੰਦਾ ਹੈ ਤੇ ਖਾਲਸੇ ਦੀ ਬਹਾਦਰੀ ਦਾ ਕਇਲ ਵੀ।

'ਸਿੰਘ ਨੂੰ ਸੰਗ ਨਾ ਕਹੋ ਕਿਉਂਕਿ ਉਹ ਸ਼ੇਰ ਨੇ ਤੇ ਮਰਦਾਨਗੀ ਦੇ ਮੈਦਾਨ ਵਿਚ ਮਰਦਾਂ ਵਾਂਗ ਦਲੇਰ ਨੇ।'

'ਰਣ ਦਾ ਜਿਹੜਾ ਸੂਰਮਾ ਮੈਦਾਨ ਵਿਚ ਸ਼ੇਰ ਵਾਂਗ ਗਰਜਦਾ ਹੈ ਭਲਾ 'ਸੰਗ' ਕਿੰਜ ਹੋ ਸਕਦਾ ਹੈ ? ਜੇ ਤੁਹਾਨੂੰ ਲੜਾਈ ਦੇ ਪੈਂਤਰੇ ਸਿੱਖਣ ਦੀ ਇੱਛਾ ਹੈ ਤਾਂ ਆਓ ਰਣਭੂਮੀ ਵਿਚ ਇਨਾਂ ਦੇ ਸਾਹਮਣੇ ਖਲੋਵੋ।'

'ਉਹ ਜੰਗ ਦੇ ਤੁਹਾਨੂੰ ਉਹ ਪੈਂਤਰੇ ਦਿਖਾਉਣਗੇ ਕਿ ਸਾਰੇ ਵਾਹ ਵਾਹ ਕਰ ਉਠਣਗੇ।'

ਬਿਆਸ ਪਾਰ ਕਰ ਜਾਣ ਪਿੱਛੋਂ ਖਾਲਸੇ ਨੇ ਅਬਦਾਲੀ ਦਾ ਪਿੱਛਾ ਨਹੀਂ ਕੀਤਾ ਤੇ ਉਹ ਵੀ ਬਿਆਸ ਪਾਰ ਕਰਨ ਪਿੱਛੋਂ ਕਿਤੇ ਨਹੀਂ ਰੁਕਿਆ, ਛੇਤੀ ਤੋਂ ਛੇਤੀ ਅਫ਼ਗਾਨਿਸਤਾਨ ਪਹੁੰਚ ਗਿਆ।

ਪਾਨੀਪਤ ਦੇ ਵਿਜੇਤਾ ਅਹਿਮਦ ਸ਼ਾਹ ਨੂੰ ਖਾਲਸੇ ਨੇ ਅਜਿਹੀ ਕਰਾਰੀ ਹਾਰ ਦਿੱਤੀ ਕਿ ਉਸਦੀ ਦਸਾ 'ਘਰ ਕੇ ਬੁੱਧੂ ਲੌਟ ਕੇ ਆਏ' ਵਾਲੀ ਕਰ ਦਿੱਤੀ ਸੀ।

# ਨਸ਼ਿਆਂ ਦਾ ਵਹਿਣ ਰੋਕਣ ਦੀ ਲੋੜ



**ਕੁਲਮਿੰਦਰ ਕੌਰ**
**ਮੋਬਾਈਲ : 98156-52272**

ਕਈ ਸਾਲਾਂ ਤਕ ਪੰਜਾਬੀਆਂ ਨੇ ਪੰਜਾਬ ਸੰਤਾਪ ਭੋਗਿਆ ਹੈ। ਉਦੋਂ ਦਿਲ ਦਹਿਲਾ ਦੇਣ ਵਾਲੇ ਭਿਆਨਕ ਸਮੇਂ ਤੋਂ ਮੁਕਤ ਹੋਇਆ ਤਾਂ ਇਕ ਆਸ ਬੱਝੀ ਸੀ ਕਿ ਹੁਣ ਇਹ ਦਿਨ-ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰੇਗਾ। ਬਦਕਿਸਮਤੀ ਕਿ ਅਜਿਹਾ ਕੁਝ ਵੀ ਨਹੀਂ ਹੋਇਆ। ਪੰਜਾਬ ਦੀ ਜਵਾਨੀ ਦਾ ਕੁਝ ਹਿੱਸਾ ਉਸ ਸੰਤਾਪ ਨੇ ਨਿਗਲ ਲਿਆ, ਕੁਝ ਵਿਦੇਸ਼ਾਂ ਨੂੰ ਚਾਲੇ ਪਾ ਗਏ ਤੇ ਹੁਣ ਲਗਪਗ 70% ਨੌਜਵਾਨ ਨਸ਼ਿਆਂ ਦੀ ਝੁੱਲਦੀ ਹਨੇਰੀ ਦੀ ਲਪੇਟ 'ਚ ਹਨ। ਘੋਖਿਆ ਜਾਵੇ ਤਾਂ ਬਾਹਰ ਜਾਣ ਵਾਲੇ ਚੰਗੇ ਰਹੇ ਅਤੇ ਇਕ ਸੋਚ ਲੋਕਾਂ ਦੀ ਆਵਾਜ਼ ਵੀ ਬਣੀ...

ਜੇ ਸਾਂਭਦਾ ਵਲੈਤ ਨਾ ਪੰਜਾਬ ਨੂੰ,
ਕਿੱਥੋਂ ਬਣਨੇ ਸੀ ਰੰਗਲੇ ਚੁਬਾਰੇ।
ਲੱਖ ਲਾਹਨਤਾਂ ਤੇਰੇ 'ਤੇ ਸਰਕਾਰੇ...

ਪੰਜਾਬ ਵਿਚ ਨਸ਼ਿਆਂ ਦੀ ਦਲਦਲ ਵਿਚ ਫਸੇ ਨੌਜਵਾਨ ਸਭ ਕੁਝ ਗੁਆ ਕੇ ਉੱਜੜੇ ਪਰਿਵਾਰਾਂ ਦੀ ਤਬਾਹੀ ਦਾ ਮੰਜਰ ਵੇਖਦੇ ਹੋਏ ਮੌਤ ਦੀ ਬੁੱਕਲ ਵਿਚ ਸਮਾ ਰਹੇ ਹਨ। ਮੈਂ ਆਪਣੀ ਜ਼ਿੰਦਗੀ ਦੇ ਪਿਛਲੇ ਕਈ ਦਹਾਕਿਆਂ ਦੌਰਾਨ ਸਭ ਤੋਂ ਪਹਿਲਾਂ ਸ਼ਰਾਬ ਦੇ ਨਸ਼ੇ ਬਾਰੇ ਹੀ ਜਾਣਿਆ ਸੀ।ਫਿਰ ਭੰਗ, ਪੋਸਤ, ਤੰਬਾਕੂ ਆਦਿ ਵੱਖਰੇ ਕਿਸਮਾਂ ਦੇ ਨਸ਼ਿਆਂ ਦੀ ਆਮਦ ਹੋਈ। ਮਗਰੋਂ ਇਸ ਸੂਚੀ ਵਿਚ ਕਈ ਸਿੰਥੈਟਿਕ ਅਤੇ ਸਭ ਤੋਂ ਮਹਿੰਗਾ ਤੇ ਜਾਨਲੇਵਾ ਨਸ਼ਾ ਸਮੈਕ ਭਾਵ ਚਿੱਟਾ ਵੀ ਆਣ ਜੁੜਿਆ ਹੈ। ਨਸ਼ੇ ਦੀ ਸ਼ੁਰੂਆਤ ਜਾਣੇ-ਅਨਜਾਣੇ ਸ਼ਰਾਬ,-ਸਿਗਰਟ ਤੋਂ ਹੀ ਹੁੰਦੀ ਹੈ। ਜਦੋਂ ਸ਼ਰਾਬ ਦਾ ਨਸ਼ਾ ਮਨ-ਮਸਤਕ ਵਿਚ ਘਰ ਕਰ ਜਾਂਦਾ ਹੈ ਤਾਂ ਨਸ਼ਿਆਂ ਦੇ ਬਾਜ਼ਾਰ ਵਿਚ ਆਸਾਨੀ ਨਾਲ ਮਿਲਦੇ ਹੋਰ ਨਸ਼ਿਆਂ ਵੱਲ ਖਿੱਚੇ ਜਾਣਾ ਸੁਭਾਵਿਕ ਹੈ।

ਸਰਕਾਰਾਂ ਦਾ ਮੰਨਣਾ ਹੈ ਕਿ ਸ਼ਰਾਬ ਦੀ ਵੱਧ ਖਪਤ ਦੀ ਕਮਾਈ ਵਿਕਾਸ ਦੇ ਕੰਮਾਂ 'ਚ ਲੱਗਦੀ ਹੈ ਪਰ ਅਸੀਂ ਅਕਸਰ ਪੜਦੇ-ਸੁਣਦੇ ਤੇ ਵੇਖਦੇ ਹਾਂ ਕਿ ਕਿਵੇਂ ਨਸ਼ਿਆਂ ਦੀ ਜਿੱਲਣ ਵਿਚ ਫਸੇ ਲੋਕ ਨਰਕ ਭੋਗ ਰਹੇ ਹਨ। ਮੈਨੂੰ ਯਾਦ ਹੈ ਕਿ ਸਾਡੇ ਸੈਕਟਰ ਦੇ ਨਾਲ ਲੱਗਦੇ ਪਿੰਡ 'ਚ ਗਲੀ ਦੇ ਮੋੜ 'ਤੇ ਠੇਕਾ ਖੁੱਲਿਆ ਤਾਂ ਪਿੰਡ ਵਾਸੀਆਂ ਨੇ ਸੰਘਰਸ਼ ਦਾ ਬਿਗੁਲ ਵਜਾਇਆ। ਸਭ ਤੋਂ ਵੱਧ ਔਰਤਾਂ ਨੇ ਲਾਠੀਆਂ-ਸੋਟਿਆਂ ਨਾਲ ਅੱਗੇ ਆ ਕੇ ਭੰਨ-ਤੋੜ ਕੀਤੀ ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਕਿਉਂਕਿ ਸਭ ਤੋਂ ਵੱਧ ਸੰਤਾਪ ਤਾਂ ਔਰਤਾਂ ਹੀ ਭੋਗਦੀਆਂ ਹਨ।

ਉਨਾਂ ਦਾ ਕਹਿਣਾ ਸੀ ਕਿ ਅਸੀਂ ਨਸ਼ੇ ਛੁਡਾਉਣਾ ਚਾਹੁੰਦੇ ਹਾਂ ਪਰ ਜਦੋਂ ਨਸ਼ਾ ਖ਼ੁਦ ਘਰ ਦੇ ਨੇੜੇ ਆ ਜਾਵੇ ਤਾਂ ਇਹ ਕਿੱਥੋਂ ਸੁਧਰ ਜਾਣਗੇ। ਇਸ ਦਾ ਤਾਂ ਮੁਸ਼ਕ ਵੀ ਨਸ਼ਈ ਬੰਦੇ ਦਾ ਦਿਮਾਗ ਖ਼ਰਾਬ ਕਰ ਦਿੰਦੈ। ਮੇਰੀ ਨੌਕਰੀ ਵੇਲੇ ਜਿਸ ਚੌਂਕ ਤੋਂ ਮੈਂ ਬੱਸ ਫੜਨੀ ਹੁੰਦੀ ਸੀ, ਉੱਥੇ ਇਕ ਪਾਸੇ ਠੇਕਾ ਤੇ ਮਨਜ਼ੂਰਸ਼ੁਦਾ ਅਹਾਤਾ ਵੀ ਸੀ। ਸਵੇਰੇ ਉੱਥੇ ਖੜੇ ਹੋਣਾ ਤਾਂ ਕਈ ਵਾਰ ਦਿਲ ਬੜਾ ਪਸੀਜਦਾ ਜਦੋਂ ਕਿਤੇ ਵੇਖਣਾ ਕਿ ਕਈ ਨਸ਼ੇੜੀ ਰਾਤ ਦੀਆਂ ਸੁੱਟੀਆਂ ਹੋਈਆਂ ਬੋਤਲਾਂ ਵਿਚੋਂ ਬਚੀ-ਖੁਚੀ ਸ਼ਰਾਬ ਹਲਕ ਵਿਚ ਉਤਾਰ ਰਹੇ ਨੇ। ਸ਼ਰਾਬੀ ਸਾਰਾ ਦਿਨ ਅਹਾਤੇ ਵਿਚ ਮਹਿਫਲਾਂ ਸਜਾਈ ਬੈਠੇ ਹੁੰਦੇ। ਕਈ ਸੜਕਾਂ ਦੇ ਕੰਢੇ ਡਿੱਗੇ ਹੋਏ ਦਿਸਦੇ। ਸਮਝ ਨਾ ਆਉਂਦੀ ਕਿ ਸਰਕਾਰ ਨਸ਼ੇ ਰੋਕ ਰਹੀ ਹੈ ਜਾਂ ਇਨਾਂ ਮਹਿਫਲਾਂ ਤੇ ਬਹਾਰਾਂ ਦਾ ਆਨੰਦ ਮਾਣ ਰਹੀ ਹੈ ਜਦੋਂਕਿ ਇਸ ਦੇ ਅੰਜਾਮ ਤੇ ਘਟਨਾਵਾਂ ਤੋਂ ਵੀ ਬੇਖ਼ਬਰ ਨਹੀਂ ਹੈ। ਨਸ਼ਾ ਮਨੁੱਖ ਨੂੰ ਜਿਸਮਾਨੀ, ਰੂਹਾਨੀ, ਇਖ਼ਲਾਕੀ ਤੇ ਮਾਨਸਿਕ ਪੱਖੋਂ ਖੋਖਲਾ ਕਰ ਦਿੰਦਾ ਹੈ।

ਉਹ ਸਾਮਾਜਿਕ ਕੁਰੀਤੀਆਂ ਤੇ ਜ਼ਲਾਲਤ 'ਚ ਫਸਦਾ ਜਾਂਦਾ ਹੈ। ਅਜਿਹੇ ਵਿਚ ਮਾਂ, ਧੀ-ਭੈਣ ਦੇ ਰਿਸ਼ਤੇ ਅੱਜ ਬੇ-ਪਛਾਣ ਹੋ ਰਹੇ ਹਨ। ਸਰਕਾਰਾਂ ਖ਼ੁਦ ਹੀ ਸੋਚਣ ਕਿ ਇਹ ਕਿਸ ਤਰਾਂ ਦਾ ਵਿਕਾਸ ਹੈ। ਮੇਰੇ ਕਿਸੇ ਲੇਖ ਦੇ ਪ੍ਰਤੀਕਰਮ ਵਿਚ ਪਾਠਕ ਫੋਨ 'ਤੇ ਹੱਡ-ਬੀਤੀਆਂ ਸੁਣਾ ਕੇ ਨਸ਼ਿਆਂ ਬਾਰੇ ਲਿਖਣ ਨੂੰ ਕਹਿੰਦੇ ਹਨ। ਅਸੀਂ ਆਪਣੇ ਬੱਚਿਆਂ ਨੂੰ ਸਭ ਤੋਂ ਵੱਧ ਕਦਰਦਾਨ ਵਿਅਕਤੀਆਂ ਦੀ ਕਤਾਰ ਵਿਚ ਵੇਖਣਾ ਚਾਹੁੰਦੇ ਹਾਂ ਪਰ ਉਹ ਨਸ਼ਿਆਂ ਦੀ ਲਪੇਟ




ਵਿਚ ਪਤਾ ਨਹੀਂ ਕਿਹੜੇ ਨਿਵੇਕਲੇ ਰਾਹਾਂ 'ਤੇ ਤੁਰ ਪੈਂਦੇ ਹਨ। ਮਾਂ ਆਪਣੀ ਹੀ ਕੁੱਖ ਨੂੰ ਉਲਾਂਭੇ ਦਿੰਦੀ ਹੈ ਕਿ ਨਿੱਜ ਜੰਮਦਾ ਮੇਰੇ ਘਰ। ਨਸ਼ੇੜੀ ਮੁੰਡੇ ਦੀ ਮੌਤ ਤੋਂ ਬਾਅਦ ਮਾਂ ਵਿਰਲੇ ਕਰਦੀ ਆਖਦੀ ਹੈ, 'ਚੰਗਾ, ਰੱਬ ਨੇ ਪਰਦਾ ਪਾ 'ਤਾ। ਨਿੱਤ ਨਸ਼ਾ ਮੰਗਦਾ, ਹਾੜੇ ਕੱਢਦਾ ਤੇ ਜ਼ਲੀਲ ਹੁੰਦਾ ਵੀ ਜ਼ਰਿਆ ਨਹੀਂ ਸੀ ਜਾਂਦਾ।' ਮੇਰੇ ਪਿੱਛੋਂ ਤਾਂ ਗਲੀਆਂ 'ਚ ਰੁਲਦਾ ਫਿਰਦਾ। ਨਸ਼ੇੜੀ ਪੁੱਤ ਨੂੰ ਇਕ ਵਿਧਵਾ ਮਾਂ ਸੰਗਲਾਂ ਨਾਲ ਬੰਨਣ ਨੂੰ ਮਜਬੂਰ ਹੈ। ਅਸੀਂ ਦੁਨੀਆ ਦਾ ਸਭ ਤੋਂ ਜਵਾਨ ਮੁਲਕ ਹਾਂ, ਅਬਾਦੀ ਭਾਵੇਂ ਚੀਨ ਦੀ ਵੱਧ ਹੈ ਪਰ ਨੌਜਵਾਨ ਸਾਡੇ ਕੋਲ ਵੱਧ ਹਨ। ਅੱਜ ਨੌਜਵਾਨੀ ਨਸ਼ਿਆਂ ਦੀ ਜਿੱਲਣ 'ਚ ਫਸ ਕੇ ਬਰਬਾਦੀ ਦੀ ਕਗਾਰ 'ਤੇ ਖੜੀ ਹੈ ਜੋ ਦੇਸ਼ ਦਾ ਭਵਿੱਖ ਹੈ। ਯੋਧਿਆਂ ਦੇ ਵਾਰਿਸ ਅੱਜ ਆਪਣੇ ਪੈਰਾਂ 'ਤੇ ਖਲੋਣ ਜੋਗੇ ਵੀ ਨਹੀਂ। ਹਾਲਾਤ ਇਹ ਹਨ ਕਿ ਨੌਜਵਾਨ ਲੜਕੀਆਂ ਤੇ ਔਰਤਾਂ ਵੀ ਨਸ਼ਾ ਛੁਡਾਊ ਕੇਂਦਰਾਂ ਵਿਚ ਇਲਾਜ ਕਰਵਾ ਰਹੀਆਂ ਹਨ ਜੋ ਬਹੁਤ ਹੀ ਮੰਦਭਾਗੀ ਗੱਲ ਹੈ। ਘਰ-ਪਰਿਵਾਰ ਤੇ ਸਮਾਜ ਨੂੰ ਸੁਧਾਰਨ ਦਾ ਜਿੰਮਾ ਲੈਣ ਵਾਲੀ ਔਰਤ ਜਾਤੀ ਦੇ ਪੈਰ ਕਾਹਤੋਂ ਥਿੜਕ ਗਏ ? ਔਰਤਾਂ ਦਾ ਅਪਰਾਧ ਜਗਤ 'ਚ ਉਤਰਨਾ ਫ਼ਿਕਰਮੰਦ ਕਰਦਾ ਹੈ। ਇਸ ਨਸ਼ੇ ਦੇ ਵਹਿਣ ਦੇ ਡਰੋਂ ਹੀ ਮਾਪੇ ਮਹਿੰਗੇ ਕਰਜ਼ੇ ਚੁੱਕ ਕੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਮਜਬੂਰ ਹਨ। ਆਏ ਦਿਨ ਨਸ਼ਿਆਂ ਕਾਰਨ ਬਲਦੇ ਸਿਵਿਆਂ ਨੂੰ ਵੇਖਦੇ ਹੋਏ ਹੀ ਸਰਕਾਰ ਤੇ ਪ੍ਰਸ਼ਾਸਨ ਦੀ ਝਾਕ ਛੱਡਦਿਆਂ ਕੁਝ ਮਹੀਨੇ ਪਹਿਲਾਂ ਬਠਿੰਡਾ ਜ਼ਿਲੇ ਦੇ ਕਾਲਝਰਾਣੀ ਤੇ ਕੁਝ ਹੋਰ ਪਿੰਡਾਂ ਦੀਆਂ ਪੰਚਾਇਤਾਂ ਅਤੇ ਆਮ ਲੋਕਾਂ ਨੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਹੈ।

ਜੇਕਰ ਜਨਤਾ ਜਾਗਰੂਕ ਹੈ ਤਾਂ ਸਰਕਾਰ, ਪ੍ਰਸ਼ਾਸਨ ਤੇ ਪੁਲਿਸ ਦੀ ਪੂਰਨ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਮੁੱਦੇ ਨੂੰ ਲੈ ਕੇ ਗੰਭੀਰਤਾ ਨਾਲ ਵਿਚਾਰ ਕਰੇ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸ ਕੇ ਨਸ਼ੇ ਦੇ ਆਦੀ ਹੋ ਚੁੱਕੇ ਵਿਅਕਤੀਆਂ ਦਾ ਨਸ਼ਾ ਛੁਡਾਊ ਕੇਂਦਰਾਂ 'ਚ ਮੁਫ਼ਤ ਇਲਾਜ ਕਰਵਾ ਕੇ ਉਨਾਂ ਨੂੰ ਮੁੱਖ-ਧਾਰਾ ਵਿਚ ਸ਼ਾਮਲ ਹੋਣ ਯੋਗ ਬਣਾਏ। ਹਰ ਤਰਾਂ ਦੇ ਨਸ਼ੇ ਦੇ ਉਤਪਾਦਨ, ਵਿਕਰੀ 'ਤੇ ਪੂਰਨ ਪਾਬੰਦੀ/ਰੋਕ ਲਗਾਏ। ਸਰਕਾਰੀ ਕਮਾਈ ਦੇ ਸਾਧਨਾਂ ਦਾ ਬਦਲ ਲੱਭੇ ਜਾਂ ਹੋਰ ਧੰਦਿਆਂ ਨੂੰ ਪ੍ਰਫੁੱਲਿਤ ਕਰੇ।

ਝੂਠੇ ਵਾਅਦਿਆਂ-ਲਾਰਿਆਂ ਤੋਂ ਅੱਕੀ-ਥੱਕੀ ਜਨਤਾ, ਪੰਜਾਬ ਨੂੰ ਉੱਪਰ ਉੱਠਦਾ ਵੇਖਣ ਲਈ ਵੱਡੀ ਸਿਆਸੀ ਤਬਦੀਲੀ ਲਿਆਉਣ ਵਿਚ ਕਾਮਯਾਬ ਹੋ ਸਕੀ ਹੈ। ਇਸ ਤਬਦੀਲੀ ਦੀ ਫਿਜ਼ਾ ਵਿਚ ਵਧੀਆ ਕਾਰਗੁਜ਼ਾਰੀ ਦਾ ਇਤਿਹਾਸ ਵੀ ਇਸ ਪਾਰਟੀ ਨੂੰ ਸਿਰਜਣਾ ਹੋਵੇਗਾ। ਨਸ਼ੇ ਦੀ ਭੇਟ ਚੜੇ ਪੁੱਤਰ ਦੀ ਮੌਤ ਤੋਂ ਬਾਅਦ 'ਕਫਨ ਬੋਲ ਪਿਆ' ਸੰਸਥਾ ਬਣਾਉਣ ਵਾਲਾ ਮੁਖਤਿਆਰ ਸਿੰਘ ਕਈ ਸਾਲਾਂ ਤੋਂ ਨਸ਼ਾ ਖ਼ਤਮ ਹੋਣ ਦੀ ਉਡੀਕ ਕਰ ਰਿਹਾ ਹੈ। ਭਗਵੰਤ ਸਿੰਘ ਮਾਨ ਖ਼ੁਦ ਇਹ ਮਸਲਾ ਪਾਰਲੀਮੈਂਟ ਵਿਚ ਉਠਾ ਚੁੱਕੇ ਹਨ।

ਆਪ ਸਰਕਾਰ ਸੱਤਾ ਸੰਭਾਲਣ ਤੋਂ ਬਾਅਦ ਬਹੁਤ ਸਾਰੇ ਮਸਲੇ ਹੱਲ ਕਰਨ ਲਈ ਸਰਗਰਮੀ ਵਿਖਾ ਰਹੀ ਹੈ। ਪਰ ਨਸ਼ਿਆਂ ਦੇ ਮੁੱਦੇ ਜੋ ਪਹਿਲ ਦੇ ਆਧਾਰ 'ਤੇ ਵਿਚਾਰੇ ਜਾਣੇ ਚਾਹੀਦੇ ਹਨ, ਬਾਰੇ ਕੋਈ ਵਾਈ-ਧਾਈ ਨਹੀਂ। ਇਸ ਲਈ ਜਨਤਾ ਯਾਦ ਕਰਾ ਰਹੀ ਹੈ ਕਿ ਲੋਕ ਫ਼ਤਵੇ ਨਾਲ ਜਿੱਤ ਹਾਸਲ ਕਰ ਚੁੱਕੀ ਪਾਰਟੀ ਨੇ 'ਉੜਤਾ ਪੰਜਾਬ' ਦੀ ਥਾਂ ਉੱਠਦਾ ਪੰਜਾਬ ਬਣਾਉਣ ਦਾ ਦਾਅਵਾ ਵੀ ਕੀਤਾ ਸੀ। ਸਮੇਂ ਦੀ ਮੰਗ ਹੈ ਕਿ ਸਰਕਾਰ ਨਸ਼ੇ ਨੂੰ ਅਹਿਮ ਮੁੱਦਾ ਬਣਾ ਕੇ ਇਸ ਦਾ ਹਰ ਹੀਲੇ ਹੱਲ ਵੀ ਕਰੇ।

---

# ਸਤਿਕਾਰ ਤੋਂ ਸੱਖਣੇ ਰਿਸ਼ਤੇ



**ਹਰਕੀਰਤ ਕੌਰ**
**9779118066**

ਇਨਸਾਨ ਦੇ ਜਨਮ ਲੈਣ ਨਾਲ ਹੀ ਕਈ ਰਿਸ਼ਤੇ ਉਸਦੇ ਨਾਲ ਹੀ ਜਨਮ ਲੈ ਲੈਂਦੇ ਹਨ। ਇਨਾਂ ਰਿਸ਼ਤਿਆਂ ਕਰਕੇ ਹੀ ਦੁਨੀਆਂ ਹਸੀਨ ਹੈ ਤੇ ਇਨਾਂ ਰਿਸ਼ਤਿਆਂ ਦੇ ਕਰਕੇ ਹੀ ਮਨੁੱਖ ਸਾਰੇ ਕਾਰ ਵਿਹਾਰ ਦੇ ਚੱਕਰ ਵਿੱਚ ਰੁੱਝਿਆ ਰਹਿੰਦਾ ਹੈ। ਇਨਾਂ ਰਿਸ਼ਤਿਆਂ ਦੀ ਮੌਜੂਦਗੀ ਹੀ ਮਨੁੱਖ ਨੂੰ ਮਾਣ ਅਪਮਾਨ ਦਾ ਅਹਿਸਾਸ ਕਰਵਾਉਂਦੀ ਹੈ। ਇਨਾਂ ਸਾਰੇ ਨਾਤਿਆਂ ਕਰਕੇ ਹੀ ਮਨੁੱਖ ਕੋਸ਼ਿਸ਼ ਕਰਦਾ ਹੈ ਕਿ ਇੱਕ ਚੰਗਾ ਕਿਰਦਾਰ ਘੜ ਸਕੇ ਤਾਂ ਜੋ ਉਸਦੇ ਰਿਸ਼ਤੇ ਨਾਤਿਆਂ ਵਿੱਚ ਉਸਦੀ ਚੰਗੀ ਸ਼ੋਭਾ ਹੋ ਕੇ। ਇਹ ਰਿਸ਼ਤੇ ਹੀ ਤਾਂ ਹਨ ਜਿਹੜੇ ਦੁੱਖ ਵਿੱਚ ਸਹਿਕਦੇ ਦਿਲਾਂ ਨੂੰ ਧਰਵਾਸ ਦਿੰਦੇ ਹਨ ਤੇ ਖੁਸ਼ੀਆਂ ਵੇਲੇ ਦਿਲਾਂ ਨੂੰ ਖੇੜਾ ਤੇ ਸਕੂਨ ਦਿੰਦੇ ਹਨ। ਇਸ ਵਿੱਚ ਵੀ ਕੋਈ ਦੋ ਰਾਏ ਨਹੀਂ ਕਿ ਮਨੁੱਖ ਦੀ ਹੋਂਦ ਹੀ ਇਨਾਂ ਰਿਸ਼ਤਿਆਂ ਕਰਕੇ ਹੈ।

ਆਪਣੇ ਜੀਵਨ ਕਾਲ ਦੌਰਾਨ ਮਨੁੱਖ ਕਈ ਤਰਾਂ ਦੇ ਰਿਸ਼ਤਿਆਂ ਵਿੱਚ ਬੱਝਦਾ ਹੈ, ਜਿਨਾਂ ਵਿੱਚ ਖੂਨ ਦੇ ਰਿਸ਼ਤੇ ਜਿਵੇਂ ਕਿ ਮਾਂ ਬਾਪ, ਭੈਣ ਭਾਈ ਆਦਿ, ਪਰਿਵਾਰਕ ਰਿਸ਼ਤੇ ਜਿਵੇਂ ਕਿ ਤਾਏ-ਚਾਚੇ, ਮਾਮੇ-ਮਾਸੀਆਂ, ਭੂਆ-ਫੁੱਫੜ ਆਦਿ, ਕੁਝ ਰਿਸ਼ਤੇ ਭਾਵਨਾਤਮਕ ਰਿਸ਼ਤੇ ਹੁੰਦੇ ਹਨ, ਜਿੰਨਾ ਨਾਲ ਮਨੁੱਖ ਦੋਸਤਾਂ ਦੇ ਰੂਪ ਵਿੱਚ ਜੁੜਦਾ ਹੈ ਅਤੇ ਕੁਝ ਰਿਸ਼ਤੇ ਵਿਆਹ ਤੋਂ ਬਾਅਦ ਜੁੜਦੇ ਹਨ। ਇਨਾਂ ਸਾਰੇ ਰਿਸ਼ਤਿਆਂ ਦੀ ਸਾਡੀ ਜ਼ਿੰਦਗੀ ਵਿੱਚ ਆਪਣੀ ਆਪਣੀ ਖਾਸ ਜਗ਼ਾ ਹੈ, ਇਹ ਰਿਸ਼ਤੇ ਆਪਣੀ ਆਪਣੀ ਖਾਸ ਭੂਮਿਕਾ ਨਿਭਾਉਂਦੇ ਹਨ। ਕਿਸੇ ਰੁੱਖ ਦੇ ਵੱਧਣ ਫੁੱਲਣ ਲਈ ਜਿਵੇਂ ਉਸਨੂੰ ਲੋੜੀਂਦੇ ਪਾਣੀ, ਹਵਾ, ਰੌਸ਼ਨੀ ਤੇ ਸਾਂਭ ਸੰਭਾਲ ਦੀ ਜਰੂਰਤ ਹੁੰਦੀ ਹੈ, ਉਸੇ ਤਰਾਂ ਰਿਸ਼ਤਿਆਂ ਦੀਆਂ ਵੀ ਵੱਧਣ ਫੁੱਲਣ ਤੇ ਮਜ਼ਬੂਤੀ ਲਈ ਕੁਝ ਜਰੂਰਤਾਂ ਹੁੰਦੀਆਂ ਹਨ, ਜਿਨਾਂ ਵਿੱਚ ਰਿਸ਼ਤਿਆਂ ਵਿੱਚ ਇੱਕ ਦੂਸਰੇ ਦਾ ਸਤਿਕਾਰ, ਵਿਸ਼ਵਾਸ, ਪਿਆਰ, ਅਪਣੱਤਾਂ ਦੀਆਂ ਬੁਛਾੜਾਂ, ਸਹਿਕਦੇ ਦਿਲਾਂ ਨੂੰ ਧਰਵਾਸ ਦੇਣ ਲਈ ਆਪਣਿਆਂ ਦਾ ਹੌਂਸਲਾ, ਵਿਲਕਦੇ ਹਿਰਦਿਆਂ ਨੂੰ ਠਾਰਨ ਵਾਲੀ ਆਪਣਿਆਂ ਦੀ ਗਲਵੱਕੜੀ ਆਦਿ ਬਹੁਤ ਅਹਿਮ ਹਨ।

ਸਾਨੂੰ ਜੀਵਨ ਜਿਊਣ ਲਈ ਮਿਲਿਆ ਹੈ, ਪਰ ਅਕਸਰ ਦੇਖਣ ਨੂੰ ਮਿਲਦਾ ਹੈ ਕਿ ਸਭ ਭੌਤਿਕਵਾਦੀ ਸੁੱਖ ਅਰਾਮ ਹੋਣ ਦੇ ਬਾਵਜੂਦ ਵੀ ਚਿਹਰਿਆਂ ਤੋਂ ਰਵਾਨਗੀ ਨਹੀਂ ਹੁੰਦੀ, ਕਿਉਂਕਿ ਘਰਾਂ ਵਿੱਚ ਸੁੱਖ ਨਹੀਂ, ਆਪਣਿਆਂ ਦਾ ਪਿਆਰ ਨਹੀਂ, ਇੱਕ ਦੂਸਰੇ ਦਾ ਸਤਿਕਾਰ ਨਹੀਂ। ਜਿਸ ਕਾਰਣ ਲੋਕ ਜੀਵਨ ਨੂੰ ਬੋਝ ਸਮਝੀ ਬੈਠੇ ਹਨ। ਅਸਲ ਵਿੱਚ ਮੁੱਖ ਮੁੱਦਾ ਇਹ ਹੈ ਕਿ ਅਸੀਂ ਰਿਸ਼ਤਿਆਂ ਦਾ ਸਤਿਕਾਰ ਕਰਨਾ ਭੁੱਲ ਚੁੱਕੇ ਹਾਂ। ਰਿਸ਼ਤਾ ਕੋਈ ਵੀ ਹੋਵੇ ਉਸ ਵਿੱਚ ਸਤਿਕਾਰ ਹੋਣਾ ਬਹੁਤ ਜਰੂਰੀ ਹੈ, ਨਿੱਕਾ ਹੋਵੇ ਜਾਂ ਵੱਡਾ, ਹਰ ਇੱਕ ਦੀ ਹੋਂਦ ਦਾ ਸਤਿਕਾਰਿਆ ਜਾਣਾ ਅਹਿਮ ਹੈ। ਅੱਜ ਸਤਿਕਾਰਾਂ ਤੋਂ ਸੱਖਣੇ ਰਿਸ਼ਤੇ ਹੌਲੀ ਹੌਲੀ ਪਿਆਰਾਂ ਤੋਂ ਵੀ ਸੱਖਣੇ ਹੋਈ ਜਾ ਰਹੇ ਹਨ। ਰਿਸ਼ਤਿਆਂ ਦੀ ਕਦਰ ਘੱਟ ਰਹੀ ਹੈ, ਜਜ਼ਬਾਤਾਂ ਨਾਲ ਖਿਲਵਾੜ ਹੋ ਰਹੇ ਹਨ ਤੇ ਘਰ ਪਰਿਵਾਰ ਖੇਰੂੰ ਖੇਰੂੰ ਹੋ ਰਹੇ ਹਨ।

ਮੈਨੂੰ ਅੱਜ ਵੀ ਯਾਦ ਹੈ ਕਿ ਪਹਿਲੇ ਸਮਿਆਂ ਵਿੱਚ ਵਿਹੜੇ ਵਿੱਚ ਪਲੰਘ ਵਿਛਾਅ ਬੈਠੇ ਦਾਦੇ ਬਾਬਿਆਂ ਘਰ ਦੇ ਛੋਟੇ ਬੱਚਿਆਂ ਨੂੰ ਆਲੇ ਦੁਆਲੇ ਬਿਠਾ ਮਗਰ ਮਗਰ ਬੋਲਣ ਲਈ ਕਹਿਣਾ 'ਜੀ ਕਹੋ ਜੀ ਕਹਾਓ' ਵੱਡਿਆਂ ਦਾ ਸਤਿਕਾਰ ਕਰੋ ਛੋਟਿਆਂ ਨਾਲ ਪਿਆਰ ਕਰੋ' ਅਜਿਹੀਆਂ ਹੋਰ ਬਹੁਤ ਸਾਰੀਆਂ ਨਿੱਕੀਆਂ ਨਿੱਕੀਆਂ ਪਰ ਕੀਮਤੀ ਗੱਲਾਂ ਬਚਪਨ ਤੋਂ ਸਮਝਾਈਆਂ ਤੇ ਸਿਖਾਈਆਂ ਜਾਂਦੀਆਂ ਸਨ, ਪਰ ਹੁਣ ਨਾ ਤਾਂ ਉਹ ਵੇਲੇ ਹਨ ਅਤੇ ਨਾਂ ਹੀ ਕੋਈ ਦਾਦੇ ਬਾਬਿਆਂ ਕੋਲ ਬੈਠਣ ਲਈ ਰਾਜ਼ੀ ਹੈ।

ਬਹੁਤ ਸਾਰੇ ਰਿਸ਼ਤੇ ਇਸ ਲਈ ਬੇਸੁਰੇ ਹੋ ਜਾਂਦੇ ਹਨ, ਕਿਉਂਕਿ ਉਨਾਂ ਨੂੰ ਨਾ ਤਾਂ ਬਣਦਾ ਪਿਆਰ ਮਿਲਦਾ ਹੈ, ਨਾ ਸਤਿਕਾਰ ਅਤੇ ਨਾ ਹੀ ਸਮਾਂ ਜਿਸ ਕਾਰਨ ਹੌਲੀ ਹੌਲੀ ਰਿਸ਼ਤੇ ਮਿਠਾਸ ਹੀਣ ਹੋ ਜਾਂਦੇ ਹਨ ਅਤੇ ਲੋਕ ਸਿਰਫ਼ ਦੁਨੀਆਦਾਰੀ ਦੇ ਮੂੰਹ ਨੂੰ ਉਨਾਂ ਦਾ ਬੋਝ ਢੋਹਦੇਂ ਰਹਿੰਦੇ ਹਨ। ਬਹੁਤ ਸਾਰੇ ਜਗਾ ਤੇ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਕਈ ਲੋਕ ਬਾਹਰਲੇ ਜਾਂ ਅਣਜਾਣ ਲੋਕਾਂ ਨਾਲ ਬਹੁਤ ਖੁਸ਼ੀ ਖੁਸ਼ੀ ਜਾਂ ਸਤਿਕਾਰ ਨਾਲ ਪੇਸ਼ ਆਉਂਦੇ ਹਨ ਪਰ ਘਰ ਪਰਿਵਾਰ ਤੇ ਆਪਣਿਆਂ ਪ੍ਰਤੀ ਉਨਾਂ ਦਾ ਰਵੱਈਆ ਬਿਲਕੁੱਲ ਵੱਖਰਾ ਹੁੰਦਾ ਹੈ, ਜੋ ਅਕਸਰ ਪਰਿਵਾਰ ਵਿੱਚ ਵੱਡੀਆਂ ਤਰੇੜਾਂ ਪਾ ਜਾਂਦਾ ਹੈ।

ਹੁਣ ਸਵਾਲ ਇਹ ਹੈ ਕਿ ਰਿਸ਼ਤਿਆਂ ਵਿੱਚ ਤਾਜ਼ਗੀ ਕਿਵੇਂ ਬਰਕਰਾਰ ਰੱਖੀਏ। ਇੱਕ ਗੱਲ ਸਾਨੂੰ ਸਾਰਿਆਂ ਨੂੰ ਪੱਲੇ ਬੰਨ ਲੈਣੀ ਚਾਹੀਦੀ ਹੈ ਕਿ ਜਿੱਥੇ ਆਪਣਿਆਂ ਖੜ ਜਾਣਾ ਹੈ ਜਾਂ ਸਹਾਈ ਹੋਣਾ ਉੱਥੇ ਕੋਈ ਦੂਸਰਾ ਜਾਂ ਬੇਗਾਨਾ ਨਹੀਂ ਆ ਸਕਦਾ। ਇਸ ਲਈ ਸਭ ਤੋਂ ਪਹਿਲਾਂ ਜਰੂਰੀ ਹੈ ਕਿ ਆਪਣਿਆਂ ਦੀ ਅਹਿਮੀਅਤ ਨੂੰ ਸਮਝਣਾ, ਦੂਸਰਾ ਆਪਣਿਆਂ ਨੂੰ ਹਰ ਸਥਿਤੀ ਵਿੱਚ ਸਤਿਕਾਰ ਦੇਣਾ, ਉਨਾਂ ਦੀ ਹੋਂਦ ਦੇ ਅਹਿਮ ਨੂੰ ਸਮਝਣਾ, ਉਨਾਂ ਦੇ ਰਿਸ਼ਤੇ ਦੀ ਆਪਣੇ ਜੀਵਨ ਵਿੱਚ ਭੂਮਿਕਾ ਨੂੰ ਸਮਝਣਾ। ਇਸ ਤੋਂ ਇਲਾਵਾ ਆਪਣੇ ਨਾਲ ਜੁੜੇ ਹੋਏ ਰਿਸ਼ਤਿਆਂ ਦੀ ਸਿਫ਼ਤ ਕਰਨੀ, ਖਾਸ ਕਰ ਪਤੀ ਪਤਨੀ ਦੇ ਰਿਸ਼ਤੇ ਵਿੱਚ ਜੇਕਰ ਪਤੀ ਪਤਨੀ ਇੱਕ ਦੂਸਰੇ ਦੀ ਮੌਜੂਦਗੀ ਜਾਂ ਗੈਰਹਾਜ਼ਿਰੀ ਵਿੱਚ ਇੱਕ ਦੂਸਰੇ ਦੀ ਪ੍ਰਸੰਸਾ ਕਰਦੇ ਹਨ ਤਾਂ ਇਸ ਨਾਲ ਇੱਕ ਦੂਸਰੇ ਪ੍ਰੀ ਸਤਿਕਾਰ ਹੋਰ ਵੀ ਵੱਧਦਾ ਹੈ, ਇਹ ਨਿਯਮ ਮਾਪਿਆਂ ਅਤੇ ਬੱਚਿਆਂ ਤੇ ਵੀ ਲਾਗੂ ਹੁੰਦਾ ਹੈ। ਰਿਸ਼ਤਿਆਂ ਵਿੱਚ ਤਾਜ਼ਗੀ ਬਣਾਈ ਰੱਖਣ ਲਈ ਆਪਣਿਆਂ ਦੇ ਕੁਝ ਖਾਸ ਦਿਨ ਜਿਵੇਂ ਕਿ ਜਨਮ ਦਿਨ, ਵਿਆਹ ਦੀ ਵਰੇਗੰਢ ਆਦਿ ਯਾਦ ਰੱਖ ਕੇ ਉਨਾਂ ਨੂੰ ਛੋਟੇ ਜਿਹੇ ਰੂਪ ਵਿੱਚ ਮਨਾਇਆ ਜਾ ਸਕਦਾ ਹੈ, ਇਸ ਨਾਲ ਤੁਹਾਡੇ ਨਾਲ ਜੁੜੇ ਹੋਏ ਲੋਕ ਆਪਣੇ ਆਪ ਵਿੱਚ ਖਾਸ ਮਹਿਸੂਸ ਕਰਨਗੇ ਅਤੇ ਉਨਾਂ ਦੇ ਜੀਵਨ ਵਿੱਚ ਰੰਗ ਭਰੇ ਰਹਿਣਗੇ।

ਇਸ ਗੱਲ ਵਿੱਚ ਕੋਈ ਦੋ ਰਾਏ ਨਹੀਂ ਕਿ ਦੁਨੀਆਂ ਪਿਆਰ ਦੀ ਭੁੱਖੀ ਹੈ, ਜਾਨਵਰ ਹੋਵੇ ਜਾਂ ਮਨੁੱਖ ਹਰ ਇੱਕ ਪਿਆਰ ਦੀ ਤਾਂਘ ਰੱਖਦਾ ਹੈ ਕਿਉਂਕਿ ਪਿਆਰ ਤੇ ਸਤਿਕਾਰ ਹੀ ਤਾਂ ਹੈ ਜੋ ਰਿਸ਼ਤਿਆਂ ਨੂੰ ਸਦੀਵੀ ਜੋੜ ਕੇ ਰੱਖਦਾ ਹੈ। ਅੱਜ ਬਹੁਤਾਤ ਲੋਕਾਂ ਨੂੰ ਖਾਸਕਰ ਨੌਜਵਾਨ ਪੀੜੀ ਨੂੰ ਲੱਗਦਾ ਹੈ ਕਿ ਉਹਨਾਂ ਦੇ ਜੀਵਨ ਵਿੱਚ ਪਦਾਰਥਵਾਦੀ ਚੀਜ਼ਾਂ, ਸੁੱਖ ਅਰਾਮ ਹੀ ਸਕੂਨ ਦੇ ਸਕਦੇ ਹਨ ਜਦਕਿ ਅਜਿਹਾ ਬਿਲਕੁਲ ਨਹੀਂ ਹੈ, ਜੋ ਖੁਸ਼ੀ ਆਪਣਿਆਂ ਨੂੰ ਖੁਸ਼ ਦੇਖ ਕੇ ਮਿਲਦੀ ਹੈ ਉਸਦਾ ਕੋਈ ਮੇਲ ਨਹੀਂ।

ਰਿਸ਼ਤਿਆਂ ਦਾ ਆਦਰ ਬਹੁਤ ਜਰੂਰੀ ਹੈ, ਤੁਸੀਂ ਬਾਹਰ ਲੋਕਾਂ ਨਾਲ ਲੱਖ ਸਤਿਕਾਰ ਜਾਂ ਪਿਆਰ ਨਾਲ ਪੇਸ਼ ਆਉ ਪਰ ਜੇਕਰ ਤੁਹਾਡਾ ਵਤੀਰਾ ਘਰ, ਪਰਿਵਾਰ ਲਈ ਅਲੱਗ ਹੈ ਤਾਂ ਤੁਸੀਂ ਭੇਖੀ ਲੋਕਾਂ ਦੀ ਸ਼੍ਰੇਣੀ ਵਿੱਚ ਗਿਣੇ ਜਾਓਗੇ। ਹਰ ਰਿਸ਼ਤੇ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਫ਼ਰਜ਼ ਨੂੰ ਪਹਿਚਾਣੇ, ਰਿਸ਼ਤਿਆਂ ਦੀਆਂ ਮੋਹ ਦੀਆਂ ਤੰਦਾਂ ਨੂੰ ਮਜ਼ਬੂਤ ਰੱਖੇ, ਪਿਆਰ ਦੇ ਵਲੇਵੇਂ ਮਾਰ ਰਿਸ਼ਤਿਆਂ ਨੂੰ ਜਕੜ ਕੇ ਰੱਖੇ, ਅਪਣੱਤਾਂ ਦੇ ਛਿੱਟੇ ਪਾਉਂਦੀਆਂ ਗੱਲਾਂ ਨਾਲ ਆਪਣਿਆਂ ਦੇ ਕਾਲਜੇ ਠੰਡ ਪਾਵੇ। ਇਹ ਤਾਂ ਹੀ ਸੰਭਵ ਹੈ ਜੇ ਰਿਸ਼ਤਿਆਂ ਨੂੰ ਪਿਆਰਾਂ ਦਾ, ਸਤਿਕਾਰਾਂ ਦਾ, ਚਾਅਵਾਂ-ਮਲਾਰਾਂ ਦਾ ਹੁਲਾਰਾ ਮਿਲਦਾ ਰਹੇ।

# ਸਿੱਖ ਅਧਿਐਨ ਅਤੇ ਅਧਿਆਪਨ ਨੂੰ ਸਮਰਪਤ ਸ਼ਖ਼ਸੀਅਤ : ਡਾ. ਪਰਮਵੀਰ ਸਿੰਘ



ਦਿਲਵਰ ਸਿੰਘ

ਪੰਜਾਬੀ ਯੂਨੀਵਰਸਿਟੀ ਪਟਿਆਲਾ ਉਹ ਮਾਣਮੱਤੀ ਯੂਨੀਵਰਸਿਟੀ ਹੈ ਜਿਸ ਦੀ ਸਥਾਪਨਾ ਪੰਜਾਬੀ ਭਾਸ਼ਾ ਦੇ ਵਿਕਾਸ ਵਾਸਤੇ ਕੀਤੀ ਗਈ। ਸੰਸਾਰ ਭਰ ਵਿੱਚ ਭਾਸ਼ਾ ਦੇ ਨਾਂ 'ਤੇ ਬਣੀ ਹੋਈ ਇਹ ਦੂਜੀ ਯੂਨੀਵਰਸਿਟੀ ਹੈ। ਇਸ ਵਿੱਚ ਅਨੇਕਾਂ ਵਿਸ਼ਿਆਂ ਨਾਲ ਸਬੰਧਤ ਵਿਭਾਗਾਂ ਦੀ ਸਥਾਪਨਾ ਕੀਤੀ ਗਈ ਹੈ। ਵੱਖ-ਵੱਖ ਵਿਸ਼ਿਆਂ ਦੇ ਮਾਹਿਰ ਪ੍ਰੋਫੈਸਰ ਸਾਹਿਬਾਨ ਵਿਦਿਆਰਥੀਆਂ ਨੂੰ ਪੂਰੀ ਤਨਦੇਹੀ ਨਾਲ ਅਧਿਐਨ ਕਰਵਾਉਂਦੇ ਹਨ। ਇਨਾਂ ਵਿਭਾਗਾਂ ਵਿੱਚ ਧਰਮਾਂ ਦੇ ਤੁਲਨਾਤਮਕ ਅਧਿਐਨ ਅਤੇ ਸਿੱਖ ਅਧਿਐਨ ਨਾਲ ਸੰਬੰਧਤ ਤਿੰਨ ਵਿਭਾਗ ਵੀ ਸਥਾਪਤ ਕੀਤੇ ਗਏ ਹਨ। ਇਨਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਅਤੇ ਪ੍ਰੋ. ਹਰਬੰਸ ਸਿੰਘ ਸਿੱਖ ਵਿਸ਼ਵਕੋਸ਼ ਵਿਭਾਗ ਸ਼ਾਮਲ ਹਨ। ਪ੍ਰੋ. ਡਾ. ਪਰਮਵੀਰ ਸਿੰਘ, ਪ੍ਰੋ. ਹਰਬੰਸ ਸਿੰਘ ਸਿੱਖ ਵਿਸ਼ਵਕੋਸ਼ ਵਿਭਾਗ ਵਿੱਚ ਬਤੌਰ ਮੁਖੀ ਅਤੇ ਚੀਫ ਆਡੀਟਰ ਵਜੋਂ ਸੇਵਾਵਾਂ ਨਿਭਾ ਰਹੇ ਹਨ।ਉਹ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ।

ਡਾ. ਪਰਮਵੀਰ ਸਿੰਘ ਬਹੁਪੱਖੀ ਪ੍ਰਤਿਭਾ ਦੇ ਮਾਲਕ ਹਨ। ਸਿੱਖ ਅਧਿਐਨ ਅਤੇ ਤੁਲਨਾਤਮਕ ਧਰਮ ਅਧਿਐਨ ਵਿੱਚ ਉਨਾਂ ਦੀ ਵਿਸ਼ੇਸ਼ ਰੁਚੀ ਹੈ।ਉਨਾਂ ਨੇ ਦਰਸ਼ਨ, ਧਰਮ ਅਧਿਐਨ ਅਤੇ ਪੰਜਾਬੀ ਵਿਸ਼ੇ ਵਿੱਚ ਮਾਸਟਰ ਡਿਗਰੀ ਪ੍ਰਾਪਤ ਕੀਤੀ ਹੋਈ ਹੈ ਅਤੇ ਦਰਸ਼ਨ ਅਤੇ ਧਰਮ ਅਧਿਐਨ ਵਿਸ਼ੇ ਵਿੱਚ ਨੈੱਟ ਪਾਸ ਕੀਤਾ ਹੋਇਆ ਹੈ। ਧਰਮ ਅਧਿਐਨ ਵਿਸ਼ੇ ਵਿਚ ਐਮ.ਫਿਲ. ਅਤੇ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਉਹ ਧਰਮ ਅਧਿਐਨ ਦੇ ਖੇਤਰ ਵਿੱਚ ਅਧਿਐਨ ਅਤੇ ਅਧਿਆਪਨ ਵਿਚ ਬਹੁਤ ਵੱਡਾ ਯੋਗਦਾਨ ਪਾ ਰਹੇ ਹਨ।ਸਿੱਖ ਧਰਮ ਅਧਿਐਨ ਅਤੇ ਤੁਲਨਾਤਮਿਕ ਧਰਮ ਅਧਿਐਨ ਦੇ ਵਿਸ਼ੇ ਵਿੱਚ ਅਧਿਐਨ ਅਤੇ ਅਧਿਆਪਨ ਕਰਦਿਆਂ ਉਨਾਂ ਨੇ ਅਨੇਕਾਂ ਖੋਜ ਕਾਰਜ ਵੀ ਕੀਤੇ ਹਨ ਜੋ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ।ਉਨਾਂ ਨੇ ਹੁਣ ਤੱਕ ਆਪਣੀਆਂ 15 ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਹਨ। ਉਹ ਨਿਰੰਤਰ ਖੋਜ ਕਾਰਜ ਕਰ ਰਹੇ ਹਨ। ਕੁਝ ਪੁਸਤਕਾਂ ਪ੍ਰਕਾਸ਼ਨ ਅਧੀਨ ਵੀ ਹਨ ਜੋ ਛੇਤੀ ਹੀ ਪ੍ਰਕਾਸ਼ਤ ਹੋਣ ਜਾ ਰਹੀਆਂ ਹਨ।ਉਨਾਂ ਨੇ ਕੁਝ ਪੁਸਤਕਾਂ ਨੂੰ ਸੰਪਾਦਿਤ ਵੀ ਕੀਤਾ ਹੈ।ਸਿੱਖ ਫਾਊਂਡੇਸ਼ਨ ਦਿੱਲੀ ਵੱਲੋਂ ਉਨਾਂ ਦੀਆਂ ਤਿੰਨ ਪੁਸਤਕਾਂ: ਸਿੱਖ ਜੀਵਨ ਜਾਚ (2007),**Question Bank of The Sikhs(ed.)2007, Sikh Gurus: Concept and Culture(2008),** ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।ਇਨਾਂ ਦੀਆਂ ਪੰਜ ਪੁਸਤਕਾਂ ਦਾ ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਬਲੀਕੇਸ਼ਨ ਬਿਊਰੋ ਵੱਲੋਂ ਵੀ ਕੀਤਾ ਗਿਆ ਹੈ ਜਿਸ ਵਿੱਚ: ਭਾਈ ਰੂਪ ਚੰਦ ਵਿਰਾਸਤ ਤੇ ਵੰਸ਼ ਪ੍ਰੰਪਰਾ(2009), ਗੁਰੂ ਗ੍ਰੰਥ ਸਾਹਿਬ : ਚਿੰਤਨ ਅਤੇ ਵਿਚਾਰਧਾਰਾ**(2010),Socio-Spiritual Concerns of Religion(ed.)2015,** ਕਾਮਾਗਾਟਾ ਮਾਰੂ : **Symbol of Struggle for Freedom(Souvenir)**2015, ਭਾਰਤ ਦੇ ਪ੍ਰਮੁੱਖ ਧਰਮ (2016) ਸ਼ਾਮਿਲ ਹਨ। ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਚੰਡੀਗੜ ਵੱਲੋਂ ਇਨਾਂ ਦੀ ਇੱਕ ਪੁਸਤਕ ਸਰਦੂਲ ਸਿੰਘ ਕਵੀਸ਼ਰ(2010) ਪ੍ਰਕਾਸ਼ਿਤ ਕੀਤੀ ਗਈ ਹੈ। ਸਿੰਘ ਬ੍ਰਦਰਜ਼ ਅੰਮ੍ਰਿਤਸਰ ਵੱਲੋਂ ਡਾ. ਪਰਮਵੀਰ ਸਿੰਘ ਵੱਲੋਂ ਲਿਖੀ ਪੁਸਤਕ ਮਾਤਾ ਸੁੰਦਰੀ ਜੀ : ਸੰਘਰਸ਼ ਤੇ ਸ਼ਖ਼ਸੀਅਤ (2013) ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਦੀ ਪ੍ਰਕਾਸ਼ਨਾ ਤੇ ਡਾ.ਪਰਮਵੀਰ ਸਿੰਘ ਨੂੰ ਅਕਾਲੀ ਫੂਲਾ ਸਿੰਘ ਮੈਮੋਰੀਅਲ ਟਰੱਸਟ ਆਫ਼ ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ ਨੇ ਸਨਮਾਨਤ ਵੀ ਕੀਤਾ। ਗਰੇਸ਼ੀਅਸ ਬੁਕਸ ਪਟਿਆਲਾ ਵੱਲੋਂ ਡਾ. ਪਰਮਵੀਰ ਸਿੰਘ ਦੀਆਂ ਤਿੰਨ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਜਿਨਾਂ ਵਿਚ ਸਿੱਖ ਅਧਿਐਨ (2014),ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਬੰਗਲਾਦੇਸ਼ ਦੇ ਗੁਰਦੁਆਰੇ(2020), **Prof. Harbans Singh : A legend in Sikh Studies(2020)** ਸ਼ਾਮਿਲ ਹਨ। ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਵਾਲਿਆਂ ਵੱਲੋਂ ਡਾ. ਪਰਮਵੀਰ ਸਿੰਘ ਦੀ ਲਿਖੀ ਹੋਈ ਪੁਸਤਕ **Guru Gobind Singh ji and Sikh Heritage of Bihar(2017)** ਪ੍ਰਕਾਸ਼ਿਤ ਕੀਤੀ ਗਈ ਹੈ।ਹਾਲ ਹੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਡਾ. ਪਰਮਵੀਰ ਸਿੰਘ ਵੱਲੋਂ ਲਿਖੀ ਗਈ ਪੁਸਤਕ **Guru Tegh Bahadur: life and Message(2022),Ministry of Information and Broadcasting, Government of India, New Delhi** ਵੱਲੋਂ ਪ੍ਰਕਾਸ਼ਿਤ ਕਰਵਾ ਕੇ ਜਨਹਿੱਤ ਵਿੱਚ ਵੰਡੀ ਗਈ ਹੈ।ਇਹ ਪੁਸਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਉਪਦੇਸ਼ ਨਾਲ ਸਬੰਧਤ ਜਾਣਕਾਰੀ ਨਾਲ ਭਰਪੂਰ ਹੈ। **Selections from the Bani of Guru Nanak** ਪੁਸਤਕ ਪ੍ਰਕਾਸ਼ਨ ਅਧੀਨ ਹੈ।

ਡਾ. ਪਰਮਵੀਰ ਸਿੰਘ ਵੱਲੋਂ ਕੀਤੇ ਗਏ ਸਾਰੇ ਖੋਜਕਾਰਜ ਹੀ ਅਤਿ ਸ਼ਲਾਘਾਯੋਗ ਅਤੇ ਜਾਣਕਾਰੀ ਭਰਪੂਰ ਹਨ। ਖੋਜਾਰਥੀ ਅਤੇ ਵਿਦਿਆਰਥੀ ਇਨਾਂ ਪੁਸਤਕਾਂ ਨੂੰ ਹਵਾਲਾ ਪੁਸਤਕਾਂ ਵਜੋਂ ਵਰਤਦੇ ਹਨ।

ਇਨਾਂ ਪੁਸਤਕਾਂ ਵਿਚ ਸਿੱਖ ਇਤਿਹਾਸ,ਸਿੱਖ ਦਰਸ਼ਨ, ਸਿੱਖ ਮੀਮਾਂਸਾ ਅਤੇ ਤੁਲਨਾਤਮਕ ਧਰਮ ਅਧਿਐਨ ਨਾਲ ਸਬੰਧਤ ਜਾਣਕਾਰੀ ਸਮੋਈ ਹੋਈ ਹੈ।ਇਨਾਂ ਪੁਸਤਕਾਂ ਤੋਂ ਇਲਾਵਾ ਡਾ.ਪਰਮਵੀਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਬਾਲ ਵਿਸ਼ਵਕੋਸ਼ ਵਿਚ ਅੱਠ ਇੰਦਰਾਜ ਭਾਵ ਅੱਠ ਵੱਖ-ਵੱਖ ਤਰਾਂ ਦੇ ਵਿਸ਼ਿਆਂ ਤੇ ਆਪਣੇ ਵਿਚਾਰ ਵਿਅਕਤ ਕਰ ਕੇ ਦਰਜ ਕਰਵਾਏ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ ਦਾ ਜੋ



ਤਰਜਮਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਕੀਤਾ ਜਾ ਰਿਹਾ ਹੈ ਉਸ ਵਿਚ ਡਾ. ਪਰਮਵੀਰ ਸਿੰਘ ਵੱਲੋਂ 400 ਇੰਦਰਾਜਾਂ ਦਾ ਉਲੱਥਾ ਕੀਤਾ ਗਿਆ ਹੈ। ਜਿਨਾਂ ਵਿਚੋਂ ਪਹਿਲੇ ਦੋ ਭਾਗਾਂ ਵਿੱਚ 230 ਇੰਦਰਾਜ ਪ੍ਰਕਾਸ਼ਤ ਹੋ ਚੁੱਕੇ ਹਨ ਅਤੇ ਬਾਕੀ ਦੇ ਰਹਿੰਦੇ ਇੰਦਰਾਜ ਚੌਥੇ ਭਾਗ ਵਿਚ ਸ਼ਾਮਲ ਕਰਕੇ ਪ੍ਰਕਾਸ਼ਿਤ ਕੀਤੇ ਜਾਣੇ ਹਨ। ਉਨਾਂ ਵੱਲੋਂ ਵੱਖ-ਵੱਖ ਵਿਸ਼ਿਆਂ ਤੇ ਲਿਖੇ ਗਏ ਸੌ ਤੋਂ ਵੱਧ ਆਰਟੀਕਲ ਵੱਖ-ਵੱਖ ਖੋਜ ਰਸਾਲਿਆਂ ਅਤੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਨਿਰੰਤਰ ਪ੍ਰਕਾਸ਼ਿਤ ਹੋ ਰਹੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਥਾਪਨਾ ਦਿਵਸ ਤੇ ਕਰਵਾਈਆਂ ਜਾਣ ਵਾਲੀਆਂ ਸਰਬ ਭਾਰਤੀ ਪੰਜਾਬੀ ਕਾਨਫਰੰਸਾਂ ਦੇ ਆਯੋਜਨ ਅਤੇ ਸੰਚਾਲਨ ਵਿੱਚ ਵੀ ਡਾ. ਪਰਮਵੀਰ ਸਿੰਘ ਨੇ ਵੱਧ ਚੜ ਕੇ ਹਿੱਸਾ ਲਿਆ ਹੈ ਅਤੇ ਹੁਣ ਤੱਕ ਉਹ ਨੌਂ ਸਰਬ ਭਾਰਤੀ ਪੰਜਾਬੀ ਕਾਨਫਰੰਸਾਂ ਵਿੱਚ ਸ਼ਮੂਲੀਅਤ ਕਰ ਚੁੱਕੇ ਹਨ। ਇਹ ਕਾਨਫ਼ਰੰਸਾਂ ਜਿੱਥੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਆਯੋਜਿਤ ਕੀਤੀਆਂ ਗਈਆਂ ਉਥੇ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਵੀ ਇਨਾਂ ਦਾ ਆਯੋਜਨ ਕੀਤਾ ਗਿਆ ਹੈ।ਧਰਮ ਅਧਿਐਨ ਅਤੇ ਸਿੱਖ ਅਧਿਐਨ ਦੇ ਐਮ.ਫਿਲ. ਅਤੇ ਪੀਐਚ.ਡੀ. ਦੇ ਅਨੇਕਾਂ ਵਿਦਿਆਰਥੀ ਡਾ.ਪਰਮਵੀਰ ਸਿੰਘ ਦੀ ਨਿਗਰਾਨੀ ਵਿੱਚ ਆਪਣੇ ਖੋਜ ਕਾਰਜ ਕਰ ਚੁੱਕੇ ਹਨ ਅਤੇ ਕਰ ਰਹੇ ਹਨ।ਅਧਿਐਨ ਅਤੇ ਅਧਿਆਪਨ ਦੇ ਨਾਲ-ਨਾਲ ਡਾ. ਪਰਮਵੀਰ ਸਿੰਘ ਅਨੇਕਾਂ ਸੰਸਥਾਵਾਂ ਵਿੱਚ ਬਤੌਰ ਮੈਂਬਰ ਵੀ ਸੇਵਾਵਾਂ ਨਿਭਾ ਰਹੇ ਹਨ।ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਮੈਂਬਰ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਫੈਕਲਟੀ ਆਫ਼ ਸੋਸ਼ਲ ਸਾਇੰਸਿਜ਼ ਅਤੇ ਬੋਰਡ ਆਫ਼ ਸਟੱਡੀਜ਼ ਡਿਪਾਰਟਮੈਂਟ ਆਫ਼ ਰਿਲੀਜੀਅਸ ਸਟੱਡੀਜ਼ ਵਿਚ ਵੀ ਉਹ ਬਤੌਰ ਮੈਂਬਰ ਸੇਵਾਵਾਂ ਨਿਭਾਅ ਰਹੇ ਹਨ।ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਅਤੇ ਗੁਰਮਤਿ ਸੰਗੀਤ ਵਿਭਾਗ ਦੇ ਵੀ ਬੋਰਡ ਆਫ਼ ਸਟੱਡੀਜ਼ ਦੇ ਮੈਂਬਰ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਵੱਖ-ਵੱਖ ਕਾਲਜਾਂ ਵਿੱਚ ਵੀ ਉਹ ਬੋਰਡ ਆਫ਼ ਸਟੱਡੀਜ਼ ਦੇ ਮੈਂਬਰ ਵਜੋਂ ਸੇਵਾਵਾਂ ਨਿਭਾ ਰਹੇ ਹਨ।ਉਹ ਖ਼ਾਲਸਾ ਕਾਲਜ ਪਟਿਆਲਾ ਅਤੇ ਮਾਤਾ ਗੁਜਰੀ ਕਾਲਜ ਫਤਹਿਗੜ ਸਾਹਿਬ ਦੇ ਅੰਡਰ ਗ੍ਰੈਜੂਏਟ ਬੋਰਡ ਆਫ਼ ਸਟੱਡੀਜ਼, ਰਿਲੀਜੀਅਸ ਸਟੱਡੀਜ਼ ਦੇ ਵੀ ਮੈਂਬਰ ਹਨ। ਉਨਾਂ ਦੀ ਯੋਗਤਾ ਨੂੰ ਵੇਖਦਿਆਂ ਹੋਇਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਸਾਹਿਬ ਨੇ ਉਨਾਂ ਨੂੰ ਡਾ.ਬਲਬੀਰ ਸਿੰਘ ਸਾਹਿਤ ਕੇਂਦਰ ਦੇਹਰਾਦੂਨ ਦਾ ਕੋਆਰਡੀਨੇਟਰ ਵੀ ਨਿਯੁਕਤ ਕੀਤਾ ਹੋਇਆ ਹੈ। ਸਿੱਖ ਅਧਿਐਨ ਅਤੇ ਅਧਿਆਪਨ ਨੂੰ ਸਮਰਪਤ ਹੋਣ ਕਾਰਨ ਉਨਾਂ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਸਨਮਾਨਤ ਵੀ ਕੀਤਾ ਗਿਆ ਹੈ।ਗੁਰੂ ਨਾਨਕ ਮਿਸ਼ਨ ਪਟਿਆਲਾ ਦੇ ਅਕਾਲੀ ਫੂਲਾ ਸਿੰਘ ਮੈਮੋਰੀਅਲ ਟਰੱਸਟ ਵੱਲੋਂ ਡਾ. ਪਰਮਵੀਰ ਸਿੰਘ ਨੂੰ ਉਨਾਂ ਦੀ ਪੁਸਤਕ ਮਾਤਾ ਸੁੰਦਰੀ ਜੀ : ਸੰਘਰਸ਼ ਅਤੇ ਸ਼ਖ਼ਸੀਅਤ ਦੇ ਪ੍ਰਕਾਸ਼ਨ ਤੇ ਸਨਮਾਨਤ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸੰਨ 2017 ਵਿਚ ਡਾ. ਪਰਮਵੀਰ ਸਿੰਘ ਨੂੰ ਭਾਈ ਗੁਰਦਾਸ ਸਿੱਖ ਬੁੱਧੀਜੀਵੀ ਸਨਮਾਨ ਨਾਲ ਸਨਮਾਨਤ ਕੀਤਾ ਗਿਆ। ਸੰਨ 2018 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੰਪਰਦਾਇ ਭਾਰਤ (ਰਜਿ.) ਵੱਲੋਂ ਡਾ. ਪਰਮਵੀਰ ਸਿੰਘ ਨੂੰ ਬਾਬਾ ਬੰਦਾ ਸਿੰਘ ਬਹਾਦਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਡਾ. ਪਰਮਵੀਰ ਸਿੰਘ ਬਹੁਪੱਖੀ ਸ਼ਖ਼ਸੀਅਤ ਹਨ ਜੋ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਰੋਲ ਮਾਡਲ ਹੈ। ਸਿੱਖ ਅਧਿਐਨ ਅਤੇ ਤੁਲਨਾਤਮਕ ਧਰਮ ਅਧਿਐਨ ਪ੍ਰਤੀ ਉਨਾਂ ਦਾ ਸਮਰਪਣ ਅਤੇ ਸਿੱਖ ਸਿਧਾਂਤਾਂ ਦੀ ਵਕਾਲਤ ਦਾ ਜਜ਼ਬਾ ਉਨਾਂ ਦੀ ਸ਼ਖ਼ਸੀਅਤ ਨੂੰ ਹੋਰ ਵੀ ਨਿਖਾਰਦਾ ਹੈ। ਉਹ ਬੜੇ ਮਿਹਨਤੀ, ਉੱਦਮੀ,ਦ੍ਰਿੜ ਨਿਸ਼ਚੇ ਵਾਲੇ, ਉਸਾਰੂ ਸੋਚ ਦੇ ਧਾਰਨੀ, ਸਮੇਂ ਦੇ ਪਾਬੰਦ, ਨਿੱਘੇ ਸੁਭਾਅ ਵਾਲੇ ਅਤੇ ਇੱਕ ਅਕਾਲ ਪੁਰਖ ਤੇ ਵਿਸ਼ਵਾਸ ਰੱਖਣ ਵਾਲੇ ਹਨ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us




ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



# ਮਾਂ ਦਾ ਸਾਥ

**ਪਰਵੀਨ ਕੌਰ ਸਿੱਧੂ**

ਮਾਂ ਸੱਚਮੁੱਚ ਬੱਚਿਆਂ ਲਈ ਬਹੁਤ ਕੁਝ ਕਰ ਗੁਜ਼ਰਦੀ ਹੈ। ਮਾਂ ਦੇ ਹੁੰਦਿਆਂ ਬੇਪ੍ਰਵਾਹੀਆਂ ਹੁੰਦੀਆਂ ਹਨ। ਬੱਚਿਆਂ ਦੀ ਪਰਵਰਿਸ਼ ਕਰਨ ਦੀ ਜ਼ਿਆਦਾ ਜ਼ੁੰਮੇਵਾਰੀ ਮਾਂ ਦੀ ਹੀ ਮੰਨੀ ਜਾਂਦੀ ਹੈ। ਇਸ ਦਾ ਪ੍ਰਭਾਵ ਵੀ ਬੱਚੇ ਦੀ ਸਖ਼ਸੀਅਤ ਤੋਂ ਝਲਕਦਾ ਹੈ।

ਮੇਰੀ ਮੰਮੀ ਜੀ ਦਸਦੇ ਹਨ ਕਿ ਉਹ ਪੜਨ ਵਿਚ ਬਹੁਤ ਹੁਸ਼ਿਆਰ ਸਨ, ਪਰ ਸੱਤ ਭੈਣਾਂ ਹੋਣ ਕਰਕੇ ਅੱਗੇ ਨਾ ਪੜਾਇਆ ਗਿਆ। ਮੰਮੀ ਜੀ ਸਭ ਤੋਂ ਵੱਡੇ ਸਨ। ਪੰਜਵੀਂ ਪਾਸ ਹਨ, ਅਗਲੇਰੀ ਪੜਾਈ ਲਈ ਸਕੂਲ ਦੂਰ ਸੀ। ਸਾਂਝਾ ਪਰਿਵਾਰ ਹੋਣ ਕਰਕੇ ਅੱਗੇ ਪੜਨ ਲਈ ਨਹੀਂ ਭੇਜਿਆ। ਸਕੂਲ ਮਾਸਟਰ ਨੇ ਵੀ ਮੰਮੀ ਜੀ ਨੂੰ ਅੱਗੇ ਪੜਾਉਣ ਲਈ ਸਲਾਹ ਦਿੱਤੀ, ਪਰ ਘਰ ਵਿੱਚ ਕੋਈ ਮੰਨਿਆ ਹੀ ਨਾ। ਮੰਮੀ ਜੀ ਦਾ ਵਿਆਹ ਵੀ ਸੋਲਾਂ ਕੁ ਸਾਲ ਦੀ ਉਮਰ ਵਿੱਚ ਕਰ ਦਿੱਤਾ ਗਿਆ ਸੀ। ਡੈਡੀ ਜੀ ਦੀ ਉਮਰ ਵੀ ਉੱਨੀ ਕੁ ਸਾਲ ਦੀ ਹੀ ਸੀ।

ਮੇਰੇ ਦਾਦਕੇ ਪਰਿਵਾਰ ਵਿੱਚ ਦਾਦਾ ਜੀ ਅਧਿਆਪਕ ਹੋਣ ਕਰਕੇ ਸਭ ਪੜੇ ਲਿਖੇ ਹਨ। ਮੇਰੇ ਚਾਚੇ-ਚਾਚੀਆਂ ਅਤੇ ਤਾਇਆ-ਤਾਈ ਜੀ ਸਭ ਨੌਕਰੀ ਕਰਦੇ ਹਨ। ਦਾਦਾ ਜੀ ਵੀ ਅਧੀਆਪਕ ਅਤੇ ਫਿਰ ਹੈੱਡ ਟੀਚਰ ਰਹੇ ਸਨ। ਡੈਡੀ ਜੀ ਨੂੰ ਵਾਹੀ ਸੰਭਾਲਣ ਲਈ ਨੌਕਰੀ ਨਾ ਕਰਨ ਦਿੱਤੀ। ਵਿਆਹ ਵੀ ਤਾਇਆ ਜੀ ਤੋਂ ਪਹਿਲਾਂ ਹੀ ਕਰ ਦਿੱਤਾ ਗਿਆ।

ਮੇਰੀ ਮੰਮੀ ਜੀ ਦੇ ਮਨ ਵਿਚ ਕਿਤੇ ਨਾ ਕਿਤੇ ਇਹ ਪੜਾਈ ਦੀ ਖਿੱਚ ਜ਼ਰੂਰ ਰਹੀ। ਉਨਾਂ ਨੇ ਤੰਗੀਆਂ ਤੁਰਸ਼ੀਆਂ ਝੱਲ ਕੇ ਸਾਨੂੰ ਤਿੰਨਾਂ ਭੈਣ ਭਰਾਵਾਂ ਨੂੰ ਪੜਾਇਆ। ਮੇਰੇ 'ਤੇ ਤਾਂ ਮੰਮੀ ਜੀ ਦਾ ਖ਼ਾਸ ਹੀ ਧਿਆਨ ਸੀ। ਮੈਨੂੰ ਪੜਾਉਣ ਲਈ ਮੇਰੇ ਮਾਪਿਆਂ ਨੇ ਪੂਰੀ ਵਾਹ ਲਾਈ।

ਮੈਂ ਬਾਈ ਸਾਲ ਵਿੱਚ ਐਮ. ਏ.,ਬੀ. ਐੱਡ ਕਰ ਲਈ ਸੀ। ਜਦੋਂ ਵੀ ਹੋਸਟਲ ਜਾਣਾ ਤਾਂ ਦੂਰ ਤੱਕ ਮੈਨੂੰ ਪਿੱਛੋਂ ਵੇਖਦੇ ਰਹਿੰਦੇ। ਜਦੋਂ ਡੈਡੀ ਜੀ ਨੇ ਪੈਸੇ ਦੇਣੇ ਤਾਂ ਮੰਮੀ ਜੀ ਨੇ ਵੱਧ ਪੈਸੇ ਦੇਣੇ। ਕਹਿੰਦੇ ਹੁੰਦੇ ਕਈ ਵਾਰ ਲੋੜ ਪੈ ਜਾਂਦੀ ਹੈ। ਆਪਣੇ ਕੋਲ ਪੈਸੇ ਵੱਧ ਰੱਖਿਆ ਕਰ। ਮੇਰੇ ਮਾਪਿਆਂ ਨੇ ਸਿਰਫ਼ ਆਪਣੀ ਧੀ ਅਤੇ ਪੁੱਤਰ ਹੀ ਨਹੀਂ ਪੜਾਏ ਸਗੋਂ ਨੂੰਹਾਂ ਨੂੰ ਵੀ ਉਚੇਰੀ ਪੜਾਈ ਕਰਵਾਈ।

ਅੱਜ ਮੇਰੀ ਇੱਕ ਭਾਬੀ ਜੋ ਵਿਆਹ ਵੇਲੇ ਬੀ.ਏ. ਕਰ ਕੇ ਆਈ ਸੀ ਹੁਣ ਡਬਲ ਐਮ.ਏ. ਬੀ.ਐਡ. ਅਤੇ ਈ.ਟੀ.ਟੀ ਪਾਸ ਹੈ। ਦੂਸਰੀ ਭਾਬੀ ਨੇ ਵੀ ਐਮ.ਏ., ਬੀ.ਐਡ ਕਰ ਲਈ ਹੈ। ਭਾਬੀ ਜੀ ਦਾ ਪੇਪਰ ਹੁੰਦਾ ਤਾਂ ਫ਼ਿਕਰ ਮੰਮੀ ਜੀ ਨੂੰ ਹੁੰਦੀ। ਉਹ ਬੱਚੇ ਵੀ ਸਾਂਭਦੇ ਅਤੇ ਘਰ ਦਾ ਕੰਮ ਵੀ ਜਿੰਨਾ ਹੋ ਸਕਦਾ ਕਰਦੇ ਰਹਿੰਦੇ ਹਨ। ਇਹ ਸਭ ਮੰਮੀ ਜੀ ਦੇ ਸਾਥ ਅਤੇ ਸਹਿਯੋਗ ਨਾਲ ਹੀ ਸੰਭਵ ਹੋਇਆ।

ਮਾਂ ਨੇ ਨਾ ਕਦੀ ਆਪ ਕਿਸੇ ਨਾਲ ਵਿਤਕਰਾ ਕੀਤਾ ਅਤੇ ਨਾ ਹੀ ਸਾਨੂੰ ਵਿਤਕਰਾ ਕਰਨਾ ਸਿਖਾਇਆ। ਹਮੇਸ਼ਾ ਦੂਸਰਿਆਂ ਦਾ ਭਲਾ ਕਰਨ ਲਈ ਸਮਝਾਇਆ। ਘਰ ਨੂੰ ਜੋੜਨ ਦੀ ਸਿੱਖਿਆ ਦਿੱਤੀ। ਰਿਸ਼ਤੇ ਨਿਭਾਉਣ ਲਈ



ਕਲਮਾਂ ਦੇ ਜਜ਼ਬਾਤ

ਉਤਸ਼ਾਹਿਤ ਕੀਤਾ। ਇਹੀ ਕਾਰਨ ਹੈ ਕਿ ਅਸੀਂ ਕਦੇ ਵੀ ਕਿਸੇ ਨਾਲ ਵਾਧੇ ਘਾਟੇ ਤੋਂ ਲੜਾਈ ਝਗੜਾ ਨਹੀਂ ਕੀਤਾ। ਖ਼ੁਦ ਨੁਕਸਾਨ ਸਹਿ ਲਿਆ ਹੋਵੇਗਾ, ਪਰ ਦੂਸਰਿਆਂ ਨੂੰ ਕਦੀ ਨੁਕਸਾਨ ਪਹੁੰਚਾਉਣ ਬਾਰੇ ਸੋਚਿਆ ਵੀ ਨਹੀਂ ਹੈ। ਮੇਰੀ ਜ਼ਿੰਦਗੀ ਵਿਚ ਜਦੋਂ ਵੀ ਕੋਈ ਮੁਸ਼ਕਲ ਆਈ, ਤਾਂ ਮਾਂ ਨੇ ਹੀ ਸਾਥ ਦਿੱਤਾ ਹੈ। ਮੇਰੇ ਕੋਲ ਅੱਜ ਵੀ ਜਦੋਂ ਆਉਂਦੇ ਹਨ ਤਾਂ ਰਸੋਈ ਵਿਚ ਜਿਹੜੀ ਚੀਜ਼ ਦੀ ਕਮੀ ਮਹਿਸੂਸ ਕਰਦੇ ਹਨ ਬਿਨਾਂ ਗੱਲ ਕੀਤੇ, ਬਿਨਾਂ ਦੱਸੇ ਲੈ ਕੇ ਭੇਜ ਦਿੰਦੇ ਹਨ। ਮੈਂ ਕਈ ਵਾਰ ਗੁੱਸਾ ਵੀ ਕਰਦੀ ਹਾਂ ਕਿ ਇਵੇਂ ਨਾ ਕਰਿਆ ਕਰੋ ਤਾਂ ਹੱਸ ਕੇ ਇਹ ਕਹਿ ਦਿੰਦੇ ਹਨ ਜਿੰਨੀ ਦੇਰ ਮੈਂ ਹਾਂ ਕੁਝ ਨਾ ਕਿਹਾ ਕਰ।

ਮਾਂ ਨੇ ਮੇਰੇ ਬੱਚਿਆਂ ਦੀਆਂ ਸਭ ਰੀਝਾਂ ਪੂਰੀਆਂ ਕੀਤੀਆਂ। ਉਨਾਂ ਦੇ ਪਹਿਲੇ ਜਨਮ ਦਿਨ ਤੋਂ ਲੈ ਕੇ ਅੱਜ ਤੱਕ ਮਾਂ ਕਦੀ ਨਹੀਂ ਭੁੱਲਦੀ। ਇਵੇਂ ਹੀ ਉਹ ਆਪਣੇ ਪੋਤਰੇ ਪੋਤਰੀਆਂ ਦੀਆਂ ਰੀਝਾਂ ਕਰਦੀ ਹੈ। ਸਿਆਲ ਦੇ ਸ਼ੁਰੂ ਹੋਣ ਤੋਂ ਵੇਸਣ ਆਦਿ ਤੋਂ ਲੈ ਕੇ ਹੋਲੀਆਂ ਤੱਕ ਚਾਸਕੂ ਬਣਾ ਕੇ ਦੇਣਾ ਮਾਂ ਦੀ ਆਦਤ ਹੈ। ਮੇਰੀ ਏਨੀ ਉਮਰ ਹੋਣ ਦੇ ਬਾਵਜੂਦ ਵੀ ਮਾਂ ਲਈ ਮੈਂ ਅੱਜ ਵੀ ਨਾਦਾਨ ਤੇ ਭੋਲੀ ਜਿਹੀ ਹੀ ਹਾਂ।

ਸਕੂਲ ਕਾਲਜ ਜਾਂਦੇ ਤਾਂ ਵੀ ਮੰਮੀ ਜੀ ਰੋਟੀ ਵੱਧ ਹੀ ਭੇਜਦੇ, ਕਹਿੰਦੇ ਚਲ ਕੋਈ ਲਾਗੇ ਹੋਵੇ ਤਾਂ ਖਾ ਲਵੇਗਾ। ਇਹ ਆਦਤ ਸਾਡੇ ਵਿੱਚ ਵੀ ਉਨਾਂ ਕਰਕੇ ਹੀ ਆਈ ਹੈ। ਮੰਮੀ ਜੀ ਨੇ ਚਾਹੇ ਬਹੁਤ ਵਿਤਕਰੇ ਸਕੇ, ਪਰ ਅੱਜ ਸਭ ਮੇਰੇ ਮੰਮੀ ਜੀ ਦਾ ਬਹੁਤ ਸਤਿਕਾਰ ਕਰਦੇ ਹਨ। ਘਰ ਵਿਚ ਕੋਈ ਆ ਜਾਵੇ ਤਾਂ, ਕਦੀ ਵੀ ਮੱਥੇ ਵੱਟ ਨਹੀਂ ਪਾਇਆ। ਉਸ ਦੀ ਪੂਰੀ ਆਉ ਭਗਤ ਕਰਦੇ ਹਨ। ਕਦੀ ਕਿਸੇ ਦੀ ਧੀ ਭੈਣ ਬਾਰੇ ਮਾੜਾ ਨਹੀਂ ਬੋਲਣ ਦਿੱਤਾ। ਉਹ ਅਕਸਰ ਕਹਿੰਦੇ ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ। ਮੇਰੀ ਇਹੀ ਦੁਆ ਹੈ ਕਿ ਮਾਂ, ਤੰਦਰੁਸਤ ਰਹੋ, ਖੁਸ਼ ਰਹੋ, ਜਿੰਨੀ ਜ਼ਿੰਦਗੀ ਮਿਲੇ ਤੁਹਾਡੇ ਚਿਹਰੇ 'ਤੇ ਖ਼ੁਸ਼ੀ ਰਹੇ।

---

# ਸਬਜ਼ੀ ਵੇਚਣ ਵਾਲੇ ਦੀ ਧੀ ਬਣੀ ਸਿਵਲ ਜੱਜ



**ਵਿਸ਼ਾਲ ਕੁਮਾਰ (ਗਾਜ਼ੀਪੁਰ)**



ਇੱਕ ਪਾਸੇ ਉਹ ਲੋਕ ਜੋ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਕੁੱਖ ਵਿਚ ਕਤਲ ਕਰਵਾ ਦਿੰਦੇ ਹਨ ਪਰ ਦੂਜੇ ਪਾਸੇ ਕੁੱਝ ਅਜਿਹੇ ਲੋਕ ਵੀ ਹੁੰਦੇ ਹਨ ਜੋ ਧੀਆਂ ਨੂੰ ਬੇਹੱਦ ਪਿਆਰ ਦੁਲਾਰ ਨਾਲ ਪਾਲਦੇ ਪੋਸਦੇ ਹਨ ਅਤੇ ਪੜਾਉਂਦੇ ਹਨ। ਇੰਦੌਰ ਦੇ ਇੱਕ ਗਰੀਬ ਪਰਿਵਾਰ ਵਿਚ ਜੰਮੀ ਅੰਕਿਤਾ ਜਿਸ ਨੇ ਪੜਨ ਲਈ ਬਹੁਤ ਸੰਘਰਸ਼ ਕੀਤਾ, ਕਈ ਵਾਰ ਤਾਂ ਉਸ ਕੋਲ ਆਪਣੀ ਫੀਸ ਭਰਨ ਜੋਗੇ ਵੀ ਪੈਸੇ ਨਹੀਂ ਸਨ, ਦੋਸਤਾਂ ਨਾਲ ਕਿਤਾਬਾਂ ਸਾਂਝੀਆਂ ਕਰ ਕੇ ਪੜਦੀ ਵੀ ਰਹੀ, ਪਰ ਉਹ ਫੇਰ ਵੀ ਬਿਲਕੁੱਲ ਡੋਲੀ ਨਹੀਂ, ਹੌਸਲਾ ਰੱਖਿਆ ਤੇ ਅੱਗੇ ਵੱਧਦੀ ਗਈ। ਪਿਤਾ ਨਾਲ ਸਬਜ਼ੀ ਦੀ ਰੇਹੜੀ ਉੱਤੇ ਸਵੇਰੇ ਸ਼ਾਮ ਮਦਦ ਵੀ ਕਰਵਾਉਂਦੀ। ਅਜਿਹੇ ਔਖੇ ਹਾਲਾਤਾਂ ਵਿਚ ਵੀ ਮਾਤਾ ਪਿਤਾ ਨੇ ਸਬਜ਼ੀ ਵੇਚ ਧੀ ਨੂੰ ਪੜਾਉਣ ਲਈ ਕੋਈ ਕਸਰ ਨਹੀਂ ਛੱਡੀ। 3 ਵਾਰ ਅਸਫ਼ਲ ਹੋਣ ਦੇ ਬਾਵਜੂਦ ਵੀ ਅੰਕਿਤਾ ਨੇ ਹੌਸਲਾ ਨਹੀਂ ਹਾਰਿਆ ਅਤੇ ਅਖੀਰ ਉਸਨੇ ਸਿਵਲ ਜੱਜ ਦੀ ਪ੍ਰੀਖਿਆ ਪਾਸ ਕਰ ਲਈ। ਇਸ ਜਿੱਦ ਦੇ ਪਿੱਛੇ ਵੀ ਇੱਕ ਕਹਾਣੀ ਹੈ ਜਿਸਨੇ ਅੰਕਿਤਾ ਨੂੰ ਪ੍ਰੇਰਿਤ ਕੀਤਾ। ਇੱਕ ਵਾਰ ਅੰਕਿਤਾ ਜਦੋਂ ਬਾਜ਼ਾਰ ਗਈ ਤਾਂ ਉੱਥੇ ਮੁੰਡੇ ਵੱਲੋਂ ਉਸ ਨਾਲ ਬਦਤਮੀਜ਼ੀ ਕੀਤੀ ਗਈ ਸੀ ਉਸ ਤੋਂ ਬਾਅਦ ਉਸ ਨੇ ਮੁੰਡੇ 'ਤੇ ਐਫ਼ਆਈਆਰ ਦਰਜ ਕਰਵਾਈ। ਫ਼ੇਰ ਪਹਿਲੀ ਵਾਰ ਜਦ ਉਹ ਕੋਰਟ ਵਿਚ ਗਈ ਅਤੇ ਜੱਜ ਨੂੰ ਆਪਣੇ ਸਾਹਮਣੇ ਦੇਖ ਜੱਜ ਬਣਨ ਦਾ ਸੁਪਨਾ ਵੇਖਿਆ ਤਾਂ ਜੋ ਕੋਈ ਫੇਰ ਅਜਿਹੀ ਹਰਕਤ ਨਾ ਕਰ ਸਕੇ। ਅਧਿਆਪਕਾਂ ਵੱਲੋਂ ਦਿੱਤੀ ਹੱਲਾਸ਼ੇਰੀ ਨੇ ਵੀ ਮਨੋਬਲ ਵਿਚ ਵਾਧਾ ਕੀਤਾ ਅਤੇ ਫੇਰ ਪਿੱਛੇ ਮੁੜ ਕੇ ਨਹੀਂ ਦੇਖਿਆ। ਮਾਂ ਬਾਪ ਨੂੰ ਬੱਚੀ 'ਤੇ ਬਹੁਤ ਮਾਣ ਹੈ ਅਤੇ ਉਹ ਫੂਲੇ ਨਹੀਂ ਸਮਾ ਰਹੇ। ਇਹ ਉਨਾਂ ਸੱਭ ਮਾਂ ਬਾਪ ਲਈ ਬਹੁਤ ਵੱਡੀ ਮਿਸਾਲ ਹੈ ਜੋ ਧੀਆਂ ਨੂੰ ਕੁੱਖ ਵਿਚ ਕਤਲ ਕਰਵਾ ਦਿੰਦੇ ਹਨ ਜਾਂ ਫੇਰ ਉਹ ਰਿਸ਼ਤੇਦਾਰ ਜੋ ਧੀ ਜੰਮਣ 'ਤੇ ਘਰ ਆ-ਆ ਕੇ ਤਸੱਲੀਆਂ ਦਿੰਦੇ ਹਨ ਕੀ ਕੋਈ ਗੱਲ ਨਹੀਂ ਅਗਲੀ ਵਾਰ ਸਹੀ, ਪੁੱਤ ਘਰ ਆਵੇਗਾ। ਅੰਕਿਤਾ ਨੂੰ ਤਾਂ ਯਕੀਨ ਨਹੀਂ ਹੋ ਰਿਹਾ ਕਿ ਉਸਨੇ ਸਿਵਲ ਜੱਜ ਦੀ ਪ੍ਰੀਖਿਆ ਪਾਸ ਕਰ ਲਈ ਹੈ। ਉਸਨੂੰ ਅੱਜ ਵੀ ਇਹ ਸੁਪਨਾ ਹੀ ਲੱਗ ਰਿਹਾ ਹੈ। ਅਜਿਹੀਆਂ ਲੜਕੀਆਂ ਉਨਾਂ ਲੜਕੀਆਂ ਲਈ ਪ੍ਰੇਰਣਾ ਸਰੋਤ ਹਨ ਜੋ ਸਮਾਜ 'ਚ ਅੱਗੇ ਵੱਧ ਕੁੱਝ ਕਰਨਾ ਚਾਹੁੰਦੀਆਂ ਹਨ।

# ਹੈਰਾਨੀ ਕਿਉਂ ?



ਹਰਫ਼ਾਂ ਦੇ ਨੂਰ

ਕਈ ਸਾਲ ਪੁਰਾਣੀ ਗੱਲ ਹੈ। ਓਦੋਂ ਮੈਂ ਇੱਥੇ ਵਿਦੇਸ਼ ਵਿੱਚ ਅਜੇ ਪੜਾਉਣਾ ਸ਼ੁਰੂ ਹੀ ਕੀਤਾ ਸੀ। ਮੇਰੀ ਮੁਲਾਕਾਤ ਇੱਕ ਅਧਿਆਪਕਾ ਨਾਲ਼ ਹੋਈ। ਰੋਜ਼ਾਨਾ ਸਰਸਰੀ ਜਿਹੀ ਗੱਲ ਹੁੰਦੀ ਅੰਗਰੇਜ਼ੀ ਵਿੱਚ। ਉਸ ਨੇ ਵਾਲ਼ ਭੂਰੇ ਕੀਤੇ ਹੋਏ ਸਨ ਤੇ ਕੱਪੜੇ ਵੀ ਐਨ ਵਿਦੇਸ਼ੀ ਸਟਾਈਲ ਦੇ। ਉਹ ਖ਼ੁਦ ਨੂੰ ਸਿੰਘਾਪੁਰ ਦੀ ਦੱਸਦੀ ਸੀ ਤੇ ਪੰਜਾਬੀ ਪਿਛੋਕੜ ਤੋਂ ਮੁਨਕਰ ਸੀ। ਪਰ ਮੈਨੂੰ ਉਹ ਪੰਜਾਬਣ ਲੱਗਦੀ ਸੀ। ਮੈਂ ਉਸ ਨਾਲ਼ ਪੰਜਾਬੀ ਵਿੱਚ ਗੱਲ ਕਰਨੀ ਚਾਹੀ ਪਰ ਉਸ ਨੇ ਕੋਈ ਖਾਸ ਤਵੱਜੋਂ ਨਹੀਂ ਦਿੱਤੀ। ਉਸ ਨੇ ਕਦੇ ਪੰਜਾਬ ਤੇ ਪੰਜਾਬੀ ਦੀ ਕੋਈ ਗੱਲ ਨਹੀਂ ਕੀਤੀ ਸੀ। ਦਿਨ ਲੰਘਦੇ ਗਏ ਤੇ ਸਾਡੀ ਦੋਸਤੀ ਗੂੜੀ ਹੁੰਦੀ ਗਈ। ਇੱਕ ਦਿਨ ਉਹ ਕੁਝ ਉਲਝੀ ਜਿਹੀ ਦਿਖਾਈ ਦੇ ਰਹੀ ਸੀ ਕਿਉਂਕਿ ਉਸ ਦੀ ਕਿਸੇ ਨਾਲ਼ ਬਹਿਸ ਹੋ ਗਈ ਸੀ। ਉਸ ਦਿਨ ਗੱਲਾਂ ਕਰਦਿਆਂ ਅਚਾਨਕ ਮੈਂ ਉਸ ਦੀ ਕਿਸੇ ਗੱਲ ਦਾ ਜਵਾਬ ਪੰਜਾਬੀ ਵਿੱਚ ਦੇ ਦਿੱਤਾ। ਬੱਸ ਫੇਰ ਕੀ ਸੀ, ਜੋ ਮੈਂ ਸੁਣਿਆ, ਉਹ ਤਾਂ ਇੱਕੋ ਸਾਹੇ ਸ਼ੁਰੂ ਹੋ ਗਈ, ਪੰਜਾਬੀ ਵਿੱਚ ਗਾਲ਼ਾਂ ਕੱਢਣ। ਉਸ ਦੇ ਹਰ ਵਾਕ ਵਿੱਚ ਗਾਲ਼ ਸੀ। ਉਹ ਜਿਹੜੀ ਪੰਜਾਬੀ ਬੋਲਣ ਤੋਂ ਮੁਨਕਰ ਸੀ ਤੇ ਉਸ ਦੀ ਦਿੱਖ ਤੋਂ ਇਹ ਅੰਦਾਜ਼ਾ ਲਾਉਣਾ ਵੀ ਔਖਾ ਸੀ ਕਿ ਉਹ ਇਸ ਤਰਾਂ ਗਾਲ਼ੀ -ਗਲੋਚ ਵੀ ਕਰਦੀ ਹੋਵੇਗੀ।

ਉਸ ਦਿਨ ਮੈਨੂੰ ਮੇਰੇ ਆਪੇ ਬਾਰੇ ਇੱਕ ਗੱਲ ਦਾ ਅਹਿਸਾਸ ਹੋਇਆ ਕਿ ਮੈਂ ਆਪਣੀ ਹੁਣ ਤੱਕ ਦੀ ਜ਼ਿੰਦਗੀ ਵਿੱਚ ਕਦੇ ਕੋਈ ਗਾਲ਼ ਨਹੀਂ ਕੱਢੀ। ਜੋ ਅਜੇ ਤੱਕ ਉਵੇਂ ਕਾਇਮ ਹੈ। ਮੇਰੇ ਸ਼ਬਦ ਭੰਡਾਰ ਵਿੱਚ ਗਾਲ਼ੀ -ਗਲੋਚ ਦੇ ਕੋਈ ਸ਼ਬਦ ਨਹੀਂ ਹਨ। ਇਸ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਕਿ ਮੇਰੇ ਬਚਪਨ ਵਿੱਚ ਮੈਂ ਘਰ ਵਿੱਚ ਕਦੇ ਕਿਸੇ ਨੂੰ ਗਾਲ਼ ਕੱਢਦੇ ਨਹੀਂ ਸੁਣਿਆ। ਤੇ ਜੇ ਕਦੇ ਬਾਹਰ ਸੁਣਿਆ ਵੀ ਤਾਂ ਆਪਣੇ ਸ਼ਬਦ ਭੰਡਾਰ ਵਿੱਚ ਦਰਜ ਨਹੀਂ ਕੀਤੇ ਅਜਿਹੇ ਸ਼ਬਦ। ਇਸੇ ਕਰਕੇ ਇਹ ਸ਼ਬਦ ਮੇਰੀ ਸੋਚ ਤੇ ਮੇਰੀ ਜ਼ੁਬਾਨ ਦਾ ਕਦੇ ਹਿੱਸਾ ਨਹੀਂ ਬਣੇ।

ਉਸ ਦਿਨ ਤੋਂ ਬਾਅਦ ਜਦੋਂ ਕਦੇ ਮੈਂ ਮੇਰੀ ਅੱਜ ਤੱਕ ਗਾਲ਼ ਨਾ ਕੱਢਣ ਵਾਲ਼ੀ ਇਹ ਗੱਲ ਕਿਸੇ ਨਾਲ਼ ਵੀ ਸਾਂਝੀ ਕੀਤੀ ਤਾਂ ਸੁਣਨ ਵਾਲ਼ਾ ਮੇਰੀ ਗੱਲ ਦਾ ਸੱਚ ਨਾ ਮੰਨਦਾ ਤੇ ਬਹੁਤ ਹੈਰਾਨ ਹੁੰਦਾ। ਅਗਲੇ ਦੀ ਹੈਰਾਨੀ ਹੁਣ ਮੈਨੂੰ ਹੈਰਾਨ ਕਰਦੀ ਹੈ ਕਿ ਇਸ ਵਿੱਚ ਹੈਰਾਨ ਹੋਣ ਵਾਲ਼ੀ ਕਿਹੜੀ ਗੱਲ ਹੈ ?

**ਡਾ. ਹਰਦੀਪ ਕੌਰ ਸੰਧੂ**



# ਸੁਰਸੱਤੀ ਦੀ ਹੱਟੀ



**ਢਾਡੀ ਕੁਲਜੀਤ ਸਿੰਘ ਦਿਲਬਰ**
+1-425-524-1828
dilbar108@gmail.com

ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਤੋਂ ਉਜੱੜ ਕੇ ਆਈ ਸੁਰਸੱਤੀ ਨੇ ਸਾਡੇ ਪਿੰਡ ਕਰਿਆਨੇ ਦੀ ਪਰਚੂਨ ਦੀ ਦੂਕਾਨ ਪਾਈ ਹੋਈ ਸੀ। ਪਿੰਡ ਵਾਲੇ ਲੋੜ ਪੈਣ ਤੇ ਸੁਰਸੱਤੀ ਦੀ ਦੂਕਾਨ ਤੋਂ ਸਮਾਨ ਨਕਦ ਜਾਂ ਉਧਾਰ ਲੈ ਲਿਆ ਕਰਦੇ ਸਨ। ਸੁਰਸੱਤੀ ਦਾ ਸੁਭਾਅ ਬੜਾ ਚੰਗਾ ਸੀ। ਹਰ ਇਕ ਨੂੰ ਮਿਠਾਸ ਨਾਲ ਬੋਲਦੀ । ਪਿੰਡ ਦੇ ਲੋਕਾਂ ਨਾਲ ਮਿਲਵਰਤਣ ਹੋਣ ਕਰ ਕੇ ਉਹਦੀ ਦੂਕਾਨ ਚੰਗੀ ਚੱਲ ਰਹੀ ਸੀ।

ਇਕ ਦਿਨ ਗਰਮੀ ਬਹੁਤ ਸੀ। ਮੰਨ ਨੂੰ ਘਬਰਾਹਟ ਜਿਹੀ ਬੜੀ ਮਹਿਸੂਸ ਹੋ ਰਹੀ ਸੀ । ਮੈਂ ਘਰੋਂ ਉਠ ਕੇ ਸੁਰਸੱਤੀ ਦੀ ਦੂਕਾਨ ਤੇ ਆਇਆ। ਸੁਰਸੱਤੀ ਦੁਕਾਨ ਤੇ ਬੈਠੀ ਗਾਹਕਾਂ ਨੂੰ ਸੌਦਾ ਦੇ ਰਹੀ ਸੀ। ਜਦੋਂ ਗਾਹਕ ਚਲੇ ਗਏ ਮੈਂ ਕਿਹਾ ਤਾਈ ਲੈਮਨ ਸੋਡਾ ਪਿਆ। ਲੈਮਨ ’ਚ ਮਸਾਲਾ ਤੇ ਬਰਫ਼ ਪਾ ਦੇਵੀਂ। ਸੁਰਸੱਤੀ ਨੇ ਕੁਰਸੀ ਦਿੱਤੀ, ਕਹਿੰਦੀ ਬਹਿ ਜਾ। ਮੈਂ ਕੁਰਸੀ ’ਤੇ ਬਹਿ ਗਿਆ। ਉਹਨੇ ਕੱਚ ਦੇ ਗਿਲਾਸ ਵਿਚ ਬਰਫ਼ ਤੇ ਮਸਾਲਾ ਪਾ ਕੇ ਲੈਮਨ ਸੋਡਾ ਬਣਾ ਕੇ ਮੈਨੂੰ ਦਿੱਤਾ, ਮੈਂ ਘੁੱਟ ਘੁੱਟ ਕਰ ਕੇ ਪੀਣ ਲੱਗਾ। ਮੈਂ ਕਿਹਾ ਤਾਈ ਤੂੰ ਪਾਕਿਸਤਾਨ ਤੋਂ ਉਜੜ ਕੇ ਆਈ ਏਂ ਤੂੰ ਤਾਂ ਦੇਸ਼ ਦੀ ਵੰਡ ਦਾ ਉਜਾੜਾ ਅੱਖੀਂ ਤਕਿਆ, ਤੂੰ ਇੱਥੇ ਕਿਵੇਂ ਆਈ। ਉਹਨੇ ਮੇਰੇ ਵਲ ਇੰਝ ਤਕਿਆ, ਜਿਵੇਂ ਮੈਂ ਦੁੱਖਦੀ ਰਗ ’ਤੇ ਹੱਥ ਧਰ ਦਿੱਤਾ ਹੋਵੇ। ਕਹਿਣ ਲੱਗੀ ਕਾਹਨੂੰ ਉਹ ਦਿਨ ਯਾਦ ਕਰਾਉਂਦਾ ਪਿਐਂ, ਬੜੇ ਭਿਆਨਕ ਦਿਨ ਸਨ। ਪਾਕਿਸਤਾਨ ਵਿਚ ਅਸੀਂ ਚੱਕ ਨੰਬਰ 348 ’ਚ ਰਹਿੰਦੇ ਸਾਂ। ਸਾਡਾ ਛੋਟਾ ਜਿਹਾ ਟੱਬਰ ਸੀ, ਜਿਸ ਵਿਚ ਤੇਰਾ ਤਾਇਆ ਸੱਦਾ ਰਾਮ, ਵੱਡੀ ਧੀ ਰਾਜ਼ ਰਾਣੀ, ਛੋਟੀ ਧੀ ਚੰਦੋ ਰਾਣੀ ਜੋ ਪੈਦਾਇਸ਼ ਤੋਂ ਗੂੰਗੀ ਸੀ ਅਤੇ ਲੜਕਾ ਤਿਲਕਾ ਸੀ। ਛੋਟਾ ਪੂਰਨ ਪਾਕਿਸਤਾਨ ਤੋਂ ਹਿੰਦੋਸਤਾਨ ਆਉਂਦਿਆਂ ਰਸਤੇ ਵਿਚ ਪੈਦਾ ਹੋਇਆ। ਮੈਂ ਉਸ ਵਕਤ ਗਰਭਵਤੀ ਸੀ। ਰਸਤੇ ਵਿਚ ਤੁਰਦਿਆਂ ਗੱਡੇ ਤੇ ਬੈਠੇ ਹੁਚਕਿਆਂ ਨਾਲ ਪਤਾ ਨਹੀਂ ਗਰਭ ਵਿਚ ਕੀ ਵਿਗਾੜ ਪਿਆ, ਇਹ ਵੀ ਜੰਮਦਿਆਂ ਇਹਦੇ ਸਰੀਰ ਦਾ ਇਕ ਪਾਸਾ ਭਾਰਾ ਤੇ ਇਕ ਪਾਸਾ ਹਲਕਾ ਸੀ।

ਜਦੋਂ ਰੋਲੇ ਸ਼ੁਰੂ ਹੋਏ, ਮੈਂ ਪਾਕਿਸਤਾਨ ਵਿਚ ਘਰ ਦੇ ਟੱਬਰ ਦੀਆਂ ਰੋਟੀਆਂ ਚੁੱਲੇ ’ਤੇ ਲਾਹ ਰਹੀ ਸਾਂ। ਅਜੇ ਪਹਿਲੀ ਰੋਟੀ ਤਵੇ ’ਤੇ ਪਾਈ ਸੀ ਕਿ ਤੇਰਾ ਤਾਇਆ ਸਾਹੋ ਸਾਹੀ ਹੋਇਆ ਦੌੜਿਆ ਆਇਆ। ਇਹਦਾ ਸਾਹ ਵਿਚ ਸਾਹ ਨਾ ਰਲੇ ਕਹਿੰਦਾ, ਸੁਰਸੱਤੀਏ ਰੋਟੀਆਂ ਛੱਡ ਬੱਚੇ ਸੰਭਾਲ ਇਹ ਮੁਲਕ ਛੱਡ ਕੇ ਜਾਣਾ ਪੈਣਾ, ਫਟਾਫਟ ਨਿਕਲੀਏ ਬਾਹਰ ਤਾਂ ਕਤਲੋਗਾਰਦ ਸ਼ੁਰੂ ਹੋਈ ਪਈ ਏ। ਸੁਰਸੱਤੀਏ ਪਤਾ ਨਹੀਂ ਬਚਾਂਗੇ ਕਿ ਨਹੀਂ। ਪਤਾ ਨਹੀਂ ਹਜ਼ੂਮ ਕਿਹੜੇ ਵੇਲੇ ਆ ਵੜੇ। ਅਸੀਂ ਜੋ ਹੱਥ ਆਇਆ, ਬੱਚੇ ਨਾਲ ਲਏ ਵਾਹਿਗੁਰੂ ਦਾ ਨਾਂ ਲੈ ਕੇ ਨਿਕਲ ਪਏ। ਅੱਗੋਂ ਹਿੰਦੂ ਸਿੱਖਾਂ ਦਾ ਸੰਗ ਮਿਲ ਗਿਆ ਬੱਚਿਆਂ ਨੂੰ ਗੱਡੇ ’ਤੇ ਬਿਠਾ ਦਿੱਤਾ, ਮੈਂ ਵੀ ਗੱਡੇ ’ਤੇ ਬੈਠ ਗਈ। ਪੰਜਾਬ ਵਲ ਨੂੰ ਟੁਰ ਪਏ। ਰਸਤੇ ਵਿਚ ਬੱਚਿਆਂ ਨੂੰ ਪਿਆਸ ਲੱਗੀ। ਦੂਰ ਦੁਰਾਡੇ ਤੱਕ ਪਾਣੀ ਨਜ਼ਰ ਨਹੀਂ ਸੀ ਆ ਰਿਹਾ। ਤੇਰਾ ਤਾਇਆ ਬੱਚਿਆਂ ਲਈ ਪਾਣੀ ਲੈਣ ਗਿਆ ਸੰਗ ਤੋਂ ਵਿਛੜ ਗਿਆ। ਹਰ ਇਕ ਨੂੰ ਆਪਣੀ ਜਾਨ ਬਚਾਉਣ ਦੀ ਪਈ ਹੋਈ ਸੀ। ਰਸਤੇ ’ਚ ਮੁਸਲਮਾਨਾਂ ਨੇ ਸਿੱਖਾਂ ਤੇ ਹਿੰਦੂਆਂ ਦਾ ਕਤਲ ਕੀਤਾ, ਲੁੱਟਾਂ ਖੋਹਾਂ ਕੀਤੀਆਂ। ਜਵਾਨ ਧੀਆਂ ਭੈਣਾਂ ਦੀਆਂ ਇਜ਼ਤਾਂ ਲੁੱਟੀਆਂ। ਕਈਆਂ ਮੁਟਿਆਰਾਂ ਨੇ ਇਜ਼ਤਾਂ ਬਚਾਉਣ ਲਈ ਆਪਣੇ ਆਪ ਨੂੰ ਖਤਮ ਕਰ ਲਿਆ। ਕਈਆਂ ਨੇ ਖੂਹਾਂ ਵਿਚ ਛਾਲਾਂ ਮਾਰ ਦਿੱਤੀਆਂ । ਕਈਆਂ ਮਾਪਿਆਂ ਆਪ ਆਪਣੇ ਹੱਥੀਂ ਆਪਣੀਆਂ ਧੀਆਂ ਭੈਣਾਂ ਤਲਵਾਰ ਨਾਲ ਵੱਢ ਦਿੱਤੀਆਂ ।ਹਰ ਪਾਸੇ ਖੂਨ ਹੀ ਖੂਨ ਨਜ਼ਰ ਆ ਰਿਹਾ ਸੀ। ਉਹ ਦ੍ਰਿਸ਼ ਯਾਦ ਕਰ ਕੇ ਸਰੀਰ ਨੂੰ ਕੰਬਣੀ ਛਿੜ ਪੈਂਦੀ। ਤੇਰਾ ਤਾਇਆ ਪਾਣੀ ਲੈ ਕੇ ਨਾ ਆਇਆ। ਸਾਰੇ ਕਹਿਣ ਮੁਸਲਮਾਨਾਂ ਦੇ ਹੱਥ ਆ ਗਿਆ ਹੋਣਾ। ਵਢਿਆ ਟੁਕਿਆ ਗਿਆ ਹੋਣਾ। ਦਿਲ ਵਿਚ ਹਰ ਤਰਾਂ ਦਾ ਡਰ ਬੈਠ ਗਿਆ। ਮੈਂ ਸੋਚਣ ਲੱਗੀ, ਕਿੱਥੇ ਜਾਵਾਂਗੀ, ਬਚਿਆਂ ਨੂੰ ਕਿਵੇਂ ਪਾਲਾਂਗੀ, ਕਿੱਥੇ ਟਿਕਾਣਾ ਮਿਲੂ। ਰਸਤੇ ਵਿਚ ਕਿਸੇ ਕੋਲੋਂ ਜੋ ਮਿਲਿਆ ਲੈ ਕੇ ਬੱਚਿਆਂ ਦੀ ਭੁੱਖ ਮਿਟਾਉਂਦੀ ਰਹੀ।ਅਜੇ ਹਿੰਦੋਸਤਾਨ ਦੀ ਹੱਦ ਪੰਜ ਛੇ ਮੀਲ ਰਹਿੰਦੀ ਸੀ, ਮੈਨੂੰ ਦਰਦਾਂ ਸ਼ੁਰੂ ਹੋ ਗਈਆਂ, ਚਲਦੇ ਚਲਦੇ ਗੱਡੇ ’ਤੇ ਦੇਸ਼ ਦੇ ਉਜਾੜੇ ਵਿਚ ਪੂਰਨ ਦਾ ਜਨਮ ਹੋਇਆ। ਜਦੋਂ ਅਸੀਂ ਸੁੱਖੀ ਸਾਂਦੀ ਪਾਕਿਸਤਾਨ ਤੋਂ ਇਧਰ ਪੰਜਾਬ ਦੀ ਹੱਦ ਪਾਰ ਕਰ ਲਈ ਅੰਦਰੋਂ ਅੰਦਰੀਂ ਮੈਨੂੰ ਤੇਰੇ ਤਾਏ ਦਾ ਫਿਕਰ ਸਤਾਉਣ ਲੱਗਾ। ਇਧਰ ਤੇਰਾ ਤਾਇਆ ਸਾਡੀ ਭਾਲ ਕਰਦਾ ਫਿਰਦਾ ਸੀ। ਜਿਹੜਾ ਟੋਲਾ ਮਿਲੇ ਜਿਹੜਾ ਸੰਗ ਮਿਲੇ ਪਾਗਲਾਂ ਵਾਂਗ ਪੁਛਦਾ ਫਿਰੇ। ਅਚਨਚੇਤ ਤੇਰਾ ਤਾਇਆ ਹੱਦ ਤੇ ਸਾਨੂੰ ਮਿਲ ਗਿਆ। ਵਾਹਿਗੁਰੂ ਦਾ ਸ਼ੁਕਰ ਕੀਤਾ। ਪਰਿਵਾਰ ਇਕੱਠਾ ਹੋ ਗਿਆ।

ਪਹਿਲਾਂ ਸਾਨੂੰ ਹੋਰ ਪਿੰਡ ਅਲਾਟ ਹੋਇਆ ਸੀ। ਤੇਰੇ ਤਾਏ ਮਿਹਨਤ ਮਜ਼ਦੂਰੀ ਕੀਤੀ, ਚਾਰ ਪੈਸੇ ਜੋੜ ਕੇ ਉਸ ਪਿੰਡੋਂ ਉਠ ਕੇ ਤੁਹਾਡੇ ਪਿੰਡ ਦੁਕਾਨ ਪਾ ਲਈ। ਪਿੰਡ ਦੇ ਸਹਿਯੋਗ ਨਾਲ ਗੁਜ਼ਾਰਾ ਵਧਿਆ ਚੱਲ ਰਿਹਾ। ਫਿਰ ਬੱਚੇ ਵੱਡੇ ਹੋ ਗਏ। ਇਨਾਂ ਦੇ ਵਿਆਹਾਂ ਦੀ ਚਿੰਤਾ ਹੋਣ ਲੱਗੀ। ਵੱਡੀ ਲੜਕੀ ਰਾਜ਼ ਰਾਣੀ ਦਾ ਵਿਆਹ ਕੀਤਾ ।ਅੱਗੋਂ ਰਿਸ਼ਤੇਦਾਰ ਚੰਗੇ ਨਾ ਮਿਲੇ। ਰਾਜ਼ ਰਾਣੀ ਦੀ ਜਿੰਦਗੀ ਨਰਕ ਬਣੀ ਪਈ। ਉਹਦੇ ਸਹੁਰੇ ਬਹੁਤ ਤੰਗ ਕਰਦੇ। ਦਾਜ ਦੇ ਵੀ ਲਾਲਚੀ ਨਿਕਲੇ। ਉਸ ਡਾਹਢੇ ਅੱਗੇ ਕਿਹਦਾ ਜ਼ੋਰ। ਮੂੰਹ ਪਿਆ ਅੱਕ ਚਬਣਾ ਪੈ ਰਿਹਾ। ਛੋਟੀ ਲੜਕੀ ਗੂੰਗੀ ਚੰਦੋ ਰਾਣੀ ਦਾ ਰਿਸ਼ਤਾ ਆਇਆ। ਗੂੰਗੀ ਸੀ ਪਰ ਸਿਆਣੀ ਬਹੁਤ ਸੀ ਘਰ ਦਾ ਸਾਰਾ ਕੰਮ ਕਰ ਲੈਂਦੀ ਸੀ। ਅਸੀਂ ਸੋਚਦੇ ਸੀ ਇਹਦੇ ਨਾਲ ਕੌਣ ਵਿਆਹ ਕਰੇਗਾ। ਲੜਕਾ ਲੰਗ ਮਾਰਦਾ ਸੀ। ਵਿਆਹ ਦਿੱਤੀ। ਅੱਜ ਚੰਦੋ ਰਾਣੀ ਸਹੁਰੇ ਘਰ ਰਾਜ ਕਰਦੀ, ਸੱਸ, ਸਹੁਰਾ, ਦਿਉਰ ਅਤੇ ਨਨਾਣ ਸਭ ਕਦਰ ਕਰਦੇ। ਉਹਨੇ ਘਰ ਸਵਰਗ ਬਣਾ ਕੇ ਰਖਿਆ ਹੋਇਆ । ਕਿਸਮਤ ਦੇ ਸੌਦੇ ਹਨ। ਵਾਹਿਗੁਰੂ ਦੇ ਰੰਗਾਂ ਨੂੰ ਕੌਣ ਜਾਣ ਸਕਦਾ।

ਚਾਰ ਦਿਨ ਸੁੱਖ ਦੇ ਕਟਣ ਲਈ ਤਿਲਕੇ ਦਾ ਵਿਆਹ ਕੀਤਾ। ਛੇ ਸਤ ਮਹੀਨੇ ਚੰਗੇ ਲੰਘੇ। ਬਾਅਦ ਵਿਚ ਤਿਲਕਾ ਆਪਣੀ ਵਹੁਟੀ ਮਗਰ ਲੱਗ ਕੇ ਸਾਨੂੰ ਪ੍ਰੇਸ਼ਾਨ ਕਰਨ ਲੱਗ ਪਿਆ। ਸਾਨੂੰ ਵੀ ਉਚਾ ਨੀਵਾਂ ਬੋਲਣ ਲੱਗ ਪਿਆ।ਦੁਕਾਨ ’ਚੋਂ ਪੈਸਿਆਂ ਦੀ ਹੇਰਾਫੇਰੀ ਕਰਨ ਲੱਗ ਪਿਆ। ਝੂਠ ਬੋਲਣਾ, ਮੁੱਕਰ ਜਾਣਾ ਲੜਨਾ ਝਗੜਨਾ ਨਿੱਤ ਦਾ ਕਰਮ ਬਣ ਗਿਆ। ਇਸੇ ਗਮ ਵਿਚ ਤੇਰਾ ਤਾਇਆ ਸਦਾ ਲਈ ਦੁਨੀਆਂ ਤੋਂ ਟੁਰ ਗਿਆ। ਪੂਰਨ ਦੀ ਇਕ ਸਿਹਤ ਠੀਕ ਨਹੀਂ, ਉਤੋਂ ਤਿਲਕੇ ਕੁੱਟ ਮਾਰ ਕਰਨੀ, ਬੁਰਾ ਭਲਾ ਕਹਿਣਾ। ਘਰ ਦਾ ਕੰਮ ਕਰਾਉਣਾ। ਮੈਂ ਸੋਚਿਆ ਮੈਂ ਸਾਰੀ ਜਿੰਦਗੀ ਬੈਠੇ ਨਹੀਂ ਰਹਿਣਾ। ਮੇਰੇ ਪਿਛੋਂ ਪੂਰਨ ਦਾ ਕੀ ਹਾਲ ਹੋਊ। ਮੇਰੇ ਜਿਉਂਦੇ ਜੀ ਇਹ ਹਾਲ ਕਰਦੇ ਬਾਅਦ ਵਿਚ ਕੀ ਹੋਊ।ਇਸੇ ਸੋਚਾਂ ਵਿਚ ਪਈ ਰਹਿੰਦੀ। ਸੋਚਾਂ ਪੂਰਨ ਦਾ



ਵਿਆਹ ਕਰ ਦੇਵਾਂ। ਫਿਰ ਸੋਚਾਂ ਇਹਨੂੰ ਕੁੜੀ ਕੌਣ ਦੇਊ। ਸੋਚਾਂ ਗਰੀਬ ਨੂੰ ਚਾਰ ਪੈਸੇ ਦੇ ਕੇ ਜੇ ਮੈਂ ਵਿਆਹ ਕਰ ਵੀ ਦੇਵਾਂ ਉਹ ਨਾ ਹੋਵੇ ਬਦਨਾਮੀ ਦਾ ਕਲੰਕ ਮੱਥੇ ਲੱਗ ਜਾਵੇ। ਇਹਦੇ ਸਰੀਰ ਵੱਲ ਵੇਖ ਕੇ ਮੈਂ ਸੋਚਾਂ ਪਤਾ ਨਹੀਂ ਇਹ ਗਰਿਸਥ ਦੇ ਕਾਬਲ ਹੈ ਵੀ ਕਿ ਨਹੀਂ। ਤਰਾਂ ਤਰਾਂ ਦੇ ਵਿਚਾਰ ਮੇਰੇ ਮੰਨ ਵਿਚ ਆਉਂਦੇ।

ਇਕ ਦਲਿਤ ਕੁੜੀ ਦਾ ਮੇਰੇ ਕੋਲ ਉਧਾਰ ਸੀ, ਉਹ ਚੁਕਤਾ ਨਹੀਂ ਸੀ ਕਰ ਰਹੀ। ਇਕ ਦਿਨ ਨਿਵੇਕਲੇ ਮੈਂ ਇਕੱਲੀ ਨਾਲ ਗਲ ਕੀਤੀ ਕਿ ਤੇਰਾ ਸਾਰਾ ਉਧਾਰ ਮਾਫ ਕਰ ਦੂੰਗੀ ਤੂੰ ਪੂਰਨ ਨੂੰ ਸ਼ਰਾਰਤ ਕਰ ਕੇ ਟੋਹ ।ਉਹ ਮੰਨ ਗਈ। ਉਸ ਦੇ ਕਹਿਣ ’ਤੇ ਮੈਂ ਬੰਗਾਲ ਤੋਂ ਪੂਰਨ ਲਈ ਮੁਲ ਦੀ ਇਕ ਕੰਦੇਸਣ ਪਰੇਮੋ ਲਿਆਂਦੀ। ਬੜੀ ਚੰਗੀ ਨਿਕਲੀ ਪੂਰਨ ਦੀ ਜਿੰਦਗੀ ਸੁਧਾਰ ਦਿੱਤੀ। ਪਿੰਡ ਦੇ ਲੋਕਾਂ ਨੂੰ ਪਿਆਰ ਨਾਲ ਬੁਲਾਉਂਦੀ। ਕਿਸੇ ਨੇ ਕੋਈ ਕੰਮ ਕਹਿਣਾ ਹਸ ਕੇ ਕਰਨਾ। ਉਸ ਪਰੇਮੋ ਨੇ ਪਿੰਡ ਵਾਲਿਆਂ ਦਾ ਦਿਲ ਜਿੱਤ ਲਿਆ, ਪਿੰਡ ਵਾਲੇ ਵੀ ਉਹਦੀ ਦਿਲੋਂ ਕਦਰ ਕਰਦੇ ਸੀ

ਤਿਲਕੇ ਨੇ ਜਬਰਦਸਤੀ ਦੁਕਾਨ ’ਤੇ ਮਲ ਮਾਰ ਲਈ, ਪੂਰਨ ਨੂੰ ਕੁਛ ਦੇਵੇ ਨਾ। ਦੁਕਾਨ ਦੇ ਨੇੜੇ ਨਾ ਲਗਣ ਦੇਵੇ। ਮੈਂ ਫਿਰ ਪਿੰਡ ਦੇ ਦੂਜੇ ਪਾਸੇ ਆਪਣੇ ਜਿਉਂਦੇ ਜੀ ਪੂਰਨ ਨੂੰ ਕਰਿਆਨੇ ਦੀ ਦੁਕਾਨ ਖੋਲ ਦਿੱਤੀ। ਦੁਕਾਨ ਦਾ ਨਾਮ ਨਹੀਂ ਬਦਲਿਆ। ਇਸ ਦੁਕਾਨ ਦਾ ਨਾਮ ਵੀ ਸੁਰਸੱਤੀ ਦੀ ਹੱਟੀ ਰੱਖ ਦਿੱਤਾ । ਮੈਂ ਆਪ ਦੁਕਾਨ ’ਤੇ ਬਹਿਣ ਲੱਗ ਪਈ। ਮੇਰੀ ਜਾਣ-ਪਛਾਣ ਮੇਰੀ ਈਮਾਨਦਾਰੀ ਨੇ ਦੂਸਰੀ ਦੁਕਾਨ ਦੇ ਗਾਹਕ ਖਿੱਚ ਲਏ ।ਹੁਣ ਜਿਆਦਾਤਰ ਪੂਰਨ ਤੇ ਪਰੇਮੋ ਰਲ ਕੇ ਦੁਕਾਨ ਚਲਾਉਂਦੇ ਹਨ। ਪਿੰਡ ਵਾਲੇ ਇਸ ਨਵੀਂ ਦੁਕਾਨ ਤੋਂ ਸੌਦਾ ਖਰੀਦਦੇ ਹਨ। ਪਰੇਮੋ ਦਾ ਪਿੰਡ ਵਾਲਿਆਂ ਨਾਲ ਪਿਆਰ ਮਿਲਵਰਤਨ ਤੇ ਸਹਿਯੋਗ ਵੀ ਕੰਮ ਆਇਆ, ਦੂਸਰੀ ਸੁਰਸੱਤੀ ਦੀ ਹੱਟੀ ’ਤੇ ਕਾਂ ਬੋਲਦੇ। ਬਸ ਉਨਾਂ ਦੋਹਾਂ ਦਾ ਹੰਕਾਰ ਉਨਾਂ ਨੂੰ ਲੈ ਬੈਠਾ। ਗੱਲਾਂ ਕਰਦੀ ਕਰਦੀ ਉਹ ਅੱਖਾਂ ਭਰ ਲੈਂਦੀ । ਕੀ ਕਰਾਂ ਮਾਂ ਹਾਂ, ਮਾਂ ਦੀ ਮਮਤਾ ਕੋਲੋਂ ਦੋਵਾਂ ਦਾ ਦੁੱਖ ਨਹੀਂ ਜਰਿਆ ਜਾਂਦਾ। ਐਨੇ ਨੂੰ ਪਰੇਮੋ ਤੇ ਪੂਰਨ ਦੁਕਾਨ ’ਤੇ ਆ ਗਏ। ਮੈਂ ਉਠ ਕੇ ਖੜਾ ਹੋ ਗਿਆ ।

ਉਸਦੀ ਹੱਡਬੀਤੀ ਸੁਣ ਕੇ ਘਰ ਆ ਗਿਆ।ਸਾਰੀ ਰਾਤ ਸੋਚਦਾ ਰਿਹਾ ਪਾਕਿਸਤਾਨ ਨੂੰ ਬੰਗਾਲ ਗੁਜਰਾਤ ਤੇ ਰਾਜਸਥਾਨ ਦੀ ਹੱਦ ਵੀ ਲਗਦੀ ਸੀ। ਪਰ ਕਤਲੋਗਾਰਦ ਪੰਜਾਬ ਵਾਲੇ ਪਾਸੇ ਹੀ ਕਿਉਂ ਹੋਈ। ਇਸ ਉਜਾੜੇ ਵਿਚ ਸੁਣਿਆ ਦਸ ਲੱਖ ਦੇ ਕਰੀਬ ਬੰਦਾ ਮਾਰਿਆ ਗਿਆ। ਸੋਚਦੇ ਸੋਚਦੇ ਕਦੋਂ ਨੀਂਦ ਨੇ ਕਲਾਵੇ ਵਿਚ ਲੈ ਲਿਆ ਪਤਾ ਹੀ ਨਾ ਲੱਗਾ ।

ਸਮੇਂ ਦੀ ਗਤੀ ਕਿੰਨੀ ਤੇਜ਼ੀ ਨਾਲ ਬਦਲ ਰਹੀ ਹੈ। ਪਰਿਵਾਰਿਕ ਪੀੜਾਂ ਨੂੰ ਬਹੁਤ ਸ਼ਿਦਤ ਨਾਲ ਮਹਿਸੂਸ ਕੀਤਾ ਜਾ ਰਿਹਾ । ਸਾਂਝੀ ਪ੍ਰੇਮ ਭਾਵਨਾ ਤੇ ਜੁੰਮੇਵਾਰੀ ਹੋਰ ਜਟਿਲ ਹੁੰਦੀ ਜਾ ਰਹੀ ਹੈ। ਜ਼ਿੰਦਗੀ ਦੀਆਂ ਕੁਝ ਗੱਲਾਂ ਜਬਤ ਵਿਚ ਰਹਿ ਕੇ ਕਰ ਸਕਦੇ ਹਾਂ।

ਜ਼ਿੰਦਗੀ ਦਾ ਕੌੜਾ ਸੱਚ ਪਰੀਤ ਨੂੰ ਸੁਨੇਹੇ ਰਾਹੀਂ ਉਜਾਗਰ ਕਰ ਰਿਹਾ। ਵਿਯੋਗ ਦੀਆਂ ਬਾਤਾਂ, ਮੇਲ ਦੇ ਸੁਨੇਹੇ, ਤ੍ਰਿਪਤੀ ਦਾ ਹੁਲਾਸ ਪੈਦਾ ਹੁੰਦਾ ਨਜ਼ਰ ਆ ਰਿਹਾ। ਅਹਿਸਾਸ ਦੀ ਸ਼ਿਦਤ ਦਾ ਰੰਗ ਸੁਰਮਈ, ਕਿਰਮਚੀ ਜਾਂ ਉਦਾਸ ਜਿੰਦਗੀ ਦੀ ਰਾਹ ਪਾਉਣ ਵਾਲਾ ਬਿਲੰਬਰੀ ਵੀ ਹੋ ਸਕਦਾ। ਕੂੰਜ ਦੀ ਕੁਰਲਾਹਟ ਵਿਚ ਇਕ ਦਰਦ ਹੈ। ਮੀਂਹ ਦੀ ਕਣੀ ਲਈ ਤਰਸਦੇ ਪਪੀਹੇ ਦੀ ਵਿਲਕਦੀ ਹੂਕ ਅਤੇ ਖੁਦਾ ਦੀ ਰਹਿਮਤ ਮੰਗਦੇ ਹੱਥਾਂ ਉਤੇ ਫਕੀਰ ਦੀ ਦੁਆ ਜਿਹੀ ਅਰਜੋਈ ਹੈ। ਸ਼ਾਲਾ ਸਾਰੀ ਲੋਕਾਈ ਸੁਖੀ ਵਸੇ।

ਅੱਜ ਭਾਵੇਂ ਸੁਰਸੱਤੀ ਇਸ ਦੁਨੀਆਂ ’ਚ ਨਹੀਂ ਪਰ ਮੈਂ ਸੱਤ ਸਮੁੰਦਰ ਪਾਰ ਬੈਠਾ ਅੱਜ ਵੀ ਮੰਨ ਦੀ ਉਡਾਰੀ ਨਾਲ ਸੁਰਸੱਤੀ ਦੀ ਹੱਟੀ ਪਹੁੰਚ ਜਾਂਦਾ ਹਾਂ।

# ਤੇ ਅੱਜ ਸਾਡਾ ਉਹ ਨਾਨਾ ਵੀ ਮਰ ਗਿਆ....



**ਅਸ਼ੋਕ ਸੋਨੀ, ਕਾਲਮਨਵੀਸ**
ਮੋ. 9872705078

ਅਸੀਂ ਦੋਵੇਂ ਭਰਾ ਪਿਛਲੇ ਕੁੱਝ ਸਾਲਾਂ ਤੋਂ ਇਕੱਠੇ ਕਾਰ ਤੇ ਕਈ ਪਿੰਡਾਂ ਵਿੱਚ ਦੀ ਲੰਘ ਕੇ ਆਪਣੇ ਸਕੂਲ ਜਾਈਦਾ ਏ, ਜਦੋਂ ਤੁਸੀਂ ਰੋਜ ਇਕੋ ਰਸਤੇ ਜਾਂਦੇ ਓ ਤਾਂ ਰੋਜ ਮਿਲਣ ਵਾਲੇ ਅਣਜਾਣ ਲੋਕਾਂ ਨਾਲ ਵੀ ਗੂੜੀ ਸਾਂਝ ਪੈ ਜਾਂਦੀ ਏ। ਫਾਜ਼ਿਲਕਾ ਦੇ ਲਾਗੇ ਪਿੰਡ ਚੁਆੜਿਆਂ ਵਾਲੀ ਦੇ ਬਿਲਕੁੱਲ ਵਿੱਚਕਾਰ ਸਰਦਾਰਾਂ ਦੇ ਕਈ ਬਜ਼ੁਰਗਾਂ ਨਾਲ ਸਾਡੀ ਰੋਜ ਸਤਿ ਸ੍ਰੀ ਅਕਾਲ ਹੁੰਦੀ। ਉਨਾਂ ਦੇ ਪੱਕੇ ਰੰਗ ਦੇ ਇਕ ਮਰੀਅਲ ਜਿਹੇ ਬਜ਼ੁਰਗ ਜੋ ਰੋਜ ਆਪਣੇ ਘਰ ਦੇ ਬਾਹਰ ਕੁਰਸੀ ਤੇ ਬੈਠੇ ਹੁੰਦੇ ਸਾਨੂੰ ਬਿਲਕੁਲ ਆਪਣੇ ਦਾਦੇ ਵਰਗੇ ਜਾਪਦੇ। ਦਰਅਸਲ ਬਜ਼ੁਰਗਾਂ ਦੇ ਝੁਰੜੀਆਂ ਤੇ ਦੰਦ ਨਾ ਹੋਣ ਕਾਰਨ ਵੀ ਤਕਰੀਬਨ ਅਜਿਹਾ ਹੁੰਦਾ ਏ, ਦੂਜਾ ਬਜ਼ੁਰਗ ਦੀ ਢਿੱਲੀ ਜਿਹੀ ਪੱਗ ਵੀ ਸਾਡੇ ਬਾਗੜੀ ਦਾਦੇ ਦੀ ਸਿਰ ਦੀ ਪਗੜੀ (ਜਿਸ ਨੂੰ ਬਾਗੜੀ ‘ਚ ਪੋਤੀਆ ਕਹਿੰਦੇ ਨੇ) ਨਾਲ ਪੂਰਾ ਮੇਚ ਕਰਦੀ। ਉਹਨਾਂ ਬਜ਼ੁਰਗਾਂ ਦੇ ਘਰਾਂ ਵਿਚੋਂ ਈ ਸਿਰੋਂ ਮੋਨੇ, ਛੋਟੇ ਕੱਦ ਦੇ, ਸਾਫ ਰੰਗ ਦੇ ਮਜ਼ਾਕੀਆ ਜਿਹੇ ਇਕ ਹੋਰ ਬਜ਼ੁਰਗ, ਜੋ ਉਨਾਂ ਤੋਂ ਉਮਰ ਵਿਚ ਛੋਟੇ ਜਾਪਦੇ ਸਨ, ਪਰ ਸਾਨੂੰ ਦੋਵੇਂ ਭਰਾਵਾਂ ਨੂੰ ਬਿਲਕੁੱਲ ਸਾਡੇ ਨਾਨੇ ਵਰਗੇ ਲੱਗਦੇ, ਸਾਹਮਣੇ ਸੜਕ ਦੇ ਪਰਲੇ ਪਾਸੇ ਆਪਣੇ ਘਰ ਸਾਹਮਣੇ ਕੁਰਸੀ ਤੇ ਬੈਠੇ ਮਿਲਦੇ। ਹੁਣ ਅਸੀਂ ਦੋਵੇਂ ਭਰਾ ਰੋਜ਼ ਇਨਾਂ ਬਜ਼ੁਰਗਾਂ ਨੂੰ ਕਾਰ ਦਾ ਹੋਰਨ ਮਾਰ ਸਤਿ ਸ੍ਰੀ ਅਕਾਲ ਬੁਲਾਉਂਦੇ ਤੇ ਜਵਾਬ ’ਚ ਇਹ ਦੋਵੇਂ ਬਜ਼ੁਰਗ ਵੀ ਸਾਨੂੰ ਗੱਜ ਕੇ ਸਤਿ ਸ੍ਰੀ ਅਕਾਲ ਬੁਲਾਉਂਦੇ ਜਾਂ ਕਈ ਵਾਰ ਹੱਥ ਈ ਹਿਲਾ ਦਿੰਦੇ। ਅਸੀਂ ਦੋਵੇਂ ਭਰਾ ਆਪਸ ਵਿਚ ਮਜ਼ਾਕੀਆ ਲਹਿਜ਼ੇ ’ਚ ਇਨਾਂ ਬਜ਼ੁਰਗਾਂ ਨੂੰ ਆਪਣੇ ਦਾਦੇ-ਨਾਨੇ ਆਖ ਆਪਸ ਵਿਚ ਰੋਜ਼ ਇਨਾਂ ਦੀ ਗੱਲ ਜਰੂਰ ਕਰਦੇ, ਲਗਾਤਾਰ ਤਿੰਨ ਸਾਲਾਂ ’ਚ ਸਾਡੀ ਅਲੱਗ ਈ ਸਾਂਝ ਪੈ ਗਈ।

ਪਿਛਲੇ ਸਾਲ ਇਕਦਮ ਹੀ ਦਾਦੇ ਨੇ ਉੱਥੇ ਦਿਸਣਾ ਬੰਦ ਕਰ ਦਿੱਤਾ, ਚਾਰ-ਪੰਜ ਦਿਨ ਬਾਅਦ ਅਸੀਂ ਰੋਕ ਕੇ ਗੱਡੀ ਨਾਨੇ ਨੂੰ ਪੁੱਛਿਆ ਤਾਂ ਉਸਨੇ ਦੱਸਿਆ ਕਿ ਦਾਦਾ ਡਿੱਗ ਪਿਆ ਏ ਤੇ ਉਹਦਾ ਚੂਲ਼ਾ ਟੁੱਟ ਗਿਆ ਏ। ਮਹੀਨੇ ਕੁ ਬਾਅਦ ਅਸੀਂ ਸਕੂਲੋਂ ਮੁੜ ਰਹੇ ਸੀ ਤਾਂ ਸਰਦਾਰਾਂ ਦੇ ਘਰੋਂ ਲੈ ਕੇ ਗੁਰਦੁਆਰੇ ਤੱਕ ਗੱਡੀਆਂ ਦੀ ਭੀੜ ਸੀ, ਦਾਦਾ



ਚਲਾ ਗਿਆ ਸੀ, ਪਤਾ ਨਹੀਂ ਕਿਉਂ ਅਸੀਂ ਦੋਵੇਂ ਭਰਾਵਾਂ ਨੇ ਅੰਦਰ ਤੱਕ ਉਸ ਬਜ਼ੁਰਗ, ਜਿਸ ਦਾ ਨਾ ਤੱਕ ਵੀ ਨਹੀਂ ਸੀ ਪਤਾ, ਉਸਦੇ ਜਾਣ ਦਾ ਪੂਰਾ ਦੁੱਖ ਮਨਾਇਆ।

ਹੁਣ ਸਾਨੂੰ ਇਕੱਲਾ ਨਾਨਾ ਈ ਮਿਲਦਾ, ਦਰਅਸਲ ਸਾਡਾ ਨਾਨਾ ਛੋਟੇ ਕੱਦ ਦਾ ਪੱਕਾ ਅਮਲੀ, ਜਾਸੂਸੀ ਨਾਵਲਾਂ ਦਾ ਸ਼ੌਕੀਨ, ਰੋਹਬਦਾਰ ਬਾਗੜੀ ਬਜ਼ੁਰਗ ਸੀ। ਇਸ ਸਰਦਾਰਾਂ ਦੇ ਮੋਨੇ ਬਜ਼ੁਰਗ ਦਾ ਰੰਗ ਵੀ ਸਾਨੂੰ ਆਪਣੇ ਨਾਨੇ ਵਾਂਗ ਲਾਲ ਸੂਰੀ ਜਿਹਾ ਜਾਪਦਾ, ਪਰ ਇਹ ਨੀਂ ਪਤਾ ਕਿ ਉਹ ਵੀ ਨਸ਼ਾ-ਪੱਤਾ ਕਰਦਾ ਜਾਂ ਨਾ। ਪਿਛਲੇ ਸ਼ੁਕਰਵਾਰ ਨੂੰ ਨਾਨੇ ਨੇ ਢਿੱਲੀ ਜਿਹੀ ਸਤਿ ਸ੍ਰੀ ਅਕਾਲ ਬੁਲਾਈ ਤੇ ਸ਼ਨੀਵਾਰ ਨੂੰ ਤਾਂ ਉਸ ਦਾ ਚਿਹਰਾ ਵੇਖ ਮੈਂ ਵੱਡੇ ਭਰਾ ਸ਼੍ਰੀਕਾਂਤ ਨੂੰ ਕਿਹਾ, ‘ਮੈਨੂੰ ਲੱਗਦੇ ਹੁਣ ਨਾਨੇ ਦੀ ਵੀ ਤਿਆਰੀ ਏ’। ਸ਼੍ਰੀਕਾਂਤ ਨੇ ਮਜ਼ਾਕ ’ਚ ਜਵਾਬ ਦਿੱਤਾ, ‘ਅੱਜ ਨਾਨੇ ਨੇ ਮਾਲ-ਮੂਲ ਨੀ ਛੱਕਿਆ ਲੱਗਦਾ ਇਹ ਬਹੁਤ ਤਕੜਾ ਏ ਕਿਤੇ ਨੀਂ ਜਾਂਦਾ’। ਨਾਨਾ ਸਾਨੂੰ ਅਗਲੇ ਦੋ-ਤਿੰਨ ਦਿਨ ਨਾ ਦਿਸਿਆ।ਅੱਜ ਸਵੇਰੇ ਅਸੀਂ ਦੋਵੇਂ ਭਰਾ ਨਾਨੇ ਦੇ ਘਰ ਅੱਗੋਂ ਲੰਘ ਰਹੇ ਸੀ ਤਾਂ ਮੇਰੀ ਮਾਂ ਜਿਡੀਕ ਉਮਰ ਦੀ ਇਕ ਮਾਤਾ, ਖਾਲੀ ਬੱਠਲ ਲੈ ਕੇ ਲੰਘ ਰਹੀ ਸੀ, ਮੈਂ ਕਾਰ ਰੋਕੀ ਤੇ ਬੀਬੀ ਨੂੰ ਪੁੱਛਿਆ, ‘ਉਹ ਬਜ਼ੁਰਗ ਕਿੱਥੇ ਨੇ ਜੋ ਇੱਥੇ ਬੈਠੇ ਰਹਿੰਦੇ ਨੇ’। ‘ਵੇ ਭਾਈ ਮੇਰਾ ਚਾਚਾ ਸਹੁਰਾ ਸੀ, ਚੰਗਾ-ਭਲਾ ਸੀ ਇਕਦਮ ਈ ਪੂਰਾ ਹੋ ਗਿਆ’। ਮੈਂ ਮਾਤਾ ਵੱਲ ਹੱਥ ਜੋੜ ਕੇ ਕਾਰ ਤੋਰ ਲਈ, ਦੋਵੇਂ ਭਰਾ ਸਕੂਲ ਤੱਕ ਆਪਸ ’ਚ ਪਤਾ ਨਹੀਂ ਕਿਉਂ ਨਾ ਕੋਈ ਗੱਲ ਤੋਰੀ। ਸ਼ਾਇਦ ਸਾਨੂੰ ਦੋਵਾਂ ਨੂੰ ਅੱਜ ਸਾਡੇ ਇਸ ਨਾਨੇ ਮਰੇ ਦਾ ਸੋਗ ਸੀ।




## ਪਾਠਕਾਂ ਦਾ ਨਜ਼ਰੀਆ

### ਸਰਕਾਰ ਬਨਾਮ ਅੱਤਵਾਦ

ਕਹਿੰਦੇ ਕਰਨਾਲ (ਹਰਿਆਣਾ) ਵਿੱਚ 4 ਹਥਿਆਰਬੰਦ ਮੁੰਡੇ ਕਰਨਾਲ ਪੁਲਿਸ ਨੇ ਫੜੇ ਜਿਨਾਂ ਨੂੰ ਪੰਜਾਬ ਨਾਲ ਸੰਬੰਧਿਤ ਦਸਿਆ ਜਾ ਰਿਹਾ ਹੈ। ਸੁਭਾਵਕ ਗੱਲ ਹੈ ਜਦੋਂ ਪੰਜਾਬ ਨਾਲ ਸੰਬੰਧਿਤ ਹੋਣਗੇ ਤਾਂ ਉਨਾਂ ਨੂੰ ਬਿਨਾਂ ਸੋਚੇ ਸਮਝੇ ਬਿਨਾਂ ਕਿਸੇ ਇੰਨਵੈਸਟੀਗੇਸ਼ਨ ਦੇ ਭਾਰਤੀ ਅਤੇ ਖਾਸ ਤੌਰ 'ਤੇ ਗੋਦੀ ਮੀਡੀਏ ਵਲੋਂ ਅੱਤਵਾਦੀ ਕਿਹਾ ਜਾਵੇਗਾ। ਪਾਕਿਸਤਾਨ ਦੇ ਨਾਲ ਸੰਬੰਧ ਦੱਸੇ ਜਾਣਗੇ। ਖੈਰ, ਜੋ ਵਾਪਰਿਆ ਉਹ ਸਭ ਜਾਂਚ ਦਾ ਹਿੱਸਾ ਹੈ, ਪਰ ਮੈਂ ਜਿਹੜੀ ਗੱਲ ਸਾਂਝੀ ਕਰਨੀ ਚਾਹੁੰਦਾ ਉਹ ਇਹ ਕਿ ਅੱਜ ਦੇ ਘਟਨਾਕ੍ਰਮ ਪਿੱਛੇ ਏਜੰਸੀਆਂ ਦਾ ਹੱਥ ਹੈ, ਸੈਂਟਰ ਦਾ ਹੱਥ ਹੈ। ਮੰਨੂਵਾਦੀ ਲਾਬੀ ਦਾ ਹੱਥ ਹੈ, ਜੇ ਇਸ ਗੱਲ ਨੂੰ ਸਮਝਣਾ ਹੋਵੇ ਤਾਂ ਕੁੱਝ ਦਿਨ ਪਿੱਛੇ ਜਾ ਕੇ ਹਰਿਆਣੇ ਦੇ ਮਾਹੌਲ ਨੂੰ ਵੇਖੋ। ਕਿਸਾਨ ਅੰਦੋਲਨ ਤੋਂ ਬਾਅਦ ਹਰਿਆਣੇ ਦੇ ਲੋਕਾਂ (ਵੈਸੇ ਪੂਰੀ ਦੁਨੀਆਂ) ਦਾ ਨਜ਼ਰੀਆ ਤੇ ਰਵੱਈਆ ਸਿੱਖਾਂ ਪ੍ਰਤੀ ਬਦਲਿਆ ਹੈ। ਪੰਜਾਬ ਹਰਿਆਣੇ ਦੀ ਆਪਸੀ ਸਾਂਝ ਵਿੱਚ ਵਾਧਾ ਹੋਇਆ ਹੈ। ਹਾਲ ਵਿੱਚ ਹੀ ਪਟਿਆਲੇ ਵਾਲੀ ਘਟਨਾ ਤੇ ਹਰਿਆਣੇ ਦੇ ਲੋਕਾਂ ਨੇ ਸਿੱਖਾਂ ਨਾਲ ਖੜਦਿਆਂ ਬਹੁਤ ਵਧੀਆ ਪ੍ਰਤੀਕਰਮ ਦਿੱਤਾ ਹੈ। ਪਿਛਲੇ ਦਿਨੀਂ ਜਦੋਂ ਕਰਨਾਲ ਵਿੱਚ ਹੀ ਅਣਪਛਾਤੇ ਅਨਸਰਾਂ ਵਲੋਂ ਇਕ ਗੱਡੀ ਦੇ ਸ਼ੀਸ਼ੇ ਇਸ ਕਰਕੇ ਭੰਨ ਸੁੱਟੇ ਕਿਉਂਕਿ ਉਸ 'ਤੇ ਸੰਤ ਭਿੰਡਰਾਂਵਾਲੇ ਦੀ ਤਸਵੀਰ ਲੱਗੀ ਸੀ, ਜਿਸ ਦਾ ਵਿਰੋਧ ਕਰਦਿਆਂ ਹਰਿਆਣੇ ਦੇ ਜਾਟ ਭਾਈਚਾਰੇ ਵਲੋਂ ਸਿੱਖਾਂ ਦਾ ਸਾਥ ਦਿੰਦਿਆਂ ਇਹ ਗੱਲ ਕਹੀ ਕਿ ਸੰਤ ਭਿੰਡਰਾਂਵਾਲੇ ਕੋਈ ਅੱਤਵਾਦੀ ਨਹੀਂ ਸੀ। ਸੋ, ਇਹ ਸਭ ਗੱਲਾਂ ਸਰਕਾਰ ਤੇ ਖਾਸ ਤੌਰ 'ਤੇ ਫਿਰਕੂ ਸਰਕਾਰ ਕਿਵੇਂ ਬਰਦਾਸ਼ਤ ਕਰੇਗੀ ? ਤਾਂ ਹੀ ਹਰਿਆਣੇ ਵਿੱਚ ਅਜਿਹੀਆਂ ਵਾਰਦਾਤਾਂ ਸ਼ੋਅ ਕੀਤੀਆਂ ਜਾ ਰਹੀਆਂ ਹਨ ਤੇ ਆਮ ਜਨਤਾ ਦੇ ਮਨ ਵਿੱਚ ਇਹ ਗੱਲ ਬੈਠਾਈ ਜਾ ਰਹੀ ਹੈ ਕਿ ਜਿਸ ਪੰਜਾਬ ਨਾਲ ਹਰਿਆਣੇ ਦੇ ਲੋਕ ਤੇ ਖਾਸ ਤੌਰ 'ਤੇ ਜਾਟ ਭਾਈਚਾਰਾ ਖੜ ਰਿਹਾ ਹੈ ਉਹ ਲੋਕ ਅੱਤਵਾਦੀ ਹਨ। ਉਹ ਦੇਸ਼ ਦੋ ਫਾੜ ਕਰਨਾ ਚਾਹੁੰਦੇ ਹਨ, ਉਨਾਂ ਦੇ ਸੰਬੰਧ ਪਾਕਿਸਤਾਨ ਨਾਲ ਹਨ, ਇਹ ਇਕ ਨੇਰੇਟਿਵ ਪੈਦਾ ਕੀਤਾ ਜਾ ਰਿਹਾ ਪੰਜਾਬ ਹਰਿਆਣੇ ਦੀ ਭਾਈਚਾਰਕ ਸਾਂਝ ਨੂੰ ਦੋਫਾੜ ਕਰਨ ਲਈ ਤੇ ਅਜਿਹਾ ਕਰਨਾ ਸਰਕਾਰਾਂ ਲਈ ਕੋਈ ਨਵੀਂ ਗੱਲ ਨਹੀਂ। ਸੋ, ਇਹ ਸਾਨੂੰ ਦੋਵੇਂ ਪਾਸੇ ਵਾਲਿਆਂ ਨੂੰ ਸੋਚਣਾ ਪੈਣਾ ਕਿ ਅਸੀਂ ਪੈਨਿਕ ਹੋ ਕੇ ਕੁੱਝ ਅਜਿਹੀ ਸਟੇਟਮੈਂਟ ਨਾ ਦਈਏ ਜੋ ਸਰਕਾਰਾਂ ਆਪਣੇ ਯਤਨਾਂ ਵਿੱਚ ਸਫਲ ਹੋਣ, ਬਲਕਿ ਇਨਾਂ ਗੱਲਾਂ ਨੂੰ ਬਾਰੀਕੀ ਦੇ ਨਾਲ ਸੋਚੀਏ। ਵੈਸੇ ਸੋਚੋ ਜਿਨਾਂ ਨੇ ਪੰਜਾਬ ਤੋਂ ਦਿੱਲੀ ਹਥਿਆਰ ਲੈ ਕੇ ਜਾਣਾ ਹੈ ਉਹ ਨੈਸ਼ਨਲ ਹਾਈਵੇ ਕਿਉਂ ਚੁਣਨਗੇ। ਇਸ ਕੰਮ ਲਈ ਦਿੱਲੀ ਨੂੰ ਜਾਣ ਦੇ ਹੋਰ ਬਥੇਰੇ ਰਾਹ ਹਨ ਤੇ ਫਿਰ ਉਹ ਕਰਨਾਲ ਹੀ ਕਿਉਂ ਫੜੇ ਗਏ, ਕਿਉਂਕਿ ਕਰਨਾਲ ਦੇ ਉਪਰੋਕਤ ਗੱਡੀ ਦੇ ਸ਼ੀਸ਼ੇ ਤੋੜਨ ਵਾਲੇ ਘਟਨਾਕ੍ਰਮ ਤੇ ਕਰਨਾਲ ਦੇ ਜਾਟ ਭਾਈ ਖੁਲ ਕੇ ਬੋਲਦੇ ਹਨ। ਸੋ ਇਨਾਂ ਚਾਲਾਂ ਨੂੰ ਸਮਝੀਏ।

**ਭਾਈ ਗੁਰਪ੍ਰਤਾਪ ਸਿੰਘ**

### ਭਾਰਤ ਵਿਚ ਕੋਰੋਨਾ ਕਾਰਨ ਹੋਈਆਂ ਮੌਤਾਂ ਦੇ ਅੰਕੜੇ ਛੁਪਾਏ

ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਪਹਿਲਾਂ ਵੀ ਕਹਿੰਦਾ ਰਿਹਾ ਹੈ ਕਿ ਕੋਰੋਨਾ ਮਹਾਂਮਾਰੀ ਨਾਲ ਅਸਲ ਵਿਚ ਜਿੰਨੀਆਂ ਮੌਤਾਂ ਹੋਈਆਂ ਹਨ, ਉਨਾਂ ਬਾਰੇ ਸਹੀ-ਸਹੀ ਨਹੀਂ ਦੱਸਿਆ ਗਿਆ। ਇਸ ਦੇ ਮੁਤਾਬਿਕ ਮੰਨੀਆਂ ਜਾ ਰਹੀਆਂ ਮੌਤਾਂ ਤੋਂ ਘੱਟ ਤੋਂ ਘੱਟ 300 ਫ਼ੀਸਦੀ ਜ਼ਿਆਦਾ ਮੌਤਾਂ ਹੋਈਆਂ ਹਨ। ਵਿਸ਼ਵ ਸਿਹਤ ਸੰਗਠਨ ਮੁਤਾਬਿਕ ਪਿਛਲੇ ਦੋ ਸਾਲਾਂ ਵਿਚ ਡੇਢ ਕਰੋੜ ਤੋਂ ਵੱਧ ਲੋਕ ਪੂਰੀ ਦੁਨੀਆ 'ਚ ਕੋਰੋਨਾ ਦੇ ਚਲਦਿਆਂ ਮੌਤ ਦੇ ਮੂੰਹ ਵਿਚ ਸਮਾ ਗਏ ਹਨ। ਇਸ ਦੇ ਮੁਤਾਬਿਕ ਭਾਰਤ ਦਾ ਅੰਕੜਾ ਸਭ ਤੋਂ ਵੱਧ ਤਰਸਯੋਗ ਹੈ। ਡਬਲਿਊ. ਐਚ.ਓ. ਮੁਤਾਬਿਕ ਭਾਰਤ ਵਿਚ 47 ਲੱਖ ਤੋਂ ਵੱਧ ਲੋਕਾਂ ਦੀ ਕੋਰੋਨਾ ਦੇ ਚਲਦਿਆਂ ਮੌਤ ਹੋਈ ਹੈ, ਜਦੋਂ ਕਿ ਭਾਰਤ ਦੇ ਅਧਿਕਾਰਤ ਅੰਕੜੇ 4 ਲੱਖ 80 ਹਜ਼ਾਰ ਲੋਕਾਂ ਦੀ ਹੀ ਮੌਤ ਦੇ ਹਨ। ਸਵਾਲ ਹਨ ਕਿ, ਕੀ ਕੋਰੋਨਾ ਨਾਲ ਹੋਈਆਂ ਮੌਤਾਂ ਦੇ ਅੰਬਾਰ ਨੂੰ ਪੂਰੀ ਦੁਨੀਆ 'ਚ ਕਾਲੀਨ ਦੇ ਹੇਠਾਂ ਛੁਪਾਇਆ ਗਿਆ ਹੈ ? ਅਤੇ ਜੇਕਰ ਅਜਿਹਾ ਹੋਇਆ ਹੈ ਤਾਂ ਇਸ ਦੇ ਪਿੱਛੇ ਕੀ ਕਾਰਨ ਹਨ ? ਦੁਨੀਆ ਦੇ ਜੇਕਰ ਅਧਿਕਾਰਤ ਅੰਕੜਿਆਂ ਦੀ ਮੰਨੀਏ ਤਾਂ ਜਨਵਰੀ 2020 ਤੋਂ ਦਸੰਬਰ 2021 ਤੱਕ ਕੋਰੋਨਾ ਨਾਲ 54 ਲੱਖ ਲੋਕਾਂ ਦੀਆਂ ਮੌਤਾਂ ਹੋਈਆਂ ਹਨ।

ਪਰ ਵਿਸ਼ਵ ਸਿਹਤ ਸੰਗਠਨ ਦਾ ਮੰਨਣਾ ਹੈ ਕਿ ਇਹ ਝੂਠੇ ਦਾਅਵੇ ਹਨ। ਇਸ ਦੇ ਮੁਤਾਬਿਕ ਭਾਰਤ 'ਚ ਇਸ ਨਾਲੋਂ ਕਰੀਬ 9 ਗੁਣਾ ਵੱਧ, ਮਿਸਰ 'ਚ ਕਰੀਬ 12 ਗੁਣਾ ਵੱਧ, ਪਾਕਿਸਤਾਨ 'ਚ ਕਰੀਬ 8 ਗੁਣਾ ਵੱਧ, ਇੰਡੋਨੇਸ਼ੀਆ 'ਚ 7 ਗੁਣਾ, ਬੰਗਲਾਦੇਸ਼ 'ਚ 5 ਗੁਣਾ, ਬੋਲੀਵੀਆ ਅਤੇ ਸਰਬੀਆ ਵਿਚ 4.5 ਗੁਣਾ, ਕਜ਼ਾਕਿਸਤਾਨ ਵਿਚ 4.2 ਗੁਣਾ, ਫਿਲੀਪੀਨਸ ਵਿਚ 3.6 ਗੁਣਾ, ਰੂਸ ਵਿਚ 3.5 ਗੁਣਾ ਵੱਧ ਮੌਤਾਂ ਹੋਈਆਂ ਹਨ। ਵਿਸ਼ਵ ਸਿਹਤ ਸੰਗਠਨ ਨੇ ਆਪਣੀ ਰਿਪੋਰਟ ਦੀ ਸੰਪੂਰਨਤਾ ਵਿਚ ਇਹ ਕਿਹਾ ਹੈ ਕਿ ਪੂਰੀ ਦੁਨੀਆ ਵਿਚ ਕੋਰੋਨਾ ਨਾਲ ਹੋਈਆਂ ਅਸਲ ਮੌਤਾਂ ਦੇ ਅੰਕੜਿਆਂ ਨੂੰ ਛੁਪਾਇਆ ਗਿਆ ਹੈ, ਪਰ ਜਦੋਂ ਉਹ ਰਿਪੋਰਟ ਨੂੰ ਵਿਸਥਾਰਤ ਰੂਪ ਵਿਚ ਪੇਸ਼ ਕਰਦਾ ਹੈ ਤਾਂ ਉਸ 'ਚ ਅਮਰੀਕਾ ਅਤੇ ਵਿਕਸਿਤ ਯੂਰਪੀ ਦੇਸ਼ਾਂ ਦਾ ਵੱਖਰੇ ਤੌਰ 'ਤੇ ਜ਼ਿਕਰ ਨਹੀਂ ਕਰਦਾ। ਸਵਾਲ ਇਹ ਹੈ ਕਿ, ਕੀ ਵਿਸ਼ਵ ਸਿਹਤ ਸੰਗਠਨ ਇਹ ਕਹਿਣਾ ਚਾਹੁੰਦਾ ਹੈ ਕਿ ਮੌਤਾਂ ਦੇ ਅਸਲ ਅੰਕੜਿਆਂ ਨੂੰ ਸਿਰਫ਼ ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇ ਕੁਝ ਗ਼ਰੀਬ ਦੇਸ਼ਾਂ ਵਲੋਂ ਹੀ ਛੁਪਾਇਆ ਗਿਆ ਹੈ ?

ਇਕ ਹੋਰ ਸਵਾਲ ਹੈ ਕਿ ਆਖਿਰ ਡਬਲਿਊ. ਐਚ.ਓ. ਦੇ ਕੋਲ ਇਸ ਦੇ ਕੀ ਠੋਸ ਸਬੂਤ ਹਨ, ਜਿਨਾਂ 'ਤੇ ਦੁਨੀਆ ਭਰੋਸਾ ਕਰੇ ? ਜੇਕਰ ਡਬਲਿਊ.ਐਚ.ਓ. ਦੀ ਮੰਨੀਏ ਤਾਂ 95 ਲੱਖ ਲੋਕਾਂ ਦੀਆਂ ਮੌਤਾਂ ਨੂੰ ਛੁਪਾਇਆ ਗਿਆ ਹੈ ਭਾਵ ਕੋਰੋਨਾ ਨਾਲ ਮਰੇ ਹਰ 10 ਵਿਚੋਂ 6 ਲੋਕਾਂ ਦੀਆਂ ਮੌਤਾਂ ਨੂੰ ਦਰਜ ਨਹੀਂ ਕੀਤਾ ਗਿਆ। ਹੋ ਸਕਦਾ ਹੈ ਡਬਲਿਊ.ਐਚ.ਓ. ਦਾ ਇਹ ਅੰਕੜਾ ਵਿਆਪਕ ਅੰਦਰੂਨੀ ਸੂਚਨਾਵਾਂ ਅਤੇ ਪੜਤਾਲ ਨਾਲ ਹਾਸਲ ਹੋਇਆ ਹੋਵੇ ਅਤੇ ਇਹ ਸਹੀ ਵੀ ਹੋਵੇ, ਪਰ ਅਜਿਹਾ ਨਹੀਂ ਹੋ ਸਕਦਾ ਕਿ ਕੋਰੋਨਾ ਦੀ ਹਾਹਾਕਾਰ ਦਾ ਜੋ ਤਾਂਡਵ ਅਮਰੀਕਾ, ਜਰਮਨੀ, ਬਰਤਾਨੀਆ, ਫ਼ਰਾਂਸ, ਇਟਲੀ, ਸਪੇਨ ਆਦਿ ਦੇਸ਼ਾਂ ਵਿਚ ਨਜ਼ਰ ਆਇਆ ਹੈ, ਉੱਥੇ ਹਰ ਮੌਤ ਨੂੰ ਬਹੁਤ ਸੰਪੂਰਨਤਾ ਅਤੇ ਇਮਾਨਦਾਰੀ ਦੇ ਨਾਲ ਦਰਜ ਕੀਤਾ ਗਿਆ ਹੋਵੇ, ਜਦੋਂ ਕਿ ਦੂਜੇ ਗ਼ਰੀਬ ਦੇਸ਼ਾਂ 'ਚ ਅੱਧਿਓਂ ਵੱਧ ਲੋਕਾਂ ਦੇ ਮੌਤ ਦੇ ਅੰਕੜੇ ਦਰਜ ਕਰਨ ਵਿਚ ਬੇਈਮਾਨੀ ਹੀ ਹੁੰਦੀ ਰਹੀ ਹੋਵੇ। ਦਰਅਸਲ ਇਹ ਇਕ ਕਿਸਮ ਦੀ ਲਿਪਾ ਪੋਚੀ ਹੈ ਜਾਂ ਦੂਜੇ ਸ਼ਬਦਾਂ 'ਚ ਕਹੀਏ ਤਾਂ ਕੋਰੋਨਾ ਨੇ ਜਿਸ ਤਰਾਂ ਨਾਲ ਅਮਰੀਕਾ, ਜਰਮਨੀ, ਇਟਲੀ ਅਤੇ ਫ਼ਰਾਂਸ ਦੇ ਸਿਹਤ ਢਾਂਚੇ ਨੂੰ ਬੇਨਕਾਬ ਕਰ ਦਿੱਤਾ ਸੀ, ਇਹ ਉਸ ਬੇਨਕਾਬੀ ਨੂੰ ਢਕਣ ਦੀ ਇਕ ਅਪ੍ਰਤੱਖ ਕੋਸ਼ਿਸ਼ ਹੈ। ਡਬਲਿਊ.ਐਚ.ਓ. ਇਹ ਦਿਖਾਉਣਾ ਅਤੇ ਦੱਸਣਾ ਚਾਹੁੰਦਾ ਹੈ ਕਿ ਸਿਰਫ਼ ਪੱਛਮ ਦਾ ਸਿਹਤ ਢਾਂਚਾ ਹੀ ਇਮਾਨਦਾਰ ਹੈ, ਖ਼ਾਸਕਰ ਵਿਕਸਿਤ ਅਤੇ ਸੰਪੰਨ ਯੂਰਪੀ ਦੇਸ਼ਾਂ ਅਤੇ ਅਮਰੀਕਾ ਦਾ। ਇਸ ਤੋਂ ਇਲਾਵਾ ਬਾਕੀ ਹਰ ਦੇਸ਼ ਦਾ ਸਿਹਤ ਤੰਤਰ ਬੇਈਮਾਨ ਹੈ।

ਇਹ ਇਕ ਗ਼ੈਰ-ਜ਼ਰੂਰੀ ਨੁਕਸਾਨ ਪੂਰਤੀ ਹੈ, ਕਿਉਂਕਿ ਇਨਾਂ ਸਾਰੇ ਦੇਸ਼ਾਂ ਵਿਚ ਜਿਨਾਂ ਦਾ ਡਬਲਿਊ.ਐਚ.ਓ. ਦੀ ਖੋਜਬੀਨ ਵਾਲੀ ਰਿਪੋਰਟ ਵਿਚ ਮੌਤਾਂ ਨੂੰ ਛੁਪਾਉਣ ਦਾ ਅਲੱਗ ਤੋਂ ਜ਼ਿਕਰ ਨਹੀਂ ਹੈ, ਉਨਾਂ ਸਾਰੇ ਦੇਸ਼ਾਂ 'ਚ ਪੂਰੀ ਦੁਨੀਆ ਨੇ ਦੇਖਿਆ ਹੈ ਕਿ ਕਿਸ ਤਰਾਂ ਮਹਾਂਮਾਰੀ ਦੌਰਾਨ ਅਫ਼ਰਾ-ਤਫ਼ਰੀ ਸੀ। ਕਿਵੇਂ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਨੂੰ ਧਮਕਾਉਂਦਿਆਂ ਹਾਈਡ੍ਰਾਕਸੀਕਲੋਰੋਕਵੀਨ ਟੇਬਲੇਟ ਮੰਗੀ ਸੀ ਅਤੇ ਭਾਰਤ ਤੋਂ 5 ਕਰੋੜ ਟੇਬਲੇਟ ਅਮਰੀਕਾ ਲਈ ਭੇਜੀ ਗਈ ਸੀ, ਜਿਸ ਨੂੰ ਮੰਨਿਆ ਜਾ ਰਿਹਾ ਸੀ ਕਿ ਇਹ ਕੋਰੋਨਾ ਲਾਗ ਤੋਂ ਨਿਜਾਤ ਦਿਵਾਉਣ 'ਚ ਕਾਰਗਰ ਹੈ। ਹਾਲਾਂਕਿ ਜਲਦ ਹੀ ਸਾਫ਼ ਹੋ ਗਿਆ ਸੀ ਕਿ ਅਜਿਹਾ ਕੁਝ ਨਹੀਂ ਹੈ। ਜਿਨਾਂ ਦੇਸ਼ਾਂ ਵਿਚ ਸਮੂਹਿਕ ਕਬਰਾਂ 'ਚ ਜੇ.ਸੀ.ਬੀ. ਨਾਲ ਲਾਸ਼ਾਂ ਨੂੰ ਸੁੱਟ ਕੇ ਦਫ਼ਨਾਇਆ ਗਿਆ ਹੋਵੇ, ਉਨਾਂ ਦੇਸ਼ਾਂ 'ਚ ਕੀ ਮੌਤਾਂ ਦੇ ਛੁਪਾਉਣ ਦੀ ਕੋਈ ਹਰਕਤ ਨਹੀਂ ਹੋਈ ? ਜਦੋਂ ਕੋਰੋਨਾ ਲਾਗ ਦਾ ਤੂਫ਼ਾਨ ਆਇਆ ਸੀ ਤਾਂ ਅੰਕੜੇ ਦੱਸ ਰਹੇ ਸਨ ਕਿ ਅਮੀਰ ਦੇਸ਼ਾਂ 'ਚ ਹਾਲਤ ਬਹੁਤ ਬੁਰੀ ਸੀ, ਪਰ ਮੌਤਾਂ ਦੇ ਜੋ ਅੰਕੜੇ ਆਏ ਹਨ, ਉਨਾਂ ਮੁਤਾਬਿਕ ਅਮੀਰ ਦੇਸ਼ਾਂ 'ਚ ਤਾਂ ਜ਼ਿਆਦਾ ਮੌਤਾਂ ਹੋਈਆਂ ਹੀ ਨਹੀਂ। ਇਸ ਦੇ ਮੁਤਾਬਿਕ ਅਮੀਰ ਦੇਸ਼ਾਂ 'ਚ ਸਿਰਫ਼ 15 ਫ਼ੀਸਦੀ ਮੌਤਾਂ ਹੋਈਆਂ ਹਨ, ਜਦੋਂ ਕਿ ਹੇਠਲੀ, ਮੱਧ ਆਮਦਨ ਵਾਲੇ ਦੇਸ਼ਾਂ 'ਚ 53 ਫ਼ੀਸਦੀ ਤੋਂ ਵੱਧ ਮੌਤਾਂ ਹੋਈਆਂ ਹਨ। ਮੌਤਾਂ ਦੇ ਵਿਸਥਾਰਤ ਵੇਰਵਿਆਂ ਮੁਤਾਬਿਕ ਕੋਰੋਨਾ 'ਚ 57 ਫ਼ੀਸਦੀ ਪੁਰਸ਼ ਅਤੇ 43 ਫ਼ੀਸਦੀ ਔਰਤਾਂ ਦੀਆਂ ਮੌਤਾਂ ਹੋਈਆਂ ਹਨ।

ਕੋਰੋਨਾ ਵਿਚ ਹੋਈਆਂ ਮੌਤਾਂ ਦੀ ਜੋ ਵਿਆਪਕ ਰਿਪੋਰਟ ਡਬਲਿਊ.ਐਚ.ਓ. ਨੇ ਬਣਾਈ ਹੈ, ਉਸ 'ਚ ਸਭ ਤੋਂ ਵੱਡਾ ਖ਼ਲਨਾਇਕ ਭਾਰਤ ਨੂੰ ਦੱਸਿਆ ਗਿਆ ਹੈ। ਇਸ ਮੁਤਾਬਿਕ ਭਾਰਤ 'ਚ ਮੌਤਾਂ ਬਹੁਤ ਜ਼ਿਆਦਾ ਹੋਈਆਂ ਹਨ। ਡਬਲਿਊ. ਐਚ.ਓ. ਦੇ ਅੰਕੜੇ ਦੱਸਦੇ ਹਨ ਕਿ ਭਾਰਤ 'ਚ ਉਸ ਦੀ ਰਿਪੋਰਟ ਦੀ ਮਿਆਦ ਵਿਚ 47 ਲੱਖ ਲੋਕਾਂ ਦੀ ਮੌਤ ਕੋਰੋਨਾ ਨਾਲ ਹੋਈ ਹੈ ਅਤੇ ਇਨਾਂ 'ਚੋਂ ਜ਼ਿਆਦਾਤਰ ਮੌਤਾਂ ਮਈ, ਜੂਨ 20 21 ਵਿਚ ਆਈ ਕੋਰੋਨਾ ਦੀ ਭਿਆਨਕ ਲਹਿਰ ਦੇ ਦੌਰਾਨ ਹੋਈਆਂ ਹਨ। ਪਰ ਭਾਰਤ ਸਰਕਾਰ ਮੁਤਾਬਿਕ ਸਿਰਫ਼ 4 ਲੱਖ 80 ਹਜ਼ਾਰ ਮੌਤਾਂ ਹੋਈਆਂ ਹਨ। ਆਖਿਰ ਸਰਕਾਰ ਦੇ ਅੰਕੜਿਆਂ ਅਤੇ ਡਬਲਿਊ.ਐਚ.ਓ. ਦੇ ਅੰਕੜਿਆਂ ਵਿਚ ਏਨਾ ਫ਼ਰਕ ਕਿਉਂ ਹੈ ? ਯਕੀਨਨ ਇਸ 'ਚ ਫ਼ਰਕ ਮੌਤਾਂ ਦੇ ਗਿਣਨ ਦੇ ਢੰਗ ਦਾ ਹੈ। ਇੱਥੇ ਡਬਲਿਊ.ਐਚ.ਓ. ਦਾ ਕਹਿਣਾ ਹੈ ਕਿ ਭਾਰਤ 'ਚ ਸਿਵਲ ਰਜਿਸਟ੍ਰੇਸ਼ਨ ਸਿਸਟਮ 2020 ਦੇ ਨਾਂ ਨਾਲ ਜੋ ਰਿਪੋਰਟ ਜਾਰੀ ਕੀਤੀ ਗਈ ਹੈ, ਉਸ ਦਾ ਅਜੇ ਤੱਕ ਮੁਲਾਂਕਣ ਨਹੀਂ ਕੀਤਾ ਗਿਆ ਭਾਵ ਜੇਕਰ ਕੁਝ ਗੜਬੜ ਹੋ ਸਕਦੀ ਹੈ ਤਾਂ ਇੱਥੇ ਹੋ ਸਕਦੀ ਹੈ।

ਇਹ ਪੱਕੀ ਗੱਲ ਹੈ ਕਿ ਕੋਰੋਨਾ ਵਾਲੇ ਸਾਲ 'ਚ ਦੂਜੀਆਂ ਬਿਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ ਬਾਰੇ ਜ਼ਿਆਦਾ ਚੇਤਨਤਾ ਨਾਲ ਅੰਕੜੇ ਨਹੀਂ ਜੁਟਾਏ ਗਏ, ਕਿਉਂਕਿ ਦੇਸ਼ ਦੇ ਜ਼ਿਆਦਾਤਰ ਹਸਪਤਾਲਾਂ 'ਚ 80 ਤੋਂ 100 ਫ਼ੀਸਦੀ ਤੱਕ ਬੈੱਡ ਕੋਰੋਨਾ ਦੇ ਮਰੀਜ਼ਾਂ ਲਈ ਰਾਖਵੇਂ ਸਨ। ਇਸ ਦੌਰਾਨ ਜੋ ਨਾਨ-ਕੋਵਿਡ ਬਿਮਾਰੀਆਂ ਨਾਲ ਲੋਕ ਗ੍ਰਸਤ ਸਨ, ਉਨਾਂ ਦਾ ਕੀ ਹੋਇਆ ? ਲਗਦਾ ਹੈ ਕਿ ਡਬਲਿਊ. ਐਚ.ਓ. ਤੋਂ ਬੁਨਿਆਦੀ ਗ਼ਲਤੀ ਇਹ ਹੋਈ ਹੈ ਕਿ ਹਰ ਸਾਲ ਜੋ ਆਮ ਬਿਮਾਰੀਆਂ ਨਾਲ ਲੋਕਾਂ ਦੀਆਂ ਮੌਤਾਂ ਹੁੰਦੀਆਂ ਹਨ, ਉਨਾਂ ਨੂੰ ਵੀ ਉਸ ਨੇ ਕੋਰੋਨਾ ਨਾਲ ਹੋਈਆਂ ਮੌਤਾਂ ਦੇ ਰੂਪ 'ਚ ਗਿਣ ਲਿਆ ਹੈ। ਭਾਰਤ ਦੇ ਸਿਵਲ ਰਜਿਸਟ੍ਰੇਸ਼ਨ ਸਿਸਟਮ ਮੁਤਾਬਿਕ ਸਾਲ 2020 'ਚ ਕੁੱਲ 81.16 ਲੱਖ ਲੋਕਾਂ ਦੀ ਮੌਤ ਹੋਈ। ਇਨਾਂ 'ਚੋਂ 45 ਫ਼ੀਸਦੀ ਲੋਕਾਂ ਨੂੰ ਕਿਸੇ ਤਰਾਂ ਦਾ ਮੈਡੀਕਲ ਇਲਾਜ ਨਹੀਂ ਸੀ ਮਿਲਿਆ। ਇਸ ਲਈ ਕੋਈ ਨਹੀਂ ਕਹਿ ਸਕਦਾ ਕਿ ਉਨਾਂ ਦੀ ਮੌਤ ਕਿਸ ਕਾਰਨ ਨਾਲ ਹੋਈ। ਅਸੀਂ ਸਾਰਿਆਂ ਨੇ ਇਹ ਦੇਖਿਆ ਹੈ ਕਿ ਕੋਰੋਨਾ ਦੇ ਚਲਦਿਆਂ ਜਦੋਂ ਪੂਰੇ ਦੇਸ਼ ਵਿਚ ਤਾਲਾਬੰਦੀ ਸੀ ਤਾਂ ਦੇਸ਼ 'ਚ ਲਗਾਤਾਰ ਹੋਣ ਵਾਲੀਆਂ ਮੌਤਾਂ ਵਿਚ ਵੱਡੇ ਪੱਧਰ 'ਤੇ ਕਮੀ ਆਈ ਸੀ ਅਤੇ ਉਦੋਂ ਇਹ ਮੰਨਿਆ ਗਿਆ ਸੀ ਕਿ ਇਸ ਕਮੀ ਦਾ ਕਾਰਨ ਵਾਤਾਵਰਨ 'ਚ ਪ੍ਰਦੂਸ਼ਣ ਦਾ ਘੱਟ ਹੋਣਾ ਅਤੇ ਲੋਕਾਂ ਦਾ ਘਰ ਦਾ ਭੋਜਨ ਖਾਣਾ ਸੀ।

ਪਰ ਇਕ ਸੰਭਾਵਨਾ ਇਹ ਵੀ ਹੈ ਕਿ ਉਸ ਦੌਰਾਨ ਬਹੁਤ ਸਾਰੀਆਂ ਮੌਤਾਂ ਨੂੰ ਗੌਲਿਆ ਹੀ ਨਹੀਂ ਗਿਆ। ਪਰ ਇਹ ਗੱਲ ਪੂਰੀ ਤਰਾਂ ਨਾਲ ਹਜ਼ਮ ਨਹੀਂ ਹੁੰਦੀ, ਕਿਉਂਕਿ ਅੱਜ ਦੀ ਤਰੀਕ 'ਚ ਜੀਵਨ ਦੀਆਂ ਅਨੇਕਾਂ ਲੋੜਾਂ ਲਈ ਮੌਤ ਦੇ ਸਰਟੀਫਿਕੇਟ ਦੀ ਜ਼ਰੂਰਤ ਪੈਂਦੀ ਹੈ। ਇਸ ਨਾਲ ਆਮ ਤੌਰ 'ਤੇ 80 ਫ਼ੀਸਦੀ ਤੋਂ ਜ਼ਿਆਦਾ ਮੌਤਾਂ ਰਜਿਸਟਰਡ ਹੋ ਹੀ ਜਾਂਦੀਆਂ ਹਨ। ਸਵਾਲ ਹੈ ਕਿ ਆਖਿਰ 2020 'ਚ ਅਜਿਹਾ ਕਿਉਂ ਨਹੀਂ ਹੋਇਆ ਹੋਵੇਗਾ ? ਫਿਰ ਵੀ ਯਕੀਨੀ ਤੌਰ 'ਤੇ ਮੌਤਾਂ ਦੇ ਅੰਕੜਿਆਂ 'ਚ ਇਸ ਭਾਰੀ ਹੇਰ-ਫੇਰ ਦਾ ਸੱਚ ਇਕਪਾਸੜ ਨਹੀਂ ਹੋਵੇਗਾ, ਪਰ ਇਹ ਵੀ ਗੱਲ ਮੰਨਣਯੋਗ ਨਹੀਂ ਲੱਗ ਰਹੀ ਕਿ ਭਾਰਤ ਜੋ ਦੁਨੀਆ ਨੂੰ ਬਹੁਤ ਵੱਡੇ ਪੱਧਰ 'ਤੇ ਦਵਾਈਆਂ ਉਪਲਬਧ ਕਰਵਾਉਂਦਾ ਹੈ, ਉੱਥੇ ਤਾਂ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਦੀ ਮੌਤ ਹੋਈ ਹੋਵੇ ਅਤੇ ਜੋ ਦੇਸ਼ ਹਿੰਦੁਸਤਾਨ ਤੋਂ ਦਵਾਈਆਂ ਖ਼ਰੀਦਦੇ ਹਨ, ਉੱਥੇ ਮੌਤਾਂ ਦਾ ਨਾਮੋ-ਨਿਸ਼ਾਨ ਨਾ ਹੋਵੇ।

**ਵੀਨਾ ਰਾਏ**

### ਨਵੀਂ ਠੱਗੀ : ਗਿਫਟ ਪਾਰਸਲ ਤੇ ਕਸਟਮ ਡਿਊਟੀ

#### ਇਕ ਕੁੜੀ ਨਾਲ ਵਾਪਰੀ ਸੱਚੀ ਘਟਨਾ ਕੀ ਅਗਲੇ ਸ਼ਿਕਾਰ ਤੁਸੀਂ ਹੋ ?

ਪਟਿਆਲੇ ਸ਼ਹਿਰ ਦੀ 26 ਸਾਲਾ ਕੁਆਰੀ ਅਧਿਆਪਕਾ ਅਮਨ, ਪਿਤਾ ਦੀ ਬਚਪਨ ਵਿਚ ਹੀ ਮੌਤ ਹੋ ਗਈ ਸੀ ਪਰ ਮਾਂ ਦੀ ਮੁਸ਼ਕਲ ਹਾਲਾਤਾਂ ਵਿਚ ਸਖਤ ਮਿਹਨਤ ਤੇ ਸਿਰੜ ਨੇ ਉਸਨੂੰ ਤੇ ਛੋਟੇ ਭਰਾ ਰਵਿੰਦਰ ਨੂੰ ਆਤਮ-ਨਿਰਭਰ ਬਣਾ ਦਿੱਤਾ। ਪਰਿਵਾਰ ਵੱਲੋਂ ਅਮਨ ਦੇ ਵਿਆਹ ਲਈ ਯੋਗ ਲੜਕੇ ਦੀ ਤਲਾਸ਼ ਲਈ ਮੈਟਰੀਮੋਨੀਅਲ ਸਾਈਟ, ਸ਼ਾਦੀ ਡਾੱਟ ਕਾੱਮ ਤੇ ਅਮਨ ਦੀ ਪ੍ਰੋਫਾਈਲ ਬਣਾਈ ਗਈ। ਹੁਣ ਧੋਖੇ ਦੇ ਖੇਡ ਦੀ ਸ਼ੁਰੂਆਤ ਹੁੰਦੀ ਏ, ਠੱਗਾਂ ਨੇ ਥਾਮਸ ਨਾਮ ਦੀ ਪ੍ਰੋਫਾਈਲ ਦੀ ਪੇਡ ਸਬਸਕਰਿਪਸ਼ਨ ਲਈ ਹੋਣ ਕਾਰਨ ਉਸਨੂੰ ਅਮਨ ਦਾ ਮੋਬਾਇਲ ਨੰਬਰ ਆਪੇ ਪਤਾ ਲੱਗ ਗਿਆ ਤਾਂ ਉਸਨੇ ਵਟਸਐਪ ਤੇ ਹਾਏ-ਹੈਲੋ ਨਾਲ ਸ਼ੁਰੂਆਤ ਕਰਦਿਆਂ, ਆਪਣੇ-ਆਪ ਨੂੰ ਲੰਡਨ ਦਾ ਵੱਡਾ ਅੱਖਾਂ ਦਾ ਡਾਕਟਰ ਦੱਸਿਆ, ਜੋ ਬਹੁਤ ਸਾਲ ਪਹਿਲਾਂ ਭਾਰਤ ਤੋਂ ਚਲਾ ਗਿਆ ਸੀ। ਅਮਨ ਨੇ ਆਪਣੇ ਧਰਮ ਦਾ ਨਾ ਹੋਣ ਕਾਰਨ ਆਖਰੀ ਫੈਸਲਾ ਘਰਦਿਆਂ ਵੱਲੋਂ ਹੋਣ ਦਾ ਆਖ ਨਾਂਹ ਕਰ ਦਿੱਤੀ ਪਰ ਉਸ ਦੀਆਂ ਬਹੁਤ ਭਾਵੁਕ ਗੱਲਾਂ ਕਾਰਨ ਅਮਨ ਨੂੰ ਉਸ 'ਤੇ ਵਿਸ਼ਵਾਸ ਹੋਣ ਲੱਗ ਗਿਆ। ਉਹ ਅਮਨ ਨੂੰ ਹਮੇਸ਼ਾ ਵਟਸਐਪ ਕਾਲ ਕਰਦਾ, ਕਦੇ ਵੀ ਉਸਨੇ ਸਿੱਧੀ ਆਮ ਕਾਲ ਨਹੀਂ ਕੀਤੀ, ਜਿਸ ਕਰਕੇ ਅਮਨ ਨੂੰ ਉਸ 'ਤੇ ਵਹਿਮ ਹੋਇਆ ਪਰ ਉਸਨੇ ਅਮਨ ਨੂੰ ਕਿਹਾ ਕਿ ਉਸਦੀ ਘਰਵਾਲੀ ਦੀ ਮੌਤ ਹੋ ਗਈ ਏ ਤੇ ਉਸਦੀ ਇਕ ਪਿਆਰੀ ਜਿਹੀ ਛੋਟੀ ਬੇਟੀ ਏ, ਜਿਸ ਨੂੰ ਉਹ ਵੱਡਾ ਡਾਕਟਰ ਹੋਣ ਕਾਰਨ ਸਮਾਂ ਨਹੀਂ ਦੇ ਪਾ ਰਿਹਾ ਏ ਤੇ ਉਸ ਨੂੰ ਅਮਨ ਦੇ ਰੂਪ 'ਚ ਪੜਿਆ-ਲਿਖਿਆ ਹਮਸਫਰ ਤੇ ਬੇਟੀ ਨੂੰ ਮਾਂ ਦਾ ਪਿਆਰ ਮਿਲ ਜਾਵੇਗਾ।

ਫੇਰ ਦੋ ਕੁ ਦਿਨ ਬਾਅਦ ਉਸਨੇ ਆਪਣਾ ਅਸਲ ਖੇਡ ਖੇਡਦਿਆਂ ਅਮਨ ਨੂੰ ਕਿਹਾ ਕਿ ਮੇਰੀ ਬੇਟੀ ਦਾ ਜਨਮ ਦਿਨ ਏ ਤੇ ਮੈਂ ਤੇਰੇ ਲਈ ਗਿਫਟ ਭੇਜ ਰਿਹਾ ਹਾਂ। ਮੈਨੂੰ ਆਪਣਾ ਐਡਰੈਸ ਭੇਜ, ਅਮਨ ਵੱਲੋਂ ਨਾ ਭੇਜਣ ਤੇ ਨਾਰਾਜ ਹੋਣ ਦਾ ਡਰਾਮਾ ਕੀਤਾ ਤਾਂ ਅਮਨ ਨੇ ਐਡਰੈਸ ਭੇਜ ਦਿੱਤਾ ਤਾਂ ਉਸਨੇ ਇਕ ਗਿਫਟ ਪੈਕੇਟ ਦੀ ਫੋਟੋ ਭੇਜ ਦਿੱਤੀ ਕਿ ਮੈਂ ਗਿਫਟ ਭੇਜ ਦਿੱਤਾ ਏ, ਤੂੰ ਡਿਲੀਵਰੀ ਲੈ ਲਵੀਂ। ਹੁਣ ਚਾਰ ਕੁ ਦਿਨ ਬਾਅਦ ਅਮਨ ਨੂੰ ਇਕ ਫੋਨ ਆਉਂਦਾ ਏ, ਇਕ ਲੜਕੀ ਜੋ ਆਪਣੇ-ਆਪ ਨੂੰ ਕਸਟਮ ਵਿਭਾਗ ਤੋਂ ਬੋਲਦੀ ਏ, ਕਹਿੰਦੀ ਏ ਕਿ ਤੁਹਾਡਾ ਲੰਡਨ ਤੋਂ ਪਾਰਸਲ ਏ, ਜੇਕਰ ਤੁਸੀਂ ਲੈਣਾ ਚਾਹੁੰਦੇ ਓ ਤਾਂ ਉਸਦੀ ਡਿਲੀਵਰੀ ਲਈ ਕਸਟਮ ਡਿਊਟੀ 32765 ਰੁਪਏ ਸਾਡੇ ਇਸ ਸਰਕਾਰੀ ਅਕਾਊਂਟ ਵਿਚ ਜਮਾਂ ਕਰਵਾਓ। ਅਮਨ ਨੂੰ ਸ਼ੱਕ ਹੋ ਗਿਆ, ਨਾਲ ਦੀ ਨਾਲ ਥਾਮਸ ਦੀ ਕਾਲ ਆ ਗਈ ਕਹਿੰਦਾ ਤੂੰ ਪੈਸੇ ਭਰਕੇ ਪਾਰਸਲ ਲੈ ਲਵੀਂ, ਮੈਂ ਤੈਨੂੰ ਗਿਫਟ ਦੇ ਨਾਲ ਪਾਰਸਲ 'ਚ 40000 ਡਾਲਰ ਵੀ ਭੇਜੇ ਨੇ। ਅਮਨ ਪੜੀ-ਲਿਖੀ ਸਮਝਦਾਰ ਕੁੜੀ ਸੀ। ਉਸਨੇ ਆਪਣੀਆਂ ਬਾਹਰ ਗਈਆਂ ਸਹੇਲੀਆਂ ਨੂੰ ਸਭ ਕੁੱਝ ਦੱਸਿਆ ਤਾਂ ਉਸਨੂੰ ਪਤਾ ਲੱਗ ਗਿਆ ਕਿ ਇਹ ਠੱਗੀ ਏ, ਦੋ ਤਿੰਨ ਦਿਨ ਥਾਮਸ ਨੇ ਉਸਨੂੰ ਠੱਗਣ ਦੀਆਂ ਬਹੁਤ ਭਾਵੁਕ ਕੋਸ਼ਿਸ਼ਾਂ ਕੀਤੀਆਂ, ਨਕਲੀ ਕਸਟਮ ਵਿਭਾਗ ਨੇ ਵੀ ਫੋਨ ਕੀਤੇ ਪਰ ਅਮਨ ਨੂੰ ਠੱਗਣ ਵਿਚ ਨਾਕਾਮਯਾਬ ਰਹਿਣ ਤੋਂ ਬਾਅਦ ਆਪੇ ਨੰਬਰ ਬੰਦ ਕਰ ਪ੍ਰੋਫਾਈਲ ਡਿਲੀਟ ਕਰ ਗਾਇਬ ਹੋ ਗਏ।

ਅਮਨ ਤਾਂ ਬੱਚ ਗਈ ਪਰ ਬਹੁਤ ਸਾਰੇ ਲੋਕ ਕਸਟਮ ਡਿਊਟੀ ਆਲੇ ਠੱਗਾਂ ਤੋਂ ਡਾਲਰਾਂ ਦੇ ਲਾਲਚ 'ਚ ਰਗੜਾ ਲਵਾ ਚੁੱਕੇ ਹਨ। ਮੇਰੇ ਇਕ ਪ੍ਰੋਫੈਸਰ ਦੋਸਤ ਨੂੰ ਇਸੇ ਤਰਾਂ ਇਕ ਐਨ ਆਰ ਆਈ ਕੁੜੀ ਆਖ, ਪਿਆਰ ਦੇ ਚੁੰਗਲ ਵਿੱਚ ਫਸਾ, ਗਿਫਟ ਭੇਜ, ਕਸਟਮ ਡਿਊਟੀ ਦੇ ਨਾਂ ਤੇ ਠੱਗਣ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਨੂੰ ਮੈਂ ਠੱਗੀ ਤੋਂ ਤਾਂ ਬਚਾ ਲਿਆ ਪਰ ਉਹ ਭਾਵੁਕ ਇਨਸਾਨ, ਬਹੁਤ ਸਮੇਂ ਬਾਅਦ ਤੱਕ ਵੀ ਉਸ ਕੁੜੀ ਰਾਹੀਂ ਉਸਦੀਆਂ ਭਾਵਨਾਵਾਂ ਨਾਲ ਖੇਡਣ ਦੇ ਝਟਕੇ ਤੋਂ ਉਬਰ ਨਹੀਂ ਸਕਿਆ ਸੀ। ਇਹ ਸ਼ਾਤਰ ਠੱਗ ਬਹੁਤ ਟੈਲੇਂਟਡ ਨੇ ਜੋ ਆਪਣੀਆਂ ਜਬਰਦਸਤ ਭਾਵੁਕ ਗੱਲਾਂ, ਤਸਵੀਰਾਂ ਆਦਿ ਰਾਹੀਂ ਮੁੰਡੇ, ਕੁੜੀਆਂ ਨੂੰ ਪਿਆਰ-ਇਸ਼ਕ ਜਾਂ ਵਿਆਹ ਦੇ ਲਾਲਚ ਵਿਚ ਫਸਾ ਫੇਰ ਗਿਫਟ 'ਚ ਡਾਲਰ ਆਖ, ਠੱਗੀ ਮਾਰ, ਰਾਹ ਲੱਗਦੇ ਹਨ..। ਬਚੋ ਸਾਥਿਓ... ਬਚਾਅ ਵਿੱਚ ਹੀ ਬਚਾਅ ਹੈ।

**ਅਸ਼ੋਕ ਸੋਨੀ, ਕਾਲਮਨਵੀਸ**
**ਮੋ. 9872705078**

# ਡਬਲਯੂ ਡਬਲਯੂ ਈ ਨੂੰ ਹਿਲਾ ਕੇ ਰੱਖਣ ਵਾਲਾ ਭਾਰਤੀ ਰੈਸਲਰ ਵੀਰ ਮਹਾਨ ਰਾਜਪੂਤ

ਅੰਡਰਟੇਕਰ, ਕੇਨ, ਜੌਨ ਸੀਨਾ, ਦਿ ਰੌਕ ਵਰਗੇ ਵੱਡੇ-ਵੱਡੇ ਸੁਪਰਸਟਾਰ ਉਸ ਸਮੇਂ ਡਬਲਯੂ ਡਬਲਯੂ ਈ ਵਿਚ ਸਿਖਰ 'ਤੇ ਸਨ। ਭਾਰਤ ਵੱਲੋਂ 'ਦ ਗ੍ਰੇਟ ਖਲੀ' ਨੇ ਵੀ ਡਬਲਯੂ ਡਬਲਯੂ ਈ ਵਿਚ ਪੂਰੀ ਹਲਚਲ ਮਚਾ ਦਿੱਤੀ ਸੀ। ਹੁਣ ਇਸ ਸੂਚੀ ਵਿਚ ਅਗਲਾ ਨਾਮ ਵੀਰ ਮਹਾਨ ਦਾ ਜੁੜ ਗਿਆ ਹੈ। ਸੋਸ਼ਲ ਮੀਡੀਆ 'ਤੇ ਵੀ ਵੀਰ ਮਹਾਨ ਦੀ ਕਾਫੀ ਚਰਚਾ ਹੋ ਰਹੀ ਹੈ।ਡਬਲਯੂ ਡਬਲਯੂ ਈ ਵਿਚ ਆਉਣ ਤੋਂ ਬਾਅਦ ਵੀਰ ਮਹਾਨ ਦਾ ਭਾਰਤੀ ਸਨਾਤਨੀ ਲੁੱਕ ਅਤੇ ਸਟਾਈਲ ਲੋਕਾਂ ਨੂੰ ਆਕਰਸ਼ਿਤ ਕਰ ਰਿਹਾ ਹੈ। ਵੀਰ ਮਹਾਨ ਦਾ ਅਸਲ ਨਾਮ ਰਿੰਕੂ ਸਿੰਘ ਰਾਜਪੂਤ ਹੈ ਅਤੇ ਉਨਾਂ ਦਾ ਜਨਮ 8 ਅਗਸਤ, 1988 ਨੂੰ ਉੱਤਰ ਪ੍ਰਦੇਸ਼ ਦੇ ਰਵੀਦਾਸ ਨਗਰ ਜ਼ਿਲੇ ਦੇ ਗੋਪੀਗੰਜ ਵਿਖੇ ਹੋਇਆ ਸੀ। ਰਿੰਕੂ ਸਿੰਘ ਦੇ ਪਿਤਾ ਪੇਸ਼ੇ ਵਜੋਂ ਟਰੱਕ ਚਾਲਕ ਹਨ। ਸਿੰਘ ਪਰਿਵਾਰ ਗੋਪੀਗੰਜ ਦੇ ਇੱਕ ਛੋਟੇ ਜਿਹੇ ਪਿੰਡ ਵਿਚ ਰਹਿੰਦਾ ਹੈ। ਰਿੰਕੂ ਸਿੰਘ ਨੂੰ ਬਚਪਨ ਤੋਂ ਹੀ ਖੇਡਣ ਦਾ ਬਹੁਤ ਸ਼ੌਕ ਰਿਹਾ ਹੈ ਅਤੇ ਉਹ ਕੁਸ਼ਤੀ/ਪਹਿਲਵਾਨੀ ਵੀ ਕਰਦੇ ਰਹੇ ਹਨ।

ਬੇਸਬਾਲ ਵਿਚ ਰਫ਼ਤਾਰ

ਰਿੰਕੂ ਸਿੰਘ ਆਪਣੇ ਸਕੂਲ ਦੇ ਦਿਨਾਂ ਵਿਚ ਜੈਵਲਿਨ ਸੁਟਿਆ ਕਰਦੇ ਸਨ। ਉਨਾਂ ਨੂੰ ਇਸ ਖੇਡ ਵਿਚ ਜੂਨੀਅਰ ਨੈਸ਼ਨਲ ਵਿਚ ਤਮਗ਼ਾ ਵੀ ਮਿਲਿਆ ਹੈ। ਇਸ ਤੋਂ ਬਾਅਦ ਉਨਾਂ ਨੇ ਲਖਨਊ ਦੇ ਗੁਰੂ ਗੋਬਿੰਦ ਸਿੰਘ ਸਪੋਰਟਸ ਕਾਲਜ ਵਿਚ ਦਾਖਲਾ ਲਿਆ। ਸਾਲ 2008 ਵਿਚ ਰਿੰਕੂ ਨੇ ਭਾਰਤੀ ਰਿਐਲਟੀ ਟੀਵੀ ਸ਼ੋਅ 'ਦਿ ਮਿਲੀਅਨ ਡਾਲਰ ਆਰਮ' ਵਿਚ ਹਿੱਸਾ ਲਿਆ। ਇਸ ਸ਼ੌਅ ਵਿਚ ਤੇਜ਼ ਬੇਸਬਾਲ ਸੁੱਟਣ ਵਾਲੇ ਖਿਡਾਰੀਆਂ ਨੇ ਹਿੱਸਾ ਲਿਆ ਸੀ। ਇਹ ਬੇਸਬਾਲ ਦਾ ਇੱਕ ਟੈਲੇਂਟ ਹੰਟ ਸ਼ੋਅ ਸੀ।ਇਸ ਟੈਲੇਂਟ ਸ਼ੋਅ ਵਿਚ



ਰਿੰਕੂ ਸਿੰਘ ਨੂੰ ਆਪਣੇ ਜੈਵਲਿਨ ਸੁੱਟਣ ਦੇ ਤਜ਼ਰਬੇ ਦਾ ਵੱਡਾ ਲਾਭ ਪਹੁੰਚਿਆ। ਵੈਸੇ ਤਾਂ ਰਿੰਕੂ ਸਿੰਘ ਨੇ ਇਸ ਤੋਂ ਪਹਿਲਾਂ ਕਦੇ ਵੀ ਬੇਸਬਾਲ ਨਹੀਂ ਖੇਡਿਆ ਸੀ ਪਰ ਆਪਣੇ ਮਜ਼ਬੂਤ ਸਰੀਰ ਅਤੇ ਰਫ਼ਤਾਰ ਦੇ ਕਾਰਨ ਉਨਾਂ ਨੇ ਇਸ ਸ਼ੋਅ ਨੂੰ ਆਪਣੇ ਨਾਂ ਕਰ ਲਿਆ ਸੀ। ਰਿੰਕੂ ਸਿੰਘ ਨੇ ਇਸ ਸ਼ੋਅ 'ਚ 87 ਮੀਲ ਪ੍ਰਤੀ ਘੰਟੇ ਭਾਵ 140 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਬੇਸਬਾਲ ਸੁੱਟੀ ਸੀ ਅਤੇ ਪਹਿਲਾ ਸਥਾਨ ਹਾਸਲ ਕੀਤਾ ਸੀ।

ਇਸ ਕਹਾਣੀ 'ਤੇ ਇੱਕ ਫਿਲਮ ਵੀ ਬਣ ਚੁੱਕੀ ਹੈ।

ਇਸ ਤੋਂ ਬਾਅਦ ਰਿੰਕੂ ਸਿੰਘ ਦੀ ਬੇਸਬਾਲ ਵਿਚ ਦਿਲਚਸਪੀ ਵੱਧ ਗਈ। ਉਹ ਬੇਸਬਾਲ ਵਿਚ ਕਰੀਅਰ ਬਣਾਉਣ ਲਈ ਅਮਰੀਕਾ ਚਲੇ ਗਏ। ਉੱਥੇ ਉਨਾਂ ਨੇ ਵੱਖ-ਵੱਖ ਬੇਸਬਾਲ ਟੀਮਾਂ ਵਿਚ ਹਿੱਸਾ ਲਿਆ ਅਤੇ ਆਖਰਕਾਰ ਪੀਟਰਸਬਰਗ ਪਾਈਰੇਟਸ ਦੇ ਨਾਲ ਇੱਕ ਸਮਝੌਤਾ ਸਹੀਬੱਧ ਹੋਇਆ ਅਤੇ ਉਹ ਸਫਲ ਰਹੇ। ਰਿੰਕੂ ਸਿੰਘ ਰਾਜਪੂਤ ਪੇਸ਼ੇਵਰ ਅਮਰੀਕੀ ਬੇਸਬਾਲ ਟੀਮ ਵਿਚ ਖੇਡਣ ਵਾਲੇ ਪਹਿਲੇ ਭਾਰਤੀ ਖਿਡਾਰੀ ਵੀ ਬਣ ਗਏ ਹਨ। ਇਸ ਦੇ ਨਾਲ ਹੀ ਰਿੰਕੂ ਨੇ ਆਪਣੀ ਬੇਸਬਾਲ ਸੁੱਟਣ ਦੀ ਰਫ਼ਤਾਰ ਵਿਚ ਇਜ਼ਾਫਾ ਕਰਦਿਆਂ ਇਹ ਗਤੀ 87 ਮੀਲ ਪ੍ਰਤੀ ਘੰਟਾ ਤੋਂ ਵਧਾ ਕੇ 90 ਮੀਲ ਪ੍ਰਤੀ ਘੰਟਾ ਕਰ ਲਈ ਹੈ। ਉਨਾਂ ਨੇ ਸਾਲ 2009 ਤੋਂ 2016 ਦੇ ਅਰਸੇ ਦੌਰਾਨ ਦੁਨੀਆ ਭਰ ਦੀਆਂ ਕਈ ਲੀਗਾਂ ਵਿਚ ਹਿੱਸਾ ਲਿਆ। ਉਨਾਂ ਦੀ ਤੇਜ਼ ਤਰਾਰ ਖੇਡ ਨੇ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ। 2018 ਵਿਚ ਰਿੰਕੂ ਸਿੰਘ ਰਾਜਪੂਤ ਨੇ ਬੇਸਬਾਲ ਖੇਡ ਨੂੰ ਅਲਵਿਦਾ ਕਹਿ ਦਿੱਤਾ ਅਤੇ ਇਸ ਤੋਂ ਬਾਅਦ ਉਨਾਂ ਨੇ ਪੇਸ਼ੇਵਰ ਕੁਸ਼ਤੀ ਵੱਲ ਧਿਆਨ ਦੇਣਾ ਸ਼ੁਰੂ ਕੀਤਾ। 2018 ਵਿਚ ਉਨਾਂ ਨੇ ਡਬਲਯੂ ਡਬਲਯੂ ਈ ਦੇ ਨਾਲ ਇੱਕ ਸਮਝੌਤਾ ਕੀਤਾ।

ਸ਼ਖਸੀਅਤ

ਉਨਾਂ ਨੇ ਭਾਰਤੀ ਖਿਡਾਰੀ ਸੌਰਵ ਗੁਰਜਰ ਦੇ ਨਾਲ ਮਿਲ ਕੇ 'ਦ ਇੰਡਸ ਸ਼ੇਰ' ਨਾਂ ਦੀ ਇੱਕ ਟੀਮ ਬਣਾਈ। ਦੋਵਾਂ ਨੇ ਮਿਲ ਕੇ ਡਬਲਯੂ ਡਬਲਯੂ ਈ ਐਨ ਐਕਸ ਟੀ ਵਿਚ ਹਿੱਸਾ ਲਿਆ। ਸ਼ੁਰੂਆਤੀ ਦੌਰ 'ਚ ਰਿੰਕੂ ਸਿੰਘ ਡਬਲਯੂ ਡਬਲਯੂ ਈ ਵਿਚ ਆਪਣੇ ਪਹਿਲੇ ਨਾਮ ਰਿੰਕੂ ਨਾਲ ਮਸ਼ਹੂਰ ਹੋਇਆ ਸੀ।ਉਨਾਂ ਦੀ ਟੀਮ ਵਿਚ ਜਿੰਦਰ ਮਹਾਲ ਨਾਮ ਦਾ ਇੱਕ ਹੋਰ ਖਿਡਾਰੀ ਜੁੜ ਗਿਆ। ਇਸ ਸਮੇਂ ਰਿੰਕੂ ਨੇ ਆਪਣਾ ਨਾਮ ਵੀਰ ਰੱਖ ਲਿਆ ਸੀ ਅਤੇ ਉਨਾਂ ਨੇ ਇਸ ਨਾਮ ਹੇਠ ਹੀ ਕਈ ਸ਼ੋਅ ਵਿਚ ਸ਼ਿਰਕਤ ਕੀਤੀ। ਵੀਰ, ਸ਼ੌਕੀ ਅਤੇ ਜਿੰਦਰ ਦੀ ਟੀਮ ਨੇ ਲਗਾਤਾਰ 12 ਮੁਕਾਬਲੇ ਜਿੱਤੇ।

ਅਖੀਰ 2021 ਵਿਚ ਵੀਰ ਕਈ ਕਾਰਨਾਂ ਦੇ ਚੱਲਦਿਆਂ ਆਪਣੀ ਇਸ ਟੀਮ ਤੋਂ ਵੱਖ ਹੋ ਗਏ। ਉਨਾਂ ਨੇ ਸੁਤੰਤਰ ਪਹਿਲਵਾਨ ਵੱਜੋਂ ਡਬਲਯੂ ਡਬਲਯੂ ਈ ਰਾਅ ਨਾਲ ਸਮਝੌਤਾ ਕੀਤਾ। ਇਸ ਵਾਰ ਉਨਾਂ ਨੇ ਆਪਣਾ ਨਾਮ ਵੀਰ ਮਹਾਨ ਰੱਖਿਆ।

ਵੀਰ ਮਹਾਨ ਦਾ ਦਾ ਕੱਦ 6 ਫੁੱਟ 4 ਇੰਚ ਅਤੇ ਭਾਰ 125 ਕਿਲੋ ਹੈ। ਵੀਰ ਮਹਾਨ ਅਸਲ ਸਨਾਤਨੀ ਭਾਰਤੀ ਅੰਦਾਜ਼ ਵਿਚ ਨਜ਼ਰ ਆਉਂਦੇ ਹਨ। ਉਨਾਂ ਦੇ ਮੋਢਿਆਂ ਤੱਕ ਆਉਂਦੇ ਵਾਲ, ਕਾਲੀਆਂ ਅੱਖਾਂ, ਲੰਮੀ ਦਾੜੀ ਅਤੇ ਮੱਥੇ 'ਤੇ ਲੱਗਿਆ ਚੰਦਨ ਉਨਾਂ ਦੀ ਬਾਹਰੀ ਪਛਾਣ ਹੈ।ਉਨਾਂ ਦੇ ਪੁਰਾਣੇ ਸਾਥੀ ਸੌਰਵ ਗੁਰਜਰ ਵੀ ਆਪਣੇ ਮੱਥੇ 'ਤੇ ਚੰਦਨ ਦਾ ਟਿੱਕਾ ਲਗਾਇਆ ਕਰਦੇ ਸਨ।ਵੀਰ ਮਹਾਨ ਦੀ ਛਾਤੀ 'ਤੇ ਵੱਡੇ ਅੱਖਰਾਂ ਵਿਚ ਮਾਂ ਲਿਖਿਆ ਹੋਇਆ ਹੈ ਜੋ ਕਿ ਹਰ ਕਿਸੇ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਉਹ ਗਲੇ ਵਿਚ ਰੁਦਰਾਕਸ਼ ਦੀ ਮਾਲਾ ਅਤੇ ਕਾਲੇ ਕੱਪੜੇ ਪਾਉਂਦੇ ਹਨ। ਇਸ ਪਹਿਰਾਵੇ ਅਤੇ ਅੰਦਾਜ਼ ਵਿਚ ਉਹ ਵੱਖ ਹੀ ਨਜ਼ਰ ਆਉਂਦੇ ਹਨ।ਅਖੀਰ 4 ਅਪ੍ਰੈਲ ਨੂੰ ਵੀਰ ਮਹਾਨ ਨੇ ਮੁਕਾਬਲੇ ਲਈ ਰਿੰਗ ਵਿਚ ਪੈਰ ਰੱਖਿਆ। ਇਸ ਮੁਕਾਬਲੇ 'ਚ ਵੀਰ ਮਹਾਨ ਨੇ ਰੇ ਅਤੇ ਡੋਮੀਨਿਕ ਮਿਸਟ੍ਰੀਓ ਦੀ ਪਿਤਾ-ਪੁੱਤਰ ਦੀ ਜੋੜੀ ਨੂੰ ਮਾਤ ਦਿੱਤੀ ਸੀ। ਇਸ ਮੁਕਾਬਲੇ ਦੀ ਸੋਸ਼ਲ ਮੀਡੀਆ 'ਤੇ ਕਾਫੀ ਚਰਚਾ ਵੀ ਹੋਈ ਸੀ।

# ਭਾਰਤੀ ਕੁਸ਼ਤੀ ਖਿਡਾਰੀਆਂ ਤੋਂ ਅੱਗੇ ਵੀ ਹੋਰ ਤ.ਗਮਿਆਂ ਦੀਆਂ ਉਮੀਦਾਂ

**ਨਵਦੀਪ ਕੌਰ**

ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਏਸ਼ੀਅਨ ਐਸੋਸੀਏਟਿਡ ਰੈਸਲਿੰਗ ਕਮੇਟੀ (ਏਏਡਬਲਯੂਸੀ) ਦੁਆਰਾ ਆਯੋਜਿਤ ਕੁਸ਼ਤੀ ਏਸ਼ੀਅਨ ਚੈਂਪੀਅਨਸ਼ਿਪ ਹੈ। ਪੁਰਸ਼ਾਂ ਦਾ ਟੂਰਨਾਮੈਂਟ 1979 ਵਿਚ ਸ਼ੁਰੂ ਹੋਇਆ ਸੀ ਅਤੇ ਔਰਤਾਂ ਦਾ ਟੂਰਨਾਮੈਂਟ ਪਹਿਲੀ ਵਾਰ 1996 ਵਿਚ ਆਯੋਜਿਤ ਕੀਤਾ ਗਿਆ ਸੀ ਅਤੇ ਇਹ ਹਰ ਸਾਲ ਆਯੋਜਿਤ ਕੀਤਾ ਜਾਂਦਾ ਹੈ।

2022 ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ 2022 ਸੰਯੁਕਤ ਮੁਕਾਬਲਿਆਂ ਦੀ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਦਾ 35ਵਾਂ ਸੰਸਕਰਣ ਸੀ ਅਤੇ 19 ਤੋਂ 24 ਅਪ੍ਰੈਲ ਤੱਕ ਉਲਾਨਬਾਤਰ, ਮੰਗੋਲੀਆ ਵਿਚ ਹੋਇਆ। ਭਾਰਤ ਨੇ ਇਸ ਏਸ਼ੀਆਈ ਕੁਸ਼ਤੀ ਚੈਂਪੀਅਨਸ਼ਿਪ 'ਚ ਕੁੱਲ 17 ਤਮਗੇ ਜਿੱਤੇ। ਇਸ ਵਿਚ ਦਬਦਬਾ ਰਵੀ ਦਹੀਆ ਨੇ ਸੋਨ ਤਮਗ਼ਾ ਜਿੱਤਿਆ। ਸੰਘਰਸ਼ ਕਰ ਰਹੇ ਬਜਰੰਗ ਪੂਨੀਆ ਨੇ ਚਾਂਦੀ ਦਾ ਤਮਗ਼ਾ ਜਿੱਤਿਆ। ਭਾਰਤ ਦੇ ਸਟਾਰ ਪਹਿਲਵਾਨ ਦੀਪਕ ਪੂਨੀਆ ਨੇ 2 ਅਪ੍ਰੈਲ ਨੂੰ ਉਲਾਨਬਾਤਰ ਵਿਚ ਏਸ਼ਿਆਈ ਕੁਸ਼ਤੀ ਚੈਂਪੀਅਨਸ਼ਿਪ 2022 ਦੇ ਆਖ਼ਰੀ ਦਿਨ ਕਜ਼ਾਕਿਸਤਾਨ ਦੇ ਅਜ਼ਾਮਤ ਦੌਲਤਬੇਕੋਵ ਤੋਂ ਫਾਈਨਲ ਵਿਚ ਹਾਰ ਕੇ ਪੁਰਸ਼ਾਂ ਦੇ ਫ੍ਰੀਸਟਾਈਲ 86 ਕਿਲੋਗ੍ਰਾਮ ਮੁਕਾਬਲੇ ਵਿਚ ਚਾਂਦੀ ਦੇ ਤਮਗ਼ੇ ਨਾਲ ਸਬਰ ਕੀਤਾ। ਕੁੱਲ 17 ਤਗਮੇ, ਇਕ ਸੋਨ, ਪੰਜ ਚਾਂਦੀ ਅਤੇ 11 ਕਾਂਸੀ ਦੇ ਤਮਗ਼ੇ। ਰਵੀ ਕੁਮਾਰ ਦਹੀਆ ਨੇ ਪੁਰਸ਼ਾਂ ਦੇ 57 ਕਿਲੋਗ੍ਰਾਮ ਫ੍ਰੀਸਟਾਈਲ ਫਾਈਨਲ ਵਿਚ ਕਜ਼ਾਕਿਸਤਾਨ ਦੇ ਰਾਖਤ ਕਲਜਾਨ ਨੂੰ ਤਕਨੀਕੀ ਉੱਤਮਤਾ ਨਾਲ 12-2 ਨਾਲ ਹਰਾ ਕੇ ਸੋਨ ਤਮਗ਼ਾ ਜਿੱਤਿਆ। ਦਹੀਆ ਦਾ ਇਹ ਲਗਾਤਾਰ ਤੀਜਾ ਏਸ਼ੀਆਈ ਚੈਂਪੀਅਨਸ਼ਿਪ ਖ਼ਿਤਾਬ ਸੀ। ਉਹ ਸੈਮੀਫਾਈਨਲ ਵਿਚ ਮੰਗੋਲੀਆ ਦੇ ਜ਼ਨਾਬਾਜ਼ਾਰ ਜ਼ਨਾਦਾਨਬੁਡ ਨੂੰ ਹਰਾ ਕੇ ਫਾਈਨਲ ਵਿਚ ਪਹੁੰਚਿਆ ਸੀ। ਟੋਕੀਓ 2020 ਦੇ ਕਾਂਸੀ ਤਮਗ਼ਾ ਜੇਤੂ ਅਤੇ ਚੋਟੀ ਦਾ ਦਰਜਾ ਪ੍ਰਾਪਤ ਬਜਰੰਗ ਪੂਨੀਆ ਨੂੰ ਪੁਰਸ਼ਾਂ ਦੇ 65 ਕਿਲੋਗ੍ਰਾਮ ਫ੍ਰੀਸਟਾਈਲ ਫਾਈਨਲ ਵਿਚ ਜੂਨੀਅਰ ਵਿਸ਼ਵ ਚੈਂਪੀਅਨ ਰਹਿਮਾਨ ਮੌਸਾ ਅਮੋਜ਼ਾਦਖਲੀਲੀ ਤੋਂ 1-3 ਨਾਲ ਹਾਰ ਕੇ ਚਾਂਦੀ ਦੇ ਤਮਗ਼ੇ ਨਾਲ ਸਬਰ ਕਰਨਾ ਪਿਆ। ਪੂਨੀਆ ਜ਼ਬਰਦਸਤ ਫਾਰਮ ਵਿਚ ਸੀ, ਨੇ ਆਪਣੇ ਪਿਛਲੇ ਮੈਚਾਂ 'ਚ ਆਸਾਨੀ ਨਾਲ ਜਿੱਤ ਦਰਜ ਕੀਤੀ ਸੀ। ਉਸ ਨੇ ਫਾਈਨਲ ਵਿਚ ਜਗਾ ਬਣਾਉਣ ਲਈ ਉਜ਼ਬੇਕਿਸਤਾਨ ਦੇ ਅਬੋਸ ਰਾਖਮੋਨੋਵ ਅਤੇ ਬਹਿਰੀਨ ਦੇ ਹਾਜੀ ਮੁਹੰਮਦ ਅਲੀ ਨੂੰ ਬਾਹਰ ਕਰ ਦਿੱਤਾ ਪਰ ਜੂਨੀਅਰ ਵਿਸ਼ਵ ਚੈਂਪੀਅਨ ਤੋਂ ਹਾਰ ਗਿਆ। ਗੌਰਵ ਬਾਲਿਆਨ ਵੀ ਪੁਰਸ਼ਾਂ ਦੇ 79 ਕਿਲੋਗ੍ਰਾਮ ਦੇ ਫਾਈਨਲ ਵਿਚ ਇਰਾਨ ਦੇ ਅਲੀ ਭਕਤਿਆਰ ਸਾਵਦਕੌਹੀ ਤੋਂ ਹਾਰ ਗਿਆ ਅਤੇ ਮੁਕਾਬਲੇ ਦੇ ਅੰਤ ਵਿਚ 9-9 ਨਾਲ ਸ਼ਾਨਦਾਰ ਵਾਪਸੀ ਕੀਤੀ। ਏਸ਼ਿਆਈ ਚੈਂਪੀਅਨਸ਼ਿਪ ਵਿਚ ਗੌਰਵ ਬਾਲਿਆਨ ਦਾ ਇਹ ਦੂਜਾ ਚਾਂਦੀ ਦਾ ਤਮਗਾ ਹੈ, ਕਿਉਂਕਿ ਉਹ 2020 ਚੈਂਪੀਅਨਸ਼ਿਪ ਵਿਚ ਵੀ ਉਪ ਜੇਤੂ ਰਿਹਾ ਸੀ। ਤਿੰਨ ਹੋਰ ਫ੍ਰੀਸਟਾਈਲ ਪਹਿਲਵਾਨ ਵਿੱਕੀ, ਨਵੀਨ ਅਤੇ ਸਤਿਆਵਰਤ ਕਾਦਿਆਨ ਨੇ ਮਹਾਂਦੀਪੀ ਚੈਂਪੀਅਨਸ਼ਿਪ ਵਿਚ ਇਕ-ਇਕ ਕਾਂਸੀ ਦਾ ਤਮਗ਼ਾ ਜਿੱਤਿਆ। ਵਿੱਕੀ



ਨੇ ਕਾਂਸੀ ਦੇ ਤਗਮੇ ਦੇ ਮੁਕਾਬਲੇ ਵਿਚ ਉਜ਼ਬੇਕਿਸਤਾਨ ਦੇ ਪਹਿਲਵਾਨ ਅਜਿਨਿਆਜ਼ ਸਪਰਨਿਆਜ਼ੋਵ ਨੂੰ 5-3 ਨਾਲ ਹਰਾ ਕੇ 92 ਕਿਲੋਗ੍ਰਾਮ ਵਰਗ ਵਿਚ ਕਾਂਸੀ ਦਾ ਤਮਗ਼ਾ ਜਿੱਤਿਆ। ਨਵੀਨ ਨੇ ਪੁਰਸ਼ਾਂ ਦੇ 70 ਕਿਲੋਗ੍ਰਾਮ ਫ੍ਰੀਸਟਾਈਲ ਕੁਸ਼ਤੀ ਮੁਕਾਬਲੇ ਵਿਚ ਮੰਗੋਲੀਆ ਦੇ ਟੇਮੁਲੇਨ ਐਨਖਤੂਆ ਨੂੰ ਹਰਾ ਕੇ ਕਾਂਸੀ ਦਾ ਤਮਗ਼ਾ ਜਿੱਤਿਆ। ਉਹ ਕੁਆਰਟਰ ਫਾਈਨਲ ਵਿਚ ਹਾਰ ਗਿਆ ਸੀ ਪਰ ਤੀਜੇ ਸਥਾਨ ਲਈ ਲੜਿਆ ਸੀ। ਸੱਤਿਆਵਰਤ ਕਾਦੀਆਨ ਨੇ ਤਕਨੀਕੀ ਉੱਤਮਤਾ ਦੇ ਆਧਾਰ 'ਤੇ ਪੁਰਸ਼ਾਂ ਦੇ 97 ਕਿਲੋਗ੍ਰਾਮ ਫ੍ਰੀਸਟਾਈਲ ਮੁਕਾਬਲੇ ਵਿਚ ਤੁਰਕਮੇਨਿਸਤਾਨ ਦੇ ਜ਼ਿਆਮੁਹਮੇਤ ਸਪਾਰੋਵ ਨੂੰ ਹਰਾਇਆ। ਭਾਰਤ ਦੇ ਖਿਡਾਰੀਆਂ ਦੇ ਕੁਸ਼ਤੀ ਵਿਚ ਵਧਾਏ ਕਦਮ ਤੇ ਕੀਤੀ ਮਿਹਨਤ ਬਹੁਤ ਸ਼ਲਾਘਾਯੋਗ ਹਨ। ਕੁਸ਼ਤੀ ਖਿਡਾਰੀਆਂ ਤੋਂ ਅੱਗੇ ਵੀ ਹੋਰ ਤਮਗ਼ਿਆਂ ਦੀਆਂ ਉਮੀਦਾਂ ਹਨ।

# ਓਲੰਪੀਅਨ ਕਮਲਪ੍ਰੀਤ ਕੌਰ ਦਾ ਡੋਪ ਟੈਸਟ ਪਾਜ਼ੇਟਿਵ ਬਾਰੇ ਪਾਬੰਦੀ ਦਾ ਸ਼ੱਕੀ ਮਾਮਲਾ

**ਰਜਿੰਦਰ ਸਿੰਘ ਪੁਰੇਵਾਲ**

ਬੀਤੇ ਦਿਨੀਂ ਭਾਰਤੀ ਓਲੰਪਿਕ ਅਥਲੀਟ ਕਮਲਪ੍ਰੀਤ ਕੌਰ, ਜੋ ਪਿਛਲੇ ਸਾਲ ਟੋਕੀਓ ਓਲੰਪਿਕਸ 2020 ਵਿੱਚ ਡਿਸਕਸ ਥਰੋਅ ਈਵੈਂਟ ਵਿੱਚ ਛੇਵੇਂ ਸਥਾਨ 'ਤੇ ਰਹੀ ਸੀ, 'ਤੇ ਪਾਬੰਦੀਸ਼ੁਦਾ ਦਵਾਈਆਂ ਦੀ ਵਰਤੋਂ ਕਰਨ ਕਰਕੇ ਤੇ ਟੈਸਟ ਪਾਜ਼ੇਟਿਵ ਆਉਣ ਬਾਅਦ ਅਥਲੈਟਿਕਸ ਇੰਟੈਗਰਿਟੀ ਯੂਨਿਟ (ਏਆਈਯੂ) ਨੇ ਉਸ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਡੋਪਿੰਗ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦੋਸ਼ੀ ਪਾਏ ਜਾਣ 'ਤੇ ਕਮਲਪ੍ਰੀਤ ਨੂੰ ਵੱਧ ਤੋਂ ਵੱਧ ਚਾਰ ਸਾਲ ਲਈ ਮੁਅੱਤਲ ਕੀਤਾ ਜਾ ਸਕਦਾ। ਦੂਸਰੇ ਪਾਸੇ ਕਮਲਪ੍ਰੀਤ ਕੌਰ ਦੇ ਪਿਤਾ ਕੁਲਦੀਪ ਸਿੰਘ ਅਤੇ ਹੋਰ ਰਿਸ਼ਤੇਦਾਰ ਚਿੰਤਤ ਸਨ। ਪਿਤਾ ਦਾ ਦਾਅਵਾ ਹੈ ਕਿ ਬੇਟੀ ਨੇ ਕਦੇ ਕੋਈ ਸਟੂਰਾਇਡ ਨਹੀਂ ਲਿਆ। ਜਾਂਚ ਵਿਚ ਬੇਟੀ ਬੇਕਸੂਰ ਸਾਬਤ ਹੋਵੇਗੀ।

ਉਹ ਖੇਡ ਵਿਭਾਗ ਵੱਲੋਂ ਖਿਡਾਰੀਆਂ ਨੂੰ ਦਿੱਤੇ ਜਾਣ ਵਾਲੇ ਪੌਸ਼ਟਿਕ ਪਾਊਡਰ ਦੀ ਹੀ ਵਰਤੋਂ ਕਰਦੀ ਹੈ। ਇਸ ਪਾਊਡਰ ਵਿੱਚ ਹੀ ਸਟੂਰਾਇਡ ਹੁੰਦਾ ਹੈ, ਜਿਸ ਦੀ ਜਾਂਚ ਵੀ ਹੋ ਚੁੱਕੀ ਹੈ। ਹੁਣ ਫਿਰ ਕਮਲਪ੍ਰੀਤ ਇਸ ਪਾਊਡਰ ਦਾ ਸੇਵਨ ਕਰਕੇ ਡੋਪ ਟੈਸਟ ਵਿਚ ਫੇਲ ਹੋ ਗਈ ਹੈ। ਸੁਆਲ ਤਾਂ ਇਹ ਹੈ ਕਿ ਖੇਡ ਵਿਭਾਗ ਨੇ ਨਾ ਖਿਡਾਰੀਆਂ ਦੀ ਖ਼ੁਰਾਕ ਤੇ ਸਿਹਤ ਵੱਲ ਧਿਆਨ ਦਿੱਤਾ ਹੈ, ਨਾ ਹੀ ਕਦੇ ਖ਼ੁਰਾਕ ਦੀ ਜਾਂਚ ਕੀਤੀ ਹੈ। ਇਹ ਬਹੁਤ ਹੀ ਸ਼ੱਕੀ ਮਾਮਲਾ ਹੈ। ਸਰਕਾਰ ਨੂੰ ਇਸ ਬਾਰੇ ਉਚ ਪੱਧਰ ਦੀ ਜਾਂਚ ਕਰਨੀ ਚਾਹੀਦੀ ਹੈ।

## ਨਵਪ੍ਰੀਤ ਕੌਰ ਕਰੇਗੀ ਪੰਜਾਬ ਹਾਕੀ ਟੀਮ ਦੀ ਅਗਵਾਈ



**ਜਲੰਧਰ/ਏ.ਟੀ.ਨਿਊਜ਼** :- ਭੋਪਾਲ ਵਿੱਚ ਸ਼ੁਰੂ ਹੋਈ 12ਵੀਂ ਹਾਕੀ ਇੰਡੀਆ ਕੌਮੀ ਸੀਨੀਅਰ ਮਹਿਲਾ ਹਾਕੀ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਵਾਲੀ ਪੰਜਾਬ ਹਾਕੀ ਟੀਮ ਦੀ ਕਪਤਾਨੀ ਨਵਪ੍ਰੀਤ ਕੌਰ ਕਰੇਗੀ। ਹਾਕੀ ਇੰਡੀਆ ਵੱਲੋਂ ਹਾਕੀ ਪੰਜਾਬ ਨੂੰ ਮੁਅੱਤਲ ਕਰਨ ਉਪਰੰਤ ਨਿਯੁਕਤ ਕੀਤੀ ਹਾਕੀ ਪੰਜਾਬ ਦੀ ਐਡਹਾਕ ਕਮੇਟੀ ਦੇ ਮੈਂਬਰ ਓਲੰਪੀਅਨ ਬਲਵਿੰਦਰ ਸਿੰਘ ਸੰਮੀ ਅਨੁਸਾਰ 2ਵੀਂ ਹਾਕੀ ਇੰਡੀਆ ਕੌਮੀ ਸੀਨੀਅਰ ਮਹਿਲਾ ਹਾਕੀ ਚੈਂਪੀਅਨਸ਼ਿਪ 6 ਤੋਂ 7 ਮਈ ਤੱਕ ਭੋਪਾਲ (ਮੱਧ ਪ੍ਰਦੇਸ਼) ਵਿੱਚ ਭਾਗ ਲੈਣ ਲਈ ਪੰਜਾਬ ਦੀ ਸੀਨੀਅਰ ਹਾਕੀ ਟੀਮ ਦੀ ਅਗਵਾਈ ਨਵਪ੍ਰੀਤ ਕੌਰ ਕਰੇਗੀ, ਜਦਕਿ ਸ਼ਾਲੂ ਮਾਨ (ਪਟਿਆਲਾ) ਪੰਜਾਬ ਟੀਮ ਦੀ ਉਪ ਕਪਤਾਨ ਹੋਵੇਗੀ। ਇਸੇ ਤਰਾਂ ਰੇਲ ਕੋਚ ਫੈਕਟਰੀ ਕਪੂਰਥਲਾ ਦੀ ਕਾਮਨਵੈਲਥ ਖੇਡਾਂ ਦੀ ਮੈਡਲਿਸਟ ਤੇ ਅੰਤਰਰਾਸ਼ਟਰੀ ਖਿਡਾਰਨਾਂ ਕ੍ਰਮਵਾਰ ਯੋਗਿਤਾ ਬਾਲੀ ਤੇ ਅਮਨਦੀਪ ਕੌਰ ਨੂੰ ਟੀਮ ਦਾ ਕੋਚ ਤੇ ਮੈਨੇਜਰ ਬਣਾਇਆ ਗਿਆ ਹੈ, ਜਦਕਿ ਜਗਰੂਪ ਸਿੰਘ ਟੀਮ ਦੇ ਸਹਾਇਕ ਕੋਚ ਹੋਣਗੇ।

## ਬਾਬਾ ਮਰਦਾਨਾ ਦੇ...

ਜਿਸ ਦਾ ਨਾਂ ਰਬਾਬੀ ਪਰਿਵਾਰ ਕਰਕੇ ਰੱਖਿਆ ਗਿਆ ਸੀ। ਵੰਡ ਤੋਂ ਬਾਅਦ ਪਾਕਿਸਤਾਨ ਆ ਕੇ ਉਹ ਦਾਣੇ ਦਾਣੇ ਨੂੰ ਮੁਹਤਾਜ ਹੋ ਗਏ ਸਨ।'

ਆਪਣੀ ਸਿੱਖ ਵਿਰਾਸਤ ਦਾ ਖੁਲਾਸਾ ਕਰਦਿਆਂ ਹੁਸੈਨ ਹੁਰਾਂ ਨੇ ਦੱਸਿਆ ਕਿ ਉਨਾਂ ਦਾ ਪਰਿਵਾਰ ਸਿਆਚਲ ਦੇ ਪੁਰਾਤਨ ਗੁਰਦੁਆਰੇ ਨਾਲ ਸੰਬੰਧਿਤ ਸੀ ਜੋ ਲਾਹੌਰ ਤੇ ਅੰਮ੍ਰਿਤਸਰ ਵਿਚਕਾਰ ਪੈਂਦਾ ਹੈ। ਉਨਾਂ ਦੇ ਪਿਤਾ ਜੀ ਗਿਆਨੀ ਸਨ ਜੋ ਗੁਰਦੁਆਰੇ ਵਿਚ ਅਰਦਾਸ ਦੀ ਸੇਵਾ ਨਿਭਾਉਂਦੇ ਸਨ ਅਤੇ ਸਿੱਖੀ ਦਾ ਪ੍ਰਚਾਰ ਵੀ ਕਰਿਆ ਕਰਦੇ ਸਨ। ਉਨਾਂ ਦੱਸਿਆ, 'ਮੇਰੇ ਪਿਤਾ ਉੱਥੇ ਰਬਾਬੀ ਭਾਈ ਦੇ ਗੱਦੀਨਸ਼ੀਨ ਸਨ ਜਿਸ ਦਾ ਮਤਲਬ ਸੀ ਕਿ ਉਨਾਂ ਨੂੰ ਇਹ ਸੇਵਾ ਉਨਾਂ ਦੇ ਪੁਰਖਿਆਂ ਕੋਲੋਂ ਮਿਲੀ ਸੀ।' ਪਰ ਫਿਰ ਵੰਡ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ।

ਹੁਸੈਨ ਹੁਰਾਂ ਆਖਿਆ, 'ਅਸੀਂ ਆਪਣਾ ਸਾਰਾ ਪੈਸਾ ਲੱਤਾ ਹੀ ਨਹੀਂ ਗੁਆਇਆ ਸਗੋਂ ਆਪਣੇ ਕਿੱਤੇ ਨਾਲੋਂ ਵੀ ਟੁੱਟ ਗਏ ਸਾਂ। ਮਨੋਂ ਅਸੀਂ ਗੁਰਬਾਣੀ ਨਾਲ ਜੁੜੇ ਹੋਏ ਸਾਂ ਜਦੋਂਕਿ ਮੁਸਲਮਾਨ ਹੋਣ ਨਾਤੇ ਕਲਮੇ ਤੋਂ ਬਿਨਾਂ ਹੋਰ ਕੁਝ ਨਹੀਂ ਜਾਣਦੇ ਸਾਂ। ਮੁਸਲਮਾਨਾਂ ਨੂੰ ਸਾਡੇ ਕਿੱਤੇ ਵਿਚ ਕੋਈ ਰੁਚੀ ਨਹੀਂ ਸੀ। ਇਸ ਕਰਕੇ ਸਾਨੂੰ ਰੋਜ਼ੀ ਰੋਟੀ ਲਈ ਸਮੋਸੇ, ਖੀਰ ਤੇ ਮੀਟ ਆਦਿ ਵੇਚਣ ਦੇ ਛੋਟੇ ਮੋਟੇ ਧੰਦੇ ਅਪਣਾਉਣੇ ਪਏ।' ਬਹਰਹਾਲ, ਥੋੜੀ ਦੇਰ ਬਾਅਦ ਜਦੋਂ ਨਿਜ਼ਾਮੀ ਆਰਟ ਸੁਸਾਇਟੀ ਨਾਂ ਦੀ ਇਕ ਸੰਸਥਾ ਵੱਲੋਂ ਉਨਾਂ ਨੂੰ ਪ੍ਰੋਗਰਾਮ ਪੇਸ਼ ਕਰਨ ਦਾ ਸੱਦਾ ਮਿਲਿਆ ਤਾਂ ਉਨਾਂ ਕੱਵਾਲੀ ਮੁੜ ਸ਼ੁਰੂ ਕਰ ਦਿੱਤੀ। ਉਨਾਂ ਦੱਸਿਆ, 'ਵੰਡ ਤੋਂ ਕੁਝ ਸਾਲਾਂ ਬਾਅਦ ਮੈਨੂੰ ਕੱਵਾਲੀ ਦਾ ਇਕ ਪ੍ਰੋਗਰਾਮ ਪੇਸ਼ ਕਰਨ ਦਾ ਮੌਕਾ ਮਿਲਿਆ। ਸ਼ੁਰੂਆਤੀ ਦਿਨਾਂ ਵਿਚ ਮੇਰਾ ਉਰਦੂ ਲਹਿਜ਼ਾ ਕਮਜ਼ੋਰ ਹੋਣ ਕਰਕੇ ਦਿੱਕਤਾਂ ਆਈਆਂ ਸਨ। ਗੁਰਮੁਖੀ ਦੀ ਸਿਖਲਾਈ ਹੋਣ ਕਰਕੇ ਮੈਂ ਫ਼ਾਰਸੀ ਲਿਖਤ ਵੀ ਪੜਨਾ ਨਹੀਂ ਜਾਣਦਾ ਸਾਂ। ਉਂਝ, ਮੈਂ ਅਭਿਆਸ ਕੀਤਾ ਅਤੇ ਹੌਲੀ ਹੌਲੀ ਉਰਦੂ ਗਾਇਕੀ ਵਿਚ ਮਾਹਿਰ ਬਣ ਗਿਆ। ਇਸ ਨਾਲ ਮੇਰੀ ਮਾਲੀ ਸਥਿਤੀ ਵੀ ਬਿਹਤਰ ਹੋਣ ਲੱਗ ਪਈ।'

ਮੈਂ ਉਨਾਂ ਤੋਂ ਕੀਰਤਨ ਅਤੇ ਕੱਵਾਲੀ ਦੀਆਂ ਪ੍ਰੰਪਰਾਵਾਂ ਵਿਚਕਾਰ ਫ਼ਰਕ ਬਾਰੇ ਪੁੱਛਿਆ ਤਾਂ ਉਨਾਂ ਜਵਾਬ ਵਿਚ ਇਕ ਪੰਜਾਬੀ ਅਖਾਣ ਦੁਹਰਾਇਆ, 'ਸੌ ਸਿਆਣੇ ਇਕੋ ਮਤ, ਮੂਰਖ ਆਪੋ ਆਪਣੀ। ਬੁੱਲੇ ਸ਼ਾਹ ਨੇ ਉਹੀ ਗੱਲ ਦ੍ਰਿੜਾਈ ਜੋ ਗੁਰੂ ਨਾਨਕ ਦੇਵ ਜੀ ਨੇ ਰਚੀ ਸੀ। ਗੁਰੂ ਅਰਜਨ ਅਤੇ ਸੁਲਤਾਨ ਬਾਹੂ ਜਾਂ ਸ਼ਾਹ ਹੁਸੈਨ ਦੇ ਸੰਦੇਸ਼ ਵਿਚ ਕੋਈ ਫ਼ਰਕ ਨਹੀਂ ਹੈ।'

### ਸਾਂਝ ਦੀ ਅਜ਼ਮਾਇਸ਼

ਉਂਝ, ਇਸ ਇਕਸਾਰਤਾ ਬਾਰੇ ਹੁਣ ਕੁਝ ਸਵਾਲ ਵੀ ਉੱਠ ਰਹੇ ਹਨ। ਹੁਸੈਨ ਦਾ ਪੁੱਤਰ ਸਾਡੇ ਕੋਲ ਬੈਠਾ ਚੁੱਪ-ਚਾਪ ਇੰਟਰਵਿਊ ਸੁਣਦਾ ਹੋਇਆ ਅਚਨਚੇਤ ਗੱਲਬਾਤ ਵਿਚ ਸ਼ਾਮਲ ਹੋ ਗਿਆ। ਉਸ ਨੇ ਆਖਿਆ, 'ਕੁਝ ਸਿੱਖ ਕਹਿੰਦੇ ਹਨ ਕਿ ਮਰਦਾਨਾ ਗੁਰੂ ਨਾਨਕ ਦੀਆਂ ਜਨਮਸਾਖੀਆਂ ਦਾ ਇਕ ਹਸਾਉਣ ਵਾਲਾ ਕਿਰਦਾਰ ਸੀ ਜੋ ਹਮੇਸ਼ਾ ਭੁੱਖਾ ਪਿਆਸਾ ਹੀ ਰਹਿੰਦਾ ਸੀ। ਮੇਰਾ ਖਿਆਲ ਵੱਖਰਾ ਹੈ। ਮਰਦਾਨੇ ਦੀ ਖ਼ਾਤਰ ਹੀ ਬਾਬਾ ਨਾਨਕ ਜੀ ਨੇ ਇਕ ਕਿੱਕਰ ਦੇ ਦਰੱਖ਼ਤ ਦੇ ਤੁੱਕੇ ਮਿੱਠੇ ਕੀਤੇ ਸਨ।'

ਗ਼ੁਲਾਮ ਹੁਸੈਨ ਨੇ ਸਿੱਖੀ ਦੇ ਇਤਿਹਾਸ ਵਿਚ ਭਾਈ ਮਰਦਾਨੇ ਬਾਬਤ ਇਕ ਹੋਰ ਕਹਾਣੀ ਦੱਸੀ। ਉਨਾਂ ਕਿਹਾ, 'ਵੰਡ ਤੋਂ ਪਹਿਲਾਂ ਇਕ ਵਾਰ ਮੇਰੇ ਪਿਤਾ ਹਸਨ ਅਬਦਾਲ ਵਿਚ ਗੁਰਦੁਆਰਾ ਪੰਜਾ ਸਾਹਿਬ ਵਿਚ ਮੌਜੂਦ ਸਨ। ਉਹ ਸਰੋਵਰ ਵਿਚ ਇਸ਼ਨਾਨ ਕਰ ਰਹੇ ਸਨ ਅਤੇ ਕਿਸੇ ਸਿੱਖ ਨੇ ਗੁਰਦੁਆਰੇ ਦੇ ਦਫ਼ਤਰ ਵਿਚ ਜਾ ਕੇ ਸ਼ਿਕਾਇਤ ਕੀਤੀ ਕਿ ਮੇਰੇ ਪਿਤਾ ਸਰੋਵਰ ਨੂੰ ਪਲੀਤ ਕਰ ਰਹੇ ਹਨ। ਜਦੋਂ ਇਕ ਸੇਵਾਦਾਰ ਨੇ ਮੇਰੇ ਪਿਤਾ ਨੂੰ ਬੁਲਾ ਕੇ ਪੁੱਛਿਆ ਕਿ ਉਨਾਂ ਸਰੋਵਰ ਵਿਚ ਇਸ਼ਨਾਨ ਕਿਉਂ ਕੀਤਾ ਤਾਂ ਉਨਾਂ ਆਖਿਆ 'ਬਾਬਾ ਨਾਨਕ ਜੀ ਨੇ ਇਹ ਸਰੋਵਰ ਕਿਨਾਂ ਲਈ ਬਣਾਇਆ ਸੀ ? ਮਰਦਾਨੇ ਦੀ ਪਿਆਸ ਬੁਝਾਉਣ ਲਈ। ਇਸ ਲਈ ਇਹ ਮਰਦਾਨੇ ਦਾ ਸਰੋਵਰ ਹੈ ਅਤੇ ਉਨਾਂ ਦਾ ਵੰਸ਼ਜ ਹੋਣ ਨਾਤੇ ਇਹ ਮੇਰਾ ਵੀ ਸਰੋਵਰ ਹੈ। ਹੁਣ ਮੈਂ ਤੁਹਾਥੋਂ ਪੁੱਛਦਾ ਹਾਂ ਕਿ ਤੁਸੀਂ ਇਸ ਸਰੋਵਰ 'ਤੇ ਹੱਕ ਜਤਾਉਣ ਵਾਲੇ ਕੌਣ ਹੁੰਦੇ ਹੋ' ?'

ਉਨਾਂ ਅੱਗੇ ਆਖਿਆ ਸੀ, 'ਸੱਤ ਪੁਸ਼ਤਾਂ ਤੋਂ ਸਾਡਾ ਪਰਿਵਾਰ ਇਹ ਸੇਵਾ ਨਿਭਾਉਂਦਾ ਆ ਰਿਹਾ ਹੈ। ਅਸੀਂ ਭਾਈ ਸਾਧਾ ਤੇ ਮਾਧਾ ਦੇ ਵੰਸ਼ਜ ਹਾਂ ਜਿਨਾਂ ਨੂੰ ਗੁਰੂ ਤੇਗ਼ ਬਹਾਦਰ ਜੀ ਨੇ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਸੇਵਾ ਬਖ਼ਸ਼ੀ ਸੀ। ਇਸ ਦਾ ਮਰਤਬਾ ਇੰਨਾ ਉੱਚਾ ਸੀ ਕਿ ਉਦੋਂ ਦਰਬਾਰ ਸਾਹਿਬ ਦੀ ਗੋਲਕ 'ਚੋਂ ਉਨਾਂ ਨੂੰ ਮਾਇਆ ਭੇਟ ਕੀਤੀ ਜਾਂਦੀ ਸੀ ਜੋ ਸਾਰੇ ਰਬਾਬੀ ਪਰਿਵਾਰਾਂ ਵਿਚ ਬਰਾਬਰ ਵੰਡੀ ਜਾਂਦੀ ਸੀ। ਪੂਰੇ ਸਿੱਖ ਇਤਿਹਾਸ ਵਿਚ ਰਬਾਬੀਆਂ ਨੇ ਗੁਰੂ ਸਾਹਿਬਾਨ ਨਾਲ ਅੰਤਲੇ ਸਾਹਾਂ ਤੱਕ ਵਫ਼ਾ ਨਿਭਾਈ ਹੈ।'

ਉਂਝ, ਗੁਰਦੁਆਰੇ ਅੰਦਰ ਰਬਾਬ ਵਜਾਉਣ ਦੀ ਗ਼ੁਲਾਮ ਹੁਸੈਨ ਦੀ ਇੱਛਾ ਪੂਰੀ ਨਾ ਹੋ ਸਕੀ। ਉਨਾਂ ਦੱਸਿਆ, 'ਸ੍ਰੀ ਹਰਿਮੰਦਿਰ ਸਾਹਿਬ ਨਾਲ ਸਾਡੇ ਖ਼ਾਨਦਾਨ ਦਾ ਗਹਿਰਾ ਸੰਬੰਧ ਹੈ ਪਰ ਹੁਣ ਉੱਥੇ ਸਾਡੇ ਲਈ ਕੀਰਤਨ ਕਰ ਸਕਣਾ ਬਹੁਤ ਔਖਾ ਹੋ ਗਿਆ ਹੈ। ਉੱਥੋਂ ਦੇ ਪ੍ਰਬੰਧਕਾਂ ਨੇ ਮੈਨੂੰ ਦੱਸਿਆ ਕਿ ਸਿਰਫ਼ ਅੰਮ੍ਰਿਤਧਾਰੀ ਸਿੱਖ ਹੀ ਉੱਥੇ ਕੀਰਤਨ ਕਰ ਸਕਦੇ ਹਨ।' ਫਿਰ ਉਨਾਂ ਮੈਨੂੰ ਅੰਮ੍ਰਿਤ ਦਾ ਭਾਵ ਸਮਝਾਇਆ।

## ਬਾਬਾ ਬੰਦਾ ਸਿੰਘ ਬਹਾਦਰ...

ਛੋਟੀਆਂ ਜਾਤਾਂ ਦੇ ਸਿੱਖਾਂ ਨੂੰ ਸੈਨਾ ਵਿਚ ਉੱਚੇ ਅਹੁਦੇ ਦੇ ਕੇ ਉਨਾਂ ਦਾ ਮਾਣ ਵਧਾਇਆ। ਬ੍ਰਾਹਮਣ ਤੇ ਖੱਤਰੀ ਸਤਿਕਾਰ ਨਾਲ ਹੱਥ ਜੋੜ ਕੇ ਉਨਾਂ ਦਾ ਹੁਕਮ ਉਡੀਕਦੇ ਸਨ।

ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਨਾਂ ਦੀ ਥਾਂ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕੇ ਜਾਰੀ ਕੀਤੇ।

ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਦ ਅਸਤ।

ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ॥

ਗੁਰੂ ਨਾਨਕ ਸਾਹਿਬ ਦੀ ਤੇਗ ਦੀ ਬਖ਼ਸ਼ਿਸ਼ ਨਾਲ ਦੋ ਜਹਾਨ 'ਤੇ ਸਿੱਕਾ ਜਾਰੀ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੀ ਫ਼ਤਹਿ ਅਤੇ ਸੱਚੇ ਰੱਬ ਦੀ ਮਿਹਰ ਹੋਈ।

ਸਰਹਿੰਦ ਦੀ ਜਿੱਤ ਤੋਂ ਉਸ ਨੂੰ 50 ਲੱਖ ਰੁਪਏ ਦਾ ਸਾਲਾਨਾ ਮਾਲੀਆ ਪ੍ਰਾਪਤ ਹੋਣ ਲੱਗ ਪਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਜਮਨਾ ਗੰਗਾ ਦੁਆਬ ਵਿਚ ਸਹਾਰਨਪੁਰ ਤੇ ਜਲਾਲਾਬਾਦ, ਜਲੰਧਰ ਦੁਆਬ, ਅੰਮ੍ਰਿਤਸਰ, ਬਟਾਲਾ ਕਲਾਨੌਰ, ਪਠਾਨਕੋਟ ਸਮੇਤ ਅਨੇਕ ਇਲਾਕਿਆਂ 'ਤੇ ਖ਼ਾਲਸੇ ਦੇ ਨਿਸ਼ਾਨ ਝੂਲਾ ਦਿੱਤੇ।

9 ਜੂਨ, 1716 ਈ. ਨੂੰ ਦਿੱਲੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਦਿਲ ਕੰਬਾਊ ਸ਼ਹਾਦਤ ਦੇ ਬਾਵਜੂਦ ਸਰਹਿੰਦ ਦੀ ਫ਼ਤਹਿ ਸਿੱਖਾਂ ਲਈ ਵੱਡੀ ਪ੍ਰੇਰਨਾ ਸ੍ਰੋਤ ਬਣੀ। ਅਠਾਰਵੀਂ ਸਦੀ ਵਿਚ ਜਦੋਂ ਹਕੂਮਤ ਦਾ ਪੱਤਾ-ਪੱਤਾ ਸਿੰਘਾਂ ਦਾ ਵੈਰੀ ਹੋ ਗਿਆ ਤਾਂ ਅਕਾਲ ਪੁਰਖ ਦੇ ਅੰਗ ਸੰਗ ਹੋਣ ਦਾ ਭਰੋਸਾ, ਸਰਹਿੰਦ ਫ਼ਤਹਿ ਦੀ ਯਾਦ, ਗੁਰੂ ਸਾਹਿਬਾਨ ਦਾ ਲਾਸਾਨੀ ਇਤਿਹਾਸ ਸਿੱਖਾਂ ਦੇ ਮਨੋਬਲ ਨਾਲ ਅਭੇਦ ਹੋ ਗਿਆ। ਖ਼ਾਲਸੇ ਨੇ ਜ਼ੁਲਮੀ ਰਾਜ ਦਾ ਅੰਤ ਕਰਕੇ ਮਾਨਵ-ਕਲਿਆਣਕਾਰੀ ਰਾਜ ਸਥਾਪਿਤ ਕਰਕੇ ਇਤਿਹਾਸ ਦਾ ਨਵਾਂ ਮਾਣਮੱਤਾ ਅਧਿਆਏ ਲਿਖਿਆ।

## ਰਾਸ ਲੀਲਾ

'ਹਾਜਮਾ ਤਾਂ ਦਰੁਸਤ ਹੈ,' ਡਾਕਟਰ ਨੇ ਜਵਾਬ ਦਿੱਤਾ।

ਸਕੂਲ ਦੇ ਇਮਤਿਹਾਨ ਦੀ ਰੀਪੋਰਟ ਚੰਗੀ ਸੀ, ਪਰ ਫਿਰ ਭੀ ਮੇਰੀ ਨਿਗਰਾਨੀ ਰੱਖੀ ਜਾਣ ਲਗ ਪਈ। ਮੈਂ ਰੋਜ਼ ਰਾਧਾ ਦੇ ਜਾਂਦਾ ਸਾਂ, ਇਸ ਦਾ ਕਦੇ ਕਿਸੇ ਨੂੰ ਸ਼ੱਕ ਹੀ ਨਹੀਂ ਸੀ।

ਪਰ ਮੇਰੀ ਝਾਈ ਜੀ, ਜਿਨਾਂ ਨੂੰ ਮੇਰੀ ਰਾਤ ਦੀ ਰੋਟੀ ਰੋਜ਼ ਨਾ ਖਾਣ ਕਰ ਕੇ ਫ਼ਿਕਰ ਲੱਗਾ ਰਹਿੰਦਾ ਸੀ, ਖ਼ੁਫ਼ੀਆ ਪੁਲਸ ਵਾਂਗ ਮੇਰੇ ਮਗਰ ਲੱਗ ਗਏ। ਇਕ ਦਿਨ ਜਦ ਮੈਂ ਰਾਧਾ ਵਲ ਗਿਆ ਤਾਂ ਉਹ ਦੱਬੇ ਪੈਰੀਂ ਲੁਕ ਲੁਕ ਕੇ ਮੇਰੇ ਪਿੱਛੇ ਗਏ। ਬੂਹਾ ਅੰਦਰੋਂ ਬੰਦ ਹੋ ਜਾਣ ਦੀ ਹਾਲਤ ਵਿੱਚ ਉਹ ਅੰਦਰ ਨਾ ਆ ਸਕੇ। ਬਾਹਰ ਬੂਹੇ ਨਾਲ ਕੰਨ ਲਾ ਕੇ ਖ਼ਬਰੇ ਕਿੰਨਾ ਚਿਰ ਖੜੋ ਰਹੇ ਹੋਣਗੇ। ਨਾਚ ਮੁਕਣ ਤੋਂ ਮਗਰੋ ਸਾਨੂੰ ਉਨਾਂ ਦੀਆਂ ਤੇਜ਼ ਅਵਾਜ਼ਾਂ ਸੁਣਾਈ ਦਿੱਤੀਆਂ। ਉਹ ਉੱਚੀ ਕਹਿ ਰਹੇ ਸਨ, 'ਰਾਮ ਪਿਆਰੀ ! ਰਾਮ ਪਿਆਰੀ !'

ਮੈਂ ਡਰ ਗਿਆ, ਪਰ ਰਾਧਾ ਨੇ ਉਹ ਕੱਪੜੇ ਛੇਤੀ ਹੀ ਲਾਹ ਦਿੱਤੇ ਤੇ ਮੇਰੇ ਪਾ ਦਿੱਤੇ। ਮੂੰਹ-ਹੱਥ ਵਾਜਾਂ ਦੀ ਵਾਛੜ ਵਿੱਚ ਹੀ ਧੁਆ ਦਿੱਤੇ ਗਏ। ਮੈਨੂੰ ਫੇਰ ਉਸੇ ਅੰਦਰ ਲੁਕਾ ਕੇ ਉਹ ਬਾਹਰ ਨਿਕਲ਼ੀ ਤੇ ਬੂਹਾ ਖੋਲ ਕੇ ਮੇਰੀ ਝਾਈ ਜੀ ਨੂੰ ਪੁੱਛਿਆ ਕਿ ਕੀ ਗੱਲ ਹੈ।

ਝਾਈ ਨੇ ਗੁਸੇ ਭਰੀਆਂ ਅੱਖਾਂ ਨਾਲ ਪੁਛਿਆ, 'ਕ੍ਰਿਸ਼ਨ ਕਿਥੇ ਹੈ ?'

ਰਾਧਾ ਨੇ ਆਖਿਆ, 'ਐਥੇ ਕਿਤੇ ਹੋਇਗਾ।'

'ਮੈਂ ਆਪ ਅੰਦਰ ਵੜਦਾ ਦੇਖਿਆ ਹੈ,' ਝਾਈ ਨੇ ਕੜਕ ਕੇ ਕਿਹਾ। 'ਮੈਂ ਅੰਦਰ ਦੇਖਦੀ ਹਾਂ' ਰਾਧਾ ਨੇ ਬੜੀ ਸ਼ਾਂਤੀ ਨਾਲ ਕਿਹਾ, 'ਮੇਰੇ ਸੁਤਿਆਂ ਸੁਤਿਆਂ ਕਈ ਵਾਰੀ ਅੰਦਰ ਦਾ ਬੂਹਾ ਅੜਾ ਕੇ, ਕੱਲਾ ਖੇਡਦਾ ਰਹਿੰਦਾ ਹੈ।'

ਅੰਦਰ ਆ ਕੇ ਉਸ ਮੈਨੂੰ ਬਾਂਹ ਤੋਂ ਫੜ ਲਿਆ। ਮੈਂ ਡਰ ਨਾਲ ਨਿਤਾਣਿਆਂ ਵਾਂਗ ਕੰਬ ਰਿਹਾ ਸਾਂ।ਰਾਧਾ ਨੇ ਹੌਲੀ ਜਿਹੀ ਕਿਹਾ, 'ਡਰੋ ਨਾ, ਮੇਰੇ ਕ੍ਰਿਸ਼ਨ, ਅਸੀਂ ਚੋਰੀ ਨਹੀਂ ਕੀਤੀ, ਪਾਪ ਨਹੀਂ ਕੀਤਾ।'

ਮੈਂ ਹੌਸਲਾ ਕਰ ਕੇ ਉਸੇ ਤਰਾਂ ਧਰੀਕੀਦਾ ਉਸ ਨਾਲ ਬਾਹਰ ਆਂਦਾ ਗਿਆ। ਮੇਰੀ ਬਾਂਹ ਝਾਈ ਜੀ ਨੂੰ ਫੜਾਉਂਦਿਆਂ ਉਸ ਆਖਿਆ, 'ਆਹ ਲਉ ਫੜੋ ਆਪਣਾ ਮੱਖਣ-ਚੋਰ, ਅੰਦਰਲੇ ਕਮਰੇ ਵਿੱਚ ਲੁਕਿਆ ਹੋਇਆ ਸੀ।'

ਮੇਰੀ ਝਾਈ ਮੈਨੂੰ ਛੱਡ ਕੇ ਅੰਦਰ ਵੜ ਗਈ। ਵੱਖੀ ਵਾਲੇ ਕਮਰੇ ਵਿੱਚ ਖਿਲਰੀਆ ਚੀਜ਼ਾਂ ਤੇ ਜਗਦੀਆਂ ਜੋਤਾਂ ਦੇਖ ਕੇ ਉਸ ਉੱਚੀ ਦਿੱਤੀ 'ਹੂੰ. . .ਊ...ਊ' ਕੀਤਾ ਤੇ ਇੱਕ ਸ਼ੱਕ-ਭਰੀ ਨਜ਼ਰ ਰਾਧਾ ਤੇ ਸੁੱਟ ਕੇ ਬੜੀ ਆਕੜ ਨਾਲ ਮੁੜ ਆਈ। ਆਉਂਦਿਆਂ ਹੀ ਮੈਨੂੰ ਪੈਣੀਆਂ ਸ਼ੁਰੂ ਹੋ ਗਈਆਂ। ਰਾਧਾ ਛੁੜਾਉਣ ਵਾਸਤੇ ਬਾਹਰ ਆਈ, ਪਰ ਫਿਰ ਅੰਦਰ ਮੁੜ ਗਈ। ਫਿਰ ਆਈ, ਫਿਰ ਮੁੜ ਗਈ। ਮੇਰੀ ਗੱਲ ਤੇ ਇੱਕ ਚਪੇੜ ਪੈਂਦਿਆਂ ਹੀ ਉਹ ਕੱਠੀ ਹੋ ਜਾਂਦੀ ਸੀ। ਕਮਰੇ ਵਿੱਚ ਮੈਨੂੰ ਡੱਕ ਕੇ ਝਾਈ ਜੀ ਪਿਤਾ ਜੀ ਨੂੰ ਉਡੀਕਦੇ ਰਹੇ। ਮੈਂ ਜਾਣ ਕੇ ਘੁਰਾੜੇ ਮਾਰਨ ਲਗ ਪਿਆ। ਬੜੇ ਪ੍ਰੇਮ ਨਾਲ ਝਾਈ ਜੀ ਨੇ ਪਿਤਾ ਜੀ ਨੂੰ ਰੋਟੀ ਖੁਆਈ। ਰੋਟੀ ਖਾ ਕੇ ਕੁਝ ਚਿਰ ਬਰਾਂਡੇ ਵਿਚ ਟਹਿਲਣ ਮਗਰੋਂ ਪਿਤਾ ਜੀ ਆਪਣੇ ਪਲੰਘ ਤੇ ਆ ਲੇਟੇ। ਝਾਈ ਜੀ ਨੇ ਵੀ ਬਾਕੀ ਦੇ ਕੰਮ ਖ਼ਤਮ ਕਰਕੇ ਆਪਣੀ ਮੰਜੀ ਮੱਲੀ। ਕੁਝ ਚਿਰ ਮਗਰੋਂ ਝਾਈ ਜੀ ਨੇ ਹੌਲੀ ਜਿਹੀ ਕਿਹਾ, 'ਏ ਜੀ, ਜਾਗਦੇ ਓ ?'

ਪਿਤਾ ਜੀ ਨੇ ਪਾਸਾ ਮੋੜ ਕੇ ਕਿਹਾ, 'ਆਹੋ।'

'ਮੈਂ ਇਕ ਗੱਲ ਕਰਨੀ ਸੀ,' ਝਾਈ ਜੀ ਨੇ ਇਸ ਲਹਿਜੇ ਵਿੱਚ ਕਿਹਾ ਜਿਵੇਂ ਗੱਲ ਬੜੀ ਜ਼ਰੂਰੀ ਹੋਵੇ।

'ਕੀ ਗੱਲ ਹੈ ?'

ਝਾਈ ਜੀ ਨੇ ਅੱਜ ਜੋ ਕੁਝ ਦੇਖਿਆ-ਸੁਣਿਆ ਸੀ, ਆਖ ਸੁਣਾਇਆ ਤੇ ਅੰਤ ਵਿੱਚ ਕਿਹਾ, 'ਖਬਰੇ ਕੀ ਕਰਦੀ ਰਹਿੰਦੀ ਏ ਬੰਗਾਲਣ ਜਾਦੂਗਰਨੀ ਮੇਰੇ ਲਾਲ ਨੂੰ ਅੰਦਰ ਵਾੜ ਕੇ।'

ਪਿਤਾ ਜੀ ਨੇ ਉਤਰ ਦਿੱਤਾ, 'ਸੁਦੈਣ ਨਾ ਬਣਿਆ ਕਰ, ਸੋਧਾਂ।'

ਝਾਈ ਜੀ ਦੇ ਬਹੁਤ ਜ਼ੋਰ ਦੇਣ ਤੇ ਪਿਤਾ ਜੀ ਨੇ ਆਖਿਆ, 'ਹੱਛਾ, ਮਿਲਾਂਗੇ ਬੁੱਢੇ ਨੂੰ ਸਵੇਰੇ।'

ਤੀਜੇ ਦਿਨ ਜਦ ਮੈਂ ਸਕੂਲੋਂ ਮੁੜਿਆ, ਮੈਂ ਆਪਣੇ ਘਰ ਜਾਣ ਦੀ ਥਾਂ, ਪਹਿਲੋਂ ਹੀ ਰਾਧਾ ਦੇ ਘਰ ਵੱਲ ਮੁੜਿਆ। ਬੂਹਾ ਚੌੜ-ਚਪੱਟ ਖੁਲਾ ਸੀ। ਅੰਦਰ ਕੋਈ ਸਮਾਨ ਨਹੀਂ ਸੀ। ਮੈਂ ਅੱਖਾਂ ਮਲ ਕੇ ਗਹੁ ਨਾਲ ਫੇਰ ਤੱਕਿਆ, ਫਿਰ ਵੀ ਨਹੀਂ ਸੀ। ਮੈਂ ਨਾਲ ਦੇ ਕਮਰੇ ਵਿੱਚ ਗਿਆ, ਉਥੇ ਵੀ ਕੋਈ ਨਹੀਂ ਸੀ। ਮੈਨੂੰ ਇੱਦਾਂ ਪ੍ਰਤੀਤ ਹੋਣ ਲੱਗਾ ਜਿਵੇਂ ਮੇਰੇ ਸਰੀਰ ਨਾਲੋਂ ਕੋਈ ਅੰਗ ਕੱਟ ਲਿਆ ਗਿਆ ਹੈ।

ਮੈਂ ਬਸਤੇ ਸਮੇਤ ਕਮਰੇ ਦੀ ਨੁਕਰ ਵਿੱਚ ਧਸ ਗਿਆ। ਇੱਦਾਂ ਮਲੂਮ ਹੁੰਦਾ ਸੀ ਜਿਵੇਂ ਮੈਂ ਪਾਤਾਲ ਵੱਲ ਜਾ ਰਿਹਾ ਹਾਂ। ਅਚਾਨਕ ਕਿਸੇ ਮੇਰੀ ਬਾਂਹ ਆਣ ਪਕੜੀ। ਪਹਿਲੋਂ ਮੈਂ ਸਮਝਿਆ, ਰਾਧਾ ਹੋਇਗੀ। ਪਰ ਬਾਂਹ ਬੜੇ ਜ਼ੋਰ ਦੀ ਫੜੀ ਗਈ ਸੀ। ਮੈਂ ਉਤਾਂਹ ਤੱਕਿਆ, ਝਾਈ ਸੀ। ਮੈਂ ਰੋ ਰਿਹਾ ਸਾਂ। ਝਾਈ ਮੈਨੂੰ ਧੂਹ ਕੇ ਆਪਣੇ ਪਾਸੇ ਵੱਲ ਲਿਜਾ ਰਹੀ ਸੀ।

## ਰੂਸ ਤੇ ਯੂਕਰੇਨ...

ਇਹ ਸਪੱਸ਼ਟ ਸੰਕੇਤ ਕਰਦਾ ਹੈ ਕਿ ਲੋਕਾਂ ਦੀ ਆਵਾਜਾਈ ਵਧ ਰਹੀ ਹੈ ਤੇ ਉਨਾਂ ਨੇ ਕੋਵਿਡ ਨਾਲ ਸੰਤੁਲਨ ਸਿੱਖ ਲਿਆ ਹੈ। ਇਸ ਤੋਂ ਵੀ ਚੰਗੀ ਗੱਲ ਇਹ ਹੈ ਕਿ ਕੋਰੋਨਾ ਦੀ ਕਿਸੇ ਨਵੀਂ ਲਹਿਰ ਤੋਂ ਵੱਡੇ ਨੁਕਸਾਨ ਦੀ ਸੰਭਾਵਨਾ ਨਹੀਂ ਰਹਿ ਗਈ। ਇਸ ਦਾ ਇਕ ਵੱਡਾ ਕਾਰਨ ਸਫ਼ਲ ਤੇ ਵਿਆਪਕ ਪੱਧਰ 'ਤੇ ਕੀਤਾ ਗਿਆ ਟੀਕਾਕਰਨ ਪ੍ਰੋਗਰਾਮ ਹੈ, ਜਿਸ ਨੇ ਕੋਵਿਡ ਦੇ ਮਾਮਲੇ 'ਚ ਦੇਸ਼ ਨੂੰ ਜ਼ਰੂਰੀ ਸੁਰੱਖਿਆ ਪ੍ਰਦਾਨ ਕੀਤੀ ਹੈ।

ਹੁਣ ਤੱਕ ਮੌਨਸੂਨ ਦੇ ਸਾਰੇ ਅਨੁਮਾਨ ਵੀ ਆਸ਼ਾਵਾਦੀ ਹਨ। ਮੌਨਸੂਨ ਦੇ ਆਮ ਰਹਿਣ ਦੀ ਸਥਿਤੀ ਨਾ ਸਿਰਫ਼ ਪੇਂਡੂ ਮੰਗ ਨੂੰ ਸਹਾਰਾ ਦੇਵੇਗੀ ਸਗੋਂ ਬਿਹਤਰ ਖ਼ੁਰਾਕੀ ਪੈਦਾਵਾਰ ਨਾਲ ਖ਼ੁਰਾਕੀ ਸੁਰੱਖਿਆ ਵੀ ਯਕੀਨੀ ਬਣਾਵੇਗੀ। ਹਾਲਾਂਕਿ ਜਲਵਾਯੂ ਪਰਿਵਰਤਨ ਕਾਰਨ ਵਧ ਰਹੀਆਂ ਮੌਸਮੀ ਤਬਦੀਲੀਆਂ ਨਾਲ ਫ਼ਸਲ ਨੂੰ ਨੁਕਸਾਨ ਪਹੁੰਚਣ ਦੀ ਸੰਭਾਵਨਾ ਨੂੰ ਦੇਖਦਿਆਂ ਨੀਤੀ ਘਾੜਿਆਂ ਨੂੰ ਸਮਾਂ ਰਹਿੰਦਿਆਂ ਜ਼ਰੂਰੀ ਹੱਲ ਵੀ ਤਲਾਸ਼ਣੇ ਪੈਣਗੇ। ਕੁੱਲ ਮਿਲਾ ਕੇ ਆਰਥਿਕ ਮੋਰਚੇ 'ਤੇ ਮੌਜੂਦਾ ਹਾਲਾਤ ਦੀ ਪੜਤਾਲ ਇਹੋ ਸੰਕੇਤ ਕਰਦੀ ਹੈ ਕਿ ਤਮਾਮ ਚੁਣੌਤੀਆਂ ਦਰਮਿਆਨ ਉਮੀਦ ਦੀਆਂ ਕੁਝ ਕਿਰਨਾਂ ਵੀ ਜਗਮਗਾ ਰਹੀਆਂ ਹਨ। ਆਉਣ ਵਾਲਾ ਵਕਤ ਸਥਿਤੀ ਨੂੰ ਹੋਰ ਸਪੱਸ਼ਟ ਕਰੇਗਾ।

## ਹਰ ਹੰਝੂ ਦੀ...

2. ਧੁੱਪੇ ਨਿਕਲਣ ਲੱਗਿਆਂ ਕਾਲੀਆਂ ਐਣਕਾਂ ਵਰਤਣੀਆਂ ਚਾਹੀਦੀਆਂ ਹਨ।

3. ਲਗਾਤਾਰ ਏ.ਸੀ. ਵਿਚ ਬੈਠਣ ਤੋਂ ਬਚਣਾ ਚਾਹੀਦਾ ਹੈ।

4. ਕੰਪਿਊਟਰ ਜਾਂ ਮੋਬਾਈਲ ਵੇਖਦਿਆਂ ਹਰ 20 ਸਕਿੰਟ ਬਾਅਦ ਅੱਖਾਂ ਨੂੰ ਦੋ ਸਕਿੰਟ ਲਈ ਬੰਦ ਕਰ ਲੈਣਾ ਚਾਹੀਦਾ ਹੈ।

5. ਕੰਪਿਊਟਰ ਦਾ ਪੱਧਰ ਅੱਖਾਂ ਦੀ ਪੱਧਰ ਤੋਂ ਰਤਾ ਕੁ ਹੇਠਾਂ ਹੋਣਾ ਚਾਹੀਦਾ ਹੈ ਤਾਂ ਜੋ ਸਿੱਧਾ ਅੱਖਾਂ 'ਚ ਰੌਸ਼ਨੀ ਨਾ ਪੈਂਦੀ ਰਹੇ।

6. ਅੱਖਾਂ ਨੇੜੇ ਕਿਸੇ ਕਿਸਮ ਦਾ ਧੂੰਆਂ ਨਹੀਂ ਹੋਣਾ ਚਾਹੀਦਾ।

7. ਡਾਕਟਰ ਦੀ ਸਲਾਹ ਨਾਲ ਵਿਟਾਮਿਨ ਏ ਲੈਂਦੇ ਰਹਿਣਾ ਚਾਹੀਦਾ ਹੈ।

ਅੱਖਾਂ ਦੀ ਨਮੀ ਠੀਕ ਰੱਖਣ ਲਈ ਕਿਹੜੀ ਖ਼ੁਰਾਕ ਲਈ ਜਾਏ :-

1. ਮੱਛੀ :- ਸਾਲਮਨ ਮੱਛੀ ਵਿਚਲੇ ਓਮੇਗਾ ਤਿੰਨ ਫੈਟੀ ਏਸਿਡ ਫ਼ਾਇਦੇਮੰਦ ਸਾਬਤ ਹੋ ਚੁੱਕੇ ਹਨ।

2. ਹਰੀਆਂ ਪੱਤੇਦਾਰ ਸਬਜ਼ੀਆਂ :- ਵਿਟਾਮਿਨ ਸੀ ਹੋਣ ਕਾਰਨ ਹਰੀਆਂ ਸਬਜ਼ੀਆਂ ਅੱਖਾਂ ਦੀ ਨਮੀ ਦੇ ਨਾਲ-ਨਾਲ ਸੈੱਲਾਂ ਦੀ ਟੁੱਟ ਫੁੱਟ ਵੀ ਘਟਾਉਂਦੀਆਂ ਹਨ। ਫੋਲੇਟ ਵੀ ਇਨਾਂ ਵਿਚ ਲੋੜ ਅਨੁਸਾਰ ਪੂਰਾ ਹੁੰਦਾ ਹੈ। ਕੇਲ ਪੱਤਾ, ਪਾਲਕ, ਹਰੀਆਂ ਫਲੀਆਂ ਆਦਿ ਖਾਂਦੇ ਰਹਿਣਾ ਚਾਹੀਦਾ ਹੈ।

3. ਬੀਜ :- ਸ਼ਾਕਾਹਾਰੀਆਂ ਲਈ ਕੀਆ ਬੀਜ, ਫਲੈਕਸ ਬੀਜ ਵੀ ਓਮੇਗਾ ਤਿੰਨ ਫੈੱਟੀ ਏਸਿਡ ਮੁਹੱਈਆ ਕਰਵਾ ਦਿੰਦੇ ਹਨ ਜੋ ਅੱਖਾਂ ਦੀ ਨਮੀ ਬਰਕਰਾਰ ਰੱਖਣ ਵਿਚ ਮਦਦ ਕਰਦੇ ਹਨ।

4. ਸੁੱਕੇ ਮੇਵੇ :- ਓਮੇਗਾ ਤਿੰਨ ਫੈੱਟੀ ਏਸਿਡ ਤੇ ਵਿਟਾਮਿਨ ਈ ਭਰੇ ਹੋਣ ਸਦਕਾ ਸੁੱਕੇ ਮੇਵੇ ਵੀ ਅੱਖਾਂ ਲਈ ਵਧੀਆ ਹਨ, ਖ਼ਾਸ ਤੌਰ ਉੱਤੇ ਅਖਰੋਟ ਅਤੇ ਕਾਜੂ। ਗ਼ਰੀਬਾਂ ਲਈ ਮੂੰਗਫਲੀ ਵੀ ਕਾਜੂਆਂ ਵਾਂਗ ਹੀ ਫ਼ਾਇਦੇਮੰਦ ਹੈ!

5. ਫਲੀਆਂ :- ਫਾਈਬਰ, ਪ੍ਰੋਟੀਨ, ਫੋਲੇਟ, ਜ਼ਿੰਕ ਭਰੇ ਹੋਣ ਸਦਕਾ ਫਲੀਆਂ ਨਾ ਸਿਰਫ਼ ਅੱਖਾਂ ਲਈ ਬਲਕਿ ਪੂਰੇ ਸਰੀਰ ਲਈ ਹੀ ਬਹੁਤ ਵਧੀਆ ਹਨ। ਇਹ ਮੈਲਾਨਿਨ ਬਣਾਉਣ ਵਿਚ ਵੀ ਮਦਦ ਕਰ ਦਿੰਦੀਆਂ ਹਨ।

6. ਪਾਣੀ :- ਪਾਣੀ ਦੀ ਕਮੀ ਪੂਰੀ ਕਰਨੀ ਜ਼ਰੂਰੀ ਹੁੰਦੀ ਹੈ ਕਿਉਂਕਿ ਸਿਰਫ਼ ਹੰਝੂ ਹੀ ਨਹੀਂ, ਬਲਕਿ ਸਰੀਰ ਦੇ ਹਰ ਅੰਗ ਦੇ ਸਹੀ ਕੰਮ ਕਾਰ ਲਈ ਪਾਣੀ ਦੀ ਜ਼ਰੂਰਤ ਹੁੰਦੀ ਹੈ।

7. ਕੇਲਾ :-ਪੋਟਾਸ਼ੀਅਮ ਭਰਪੂਰ ਹੋਣ ਸਦਕਾ ਕੇਲਾ ਵੀ ਅੱਖਾਂ ਵਿਚਲੇ ਹੰਝੂਆਂ ਲਈ ਅਹਿਮ ਰੋਲ ਅਦਾ ਕਰਦਾ ਹੈ ਤੇ ਹੰਝੂ ਦੀ ਮੋਟੀ ਪਰਤ ਬਣਾਉਣ ਵਿਚ ਸਹਾਈ ਹੁੰਦਾ ਹੈ ਜੋ ਅੱਖਾਂ ਦੀ ਨਮੀ ਬਰਕਰਾਰ ਰੱਖਣ ਵਿਚ ਮਦਦ ਕਰਦਾ ਹੈ। ਕੇਲੇ ਵਿਚ ਵਿਟਾਮਿਨ ਏ ਵੀ ਹੁੰਦਾ ਹੈ ਜੋ ਅੱਖਾਂ ਲਈ ਜ਼ਰੂਰੀ ਹੈ।

8. ਕੌਫ਼ੀ :- ਆਮ ਧਾਰਨਾ ਹੈ ਕਿ ਕੌਫ਼ੀ ਪੀਣ ਨਾਲ ਅੱਖਾਂ ਦੀ ਨਮੀ ਉੱਤੇ ਫ਼ਰਕ ਪੈਂਦਾ ਹੈ ਪਰ ਅਜਿਹੀ ਕੋਈ ਗੱਲ ਹਾਲੇ ਤੱਕ ਸਾਬਤ ਨਹੀਂ ਕੀਤੀ ਜਾ ਸਕੀ।

ਘਰੇਲੂ ਨੁਸਖ਼ੇ :-

* ਬੰਦ ਅੱਖਾਂ ਉੱਤੇ ਕੋਸੇ ਪਾਣੀ ਦੇ ਭਰੇ ਰੂੰ ਰੱਖਣ ਨਾਲ ਵੀ ਥੱਕੀਆਂ ਅੱਖਾਂ ਨੂੰ ਰਾਹਤ ਮਿਲ ਜਾਂਦੀ ਹੈ।

* ਕੱਦੂਕਸ ਕਰ ਕੇ ਖੀਰਾ ਵੀ ਬੰਦ ਅੱਖਾਂ ਉੱਤੇ ਰੱਖਣ ਨਾਲ ਥੱਕੀਆਂ ਤੇ ਨਮੀ ਰਹਿਤ ਅੱਖਾਂ ਨੂੰ ਆਰਾਮ ਮਿਲ ਜਾਂਦਾ ਹੈ। ਏਨਾ ਸਾਰਾ ਕੁੱਝ ਜਾਣ ਲੈਣ ਬਾਅਦ ਇੱਕ ਆਖ਼ਰੀ ਗੱਲ ਜ਼ਰੂਰ ਕਰਨਾ ਚਾਹੁੰਦੀ ਹਾਂ। ਹੰਝੂ ਅੱਖਾਂ ਅੰਦਰ ਵੱਗਦੇ ਰਹਿਣ ਤਾਂ ਅੱਖਾਂ ਦੀ ਨਮੀ ਲਈ ਜ਼ਰੂਰੀ ਹਨ ਪਰ ਕਿਸੇ ਮਾਂ ਜਾਂ ਪਿਓ ਦੀਆਂ ਅੱਖਾਂ ਵਿੱਚੋਂ ਪੁੱਤਰ ਵੱਲੋਂ ਕੀਤੀ ਬੇਕਦਰੀ ਸਦਕਾ ਵਗੇ ਹੰਝੂ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤੇ ਜਾ ਸਕਦੇ। ਅਜਿਹੇ ਹਰ ਹੰਝੂ ਦੀ ਵੱਖ ਕਹਾਣੀ ਹੁੰਦੀ ਹੈ ਜੋ ਜ਼ਿੰਦਗੀ ਦੇ ਕੌੜੇ ਮਿੱਠੇ ਤਜਰਬਿਆਂ ਦਾ ਗ੍ਰੰਥ ਤਿਆਰ ਕਰਵਾ ਸਕਦੀ ਹੈ।

## ਪਟਿਆਲਾ ਘਟਨਾਕ੍ਰਮ ਦੇ...

ਇਹਨਾਂ ਤੋਂ ਬਲ਼ਦੀ ਤੇ ਪਾਣੀ ਪਾਉਣ ਦੀ ਆਸ ਕਦੇ ਨਹੀਂ ਰੱਖੀ ਜਾ ਸਕਦੀ। ਇਸ ਕਰਕੇ ਸਾਨੂੰ ਆਪਣੇ ਸਮਾਜ ਅਤੇ ਭਾਈਚਾਰੇ ਦੀ ਰਾਖੀ ਆਪ ਕਰਨ ਦੀ ਆਦਤ ਪਾਉਣੀ ਪਵੇਗੀ। ਜਿੱਥੇ ਕਿਤੇ ਵੀ ਅਜਿਹੇ ਲੋਕ ਆਪਣੇ ਨਿੱਜੀ ਮੁਫ਼ਾਦ ਖਾਤਰ ਧਰਮ ਜਾਂ ਜਾਤ ਦੀਆਂ ਭਾਵਨਾਵਾਂ ਦਾ ਇਸਤੇਮਾਲ ਕਰਕੇ ਕੋਈ ਮੁੱਦਾ ਜਾਂ ਬਖ਼ੇੜਾ ਖੜਾ ਕਰਨ ਦਾ ਯਤਨ ਕਰਨ ਤਾਂ ਸਥਾਨਕ ਸੁਹਿਰਦ ਲੋਕਾਂ ਨੂੰ ਇੱਕਜੁੱਟ ਹੋ ਕੇ ਅਤੇ ਵਿੱਚ ਪੈ ਕੇ ਹਾਲਾਤ ਵਿਗੜਨ ਤੋਂ ਬਚਾ ਲੈਣ ਦੀ ਜਾਚ ਸਿੱਖਣੀ ਪਵੇਗੀ।

ਹੁਣ ਲੰਬਾ ਸਮਾਂ ਇਸ ਬਾਰੇ ਲੰਘੇ ਸੱਪ ਦੀ ਲਕੀਰ ਕੁੱਟਣ ਵਰਗੀਆਂ ਮੀਟਿੰਗਾਂ ਅਤੇ ਗੋਂਗਲੂਆਂ ਤੋਂ ਮਿੱਟੀ ਝਾੜਨ ਵਰਗੀਆਂ ਜਾਚਾਂ ਦਾ ਦੌਰ ਚੱਲਦਾ ਰਹੇਗਾ ਪਰ ਕੋਈ ਇਹ ਸਵਾਲ ਨਹੀਂ ਉਠਾਵੇਗਾ ਕਿ ਗੁਰਪਤਵੰਤ ਪੰਨੂ ਬਾਰੇ ਸਰਕਾਰ ਨੇ ਕੀ ਕੀਤਾ ? ਹਰੀਸ਼ ਨੂੰ ਪਿੱਛੇ ਸੁੱਟ ਪਰਵਾਨਾ ਮਾਸਟਰ ਮਾਈਂਡ ਕਿਵੇਂ ਹੋ ਗਿਆ ਅਤੇ ਫਿਰ ਇੱਕਦਮ ਮੁਕਤ ਕਿਵੇਂ ਹੋ ਗਿਆ ? ਪੁਲਿਸ ਕਪਤਾਨ ਨਾਨਕ ਸਿੰਘ ਨੂੰ ਬਦਲਣ ਪਿੱਛੇ ਕੀ ਠੋਸ ਕਾਰਨ ਸਨ ਅਤੇ ਹੁਣ ਨਵੇਂ ਅਫਸਰ ਮੌਕਾ ਦੇਖਣ ਵਾਲੇ ਅਫਸਰਾਂ ਜਿੰਨਾ ਸਹੀ ਇਨਸਾਫ਼ ਕਿਵੇਂ ਦੇਣਗੇ ?

ਵੱਡੇ ਖ਼ਬਰ ਚੈਨਲਾਂ ਦੀ ਟੀ ਆਰ ਪੀ ਵਾਂਗ ਇਹ ਵੀ ਵਿਊ ਤੇ ਕਮਾਈ ਖਾਤਰ ਬਾਤ ਦਾ ਬਤੰਗੜ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ ਅਤੇ ਆਮ ਜਿਹੀ ਗੱਲ ਨੂੰ ਵੱਡੀ ਬਣਾ ਕੇ ਆਪਣੀ ਕਿਰਕਰੀ ਕਰ ਰਹੇ ਹਨ। ਸਾਨੂੰ ਖ਼ਬਰ ਦੀ ਸਹੀ ਜਾਣਕਾਰੀ ਲਈ ਕਈ ਮਾਧਿਅਮਾਂ ਦੀ ਛਾਣ-ਪੁਣ ਕਰ ਕੇ ਹੀ ਨਿਚੋੜ ਕੱਢਣਾ ਚਾਹੀਦਾ ਹੈ। ਕੁਝ ਦਹਾਕੇ ਪਹਿਲਾਂ ਪੰਜਾਬ ਵਲੋਂ ਝੱਲੇ ਸੰਤਾਪ ਤੋਂ ਸਬਕ ਲੈਂਦਿਆਂ ਲੋਕਾਂ, ਪੁਲਿਸ, ਪ੍ਰਸ਼ਾਸਨ ਅਤੇ ਸਰਕਾਰ ਨੂੰ ਉਸ ਸਮੇਂ ਹੋਈਆਂ ਗਲਤੀਆਂ ਨੂੰ ਦੁਹਰਾਉਣ ਤੋਂ ਬਚਣਾ ਚਾਹੀਦਾ ਹੈ।

## ਕਿਵੇਂ ਛੱਡੀਏ ਚਿੰਤਾ...

ਸ਼ੁਰੂ ਕਰਨਾ ਪਵੇਗਾ। ਕੋਈ ਵੀ ਕੰਮ ਜਿਸਨੂੰ ਅਸੀਂ ਕਰਨਾ ਛੱਡ ਦੇਵਾਂਗੇ, ਉਸਨੂੰ ਹੌਲੀ ਹੌਲੀ ਅਸੀਂ ਕਰਨਾ ਭੁੱਲ ਜਾਵਾਂਗੇ। ਚਿੰਤਾਵਾਨ ਜਦੋਂ ਹਰ ਵੇਲੇ ਚਿੰਤਾਂ ਵਿੱਚ ਡੁੱਬਿਆ ਰਹਿੰਦਾ ਹੈ ਤਾਂ, ਇਹ ਨਿਸ਼ਚਿੰਤ ਹੋਣ ਦੀ ਪ੍ਰਕਿਰਿਆ ਵਿੱਚ ਸਭ ਤੋਂ ਵੱਡੀ ਰੁਕਾਵਟ ਹੁੰਦੀ ਹੈ। ਇਹ ਵੀ ਮੰਨਣਾ ਪਵੇਗਾ ਕਿ ਚਿੰਤਾਵਾਨ ਦਾ ਕਹਿਣਾ ਹੁੰਦਾ ਹੈ ਕਿ ਉਸ ਕੋਲੋਂ ਚਿੰਤਾਂ ਕਰਨੀ ਛੱਡ ਨਹੀਂ ਹੁੰਦੀ, ਉਹ ਯਤਨ ਕਰਦਾ ਹੈ ਪਰ ਮੁੜ ਘੁੜ ਕੇ ਉਸਦੇ ਮਨ ਵਿੱਚ ਨਕਾਰਾਤਮਕ ਖਿਆਲ ਹੀ ਆਉਂਦੇ ਹਨ, ਅਜਿਹੇ ਵਿੱਚ ਚਿੰਤਾਵਾਨ ਮਨੁੱਖ ਦੇ ਪਰਿਵਾਰਿਕ ਮੈਂਬਰ ਬਹੁਤ ਵੱਡੀ ਭੂਮਿਕਾ ਨਿਭਾ ਸਕਦੇ ਹਨ, ਉਹ ਹਮੇਸ਼ਾ ਉਸ ਮਨੁੱਖ ਕੋਲ ਚੜਦੀ ਕਲਾ, ਸਕਾਰਾਤਮਕ ਊਰਜਾ ਨਾਲ ਭਰਪੂਰ ਗੱਲਾਂ ਕਰ ਸਕਦੇ ਹਨ। ਚਿੰਤਾਵਾਨ ਮਨੁੱਖ ਨੂੰ ਵੀ ਆਪਣੇ ਅੰਦਰ ਚੰਗੀਆਂ ਗੱਲਾਂ ਲਿਆਉਣ ਦਾ ਅਭਿਆਸ ਕਰਨਾ ਚਾਹੀਦਾ ਹੈ।

ਡਾਕਟਰ ਐਚ. ਐਲ ਹੌਲਿੰਗਵਰਥ ਲਿਖਦੇ ਹਨ ਕਿ 'ਚਿੰਤਾਵਾਨ ਮਨੁੱਖ ਨੂੰ ਉਸ ਦੀਆਂ ਤਕਲੀਫ਼ਾਂ ਦੇ ਕੇਵਲ ਕਾਰਨ ਦੱਸਣ ਦੀ ਲੋੜ ਹੁੰਦੀ ਹੈ। ਜੇ ਉਸ ਨੂੰ ਆਪਣੀਆਂ ਤਕਲੀਫ਼ਾਂ ਦੇ ਕਾਰਨਾਂ ਦਾ ਚਾਨਣ ਹੋ ਜਾਵੇ ਤਾਂ ਉਸਦੇ ਰਾਜ਼ੀ ਹੋਣ ਲਈ ਹੋਰ ਚੀਜ਼ ਦੀ ਲੋੜ ਨਹੀਂ ਰਹਿੰਦੀ। ਜਦੋਂ ਚਿੰਤਾਵਾਨ ਨੂੰ ਆਪਣੀਆਂ ਪ੍ਰੇਸ਼ਾਨੀਆਂ ਦੇ ਕਾਰਨਾਂ ਦਾ ਪਤਾ ਲੱਗ ਜਾਂਦਾ ਹੈ ਤਾਂ ਉਹ ਬਹੁਤ ਸਾਰੇ ਡਰ, ਭਉ ਤੋਂ ਰਹਿਤ ਹੋ ਜਾਂਦਾ ਹੈ। ਜਦੋਂ ਚਿੰਤਾਵਾਨ ਵਿੱਚ ਡਰ ਖਤਮ ਹੋ ਗਿਆ ਤਾਂ ਉਹ ਆਪਣੇ ਆਪ ਠੀਕ ਹੋ ਜਾਵੇਗਾ।'

ਇੱਕ ਹੋਰ ਪੱਛਮੀ ਲੇਖਕ ਆਪਣੀ ਕਿਤਾਬ **The Game Of life and How play it** (ਜੀਵਨ ਖੇਡਾਂ) ਵਿੱਚ ਲਿਖਦੇ ਹਨ ਕਿ 'ਡਰ ਤੁਹਾਡੀਆਂ ਅੱਖਾਂ ਦੇ ਸਾਹਮਣੇ ਉਹ ਨਜ਼ਾਰੇ ਸਾਫ਼ ਸਾਫ਼ ਲੈ ਆਉਂਦਾ ਹੈ ਜਿਨਾਂ ਨੂੰ ਵੇਖਣੋਂ ਤੁਸੀਂ ਡਰਦੇ ਹੋ। ਸ਼ੇਰ ਆਪਣੀ ਨਿਡਰਤਾ ਅਤੇ ਖੂਨ ਖਾਰੀ ਤੁਹਾਡੇ ਡਰ ਤੋਂ ਪ੍ਰਾਪਤ ਕਰਦਾ ਹੈ, ਸ਼ੇਰ ਵੱਲ ਨਿਡਰ ਹੋ ਕੇ ਜਾਵੋ, ਉਹ ਭੱਜ ਜਾਵੇਗਾ, ਪਰ ਜੇ ਤੁਸੀਂ ਉਸ ਕੋਲੋਂ ਭੱਜੋਗੇ ਤਾਂ ਉਹ ਤੁਹਾਡੇ ਪਿੱਛੇ ਨੱਸੇਗਾ।' ਇਹ ਕਥਨ ਉਨਾਂ ਲੋਕਾਂ ਤੇ ਬਿਲਕੁਲ ਢੁੱਕਵਾਂ ਹੈ ਜੋ ਹਰ ਚੀਜ਼ ਦੇ ਆਉਣ ਵਾਲੇ ਨਤੀਜਿਆਂ ਤੋਂ ਪਹਿਲਾਂ ਹੀ ਘਬਰਾਉਂਦੇ ਰਹਿੰਦੇ ਹਨ। ਡਰ ਦੇ ਅਧੀਨ ਹੋ ਆਪਣਾ ਆਪ ਉਸਨੂੰ ਸੌਂਪ ਦਿੰਦੇ ਹਨ ਅਤੇ ਫਿਰ ਮਾਨਸਿਕ ਪੀੜਾ ਸਹਿੰਦੇ ਰਹਿੰਦੇ ਹਨ।

ਸਾਨੂੰ ਇੱਕ ਗੱਲ ਸਮਝਣੀ ਪਵੇਗੀ ਕਿ ਕਿਸੇ ਵੀ ਮੁਸ਼ਕਿਲ ਦਾ ਹੱਲ ਚਿੰਤਾ ਕਰਨੀ ਨਹੀਂ ਹੋ ਸਕਦਾ। ਉਦਹਾਰਣ ਦੇ ਤੌਰ 'ਤੇ ਜੇਕਰ ਇੱਕ ਵਿਦਿਆਰਥੀ ਆਪਣੇ ਇਮਤਿਹਾਨਾਂ ਦੇ ਨਤੀਜਿਆਂ ਦੇ ਆਉਣ ਤੋਂ ਡਰ ਰਿਹਾ ਹੈ ਤਾਂ ਉਹ ਫਜ਼ੂਲ ਹੈ, ਕਿਉਂਕਿ ਨਤੀਜੇ ਉਸ ਦੁਆਰਾ ਕੀਤੇ ਪੇਪਰ ਦੇ ਹੀ ਆਉਣੇ ਹਨ, ਚਿੰਤਾ ਕਰਨ ਨਾਲ ਉਸਦਾ ਇਮਤਿਹਾਨ ਵਿੱਚ ਕੀਤਾ ਗਲਤ ਸਵਾਲ ਸਹੀ ਵਿੱਚ ਤਬਦੀਲ ਨਹੀਂ ਹੋ ਸਕਦਾ। ਹਾਂ ਇਹ ਜਰੂਰ ਹੈ ਕਿ ਕਿਸੇ ਵੀ ਕੰਮ ਨੂੰ ਕਰਨ ਤੋਂ ਪਹਿਲਾਂ ਉਸਨੂੰ ਸੁਚੱਜੇ ਢੰਗ ਨਾਲ ਕਿਵੇਂ ਕੀਤਾ ਜਾ ਸਕਦਾ ਹੈ, ਇਹ ਸੋਚਿਆ ਜਾ ਸਕਦਾ ਹੈ।

ਸੋ ਚਿੰਤਾਵਾਂ ਦੇ ਚੱਲਦੇ ਇਸ ਪਰਵਾਹ ਨੂੰ ਰੋਕਣ ਦਾ ਇੱਕ ਸਭ ਤੋਂ ਕਾਰਗਰ ਤਰੀਕਾ ਇਹ ਹੈ ਕਿ ਚਿੰਤਾਂ ਦਾ ਅਭਿਆਸ ਕਰਨਾ ਬੰਦ ਕੀਤਾ ਜਾਵੇ, ਆਪਣੇ ਆਪ ਨੂੰ ਚਿੰਤਾਂ ਮੁਕਤ ਕਰਨ ਲਈ ਆਪਣਾ ਮਨੋਬਲ ਵਧਾਇਆ ਜਾਵੇ, ਹਮੇਸ਼ਾ ਚੜਦੀ ਕਲਾ ਵਿੱਚ ਰਿਹਾ ਜਾਵੇ, ਚਿੰਤਾਵਾਨ ਦੇ ਪਰਿਵਾਰਿਕ ਜੀਅ ਕਦੇ ਵੀ ਚਿੰਤਾਵਾਨ ਕੋਲ ਢਹਿੰਦੀਕਲਾ ਦੀ ਗੱਲ ਨਾ ਕਰਨ, ਹਮੇਸ਼ਾ ਪ੍ਰੋਤਸਾਹਿਤ ਕੀਤਾ ਜਾਵੇ ਕਿ ਉਹ ਬਿਲਕੁਲ ਠੀਕ ਹੈ । ਹਮੇਸ਼ਾ ਮਾਨਸਿਕ ਰੋਗੀ ਨੂੰ ਸਕਾਰਾਤਮਕ ਤਰੰਗਾਂ ਹੀ ਦਿੱਤੀਆਂ ਜਾਣ। ਜਿੰਨਾਂ ਹੋ ਸਕੇ ਉਸ ਨਾਲ ਹਮਦਰਦੀ ਕਰਨ ਅਤੇ ਉਸ ਵੱਲ ਤਰਸ ਭਰੀਆਂ ਨਿਗਾਹਾਂ ਨਾਲ ਦੇਖਣਾ ਬੰਦ ਕੀਤਾ ਜਾਵੇ ਤਾਂ ਜੋ ਉਸ ਵਿੱਚ ਸਕਾਰਾਤਮਕ ਊਰਜਾ ਭਰੀ ਜਾਵੇ। ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ ਬਸ ਜਰੂਰਤ ਹੁੰਦੀ ਹੈ ਸਾਡੇ ਤਕੜੇ ਮਨੋਬਲ ਦੀ, ਜਰੂਰਤ ਹੁੰਦੀ ਹੈ ਹਮੇਸ਼ਾ ਚੜਦੀ ਕਲਾ ਵਿੱਚ ਰਹਿਣ ਦੀ।

## ਸ਼ਾਹੀ ਪਰਿਵਾਰ ਤੇ ਕਾਂਗਰਸ...

ਸ਼ਾਇਦ ਕਾਂਗਰਸ ਨੂੰ ਇਹ ਲੱਗਦਾ ਹੈ ਕਿ ਪਾਰਟੀ ਅਜੇ ਪਟਿਆਲਾ ਲੋਕ ਸਭਾ ਦੇ ਉਪ ਚੋਣ ਲੜਨ ਲਈ ਤਿਆਰ ਨਹੀਂ ਹੈ। ਜਿਸ ਕਰਕੇ ਸਭ ਕੁਝ ਜਾਣ ਕੇ ਵੀ ਪਾਰਟੀ ਹਾਈਕਮਾਂਡ ਅਣਜਾਣ ਹੀ ਬਣੀ ਹੋਈ ਹੈ ਤੇ ਪ੍ਰਨੀਤ ਕੌਰ ਖ਼ਿਲਾਫ਼ ਲਿਖਤੀ ਤੌਰ 'ਤੇ ਕਾਰਵਾਈ ਕਰਨ ਤੋਂ ਫ਼ਿਲਹਾਲ ਗੁਰੇਜ਼ ਕਰ ਰਹੀ ਹੈ।

**ਕਾਂਗਰਸ ਕਰਕੇ ਹੀ ਚਰਚਾ 'ਚ ਰਿਹਾ ਹੈ ਮੋਤੀ ਮਹਿਲ**

ਸਾਲ 2002 ਵਿਚ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ 'ਚ ਕਾਂਗਰਸ ਵੱਲੋਂ ਮੁੱਖ ਮੰਤਰੀ ਵਜੋਂ ਆਹੁਦਾ ਸੰਭਾਲਿਆ। ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਲਈ ਬਹੁਤ ਮਜ਼ਬੂਤੀ ਨਾਲ ਕੰਮ ਕੀਤਾ ਤੇ ਸੂਬੇ ਦੇ ਸਾਰੇ ਕਾਂਗਰਸ ਆਗੂਆਂ ਨੂੰ ਆਪਣੇ ਪ੍ਰਭਾਵ ਅਧੀਨ ਲਿਆਂਦਾ। ਉਦੋਂ ਤੋਂ ਹੀ ਕੈਪਟਨ ਨੂੰ ਕਾਂਗਰਸ ਤੇ ਕਾਂਗਰਸ ਨੂੰ ਕੈਪਟਨ ਵਜੋਂ ਦੇਖਿਆ ਜਾਣ ਲੱਗਿਆ ਅਤੇ ਕੈਪਟਨ ਦੀ ਪਟਿਆਲਾ ਸਥਿਤ ਸ਼ਾਹੀ ਰਿਹਾਇਸ਼ ਮੋਤੀ ਮਹਿਲ ਸਿਆਸਤ ਦਾ ਕੇਂਦਰ ਬਣ ਗਿਆ। ਮੋਤੀ ਮਹਿਲ ਤੋਂ ਕਾਂਗਰਸ ਦੀ ਹਰ ਗਤੀਵਿਧੀ ਦੀ ਰਣਨੀਤੀ ਉਲੀਕੀ ਜਾਂਦੀ ਤੇ ਸਰਕਾਰੀ ਤੰਤਰ ਵੀ ਇੱਥੇ ਪਾਣੀ ਭਰਨ ਲਈ ਆਉਂਦਾ ਰਿਹਾ। 2007 ਵਿਚ ਕਾਂਗਰਸ ਨੂੰ ਅਜਿਹੀ ਹਾਰ ਮਿਲੀ ਕਿ ਮੁੜ 15 ਸਾਲ ਤੱਕ ਪੰਜਾਬ ਦੀ ਸੱਤਾ ਵਿਚ ਨਾ ਆ ਸਕੀ। ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ, ਮੋਤੀ ਮਹਿਲ ਅਤੇ ਕਾਂਗਰਸ ਦੀ ਚਮਕ ਵੀ ਫਿੱਕੀ ਪੈ ਗਈ। 2017 ਵਿਚ ਮੁੜ ਪਾਰਟੀ ਹਾਈਕਮਾਂਡ ਵੱਲੋਂ ਮਿਲੀ ਹੱਲਾਸ਼ੇਰੀ ਨਾਲ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੀ ਸੱਤਾ ਵਿਚ ਵਾਪਸੀ ਕੀਤੀ, ਪਰ ਇਸ ਦੌਰਾਨ ਲੋਕਾਂ ਤੋਂ ਬਣਾਈ ਦੂਰੀ, ਬੇਪਰਵਾਹੀ ਤੇ ਢਿੱਲੀ ਅਗਵਾਈ ਦੇ ਚੱਲਦਿਆਂ ਪਾਰਟੀ ਵਿਚ ਤਰੇੜਾਂ ਪੈਣੀਆਂ ਸ਼ੁਰੂ ਹੋਈਆਂ। ਸਾਲ 2020 ਵਿਚ ਹੀ ਕੈਪਟਨ ਅਮਰਿੰਦਰ ਸਿੰਘ ਦੀ ਬੇੜੀ ਵਿਚ ਵੱਟੇ ਪਾਉਣ ਦਾ ਕੰਮ ਉਨਾਂ ਦੇ ਹੀ ਵਜ਼ੀਰਾਂ ਨੇ ਸ਼ੁਰੂ ਕੀਤਾ। ਸਾਲ 2021 ਵਿਚ ਪਟਿਆਲਾ ਵਿਚ ਹੀ ਬੈਠ ਕੇ ਨਵਜੋਤ ਸਿੰਘ ਸਿੱਧੂ ਨੇ ਕੈਪਟਨ ਖ਼ਿਲਾਫ਼ ਬਗ਼ਾਵਤ ਦਾ ਅਜਿਹਾ ਝੰਡਾ ਚੁੱਕਿਆ ਕਿ ਸਾਰੇ ਵਜ਼ੀਰ ਤੇ ਹੋਰ ਆਗੂ ਵੀ ਕੈਪਟਨ ਤੋਂ ਪਾਸਾ ਵੱਟ ਗਏ। ਹਾਲਾਤ ਅਜਿਹੇ ਖ਼ਰਾਬ ਹੋਏ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਮਜਬੂਰਨ ਮੁੱਖ ਮੰਤਰੀ ਦੀ ਕੁਰਸੀ ਛੱਡਣੀ ਪਈ।

ਕਾਂਗਰਸ ਪਾਰਟੀ ਛੱਡਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨਾਲ ਅਜਿਹਾ ਵਾਪਰਿਆ ਜੋ ਕਦੇ ਸੋਚਿਆ ਵੀ ਨਹੀਂ ਸੀ। ਕੈਪਟਨ ਅਮਰਿੰਦਰ ਸਿੰਘ ਨੂੰ ਆਪਣੇ ਕਰੀਬੀ ਤੇ ਪਟਿਆਲਾ ਸ਼ਹਿਰ ਦੇ ਮੇਅਰ ਦੀ ਕੁਰਸੀ ਬਚਾਉਣ ਲਈ ਕੌਂਸਲਰਾਂ ਦੀ ਮੀਟਿੰਗ ਵਿਚ ਵੀ ਬੈਠਣਾ ਪਿਆ, ਜੋ ਪਹਿਲਾਂ ਕਦੇ ਨਹੀਂ ਹੋਇਆ ਸੀ। ਇੱਥੇ ਬਸ ਨਹੀਂ ਹਮੇਸ਼ਾ ਲਗਜ਼ਰੀ ਗੱਡੀ ਵਿਚ ਸਵਾਰੀ ਕਰਨ ਵਾਲੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਗਰ ਨਿਗਮ ਦੇ ਦਫ਼ਤਰ ਤੱਕ ਤੋਰ ਕੇ ਲਿਆਂਦਾ ਗਿਆ ਤੇ ਪਹਿਲੀ ਮੰਜ਼ਿਲ 'ਤੇ ਜਾਣ ਲਈ ਲਿਫ਼ਟ ਚੱਲਣ ਦਾ ਇੰਤਜ਼ਾਰ ਕਰਨਾ ਪਿਆ। ਵਿਧਾਨ ਸਭਾ ਚੋਣਾਂ ਵਿਚ ਹਰ ਵਾਰ ਵੱਡੀ ਲੀਡ ਨਾਲ ਜਿੱਤਣ ਵਾਲੇ ਕੈਪਟਨ ਨੂੰ ਇਸ ਵਾਰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

## ਨਸ਼ਿਆਂ ਦੇ ਵਹਾਅ...

ਹਾਲ ਹੀ ਵਿਚ ਬਠਿੰਡਾ ਵਿਖੇ ਕਈ ਪੰਚਾਇਤਾਂ ਨੇ ਫ਼ੈਸਲਾ ਵੀ ਕੀਤਾ ਹੈ ਕਿ ਪਿੰਡ ਵਿੱਚ ਜੇ ਕੋਈ ਵੀ ਨਸ਼ਾ ਵੇਚਦਾ ਫੜਿਆ ਗਿਆ, ਤਾਂ ਉਸ ਦੀ ਚੰਗੀ ਤਰਾਂ ਖੜਕਾਈ ਕੀਤੀ ਜਾਵੇਗੀ। ਪਿੰਡਾਂ ਦੀਆਂ ਪੰਚਾਇਤਾਂ ਨੂੰ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਪੁਲਿਸ ਪ੍ਰਸ਼ਾਸ਼ਨ ਵੱਲੋਂ ਪਿੰਡਾਂ ਦੀਆਂ ਪੰਚਾਇਤਾਂ ਨਾਲ ਸੰਪਰਕ ਕਰਕੇ ਪਿੰਡ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸੈਮੀਨਾਰ ਹੋਣੇ ਚਾਹੀਦੇ ਹਨ। ਸਰਕਾਰਾਂ ਹੁਣ ਤੱਕ ਨਸ਼ੇ ਤੇ ਚੰਗੀ ਤਰਾਂ ਨਕੇਲ ਕੱਸਣ ਵਿੱਚ ਅਸਫ਼ਲ ਸਾਬਤ ਹੋਈਆਂ ਹਨ। ਸੋਚਣ ਵਾਲੀ ਗੱਲ ਹੈ ਕਿ ਜੇ ਪੁਲਿਸ ਪ੍ਰਸ਼ਾਸਨ ਨਸ਼ਿਆਂ ਦੇ ਖਿਲਾਫ ਸਖ਼ਤ ਕਦਮ ਚੁੱਕਣਗੇ ਤਾਂ ਆਪਣੇ ਆਪ ਹੀ ਨਸ਼ੇ ਦੀਆਂ ਜੜਾਂ ਪੁੱਟੀਆਂ ਜਾਣਗੀਆਂ। ਭ੍ਰਿਸ਼ਟ ਅਧਿਕਾਰੀਆਂ ਖਿਲਾਫ਼ ਵੀ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ। ਦੇਸ਼ ਦਾ ਭਵਿੱਖ ਬਚਾਉਣ ਲਈ ਸਰਕਾਰਾਂ, ਆਮ ਜਨਤਾ, ਸਿਆਸਤਦਾਨਾਂ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ।

## ਡੈਮ ਸੁਰੱਖਿਆ ਬਿੱਲ...

ਬਹੁਮਤ ਸ਼ਕਤੀ ਦਾ ਪ੍ਰਯੋਗ ਕੀਤਾ। ਤਾਮਿਲਨਾਡੂ ਦੀ ਪ੍ਰਮੁੱਖ ਵਿਰੋਧੀ ਪਾਰਟੀ ਏ ਆਈ ਡੀ ਐਮ ਕੇ ਨੇ ਵੀ ਇਸ ਵਿਚ ਡੀ ਐਮ ਕੇ ਦਾ ਪੱਖ ਪੂਰਿਆ। ਤਾਮਿਲਨਾਡੂ ਨੇ ਇਸ ਸੰਬੰਧੀ ਇਕ ਪ੍ਰਸਤਾਵ ਪਾਸ ਕੀਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਸੰਸਦ ਵਿਚ ਬਿੱਲ ਪਾਸ ਕਰਨ ਤੋਂ ਪਹਿਲਾਂ ਇਸ ਉੱਪਰ ਚਰਚਾ ਹੋਣੀ ਚਾਹੀਦੀ ਸੀ, ਪਰ ਸਰਕਾਰ ਨੇ ਵਿਰੋਧ ਦੀ ਪਰਵਾਹ ਕੀਤੇ ਬਿਨਾਂ ਇਸ ਨੂੰ ਪਾਸ ਕਰ ਦਿੱਤਾ।ਇਸ ਦਾ ਸਿੱਧਾ ਸਿੱਧਾ ਅਰਥ ਸੂਬੇ ਦੇ ਅਧਿਕਾਰਾਂ ਅਤੇ ਅਜ਼ਾਦੀ ਨੂੰ ਘੱਟ ਕਰਨਾ ਹੈ।ਕਈ ਵਾਰੀ ਸੂਬਾ ਸਰਕਾਰਾਂ ਕਾਨੂੰਨੀ ਨੀਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਪੱਧਰ ਤੇ ਡੈਮਾਂ ਦੀ ਉਸਾਰੀ ਕਰਵਾਉਂਦੀਆਂ ਹਨ।ਪਰ ਨਵੇਂ ਐਕਟ ਨਾਲ ਇਸ ਤਰਾਂ ਦਾ ਅਧਿਕਾਰ ਖੋਹਿਆ ਜਾਵੇਗਾ। ਸਭ ਤੋਂ ਦੁਖਦਾਈ ਹੈ ਕਿ ਇਸ ਨਾਲ ਸਭ ਤੋਂ ਜਿਆਦਾ ਪ੍ਰਭਾਵਿਤ ਹੋਣ ਵਾਲੇ ਸੂਬੇ ਪੰਜਾਬ ਵਿਚ ਇਸ ਪ੍ਰਤੀ ਚੁੱਪੀ ਛਾਈ ਹੋਈ ਹੈ। ਅਕਾਲੀ ਦਲ ਜਾਂ ਕਾਂਗਰਸ ਵਿਚੋਂ ਕਿਸੇ ਨੇ ਵੀ ਇਸ ਵਿਰੁਧ ਅਵਾਜ਼ ਨਹੀਂ ਉਠਾਈ ਹੈ।

## ਫ਼ਸਲਾਂ, ਨਸਲਾਂ ਦਾ ਮੁੱਦਾ...

ਅੰਧਾ-ਧੁੰਦ ਜ਼ਹਿਰਾਂ ਦਾ ਛਿੜਕਾਅ ਅਤੇ ਜੀਐੱਮ ਬੀਜਾਂ ਰਾਹੀਂ ਪੰਜਾਬ ਦੀ ਜ਼ਰਖੇਜ਼ ਧਰਤੀ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਜਥੇਦਾਰ ਅਕਾਲ ਤਖ਼ਤ ਅਜਿਹੇ ਵਰਤਾਰੇ ਨੂੰ 'ਧਰਤੀ ਨਾਲ ਬਲਾਤਕਾਰ' ਕਰ ਕੇ ਉਗਾਈ ਫ਼ਸਲ ਕਹਿੰਦੇ ਹਨ। ਵੇਖਿਆ ਜਾਵੇ ਤਾਂ ਫ਼ਸਲਾਂ ਤੇ ਨਸਲਾਂ ਦੀ ਬਰਬਾਦੀ ਦੇ ਦੋਸ਼ੀ ਸਰਕਾਰਾਂ ਨਾਲ ਅਸੀਂ ਖ਼ੁਦ ਵੀ ਤਾਂ ਸ਼ਾਮਲ ਹਾਂ।

## ਮੋਹਾਲੀ ਦੇ ਖ਼ੁਫ਼ੀਆ...

ਗ਼ੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂਏਪੀਏ) ਅਤੇ ਧਮਾਕਾਖ਼ੇਜ਼ ਸਮਗਰੀ ਐਕਟ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੁਲੀਸ ਨੂੰ ਹਮਲੇ ਪਿੱਛੇ ਗੈਂਗਸਟਰ ਤੋਂ ਖਾੜਕੂ ਬਣੇ ਹਰਵਿੰਦਰ ਸਿੰਘ ਰਿੰਦਾ, ਜੋ ਇਸ ਵੇਲੇ ਪਾਕਿਸਤਾਨ ਵਿੱਚ ਹੈ, ਦੀ ਸ਼ਮੂਲੀਅਤ ਦਾ ਸ਼ੱਕ ਹੈ।

**ਪੁਲਿਸ ਦਹਿਸ਼ਤ ਵਿਚ**

ਪੰਜਾਬ ਪੁਲੀਸ ਦੇ ਇੰਟੈਲੀਜੈਂਸ ਵਿੰਗ ਦੀ ਅਤਿ ਸੁਰੱਖਿਆ ਵਾਲੀ ਇਮਾਰਤ 'ਤੇ ਹਮਲੇ ਨੇ ਪੁਲੀਸ ਸੁਰੱਖਿਆ ਦੀ ਹੀ ਪੋਲ ਨਹੀਂ ਖੋਲੀ ਸਗੋਂ ਪੁਲੀਸ ਨੂੰ ਵੱਡੀ ਚੁਣੌਤੀ ਵੀ ਦਿੱਤੀ ਹੈ। ਸੂਬੇ ਵਿੱਚ 80ਵਿਆਂ ਤੋਂ ਲੈ ਕੇ 90ਵਿਆਂ ਦੇ ਅੱਧ ਤੱਕ ਚੱਲੇ ਪੰਜਾਬ ਸੰਤਾਪ ਦੌਰਾਨ ਵੀ ਕੋਈ ਖਾੜਕੂ ਜਥੇਬੰਦੀ 'ਰਾਕੇਟ ਲਾਂਚਰ' ਨਾਲ ਪੁਲੀਸ ਇਮਾਰਤ ਜਾਂ ਪੁਲੀਸ ਅਧਿਕਾਰੀ ਨੂੰ ਨਿਸ਼ਾਨਾ ਨਹੀਂ ਸੀ ਬਣਾ ਸਕੀ। ਪੰਜਾਬ ਦੇ ਇਤਿਹਾਸ ਵਿੱਚ ਵਾਪਰੀ ਇਹ ਪਹਿਲੀ ਘਟਨਾ ਹੈ ਜਿਸ ਨੇ ਪੁਲੀਸ ਤੰਤਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਮਾਮਲੇ ਦੀ ਜਾਂਚ ਕਾਊਂਟਰ ਇੰਟੈਲੀਜੈਂਸ ਤੇ ਜ਼ਿਲਾ ਪੁਲੀਸ ਵੱਲੋਂ ਸਾਂਝੇ ਤੌਰ 'ਤੇ ਕੀਤੀ ਜਾ ਰਹੀ ਹੈ। ਇੰਟੈਲੀਜੈਂਸ ਵਿੰਗ ਵਿੱਚ ਤਾਇਨਾਤ ਸੀਨੀਅਰ ਪੁਲੀਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਇਹ ਮਾਮੂਲੀ ਧਮਾਕਾ ਨਹੀਂ ਸੀ। ਫੋਰੈਂਸਿਕ ਮਾਹਿਰਾਂ ਦੀ ਮੁੱਢਲੀ ਪੜਤਾਲ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਧਮਾਕੇ ਲਈ ਵਰਤਿਆ ਗਿਆ ਬੰਬ ਕਿਸੇ ਆਰਡੀਨੈਂਸ ਫ਼ੈਕਟਰੀ ਦਾ ਬਣਾਇਆ ਹੋਇਆ ਹਾਈ ਗਰੇਡ ਬੰਬ ਸੀ। ਜਿਸ ਰਾਕੇਟ ਰਾਹੀਂ ਇਹ ਦਾਗਿਆ ਗਿਆ ਹੈ, ਉਸ ਦੀ ਮਾਰ ਵੀ 300 ਤੋਂ 500 ਮੀਟਰ ਤੱਕ ਕਿਆਸੀ ਗਈ ਹੈ। ਅਧਿਕਾਰੀਆਂ ਮੁਤਾਬਕ ਬੰਬ ਦੇ ਨਿਸ਼ਾਨੇ ਤੋਂ ਖੁੰਝਣ ਕਰ ਕੇ ਵੱਡੇ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਾਅ ਰਿਹਾ।

ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਇਸ ਇਮਾਰਤ ਵਿੱਚ ਗੈਂਗਸਟਰ ਵਿਰੋਧੀ ਟਾਸਕ ਫੋਰਸ ਅਤੇ ਅਤਿਵਾਦ ਵਿਰੋਧੀ ਦਸਤੇ ਨਾਲ ਸਬੰਧਤ ਪੁਲੀਸ ਅਧਿਕਾਰੀਆਂ ਦੇ ਦਫ਼ਤਰ ਮੌਜੂਦ ਹਨ। ਪੁਲੀਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਹਮਲੇ ਵਾਲੇ ਹਿੱਸੇ ਵਿੱਚ ਅਹਿਮ ਅਫ਼ਸਰਾਂ ਦੇ ਦਫ਼ਤਰ ਹੀ ਨਹੀਂ ਸਗੋਂ ਇੰਟੈਲੀਜੈਂਸ ਨਾਲ ਸਬੰਧਤ ਸਾਜ਼ੋ-ਸਾਮਾਨ ਵੀ ਸਥਾਪਤ ਕੀਤਾ ਹੋਇਆ ਹੈ। ਪੁਲੀਸ ਵੱਲੋਂ ਇਸ ਇਮਾਰਤ ਦੀ ਸੁਰੱਖਿਆ ਲਈ ਹੋਰ ਪੁਖ਼ਤਾ ਪ੍ਰਬੰਧ ਕੀਤੇ ਜਾ ਰਹੇ ਹਨ।

ਪੰਜਾਬ ਪੁਲੀਸ ਦੇ ਮੁਖੀ ਵੀ.ਕੇ. ਭਾਵੜਾ ਨੇ ਕਿਹਾ ਕਿ ਬਿਨਾਂ ਸ਼ੱਕ ਇਹ ਘਟਨਾ ਖਾੜਕੂ ਕਾਰਾ ਹੈ। ਉਨਾਂ ਪੁਲੀਸ ਵੱਲੋਂ ਇਹ ਮਾਮਲਾ ਜਲਦ ਸੁਲਝਾਉਣ ਦਾ ਦਾਅਵਾ ਕੀਤਾ ਹੈ। ਦੂਸਰੇ ਪਾਸੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਖ਼ਤਰੇ ਨੂੰ ਨੱਥ ਪਾਉਣ ਲਈ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਅਤੇ ਵੱਖ-ਵੱਖ ਸੁਰੱਖਿਆ ਏਜੰਸੀਆਂ ਨਾਲ ਤਾਲਮੇਲ ਕਰਨ ਦੀ ਅਪੀਲ ਕੀਤੀ। ਇਸ ਦੌਰਾਨ ਦੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਮੁਹਾਲੀ ਵਿੱਚ ਹੋਏ ਧਮਾਕੇ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ।

**ਐੱਸਐੱਫਜੇ ਵੱਲੋਂ ਹਿਮਾਚਲ ਦੇ ਮੁੱਖ ਮੰਤਰੀ ਨੂੰ ਕਿਹਾ ਕਿ ਮੁਹਾਲੀ ਹਮਲੇ ਤੋਂ ਸਬਕ ਲਵੋ ਤੇ ਖ਼ਾਲਿਸਤਾਨੀ ਪੱਖੀਆਂ ਨਾਲ ਨਾ ਉਲਝੋ**

'ਸਿੱਖਸ ਫਾਰ ਜਸਟਿਸ' (ਐੱਸਐੱਫਜੇ) ਨੇ ਆਡੀਓ ਸੰਦੇਸ਼ ਵਿੱਚ ਹਿਮਾਚਲ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੂੰ ਮੁਹਾਲੀ ਹਮਲੇ ਤੋਂ ਸਬਕ ਲੈਣ ਅਤੇ ਖ਼ਾਲਿਸਤਾਨ ਪੱਖੀ ਗਰੁੱਪ ਨਾਲ ਨਾ ਉਲਝਣ ਦੀ ਚਿਤਾਵਨੀ ਦਿੱਤੀ ਹੈ। ਰਾਜ ਦੇ ਕੁੱਝ ਪੱਤਰਕਾਰਾਂ ਨੂੰ ਭੇਜੇ ਆਡੀਓ ਸੰਦੇਸ਼ ਵਿੱਚ ਜਥੇਬੰਦੀ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂ ਨੇ ਸ੍ਰੀ ਠਾਕੁਰ ਨੂੰ ਧਮਕੀ ਦਿੱਤੀ ਕਿ ਜੇ ਉਹ ਧਰਮਸ਼ਾਲਾ ਵਿੱਚ ਖ਼ਾਲਿਸਤਾਨੀ ਝੰਡਾ ਲਹਿਰਾਉਣ ਵਿਰੁੱਧ ਕੋਈ ਕਾਰਵਾਈ ਕਰਦੇ ਹਨ ਤਾਂ ਇਸ ਦਾ ਜਵਾਬ ਹਿੰਸਾ ਵਿੱਚ ਦਿੱਤਾ ਜਾਵੇਗਾ। ਮੁਹਾਲੀ ਵਿੱਚ ਪੰਜਾਬ ਪੁਲੀਸ ਖ਼ੁਫ਼ੀਆ ਵਿਭਾਗ ਹੈੱਡਕੁਆਟਰ 'ਤੇ ਹਮਲੇ ਦਾ ਹਵਾਲਾ ਦਿੰਦੇ ਹੋਏ ਕਿਹਾ, 'ਇਹ ਸ਼ਿਮਲਾ ਵੀ ਹੋ ਸਕਦਾ ਸੀ।

## ਮਾਮਲਾ ਦੇਸ਼ਧ੍ਰੋਹ ਸੰਬੰਧੀ...

ਸੂਬਿਆਂ ਤੇ ਹੋਰਨਾਂ ਹਿੱਤਧਾਰਕਾਂ ਨਾਲ ਵਿਚਾਰ-ਚਰਚਾ ਕਰਕੇ ਲਿਆ ਜਾਵੇਗਾ। ਜਦਕਿ ਕੇਂਦਰ ਨੇ ਪਹਿਲਾਂ ਮਾਰਚ ਵਿਚ ਕਿਹਾ ਸੀ ਕਿ ਹਿੰਦੂਆਂ ਤੇ ਹੋਰ ਫ਼ਿਰਕਿਆਂ ਨੂੰ ਘੱਟਗਿਣਤੀਆਂ ਦਾ ਦਰਜਾ ਦੇਣ ਬਾਰੇ ਫ਼ੈਸਲਾ ਸੂਬੇ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਹੀ ਲੈ ਸਕਦੇ ਹਨ। ਅਜਿਹਾ ਕਰਨ ਲੱਗਿਆਂ ਉਹ ਉਸ ਵਿਸ਼ੇਸ਼ ਭਾਈਚਾਰੇ ਦੀ ਆਪਣੇ ਖੇਤਰ ਵਿਚ ਗਿਣਤੀ ਦਾ ਧਿਆਨ ਰੱਖਣਗੇ। ਜਸਟਿਸ ਐੱਸ.ਕੇ. ਕੌਲ ਤੇ ਐਮ.ਐਮ. ਸੁੰਦਰੇਸ਼ ਦੇ ਬੈਂਚ ਨੇ ਕਿਹਾ ਕਿ ਅਜਿਹੇ ਮਾਮਲਿਆਂ ਵਿਚ ਇਕ ਹਲਫ਼ਨਾਮਾ ਪਹਿਲਾਂ ਦਾਇਰ ਕੀਤਾ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਕੇਂਦਰ ਤੇ ਸੂਬਿਆਂ, ਦੋਵਾਂ ਕੋਲ ਇਹ ਅਧਿਕਾਰ ਹੈ। ਬੈਂਚ ਨੇ ਕੇਂਦਰ ਨੂੰ ਕਿਹਾ, 'ਹੁਣ ਤੁਸੀਂ ਕਹਿ ਰਹੇ ਹੋ ਕਿ ਇਹ ਅਧਿਕਾਰ ਕੇਂਦਰ ਸਰਕਾਰ ਕੋਲ ਹੈ। ਸਾਡੇ ਵਰਗੇ ਐਨੀ ਭਿੰਨਤਾ ਵਾਲੇ ਦੇਸ਼ ਵਿਚ, ਅਸੀਂ ਸਮਝਦੇ ਹਾਂ ਕਿ ਜ਼ਿਆਦਾ ਸਾਵਧਾਨ ਰਹਿਣ ਦੀ ਲੋੜ ਹੈ। ਅਜਿਹੇ ਹਲਫ਼ਨਾਮੇ ਦਾਖਲ ਕਰਨ ਤੋਂ ਪਹਿਲਾਂ ਸਾਰਾ ਕੁਝ ਲੋਕਾਂ ਸਾਹਮਣੇ ਹੁੰਦਾ ਹੈ ਤੇ ਉਸ ਦੇ ਆਪਣੇ ਸਿੱਟੇ ਨਿਕਲਦੇ ਹਨ। ਇਸ ਲਈ ਤੁਸੀਂ ਜੋ ਕਹਿੰਦੇ ਹੋ, ਸੋਚ ਸਮਝ ਕੇ ਕਹਿਣਾ ਚਾਹੀਦਾ ਹੈ।' ਇਸ 'ਤੇ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਵਿਚਾਰ-ਚਰਚਾ ਲਈ ਸੁਪਰੀਮ ਕੋਰਟ ਤੋਂ ਤਿੰਨ ਮਹੀਨਿਆਂ ਦਾ ਸਮਾਂ ਮੰਗਿਆ ਜਿਸ ਨੂੰ ਅਦਾਲਤ ਨੇ ਪ੍ਰਵਾਨ ਕਰ ਲਿਆ।

## ਪੰਥਕ ਇਕੱਠ 'ਚ ਸ਼੍ਰੋਮਣੀ...

ਪੰਥਕ ਕਾਰਜਾਂ ਲਈ ਸਹਿਯੋਗ ਦਾ ਭਰੋਸਾ ਦਿੱਤਾ। ਉਨਾਂ ਕਿਹਾ ਕਿ ਚਿਰਾਂ ਬਾਅਦ ਕੀਤਾ ਗਿਆ ਇਹ ਪੰਥਕ ਇਕੱਠ ਆਪਣੇ ਆਪ ਵਿਚ ਇਤਿਹਾਸਕ ਹੈ, ਜਿਸ 'ਤੇ ਅਵੱਸ਼ ਚੰਗੇ ਨਤੀਜੇ ਨਿਕਲਣਗੇ। ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਆਪਣੇ ਸੰਬੋਧਨ ਦੌਰਾਨ ਆਖਿਆ ਕਿ ਸਿੱਖ ਪੰਥ ਨੂੰ ਠੋਸ ਯਤਨ ਅੱਗੇ ਵਧਾਉਣ ਦੇ ਨਾਲ-ਨਾਲ ਨਿਰਣਾਇਕ ਫੈਸਲੇ ਲੈਣੇ ਚਾਹੀਦੇ ਹਨ। ਬਾਬਾ ਅਵਤਾਰ ਸਿੰਘ ਸੁਰਸਿੰਘ, ਹਰਮੀਤ ਸਿੰਘ ਕਾਲਕਾ, ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀਕੇ, ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਬਾਬਾ ਨੌਰੰਗ ਸਿੰਘ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਪ੍ਰਿੰ. ਸੁਰਿੰਦਰ ਸਿੰਘ, ਜਥੇਦਾਰ ਕਰਨੈਲ ਸਿੰਘ ਪੰਜੋਲੀ, ਭਾਈ ਗੁਰਚਰਨ ਸਿੰਘ ਗਰੇਵਾਲ ਆਦਿ ਨੇ ਵੀ ਸੰਬੋਧਨ ਕੀਤਾ।

## ਮਾਮਲਾ ਕੇਜਰੀਵਾਲ ਖ਼ਿਲਾਫ਼...

ਅਤੇ ਭਾਜਪਾ ਯੁਵਾ ਮੋਰਚਾ ਵਰਕਰਾਂ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਨੇੜੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ ਗਿਆ । ਪ੍ਰਦਰਸ਼ਨ ਵਿਚ ਭਾਜਪਾ ਦਿੱਲੀ ਪ੍ਰਦੇਸ਼ ਪ੍ਰਧਾਨ ਆਦੇਸ਼ ਗੁਪਤਾ, ਗੋਆ ਦੇ ਮੁੱਖ ਮੰਤਰੀ ਪ੍ਰਮੋਦ ਸਾਂਵੰਤ, ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ, ਆਰ. ਪੀ. ਸਿੰਘ ਸਮੇਤ ਹੋਰਨਾਂ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਪ੍ਰਦਰਸ਼ਨ ਦੌਰਾਨ ਕੇਜਰੀਵਾਲ ਦੇ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਤੋਂ ਪਹਿਲਾਂ ਪੁਲਿਸ ਨੇ ਬਗੈਰ ਇਜਾਜ਼ਤ ਦੇ ਪ੍ਰਦਰਸ਼ਨ ਕਰਨ ਲਈ ਭਾਜਪਾ ਵਰਕਰਾਂ ਨੂੰ ਚਿਤਾਵਨੀ ਦਿੰਦੇ ਹੋਏ ਉੱਥੋਂ ਜਾਣ ਲਈ ਕਿਹਾ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਤਜਿੰਦਰ ਪਾਲ ਸਿੰਘ ਬੱਗਾ ਨੂੰ ਬਗੈਰ ਕਸੂਰ ਤੋਂ ਸਿਰਫ਼ ਕੇਜਰੀਵਾਲ ਦੇ ਇਸ਼ਾਰੇ 'ਤੇ ਹੀ ਗ੍ਰਿਫ਼ਤਾਰ ਕੀਤਾ ਗਿਆ ਅਤੇ ਬਗੈਰ ਦਸਤਾਰ ਤੋਂ ਬੱਗਾ ਦੀ ਗ੍ਰਿਫ਼ਤਾਰੀ ਕੀਤੀ । ਇਸ ਮੌਕੇ ਆਦੇਸ਼ ਗੁਪਤਾ ਨੇ ਕਿਹਾ ਕਿ ਬੱਗਾ ਨੂੰ ਗ੍ਰਿਫ਼ਤਾਰ ਕਰਵਾ ਕੇ ਕੇਜਰੀਵਾਲ ਨੇ ਤਾਨਾਸ਼ਾਹ ਵਰਗੀ ਕਾਰਵਾਈ ਕੀਤੀ ਹੈ ।ਉਨਾਂ ਕਿਹਾ ਕਿ ਜੇਕਰ ਕੇਜਰੀਵਾਲ ਤੋਂ ਸਵਾਲ ਪੁੱਛਣਾ ਗੁਨਾਹ ਹੈ ਤਾਂ ਭਾਜਪਾ ਦਾ ਹਰ ਵਰਕਰ ਇਹ ਗੁਨਾਹ ਕਰਦਾ ਰਹੇਗਾ ।ਪ੍ਰਦਰਸ਼ਨ ਦੌਰਾਨ ਪੁਲਿਸ ਨੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ, ਆਰ. ਪੀ. ਸਿੰਘ ਸਮੇਤ ਕਈ ਭਾਜਪਾ ਆਗੂਆਂ ਤੇ ਵਰਕਰਾਂ ਨੂੰ ਹਿਰਾਸਤ ਵਿਚ ਲਿਆ। ਕੇਂਦਰ ਨੂੰ ਧਿਰ ਬਣਾਉਣ ਦੀ ਮੰਗ ਲਈ ਪੰਜਾਬ ਸਰਕਾਰ ਵੱਲੋਂ 2 ਅਰਜ਼ੀਆਂ ਦਾਇਰ -ਭਾਜਪਾ ਆਗੂ ਤਜਿੰਦਰ ਪਾਲ ਸਿੰਘ ਬੱਗਾ ਦੇ ਮਾਮਲੇ ਵਿਚ ਕੇਂਦਰ ਨੂੰ ਧਿਰ ਬਣਾਉਣ ਅਤੇ ਦਿੱਲੀ ਦੇ ਜਨਕਪੁਰੀ ਤੇ ਹਰਿਆਣਾ ਦੇ ਕੁਰੂਕਸ਼ੇਤਰ ਥਾਣਿਆਂ ਦੀ 6 ਮਈ ਦੀ ਸੀ.ਸੀ. ਟੀ.ਵੀ ਕੈਮਰਿਆਂ ਦੀ ਫੁਟੇਜ ਨੂੰ ਸੁਰੱਖਿਅਤ ਰੱਖਣ ਦੀ ਮੰਗ ਕਰਦਿਆਂ ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਦੋ ਅਰਜ਼ੀਆਂ ਦਾਖ਼ਲ ਕੀਤੀਆਂ।ਪੰਜਾਬ ਸਰਕਾਰ ਨੇ ਦੋਸ਼ ਲਗਾਇਆ ਹੈ ਕਿ ਬੱਗਾ ਖ਼ਿਲਾਫ਼ ਮੁਹਾਲੀ 'ਚ ਪਿਛਲੇ ਮਹੀਨੇ ਦਰਜ ਮਾਮਲੇ ਸੰਬੰਧੀ ਉਸ ਨੂੰ ਗ੍ਰਿਫ਼ਤਾਰ ਕਰਨ ਪੁੱਜੀ ਪੰਜਾਬ ਪੁਲਿਸ ਦੀ ਟੀਮ ਨੂੰ ਜਨਕਪੁਰੀ ਅਤੇ ਕੁਰੂਕਸ਼ੇਤਰ ਥਾਣਿਆਂ ਵਿਚ 'ਬੰਧਕ' ਬਣਾ ਕੇ ਰੱਖਿਆ ਗਿਆ।ਦਿੱਲੀ ਪੁਲਿਸ ਵੱਲੋਂ ਪੇਸ਼ ਵਧੀਕ ਸਾਲਿਸਟਰ ਜਨਰਲ ਸੱਤਿਆਪਾਲ ਜੈਨ ਨੇ ਕਿਹਾ ਕਿ ਅਦਾਲਤ ਵੱਲੋਂ ਨੋਟਿਸ ਜਾਰੀ ਕਰਕੇ ਜਵਾਬ ਮੰਗੇ ਜਾਣ 'ਤੇ ਉਨਾਂ (ਪੰਜਾਬ ਸਰਕਾਰ) ਨੇ ਦੋ ਅਰਜ਼ੀਆਂ ਦਾਖ਼ਲ ਕੀਤੀਆਂ ਹਨ ।ਇਕ ਅਰਜ਼ੀ ਵਿਚ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਅਤੇ ਦਿੱਲੀ ਪੁਲਿਸ ਕਮਿਸ਼ਨਰ ਨੂੰ ਧਿਰ ਬਣਾਉਣ ਦੀ ਮੰਗ ਕੀਤੀ ਹੈ । ਦੂਸਰੀ ਅਰਜ਼ੀ ਵਿਚ ਬੇਨਤੀ ਕੀਤੀ ਗਈ ਹੈ ਕਿ ਦਿੱਲੀ ਦੇ ਜਨਕਪੁਰੀ ਥਾਣੇ ਅਤੇ ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲੇ ਦੇ ਪਿੱਪਲੀ ਅਤੇ ਸਦਰ ਥਾਣਿਆਂ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀਆਂ 6 ਮਈ ਦੀਆਂ ਫੁਟੇਜ਼ ਨੂੰ ਸੁਰੱਖਿਅਤ ਰੱਖਣ ਦੇ ਨਿਰਦੇਸ਼ ਦਿੱਤੇ ਜਾਣ । ਪੰਜਾਬ ਸਰਕਾਰ ਨੇ ਕਥਿਤ ਤੌਰ 'ਤੇ ਬੰਧਕ ਬਣਾਏ ਗਏ ਆਪਣੇ ਪੁਲਿਸ ਮੁਲਾਜ਼ਮਾਂ ਦੇ ਸੰਬੰਧ 'ਚ ਸ਼ੁੱਕਰਵਾਰ ਨੂੰ ਹਾਈਕੋਰਟ ਵਿਚ ਹੈਬੀਅਸ ਕਾਰਪਸ ਪਟੀਸ਼ਨ ਦਾਖ਼ਲ ਕੀਤੀ ਸੀ, ਹਾਲਾਂਕਿ ਹਰਿਆਣਾ ਅਤੇ ਦਿੱਲੀ ਪੁਲਿਸ ਦੋਵਾਂ ਨੇ ਇਸ ਦੋਸ਼ ਤੋਂ ਇਨਕਾਰ ਕੀਤਾ ਹੈ । ਇਸ ਮਾਮਲੇ 'ਚ ਸੁਣਵਾਈ ਜਸਟਿਸ ਲਲਿਤ ਬੱਤਰਾ ਦੇ ਬੈਂਚ ਨੇ ਕੀਤੀ । ਜੈਨ ਨੇ ਕਿਹਾ ਕਿ ਮਾਮਲੇ 'ਚ ਸ਼ਾਮਿਲ ਸਾਰੇ ਪੱਖਾਂ ਦੀ ਸਹਿਮਤੀ ਨਾਲ ਸਨਿਚਰਵਾਰ ਨੂੰ ਸੁਣਵਾਈ ਮੁਲਤਵੀ ਕਰ ਦਿੱਤੀ ਗਈ ਅਤੇ ਹੁਣ ਅਗਲੀ ਸੁਣਵਾਈ 10 ਮਈ ਨੂੰ ਹੋਵੇਗੀ ਕਿਉਂਕਿ ਸ਼ੁੱਕਰਵਾਰ ਨੂੰ ਦਾਖ਼ਲ ਕੀਤੀ ਹੈਬੀਅਸ ਕਾਰਪਸ ਪਟੀਸ਼ਨ ਕਿਸੇ ਹੋਰ ਬੈਂਚ ਕੋਲ ਹੈ । **ਬਾਕੀ ਸਫ਼ਾ 32 'ਤੇ**

**ਘੱਟਗਿਣਤੀ ਕਮਿਸ਼ਨ ਵੱਲੋਂ ਪੰਜਾਬ ਦੇ ਮੁੱਖ ਸਕੱਤਰ ਤੋਂ ਰਿਪੋਰਟ ਤਲਬ**

ਭਾਜਪਾ ਨੇਤਾ ਤੇਜਿੰਦਰਪਾਲ ਸਿੰਘ ਬੱਗਾ ਨੂੰ ਪੰਜਾਬ ਪੁਲੀਸ ਵੱਲੋਂ ਗ੍ਰਿਫ਼ਤਾਰ ਕਰਨ ਸਮੇਂ ਪੱਗ ਨਾ ਬੰਨਣ ਦੇ ਕਥਿਤ ਦੋਸ਼ਾਂ ਦੇ ਸਬੰਧ ਵਿੱਚ ਕੌਮੀ ਘੱਟਗਿਣਤੀ ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਨੋਟਿਸ ਜਾਰੀ ਕਰਕੇ ਸੱਤ ਦਿਨਾਂ ਵਿੱਚ ਰਿਪੋਰਟ ਮੰਗੀ ਹੈ। ਬੱਗਾ ਦੇ ਪਿਤਾ ਪ੍ਰੀਤਪਾਲ ਸਿੰਘ ਨੇ ਕਥਿਤ ਦੋਸ਼ ਲਾਇਆ ਹੈ ਕਿ ਪੰਜਾਬ ਪੁਲੀਸ ਦੇ ਜਵਾਨਾਂ ਨੇ ਉਸ ਦੇ ਮੂੰਹ ’ਤੇ ਮੁੱਕੀ ਮਾਰੀ ਅਤੇ ਇੱਥੋਂ ਤੱਕ ਕਿ ਗ੍ਰਿਫ਼ਤਾਰ ਕਰਦੇ ਸਮੇਂ ਉਨਾਂ ਦੇ ਪੁੱਤਰ ਨੂੰ ਪੱਗ ਬੰਨਣ ਦੀ ਆਗਿਆ ਵੀ ਨਹੀਂ ਦਿੱਤੀ। ਪੰਜਾਬ ਦੇ ਮੁੱਖ ਸਕੱਤਰ ਅਨੀਰੁੱਧ ਤਿਵਾੜੀ ਨੂੰ ਭੇਜੇ ਪੱਤਰ ਵਿੱਚ ਕੌਮੀ ਘੱਟਗਿਣਤੀ ਕਮਿਸ਼ਨ ਆਖਿਆ ਕਿ ਇਹ ਇੱਕ ਸਿੱਖ ਵਿਅਕਤੀ ਦੇ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਦਾ ਗੰਭੀਰ ਮਾਮਲਾ ਹੈ। –

**ਪੰਜਾਬ ਪੁਲਿਸ ਖ਼ਿਲਾਫ਼ ਹੁਣ ਰਾਜਸਥਾਨ ’ਚ ਅਗਵਾ ਦਾ ਕੇਸ, ਡੀਐੱਸਪੀ ਤੇ ਇੰਸਪੈਕਟਰ ਸਮੇਤ 15 ਮੁਲਾਜਮ ਨਾਮਜਦ**

ਦਿੱਲੀ ਤੋਂ ਬਾਅਦ ਪੰਜਾਬ ਪੁਲਿਸ ਖ਼ਿਲਾਫ਼ ਹੁਣ ਰਾਜਸਥਾਨ ਵਿਚ ਵੀ ਅਗਵਾ ਦਾ ਕੇਸ ਦਰਜ ਹੋਇਆ ਹੈ। ਰਾਜਸਥਾਨ ਪੁਲਿਸ ਨੇ ਪੰਜਾਬ ਪੁਲਿਸ ਦੇ ਇਕ ਡੀਐੱਸਪੀ ਤੇ ਇੰਸਪੈਕਟਰ ਸਮੇਤ 15 ਮੁਲਾਜ਼ਮਾਂ ਨੂੰ ਨਾਮਜ਼ਦ ਕੀਤਾ ਹੈ। ਇਹ ਕੇਸ ਰਾਜਸਥਾਨ ਹਾਈ ਕੋਰਟ ਦੇ ਆਦੇਸ਼ ’ਤੇ ਦਰਜ ਕੀਤਾ ਗਿਆ ਹੈ।

ਅਸਲ ਵਿਚ, ਪੰਜਾਬ ਪੁਲਿਸ ਨੇ ਮਾਰਚ, 2022 ’ਚ ਰਾਜਸਥਾਨ ਦੇ ਥਾਣਾ ਟੇਰਾ ਦੇ ਪਿੰਡ ਸਲਾਵਰਪੁਰ ਦੇ ਰਹਿਣ ਵਾਲੇ ਹਰਨੂਰ ਸਿੰਘ ਨੂੰ 10 ਕਿੱਲੋ ਅਫ਼ੀਮ ਨਾਲ ਗ੍ਰਿਫ਼ਤਾਰ ਕਰਨ ਦਾ ਦਾਅਵਾ ਕਰ ਕੇ ਉਸ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਉਸ ਦੇ ਪਰਿਵਾਰ ਨੇ ਹਾਈ ਕੋਰਟ ’ਚ ਪਟੀਸ਼ਨ ਦਾਇਰ ਕਰ ਕੇ ਦੋਸ਼ ਲਾਇਆ ਕਿ ਪੰਜਾਬ ਪੁਲਿਸ ਹਰਨੂਰ ਨੂੰ ਘਰੋਂ ਚੁੱਕ ਕੇ ਲੈ ਗਈ ਹੈ ਤੇ ਪੰਜਾਬ ’ਚ ਇਕ ਨਾਕੇ ਤੋਂ ਉਨਾਂ ਦੀ ਗ੍ਰਿਫ਼ਤਾਰੀ ਦਿਖਾ ਕੇ ਅਫ਼ੀਮ ਤਸਕਰੀ ਦੇ ਦੋਸ਼ ’ਚ ਨਾਮਜ਼ਦ ਕਰ ਦਿੱਤਾ ਹੈ। ਹਰਨੂਰ ਦੇ ਪਰਿਵਾਰ ਨੇ ਹਾਈ ਕੋਰਟ ’ਚ ਉਸ ਨੂੰ ਘਰੋਂ ਲਿਜਾਂਦੇ ਸਮੇਂ ਦੇ ਸੀ ਸੀ ਟੀਵੀ ਫੁਟੇਜ ਵੀ ਦਿਖਾਏ। ਕੋਰਟ ਨੇ ਇਸ ਮਾਮਲੇ ਦਾ ਨੋਟਿਸ ਲੈਂਦੇ ਹੋਏ ਰਾਜਸਥਾਨ ਪੁਲਿਸ ਨੂੰ 15 ਪੁਲਿਸ ਮੁਲਾਜ਼ਮਾਂ ’ਤੇ ਕੇਸ ਦਰਜ ਕਰਨ ਦੇ ਆਦੇਸ਼ ਦਿੱਤੇ ਸਨ।

ਰਾਜਸਥਾਨ ਪੁਲਿਸ ਨੇ ਛੇ ਮਈ ਨੂੰ ਪੰਜਾਬ ਪੁਲਿਸ ਦੇ ਡੀਐੱਸਪੀ ਪ੍ਰੇਮ ਸਿੰਘ, ਸੀਆਈਏ ਸਟਾਫ ਦੇ ਇੰਚਾਰਜ ਇੰਸਪੈਕਟਰ ਲਖਬੀਰ ਸਿੰਘ ਦੇ ਇਲਾਵਾ ਲਾਲ ਸਿੰਘ, ਗੁਰਨਾਮ ਸਿੰਘ, ਮਹੇਸ਼ ਸ਼ੰਕਰ, ਆਰਤੀ, ਬੂਟਾ ਸਿੰਘ, ਸੁਖਦੇਵ ਸਿੰਘ, ਸੁਮਿਤ ਕੁਮਾਰ, ਗੁਰਪ੍ਰੀਤ, ਤ੍ਰਿਲੋਕ ਸਿੰਘ, ਰਮਨ ਕੁਮਾਰ, ਜਸਪ੍ਰੀਤ ਸਿੰਘ ਤੇ ਅਣਪਛਾਤੇ ਵਿਅਕਤੀ ਖ਼ਿਲਾਫ਼ ਅਗਵਾ ਸਮੇਤ ਕਈ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ।

**ਇਹ ਹੈ ਮਾਮਲਾ**

ਪੰਜਾਬ ਪੁਲਿਸ ਨੇ ਮੀਡੀਆ ਨਾਲ ਗੱਲ ਕਰਦੇ ਹੋਏ ਦਾਅਵਾ ਕੀਤਾ ਸੀ ਕਿ ਪਿੰਡ ਚੱਕ ਸਾਧੂ ਵਿਚ ਲਾਏ ਗਏ ਨਾਕੇ ਦੌਰਾਨ ਰਾਜਸਥਾਨ ਦੇ ਥਾਣਾ ਟੇਰਾ ਦੇ ਪਿੰਡ ਸਲਾਵਪੁਰ ਦੇ ਹਰਨੂਰ ਸਿੰਘ ਨੂੰ 10 ਕਿੱਲੋ ਅਫ਼ੀਮ ਨਾਲ ਗ੍ਰਿਫ਼ਤਾਰ ਕੀਤਾ ਹੈ। ਉਸ ਖ਼ਿਲਾਫ਼ ਨੌਂ ਮਾਰਚ, 2022 ਨੂੰ ਹੁਸ਼ਿਆਰਪੁਰ ਸਦਰ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਨੇ ਕਿਹਾ ਸੀ ਕਿ ਉਹ ਪੰਜਾਬ ਤੇ ਹਿਮਾਚਲ ਪ੍ਰਦੇਸ਼ ’ਚ ਅਫ਼ੀਮ ਸਪਲਾਈ ਕਰਦਾ ਹੈ। ਉੱਧਰ ਇਸ ਦੇ ਉਲਟ ਹਰਨੂਰ ਦੇ ਪਰਿਵਾਰ ਨੇ ਰਾਜਸਥਾਨ ਹਾਈ ਕੋਰਟ ’ਚ ਪਟੀਸ਼ਨ ਦਾਇਰ ਕਰ ਕੇ ਪੰਜਾਬ ਪੁਲਿਸ ਦੇ ਦਾਅਵੇ ਨੂੰ ਝੂਠਾ ਦੱਸਿਆ ਸੀ। ਪਰਿਵਾਰ ਦਾ ਕਹਿਣਾ ਸੀ ਕਿ ਹਰਨੂਰ ’ਤੇ ਝੂਠਾ ਕੇਸ ਦਰਜ ਕੀਤਾ ਗਿਆ ਹੈ, ਉਸ ਨੂੰ ਕਿਸੇ ਨਾਕੇ ਤੋਂ ਨਹੀਂ ਫੜਿਆ ਗਿਆ ਬਲਕਿ ਪੁਲਿਸ ਉਸ ਨੂੰ ਘਰੋਂ ਚੁੱਕ ਕੇ ਲੈ ਗਈ ਸੀ। ਕੋਰਟ ਨੇ ਸੁਣਵਾਈ ਪਿੱਛੋਂ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕਰਨ ਦੇ ਆਦੇਸ਼ ਦਿੱਤੇ ਸਨ।


